Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763


Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Ad space available
Please call
Ph: 847-359-0756

Eighteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 17, April 29, 2017
20451 N Plum Grove Rd., Palatine, IL 60074
Ph:847-359-0746, Fax:847-705-9388

## ਬਾਦਲਾਂ ਨੂੰ ਪੰਥਕ ਪਿੜ ਤੋਂ ਲਾਂਭੇ ਕਰਨ ਦੀ ਰਣਨੀਤੀ

### ਨਗਰ ਨਿਗਮ ਤੇ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦਾ ਐਲਾਨ

**ਚੰਡੀਗੜ੍ਹ:** ਪੰਥਕ ਧਿਰਾਂ ਨੇ ਬਾਦਲਾਂ ਵਾਲੇ ਅਕਾਲੀ ਦਲ ਨੂੰ ਵਿਧਾਨ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਹੁਣ ਧਾਰਮਿਕ ਖੇਤਰ ਵਿਚੋਂ ਵੀ ਕੱਢਣ ਦੀ ਰਣਨੀਤੀ ਬਣਾਈ ਹੈ। ਪੰਥਕ ਧਿਰਾਂ ਦੀ ਇਹ ਰਣਨੀਤੀ ਕਿੰਨੀ ਕੁ ਕਾਮਯਾਬ ਹੋਵੇਗੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਪਰ ਇਨ੍ਹਾਂ ਧਿਰਾਂ ਨੇ ਨਗਰ ਨਿਗਮ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲੜਨ ਦਾ ਐਲਾਨ ਵੀ ਕਰ ਦਿੱਤਾ ਹੈ।

ਯੂਨਾਈਟਿਡ ਅਕਾਲੀ ਦਲ ਨੂੰ ਅਗਲੇ 10 ਦਿਨਾਂ ਵਿਚ ਨਵਾਂ ਰੰਗ-ਰੂਪ ਦੇਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਵਿਚ ਵਿਆਪਕ ਪੱਧਰ 'ਤੇ ਨਵੀਆਂ ਨਿਯੁਕਤੀਆਂ ਦੇ ਸੰਕੇਤ ਮਿਲੇ ਹਨ। ਯੂਨਾਈਟਿਡ ਐਕਸ ਸਰਵਿਸਮੈਨ ਫਰੰਟ ਦੇ ਪ੍ਰਧਾਨ ਕੈਪਟਨ ਚੰਨਣ ਸਿੰਘ ਸਿੱਧੂ ਨੇ ਫਰੰਟ ਨੂੰ ਯੂਨਾਈਟਿਡ ਅਕਾਲੀ ਦਲ ਵਿਚ ਰਲੇਵੇਂ ਦਾ ਐਲਾਨ ਕੀਤਾ ਹੈ। ਉਨ੍ਹਾਂ ਨੂੰ ਯੂਨਾਈਟਿਡ ਅਕਾਲੀ ਦਲ ਦਾ ਸਕੱਤਰ ਜਨਰਲ ਨਿਯੁਕਤ ਕੀਤਾ ਗਿਆ ਹੈ। ਪਾਰਟੀ ਨੂੰ ਵਿਆਪਕ ਰੂਪ ਦੇਣ ਲਈ ਕਈ ਧਿਰਾਂ ਨਾਲ ਚਰਚਾ ਹੋ ਚੁੱਕੀ ਹੈ ਅਤੇ ਪਾਰਟੀ ਲੀਡਰਸ਼ਿਪ ਵਿਚ ਵੀ ਵੱਡੇ ਪੱਧਰ 'ਤੇ ਫੇਰਬਦਲ ਕੀਤਾ ਜਾ ਸਕਦਾ ਹੈ।

ਆਗੂਆਂ ਨੇ ਕਿਹਾ ਕਿ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਗੁਰਮੁਖ ਸਿੰਘ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦਿਵਾਉਣ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਨਿਭਾਈ ਭੂਮਿਕਾ ਦਾ ਖੁਲਾਸਾ ਕਰ ਕੇ ਇਕ ਵਾਰ ਫਿਰ ਜੱਗ ਜ਼ਾਹਿਰ ਕਰ ਦਿੱਤਾ ਹੈ ਕਿ ਬਾਦਲਾਂ ਨੂੰ ਪੰਥ ਜਾਂ ਪੰਜਾਬ ਨਹੀਂ, ਸਗੋਂ ਸੱਤਾ ਪਿਆਰੀ ਹੈ।



ਇਸੇ ਕਾਰਨ ਹੁਣ ਬਾਦਲਾਂ ਨੂੰ ਸਿਆਸੀ ਪਿੜ ਤੋਂ ਬਾਅਦ ਧਾਰਮਿਕ ਪਿੜ ਵਿਚੋਂ ਵੀ ਨਿਕਾਲਾ ਦੇਣਾ ਜ਼ਰੂਰੀ ਹੈ। ਪਾਰਟੀ ਨੇ ਇਸ ਵਾਰ ਪੂਰੀ ਤਿਆਰੀ ਕਰ ਕੇ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ।

ਆਗੂਆਂ ਨੇ ਦੱਸਿਆ ਕਿ ਅਗਲੇ ਦਿਨੀਂ ਪਾਰਟੀ ਵੱਲੋਂ ਵੱਡਾ ਇਕੱਠ ਕਰ ਕੇ ਜਿਥੇ ਜਥੇਬੰਦੀ ਨੂੰ ਨਵਾਂ ਰੂਪ ਦਿੱਤਾ ਜਾਵੇਗਾ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਬਾਦਲਾਂ ਦੇ ਗਲਬੇ ਨੂੰ ਖਤਮ ਕਰਨ ਲਈ ਰਣਨੀਤੀ ਦਾ ਐਲਾਨ ਵੀ ਕੀਤਾ ਜਾਵੇਗਾ।

## ਤਾਕਤ ਦੀ ਦੁਰਵਰਤੋਂ ਦੇ ਦੋਸ਼ਾਂ 'ਚ ਘਿਰੇ ਬਾਦਲ





**ਚੰਡੀਗੜ੍ਹ:** ਬਾਦਲਾਂ ਖਿਲਾਫ ਮੂੰਹ ਖੋਲ੍ਹਣ ਵਾਲੇ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਅਹੁਦੇ ਤੋਂ ਫਾਰਗ ਕਰਨ ਪਿੱਛੋਂ ਅਕਾਲ ਤਖਤ ਸਾਹਿਬ ਤੋਂ ਲਏ ਜਾਂਦੇ ਫੈਸਲਿਆਂ ਵਿਚ ਸਿਆਸੀ ਦਖਲਅੰਦਾਜ਼ੀ ਉਤੇ ਵੱਡੇ ਸਵਾਲ ਉਠ ਖਲੋਤੇ ਹਨ। ਗਿਆਨੀ ਗੁਰਮੁਖ ਸਿੰਘ ਨੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ 'ਤੇ ਅਕਾਲੀ ਲੀਡਰਸ਼ਿਪ ਖਿਲਾਫ਼ ਬਾਗੀ ਰੁਖ ਅਖਤਿਆਰ ਕਰ ਲਿਆ ਸੀ। ਚੋਣਾਂ ਤੋਂ ਪਹਿਲਾਂ ਡੇਰਾ ਸਿਰਸਾ ਗਏ ਸਿਆਸਤਦਾਨਾਂ ਦੇ ਮਾਮਲੇ 'ਤੇ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਸੀ।


ਗਿਆਨੀ ਗੁਰਮੁਖ ਸਿੰਘ ਨੇ ਭਾਵੇਂ ਇਹ ਖੁਲਾਸੇ ਕਰਨ ਵਿਚ ਦੇਰ ਕਰ ਦਿੱਤੀ, ਪਰ ਇਹ ਸੱਚ ਹੁਣ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ ਕਿ ਬਾਦਲਾਂ ਦੀ 'ਜੀ ਹਜ਼ੂਰੀ' ਕਰਨ ਵਾਲੇ ਜਥੇਦਾਰ ਦੀ 'ਸੀਟ' ਹੀ ਸੁਰੱਖਿਅਤ ਹਨ। ਇਹੀ ਕਾਰਨ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਡੇਰਾ ਸਿਰਸਾ ਨੂੰ ਮੁਆਫੀ ਦੇਣ ਪਿੱਛੋਂ ਸਿੱਖ ਪੰਥ ਵਿਚ ਉਠੇ ਰੋਹ ਦੇ ਬਾਵਜੂਦ ਆਪਣੀ ਜਥੇਦਾਰੀ ਸਲਾਮਤ ਰੱਖਣ ਵਿਚ ਸਫਲ ਰਹੇ। ਉਨ੍ਹਾਂ 'ਤੇ ਸ਼ਰੇਆਮ ਸਰਕਾਰੀ ਜਥੇਦਾਰ ਹੋਣ ਦੇ ਦੋਸ਼ ਲੱਗਦੇ ਰਹੇ। ਦੇਸ਼ਾਂ-ਵਿਦੇਸ਼ਾਂ ਵਿਚ ਉਨ੍ਹਾਂ ਨੂੰ ਜਥੇਦਾਰੀ ਤੋਂ ਲਾਂਭੇ ਕਰਨ ਲਈ ਸੰਘਰਸ਼ ਸ਼ੁਰੂ ਹੋਏ, ਪਰ ਕੋਈ ਤਾਕਤ ਉਨ੍ਹਾਂ ਦੀ ਕੁਰਸੀ ਹਿਲਾ ਨਾ ਸਕੀ।

ਗਿਆਨੀ ਗੁਰਮੁਖ ਸਿੰਘ ਨੇ ਦੋਸ਼ ਲਾਇਆ ਸੀ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿਵਾਉਣ ਲਈ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਸਮੇਤ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੂੰ ਚੰਡੀਗੜ੍ਹ ਵਿਚਲੀ ਕੋਠੀ ਬੁਲਾ

*(ਬਾਕੀ ਸਫਾ 6 'ਤੇ)*

We Do Real Estate in
Bay Area & Central Valley
We do loans anywhere
in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty & Mortgage
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Follow us on:
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਰਿਸ਼ਤੇ ਰਾਸ਼ਟਰ ਨਹੀਂ, ਲੋਕ ਕਾਇਮ ਕਰਦੇ ਹਨ: ਸੱਜਣ

**ਚੰਡੀਗੜ੍ਹ:** ਭਾਰਤ ਦੇ ਸੱਤ ਰੋਜ਼ਾ ਦੌਰੇ 'ਤੇ ਆਏ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਨਵੇਂ ਕੈਨੇਡੀਅਨ ਕੌਂਸਲਖਾਨੇ ਦਾ ਉਦਘਾਟਨ ਕਰਦਿਆਂ ਕਿਹਾ ਕਿ ਰਿਸ਼ਤੇ ਰਾਸ਼ਟਰ ਨਹੀਂ, ਲੋਕ ਕਾਇਮ ਕਰਦੇ ਹਨ। ਇਸ ਮਗਰੋਂ ਉਹ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਮਿਲੇ। ਮੁਲਾਕਾਤ ਮਗਰੋਂ ਸ੍ਰੀ ਖੱਟਰ ਨੇ ਦੱਸਿਆ ਕਿ ਕੈਨੇਡਾ, ਹਰਿਆਣਾ ਦੇ ਸਮਾਰਟ ਸਿਟੀ ਪ੍ਰਾਜੈਕਟਾਂ, ਸ਼ਹਿਰੀ ਹਵਾਬਾਜ਼ੀ ਤੇ ਰੱਖਿਆ ਖੇਤਰ ਵਿਚ ਨਿਵੇਸ਼ ਕਰਨ ਦਾ ਇਛੁੱਕ ਹੈ। ਹਰਿਆਣਾ ਸਰਕਾਰ ਵੱਲੋਂ ਕੈਨੇਡੀਅਨ ਕੰਪਨੀਆਂ ਨਾਲ ਨਿਵੇਸ਼ ਲਈ ਮੀਟਿੰਗਾਂ ਕੀਤੀਆਂ ਜਾਣਗੀਆਂ, ਜਿਸ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਮੁੱਖ ਮੰਤਰੀ ਨੇ ਦੱਸਿਆ ਕਿ ਹਰਜੀਤ ਸਿੰਘ ਸੱਜਣ ਨਾਲ ਕੈਨੇਡਾ ਨਾਲ 2015 ਵਿਚ ਕੀਤੇ ਦੋ ਸਮਝੌਤਿਆਂ 'ਤੇ ਵੀ ਚਰਚਾ ਕੀਤੀ ਤੇ ਬਾਗਬਾਨੀ ਬਾਰੇ ਹੋਏ ਸਮਝੌਤੇ ਨੂੰ ਲਾਗੂ ਕਰਨ ਲਈ ਵਰਕਿੰਗ ਗਰੁਪ ਬਣਾਉਣ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸ. ਸੱਜਣ ਨੂੰ ਹਰਿਆਣਾ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਾਇਆ ਗਿਆ ਤੇ ਉਨ੍ਹਾਂ ਨੇ ਵੀ ਸੂਬਾ ਸਰਕਾਰ ਦੇ ਕੰਮਾਂ ਦੀ ਸ਼ਲਾਘਾ ਕੀਤੀ ਹੈ।

### ਜੱਦੀ ਪਿੰਡ ਬੰਬੇਲੀ 'ਚ ਭਰਵਾਂ ਸਵਾਗਤ

**ਮਾਹਿਲਪੁਰ:** ਹਰਜੀਤ ਸਿੰਘ ਸੱਜਣ ਦਾ ਉਨ੍ਹਾਂ ਦੇ ਜੱਦੀ ਪਿੰਡ ਬੰਬੇਲੀ ਵਿਚ ਪਿੰਡ ਤੇ ਇਲਾਕਾ ਵਾਸੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਲੋਕਾਂ ਦੇ ਭਾਰੀ ਇੱਕਠ ਤੋਂ ਘਬਰਾਏ ਸ. ਸੱਜਣ ਕਾਫੀ ਦੇਰ ਆਪਣੀ ਗੱਡੀ ਵਿਚੋਂ ਹੀ ਨਾ ਉਤਰੇ। ਉਨ੍ਹਾਂ ਦੇ ਸੁਰੱਖਿਆ ਗਾਰਡਾਂ ਨੇ ਗੁਰਦੁਆਰਾ ਸਾਹਿਬ ਦੇ ਪਿਛਲੇ ਦਰਵਾਜ਼ੇ ਰਾਹੀਂ ਅੰਦਰ ਲਿਜਾ ਕੇ ਮੱਥਾ ਟਿਕਵਾਇਆ। ਗੁਰਦੁਆਰਾ ਸਾਹਿਬ ਵਿਖੇ ਪਿੰਡ ਵਾਸੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਪਿਤਾ ਕੁੰਦਨ ਸਿੰਘ ਨੇ ਕਿਹਾ ਕਿ ਹਰਜੀਤ ਸਿੰਘ ਸੱਜਣ ਦਾ ਇਹ ਦੌਰਾ ਦੋਵਾਂ ਦੇਸ਼ਾਂ ਲਈ ਕਾਫੀ ਲਾਹੇਵੰਦ ਹੈ। ਕਿਸੇ ਵੀ ਸਿਆਸੀ ਪਾਰਟੀ ਦੀ ਆਲੋਚਨਾ ਉਹ ਨਹੀਂ ਕਰਨਗੇ। ਆਪਣੇ ਜੱਦੀ ਪਿੰਡ ਦਾ ਮੋਹ ਹੀ ਉਨ੍ਹਾਂ ਨੂੰ ਪਿੰਡ ਬੰਬੇਲੀ ਤੱਕ ਲੈ ਕੇ ਆਇਆ ਹੈ।

## ਯੂਨੀਕ ਹੋਮ ਵਿਚ ਬੇਸਹਾਰਾ ਬੱਚੀਆਂ ਨਾਲ ਲਾਡ

**ਜਲੰਧਰ:** ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਕਿਹਾ ਹੈ ਕਿ ਅੱਜ ਜਦੋਂ ਸਮਾਜ 'ਚ ਔਰਤਾਂ ਨਾਲ ਹਰ ਪੱਧਰ ਉਤੇ ਵਿਤਕਰਾ ਹੋ ਰਿਹਾ ਹੈ ਅਤੇ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਕੁੱਖ ਵਿਚ ਮਾਰਿਆ ਜਾ ਰਿਹਾ ਹੈ ਤਾਂ ਅਜਿਹੇ ਸਮੇਂ ਔਰਤ-ਮਰਦ ਵਿਚਲਾ ਫਰਕ ਮਿਟਾਉਣ ਲਈ ਗੁਰਬਾਣੀ ਦਾ ਫਲਸਫਾ ਹੋਰ ਵੀ ਸਾਰਥਕ ਹੋ ਜਾਂਦਾ ਹੈ ਤੇ ਉਸ ਨੂੰ ਦੁਨੀਆਂ ਵਿਚ ਪ੍ਰਚਾਰਨ ਅਤੇ ਉਸ ਉਪਰ ਅਮਲ ਕਰਨ ਦੀ ਲੋੜ ਹੈ।

ਬੀਬੀ ਪ੍ਰਕਾਸ਼ ਕੌਰ ਵੱਲੋਂ ਬੇਸਹਾਰਾ ਬੱਚੀਆਂ ਲਈ ਚਲਾਏ ਜਾ ਰਹੇ ਯੂਨੀਕ ਹੋਮ ਦਾ ਦੌਰਾ ਕਰਨ ਤੋਂ ਬਾਅਦ ਉਨ੍ਹਾਂ ਆਪਣੇ ਜਜ਼ਬਾਤ ਸਾਂਝੇ ਕੀਤੇ। ਹੋਮ ਪੁੱਜੇ ਹਰਜੀਤ ਸਿੰਘ ਸੱਜਣ ਨੇ ਸੁਰਮਈ ਰੰਗ ਦੀ ਪੱਗ ਬੰਨ੍ਹੀ ਹੋਈ ਸੀ ਤੇ ਬਿਸਕੁਟੀ ਰੰਗ ਦੀ ਪੈਂਟ ਅਤੇ ਚਿੱਟੇ ਰੰਗ ਦਾ ਕੁੜਤਾ ਪਹਿਨਿਆ ਹੋਇਆ ਸੀ।



## ਅੰਮ੍ਰਿਤਸਰ ਹਵਾਈ ਅੱਡੇ 'ਤੇ ਬਣੇਗੀ ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਗੈਲਰੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਰਾਜਾਸਾਂਸੀ (ਅੰਮ੍ਰਿਤਸਰ) ਉਤੇ ਏਅਰਪੋਰਟ ਅਥਾਰਟੀ ਦੇ ਸਹਿਯੋਗ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਇਕ ਗੈਲਰੀ ਸਥਾਪਤ ਕੀਤੀ ਜਾਵੇਗੀ, ਜਿਸ 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰੂ ਰਾਮਦਾਸ ਜੀ ਨਾਲ ਸਬੰਧਤ ਇਤਿਹਾਸ ਨੂੰ ਰੂਪਮਾਨ ਕੀਤਾ ਜਾਵੇਗਾ। ਇਹ ਪ੍ਰਗਟਾਵਾ ਉਨ੍ਹਾਂ ਹਵਾਈ ਅੱਡੇ ਵਿਖੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਵੱਡ-ਅਕਾਰੀ ਤਸਵੀਰ ਤੋਂ ਪਰਦਾ ਹਟਾਉਣ ਦੀ ਰਸਮ ਅਦਾ ਕਰਨ ਮਗਰੋਂ ਕੀਤਾ।

ਇਸ ਮੌਕੇ ਉਨ੍ਹਾਂ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਅਪੀਲ ਵੀ ਕੀਤੀ ਕਿ ਗੁਰੂ ਰਾਮਦਾਸ ਦੇ ਨਾਂ ਉਤੇ ਗੁਰੂ ਕੀ ਨਗਰੀ ਵਿਚ ਸਥਿਤ ਇਸ ਹਵਾਈ ਅੱਡੇ 'ਤੇ ਤਮਾਕੂ ਅਤੇ ਸਿਗਰਟਨੋਸ਼ੀ ਜ਼ੋਨ ਬਣਾਉਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਲਗਾਉਣ ਲਈ ਜਗ੍ਹਾ ਦੇਣ 'ਤੇ ਏਅਰਪੋਰਟ ਅਥਾਰਟੀ ਅਤੇ ਤਸਵੀਰ ਦੀ ਸੇਵਾ ਕਰਾਉਣ ਵਾਲੇ ਸਵਿੰਦਰਪਾਲ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਇਥੇ ਪੁੱਜਦੀ ਸੰਗਤ ਨੂੰ ਸਭ ਤੋਂ ਪਹਿਲਾਂ ਹਰਿਮੰਦਰ ਸਾਹਿਬ ਦੇ ਦਰਸ਼ਨ ਹੋਣਗੇ ਅਤੇ ਇਤਿਹਾਸ ਬਾਰੇ ਪਤਾ ਚੱਲੇਗਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਇਸ ਤਸਵੀਰ ਦੀ ਸੇਵਾ ਗੁਰੂ-ਘਰ ਦੇ ਸ਼ਰਧਾਲੂ ਅਤੇ ਰੀਅਲ ਅਸਟੇਟ ਦੇ ਕਾਰੋਬਾਰੀ ਪ੍ਰਭਜੋਤ ਸਿੰਘ ਅਤੇ ਉਨ੍ਹਾਂ ਦੇ ਪੁੱਤਰਾਂ ਸਵਿੰਦਰਪਾਲ ਸਿੰਘ ਤੇ ਇੰਦਰਪਾਲ ਸਿੰਘ ਵੱਲੋਂ ਕਰਵਾਈ ਗਈ ਹੈ। ਇਹ ਤਸਵੀਰ ਇਮੀਗ੍ਰੇਸ਼ਨ ਕਾਊਂਟਰ ਦੇ ਸਾਹਮਣੇ ਕੰਧ ਉਪਰ ਸਥਾਪਤ ਕੀਤੀ ਗਈ ਹੈ। ਤਸਵੀਰ ਦੇ ਦੋਵੇਂ ਪਾਸੇ ਸੁਨਹਿਰੀ ਖੰਡੇ ਵੀ ਲਾਏ ਗਏ ਹਨ।

## ਗੋਲੀਆਂ ਚਲਾ ਕੇ ਲਿਆ ਗੁਰਦੁਆਰਾ ਓਮਰਾਨਾ ਸਾਹਿਬ ਦਾ ਕਬਜ਼ਾ

**ਤਰਨਤਾਰਨ:** ਪਿੰਡ ਸੰਘਾ ਵਿਚ ਗੁਰੂ ਹਰਗੋਬਿੰਦ ਸਾਹਿਬ ਦੀ ਯਾਦ ਵਿਚ ਬਣਾਏ ਗੁਰਦੁਆਰਾ ਓਮਰਾਨਾ ਸਾਹਿਬ ਦਾ ਪ੍ਰਬੰਧ ਬਾਬਾ ਗੁਰਵਿੰਦਰ ਸਿੰਘ ਬੁੱਗਾ ਨੇ ਆਪਣੇ ਹਮਾਇਤੀਆਂ ਦੀ ਮਦਦ ਨਾਲ ਕਬਜ਼ੇ ਹੇਠ ਲੈ ਲਿਆ ਹੈ। ਇਸ ਮੌਕੇ ਗੋਲੀਬਾਰੀ ਵੀ ਕੀਤੀ ਗਈ, ਜਿਸ ਨਾਲ ਪਿੰਡ ਵਾਸੀ ਸਹਿਮੇ ਹੋਏ ਹਨ। ਪਿੰਡ ਸੰਘਾ ਦੇ ਲੋਕਾਂ ਨੇ ਦੱਸਿਆ ਕਿ ਗੁਰਦੁਆਰੇ ਦਾ ਪ੍ਰਬੰਧ ਨੇੜਲੇ ਪਿੰਡ ਅਲਾਦੀਨਪੁਰ ਦੇ ਡੇਰਾ ਹੰਸਲੀ ਸਾਹਿਬ ਦੇ ਮੁਖੀ ਬਾਬਾ ਸੁਖਦੇਵ ਸਿੰਘ ਦੀ ਨਿਗਰਾਨੀ ਹੇਠ ਬਾਬਾ ਗੁਰਵਿੰਦਰ ਸਿੰਘ ਨੇ ਆਪਣੇ ਕਬਜ਼ੇ ਹੇਠ ਲੈ ਲਿਆ ਹੈ। ਪਿੰਡ ਵਿਚ ਕਈ ਹਥਿਆਰਬੰਦ ਬੰਦਿਆਂ ਨੇ ਗੋਲੀਆਂ ਚਲਾਈਆਂ, ਜਿਸ ਨਾਲ ਪਿੰਡ ਦੇ ਲੋਕ ਸਹਿਮ ਕੇ ਰਹਿ ਗਏ। ਪਿੰਡ ਵਾਸੀਆਂ ਨੇ ਆਖਿਆ ਕਿ ਇਸ ਗੁਰਦੁਆਰੇ ਦੇ ਪ੍ਰਬੰਧ ਨੂੰ ਲੈ ਕੇ ਜੋ ਕੁਝ ਹੋ ਰਿਹਾ ਹੈ, ਉਹ ਗਲਤ ਹੈ।

ਪਿੰਡ ਦੇ ਕੁਝ ਲੋਕਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਸੂਬੇ ਅੰਦਰ ਬਦਲੇ ਸਿਆਸੀ ਹਾਲਾਤ ਕਰ ਕੇ ਇਥੇ ਅਜਿਹੀ ਘਟਨਾ ਵਾਪਰੀ ਹੈ। ਉਨ੍ਹਾਂ ਦੱਸਿਆ ਕਿ ਇਥੇ ਨੌਂ ਸਾਲ ਤੋਂ ਸੇਵਾ ਕਰ ਰਿਹਾ ਬਾਬਾ ਲਖਵਿੰਦਰ ਸਿੰਘ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਛੱਡ ਕੇ ਕਿਧਰੇ ਚਲਾ ਗਿਆ ਹੈ। ਗੁਰਦੁਆਰੇ ਦੀ ਆਪਣੀ ਕੋਈ ਛੇ ਏਕੜ ਜ਼ਮੀਨ ਹੈ ਅਤੇ ਇਥੇ ਬਾਬਾ ਗੁਰਵਿੰਦਰ ਸਿੰਘ ਨੇ ਵੀ ਆਪਣੀ ਦੋ ਏਕੜ ਜ਼ਮੀਨ ਖਰੀਦੀ ਹੋਈ ਹੈ। ਗੁਰਦੁਆਰੇ ਦੇ ਨਾਂ 'ਤੇ ਪਿੰਡ ਵਿਚ ਇਕ ਪਬਲਿਕ ਸਕੂਲ ਵੀ ਚਲਦਾ ਹੈ।




# ਭਗਵੰਤ ਮਾਨ ਵੀ ਕੇਜਰੀਵਾਲ ਦੀ ਰਣਨੀਤੀ ਤੋਂ ਔਖਾ

**ਬਠਿੰਡਾ:** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਨਾਰਾਜ਼ ਹਨ। ਉਨ੍ਹਾਂ ਫਿਲਹਾਲ ਪਾਰਟੀ ਦੀ ਕਿਸੇ ਵੀ ਗਤੀਵਿਧੀ ਵਿਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਚੋਣਾਂ ਦੇ ਨਤੀਜੇ ਮਗਰੋਂ ਭਗਵੰਤ ਮਾਨ ਨੇ ਖੁੱਲ੍ਹ ਕੇ ਵਿਚਰਨਾ ਬੰਦ ਕਰ ਦਿੱਤਾ ਹੈ।

ਵੇਰਵਿਆਂ ਅਨੁਸਾਰ ਸ੍ਰੀ ਮਾਨ ਨੇ ਤਕਰੀਬਨ ਤਿੰਨ ਹਫਤੇ ਪਹਿਲਾਂ ਅਰਵਿੰਦ ਕੇਜਰੀਵਾਲ ਨਾਲ ਦਿੱਲੀ ਵਿਚ ਦੋ ਘੰਟੇ ਗੁਪਤ ਮੀਟਿੰਗ ਕੀਤੀ, ਜਿਸ ਵਿਚ ਪੰਜਾਬ ਚੋਣਾਂ ਬਾਰੇ ਵਿਸਤਾਰ ਨਾਲ ਚਰਚਾ ਹੋਈ। ਉਨ੍ਹਾਂ ਕੇਜਰੀਵਾਲ ਨੂੰ ਚੋਣਾਂ ਵਿਚ 'ਆਪ' ਵੱਲੋਂ ਕੀਤੀਆਂ ਗਲਤੀਆਂ ਗਿਣਾਈਆਂ। ਸ੍ਰੀ ਕੇਜਰੀਵਾਲ ਵੱਲੋਂ ਈ.ਵੀ.ਐਮ. ਮਸ਼ੀਨਾਂ ਬਾਰੇ ਲਏ ਸਟੈਂਡ ਨਾਲੋਂ ਵੀ ਉਨ੍ਹਾਂ ਆਪਣੇ ਆਪ ਨੂੰ ਵੱਖ ਕਰਦਿਆਂ ਆਖਿਆ ਕਿ ਈ.ਵੀ.ਐਮ. ਮਸ਼ੀਨਾਂ ਅਤੇ ਪੰਜਾਬ ਦੇ ਲੋਕਾਂ ਦਾ ਕੋਈ ਕਸੂਰ ਨਹੀਂ, ਕਿਸੇ ਦੇ ਕਸੂਰ ਦੀ ਥਾਂ 'ਆਪ' ਲੀਡਰਸ਼ਿਪ ਨੂੰ ਆਤਮ-ਪੜਚੋਲ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ 'ਆਪ' ਨੇ ਪੰਜਾਬ ਚੋਣਾਂ ਦੌਰਾਨ ਵੱਡੀਆਂ ਗਲਤੀਆਂ ਕੀਤੀਆਂ, ਜਿਸ ਦਾ ਨੁਕਸਾਨ ਹੋਇਆ। ਉਨ੍ਹਾਂ ਆਖਿਆ ਕਿ 'ਆਪ' ਕਨਵੀਨਰ ਕੇਜਰੀਵਾਲ ਇਹ ਨਹੀਂ ਸਮਝ ਸਕੇ ਕਿ ਪੰਜਾਬ ਦੇ ਲੋਕ ਕੀ ਚਾਹੁੰਦੇ ਹਨ। ਮੁੱਖ ਮੰਤਰੀ ਦੇ ਉਮੀਦਵਾਰ ਦੇ ਨਾਮ ਦਾ ਐਲਾਨ ਨਾ ਕਰਨਾ ਵੱਡੀ ਗਲਤੀ ਰਹੀ ਅਤੇ ਉਸ ਤੋਂ ਵੱਡੀ ਗਲਤੀ ਗਰਮ ਖਿਆਲੀ ਆਗੂਆਂ ਨਾਲ 'ਆਪ' ਆਗੂਆਂ ਨੇ ਮੀਟਿੰਗ ਕਰ ਕੇ ਕਰ ਦਿੱਤੀ। ਸੰਸਦ ਮੈਂਬਰ ਨੇ ਆਖਿਆ ਕਿ ਪਹਿਲਾਂ ਟਿਕਟਾਂ ਦੀ ਵੰਡ ਵਿਚ ਗਲਤ ਫੈਸਲੇ ਹੋਏ ਅਤੇ ਉਸ (ਭਗਵੰਤ ਮਾਨ) ਨੂੰ ਟਿਕਟਾਂ ਦੀ ਵੰਡ ਦੇ ਮਾਮਲੇ ਵਿਚੋਂ ਲਾਂਭੇ ਕੀਤਾ ਅਤੇ ਫਿਰ ਪਾਰਟੀ ਚੋਣਾਂ ਵਿਚ ਬਿਨਾਂ ਕਪਤਾਨ ਵਾਲੀ ਮੁਹੱਲੇ ਦੀ ਕ੍ਰਿਕਟ ਟੀਮ ਵਾਂਗ ਖੇਡੀ। ਉਨ੍ਹਾਂ ਆਖਿਆ ਕਿ ਉਸ ਨੇ ਚੋਣਾਂ ਦੌਰਾਨ 500 ਰੈਲੀਆਂ ਕੀਤੀਆਂ ਅਤੇ ਦਿਨ-ਰਾਤ ਮਿਹਨਤ ਕੀਤੀ, ਪਰ ਉਸ ਨੂੰ ਦਿੱਲੀਓਂ ਕਦੇ ਸ਼ਾਬਾਸ਼ ਨਹੀਂ ਮਿਲੀ, ਉਲਟਾ ਝਿੜਕਾਂ ਜ਼ਰੂਰ ਮਿਲਦੀਆਂ ਸਨ। ਉਨ੍ਹਾਂ ਆਖਿਆ ਕਿ ਉਸ ਨੇ ਇਨ੍ਹਾਂ ਚੋਣਾਂ ਵਿਚ ਆਪਣੇ ਹਲਕੇ ਦੀਆਂ ਨੌਂ ਵਿਚੋਂ ਪੰਜ ਸੀਟਾਂ ਜਿੱਤੀਆਂ। ਉਸ ਦੇ ਇਲਾਕੇ ਵਿਚ ਹੀ 'ਆਪ' ਨੂੰ ਵੱਡੀ ਜਿੱਤ ਮਿਲੀ ਹੈ। ਦੱਸਣਯੋਗ ਹੈ ਕਿ ਭਗਵੰਤ ਮਾਨ ਨੇ ਚੋਣਾਂ ਮਗਰੋਂ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀ.ਏ.ਸੀ.) ਦੀ ਕਿਸੇ ਵੀ ਮੀਟਿੰਗ ਵਿਚ ਸ਼ਮੂਲੀਅਤ ਨਹੀਂ ਕੀਤੀ ਅਤੇ ਨਾ ਉਹ ਵਿਸਾਖੀ ਮੇਲੇ 'ਤੇ ਪੁੱਜੇ।

# ਭਾਰਤੀਆਂ ਨੇ ਗੱਡੇ ਲੰਦਨ ਵਿਚ ਝੰਡੇ

**ਲੰਦਨ:** ਇੰਗਲੈਂਡ ਵਸਦੇ ਭਾਰਤੀ ਮੂਲ ਦੇ ਮੈਂਬਰ ਪਾਰਲੀਮੈਂਟ ਨੂੰ 'ਪਰਾਈਡ ਆਫ ਪੰਜਾਬ ਪੁਰਸਕਾਰ' ਪ੍ਰਾਪਤ ਹੋਇਆ ਹੈ। ਲੇਬਰ ਪਾਰਟੀ ਦੇ ਐਮ.ਪੀ. ਵਿਰੇਂਦਰ ਸ਼ਰਮਾ ਤੇ ਅਰੋੜਾ ਹੋਟਲ ਦੇ ਚੇਅਰਮੈਨ ਸੁਰਿੰਦਰ ਅਰੋੜਾ ਨੂੰ ਆਪਣੇ ਵੱਡੇ ਯੋਗਦਾਨ ਸਦਕਾ ਇਹ ਪੁਰਸਕਾਰ ਦਿੱਤੇ ਗਏ ਹਨ।

ਬ੍ਰਿਟੇਨ ਦੇ ਸੂਬਾ ਸਕੱਤਰ ਤੇ ਸਥਾਨਕ ਸਰਕਾਰਾਂ ਮੰਤਰੀ ਸਾਜਿਦ ਜੇਵਿਡ ਨੇ ਪੰਜਾਬੀ ਸੁਸਾਇਟੀ ਨਾਲ ਸਾਲਾਨਾ ਡਿਨਰ ਮੌਕੇ ਦੋਵਾਂ ਸ਼ਖਸੀਅਤਾਂ ਨੂੰ ਪੁਰਸਕਾਰ ਦਿੱਤੇ। ਸਾਊਥਹਾਲ ਦੇ ਐਮ.ਪੀ. ਵਿਰੇਂਦਰ ਸ਼ਰਮਾ ਨੂੰ ਪਿਛਲੇ ਕਈ ਦਹਾਕਿਆਂ ਤੋਂ ਲੋਕਲ ਕੌਂਸਲਰ ਵਜੋਂ ਨਿਭਾਈਆਂ ਸ਼ਾਨਦਾਰ ਸੇਵਾਵਾਂ ਬਦਲੇ ਪੁਰਸਕਾਰ ਦਿੱਤਾ ਗਿਆ। ਸ਼ਰਮਾ ਭਾਰਤ ਵਿਚ ਜੰਮੇ ਸਨ ਤੇ ਪੜ੍ਹਾਈ ਲੰਡਨ ਵਿਚ ਹੀ ਕੀਤੀ।

# ਬਿਹਾਰ ਵਿਚ ਸ਼ਰਾਬਬੰਦੀ ਪਿੱਛੋਂ ਘਟੇ 60% ਹਾਦਸੇ

**ਪਟਨਾ:** ਸਖਤੀ ਨਾਲ ਸ਼ਰਾਬਬੰਦੀ ਲਾਗੂ ਕਰ ਕੇ ਬਿਹਾਰ ਦੇ ਮੁੱਖ ਮੰਤਰੀ ਨੇ ਜਿਥੇ ਆਪਣੀ ਸਿਆਸੀ ਤਾਕਤ ਦਾ ਪ੍ਰਗਟਾਵਾ ਕੀਤਾ ਹੈ, ਉਥੇ ਹੀ ਸੂਬਾ ਸਰਕਾਰ ਦੇ ਇਸ ਕਦਮ ਦਾ ਸਕਾਰਾਤਮਕ ਅਸਰ ਵੀ ਦੇਖਣ ਨੂੰ ਮਿਲ ਰਿਹਾ ਹੈ। 'ਦ ਟਾਈਮਜ਼ ਆਫ ਇੰਡੀਆ' ਦੀ ਰਿਪੋਰਟ ਮੁਤਾਬਕ ਬਿਹਾਰ ਵਿਚ ਸ਼ਰਾਬਬੰਦੀ ਤੋਂ ਬਾਅਦ ਸੜਕ ਹਾਦਸਿਆਂ ਵਿਚ 60 ਫੀਸਦੀ ਕਮੀ ਆਈ ਹੈ।

ਅੰਕੜਿਆਂ ਮੁਤਾਬਕ ਸਾਲ 2015 ਵਿਚ ਬਿਹਾਰ ਵਿਚ ਸ਼ਰਾਬ ਪੀ ਕੇ ਗੱਡੀ ਚਲਾਉਣ ਕਾਰਨ 867 ਲੋਕਾਂ ਨੇ ਆਪਣੀ ਜਾਨ ਗਵਾਈ, 2016 ਵਿਚ 326 ਲੋਕਾਂ ਨੂੰ ਜਾਨ ਤੋਂ ਹੱਥ ਧੋਣਾ ਪਿਆ। ਸਾਲ 2016 ਵਿਚ ਦੂਜੇ ਸੂਬਿਆਂ ਦੇ ਮੁਕਾਬਲੇ ਬਿਹਾਰ ਵਿਚ ਸੜਕ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਵਿਚ ਸਭ ਤੋਂ ਵੱਧ ਸੁਧਾਰ ਦਰਜ ਕੀਤਾ ਗਿਆ। ਡਬਲਿਊ.ਐਚ.ਓ. ਦੀ ਰਿਪੋਰਟ ਮੁਤਾਬਕ ਦੁਨੀਆਂ ਭਰ ਵਿਚ ਸੜਕ ਹਾਦਸਿਆਂ ਦਾ ਮੁੱਖ ਕਾਰਨ ਦਾਰੂ ਪੀ ਕੇ ਡਰਾਈਵਿੰਗ ਕਰਨਾ ਹੈ। ਇਸੇ ਕਾਰਨ ਮੋਟਰ ਵਹੀਕਲ ਕਾਨੂੰਨ ਤਹਿਤ ਪਹਿਲੀ ਵਾਰ ਸ਼ਰਾਬ ਪੀ ਕੇ ਗੱਡੀ ਚਲਾਉਣ ਲਈ 10,000 ਰੁਪਏ ਤੇ ਗਲਤੀ ਦੁਹਰਾਉਣ ਲਈ 15,000 ਰੁਪਏ ਜੁਰਮਾਨਾ ਲਾਇਆ ਗਿਆ ਹੈ।

# ਚੀਨ ਵੱਲੋਂ ਫੌਜ ਨੂੰ ਤਿਆਰ ਰਹਿਣ ਦਾ ਹੁਕਮ


**ਪੇਈਚਿੰਗ:** ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਦੱਖਣੀ ਚੀਨ ਸਾਗਰ 'ਚ ਚੱਲ ਰਹੇ ਵਿਵਾਦ ਦੇ ਪਿਛੋਕੜ 'ਚ ਫੌਜ ਨੂੰ ਜੰਗ ਲਈ ਤਿਆਰ ਰਹਿਣ ਅਤੇ ਸਾਂਝੀ ਜੰਗੀ ਕਮਾਂਡ ਪ੍ਰਣਾਲੀ ਦੀ ਤਿਆਰੀ 'ਚ ਤੇਜ਼ੀ ਲਿਆਉਣ 'ਤੇ ਜ਼ੋਰ ਦਿੱਤਾ। ਹੁਕਮਰਾਨ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਅਤੇ ਕੇਂਦਰੀ ਮਿਲਟਰੀ ਕਮਿਸ਼ਨ ਦੇ ਚੇਅਰਮੈਨ ਸ਼ੀ ਨੇ ਪੀਪਲਜ਼ ਲਿਬਰਸ਼ੇਨ ਆਰਮੀ ਦੀ ਦੱਖਣੀ ਥਿਏਟਰ ਕਮਾਂਡ ਦਾ ਨਿਰੀਖਣ ਕਰਨ ਤੋਂ ਬਾਅਦ ਇਹ ਟਿੱਪਣੀ ਕੀਤੀ।

# ਪੰਜਾਬੀ ਪੁਲਿਸ ਅਫਸਰ ਨੇ ਜਿੱਤਿਆ ਨਸਲੀ ਵਿਤਕਰੇ ਦਾ ਕੇਸ

**ਟੋਰਾਂਟੋ:** ਓਂਟਾਰੀਓ ਦੇ ਮਨੁੱਖੀ ਅਧਿਕਾਰ ਟ੍ਰਿਬਿਊਨਲ ਨੇ ਆਪਣੇ ਇਕ ਫੈਸਲੇ ਵਿਚ ਕਿਹਾ ਹੈ ਕਿ ਪੁਲਿਸ ਵਿਭਾਗ ਨੇ ਸਟਾਫ ਸਾਰਜੈਂਟ ਬਲਜੀਵਨ ਸੰਧੂ ਨਾਲ ਨਸਲੀ ਵਿਤਕਰਾ ਕਰ ਕੇ ਉਸ ਦੀ ਤਰੱਕੀ ਰੋਕੀ ਹੈ।

ਬਲਜੀਵਨ ਸੰਧੂ ਲਗਭਗ 28 ਸਾਲਾਂ ਤੋਂ ਪੀਲ ਜ਼ਿਲ੍ਹੇ 'ਤੇ ਪੁਲਿਸ ਮੁਲਾਜ਼ਮ ਹੈ ਤੇ 2013 ਤੋਂ ਆਪਣੀ ਬਣਦੀ ਤਰੱਕੀ ਨੂੰ ਉਡੀਕ ਰਿਹਾ ਹੈ। ਸੂਬਾਈ ਮਨੁੱਖੀ ਅਧਿਕਾਰ ਟ੍ਰਿਬਿਊਨਲ ਦੇ ਜੱਜ ਨੇ ਆਪਣੇ ਫੈਸਲੇ 'ਚ ਦਰਜ ਕੀਤਾ ਹੈ ਕਿ ਨਸਲ ਤੇ ਪਿਛੋਕੜ ਦੇ ਅਧਾਰ 'ਤੇ ਸੰਧੂ ਦੀ ਤਰੱਕੀ ਰੋਕ ਕੇ ਉਸ ਨਾਲ ਜ਼ਿਆਦਤੀ ਕੀਤੀ ਗਈ ਹੈ। ਬੀ.ਜੇ. ਸੰਧੂ ਨੂੰ ਸਥਾਨਕ ਪੁਲਿਸ ਫੋਰਸ ਵਿਚ ਮਿਹਨਤੀ ਅਫਸਰਾਂ ਵਿਚ ਗਿਣਿਆ ਜਾਂਦਾ ਹੈ। ਉਨ੍ਹਾਂ ਡਰੱਗ ਤੇ ਹੱਤਿਆ ਨਾਲ ਸਬੰਧਤ ਕਈ ਗੁੰਝਲਦਾਰ ਕੇਸਾਂ ਵਿਚ ਅਹਿਮ ਯੋਗਦਾਨ ਪਾ ਕੇ ਕਈ ਮਾਣ-ਸਨਮਾਨ ਹਾਸਲ ਕੀਤੇ ਹਨ। ਬੀ.ਜੇ. ਸੰਧੂ ਨੂੰ ਤਰੱਕੀ ਲਈ 33 ਅਫਸਰਾਂ ਦੀ ਸੂਚੀ ਵਿਚ ਰੱਖਿਆ ਤਾਂ ਗਿਆ ਸੀ ਪਰ ਢੁਕਵਾਂ ਤਜਰਬਾ ਹੋਣ ਦੇ ਬਾਵਜੂਦ ਵੀ ਤਰੱਕੀ ਨਹੀਂ ਦਿੱਤੀ ਗਈ।

ਰਵੀ ਬਾਠ
ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ
ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।
*I may help you in securing loans at good rates as well.*
ਫੋਨ: 925-323-8626
rvbaat@gmail.com



**Ravi Batth**
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741
**5887A Lone Tree Way**
**Antioch, CA 94531**
Better Homes | MASON-McDUFFIE

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?
- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ
(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)
- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?
ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ
408-905-9849
*email: sanjana4loans@gmail.com*
Arcus Lending America's Premier Mortgage Experts
*Arcus NMLS # 1035734*



ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390
ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਸੁਖਬੀਰ ਸੀ ਡੇਰਾ ਮੁਖੀ ਨੂੰ ਮੁਆਫੀ ਦਿਵਾਉਣ ਦਾ 'ਮਾਸਟਰਮਾਈਂਡ'

**ਅੰਮ੍ਰਿਤਸਰ:** ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਆਖਿਆ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦਿਵਾਉਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਜਥੇਦਾਰਾਂ 'ਤੇ ਦਬਾਅ ਬਣਾਇਆ ਗਿਆ ਸੀ। ਉਨ੍ਹਾਂ ਸਮੇਤ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੂੰ ਚੰਡੀਗੜ੍ਹ ਵਿਖੇ ਸੁਖਬੀਰ ਬਾਦਲ ਦੀ ਕੋਠੀ ਵਿਚ ਬੁਲਾ ਕੇ ਬੈਠਕ ਕੀਤੀ ਗਈ ਸੀ। ਇਸ ਦੌਰਾਨ ਡੇਰਾ ਮੁਖੀ ਵੱਲੋਂ ਹਿੰਦੀ ਭਾਸ਼ਾ ਵਿਚ ਭੇਜੀ ਗਈ ਚਿੱਠੀ 'ਤੇ ਤੁਰਤ ਕਾਰਵਾਈ ਕਰਨ ਦਾ ਦਬਾਅ ਬਣਾਇਆ ਗਿਆ ਸੀ।

ਉਨ੍ਹਾਂ ਨੇ ਉਸ ਵੇਲੇ ਵੀ ਇਸ ਮਾਮਲੇ 'ਤੇ ਇਤਰਾਜ਼ ਜਤਾਇਆ ਸੀ। ਇਸ ਸਬੰਧੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਦੇ ਇਤਰਾਜ਼ ਨੂੰ ਸਹੀ ਵੀ ਦੱਸਿਆ ਸੀ, ਪਰ ਫਿਰ ਅਕਾਲ ਤਖਤ ਸਾਹਿਬ ਵਿਖੇ ਚਿੱਠੀ ਭੇਜਣ ਮਗਰੋਂ ਉਨ੍ਹਾਂ ਨੂੰ ਲਗਾਤਾਰ ਫੋਨ ਕਰ ਕੇ ਇਹ ਕਿਹਾ ਗਿਆ ਕਿ ਤੁਸੀਂ ਇਸ ਮਾਮਲੇ ਵਿਚ ਚੁੱਪ ਰਹੋ ਤੇ ਡੇਰਾ ਮੁਖੀ ਦੇ ਮੁਆਫੀਨਾਮੇ ਨੂੰ ਸਵੀਕਾਰ ਕਰਨ ਵਿਚ ਸਹਿਮਤੀ ਪ੍ਰਗਟਾਓ। ਅਕਾਲ ਤਖਤ ਸਕੱਤਰੇਤ ਵਿਖੇ ਕੀਤੀਆਂ ਜਾਣ ਵਾਲਿਆਂ ਬੈਠਕਾਂ ਵਿਚ ਸ਼ਾਮਲ ਨਾ ਹੋਣ ਦੇ ਫੈਸਲੇ ਬਾਰੇ ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਅਕਾਲ ਤਖਤ ਸਾਹਿਬ ਦੇ ਫੈਸਲੇ ਦੀ ਉਲੰਘਣਾ ਕੀਤੀ ਗਈ ਹੈ। ਇਸ ਲਈ ਉਹ ਬੰਦ ਕਮਰਾ ਬੈਠਕਾਂ ਵਿਚ ਕਦੇ ਵੀ ਸ਼ਾਮਲ ਨਹੀਂ ਹੋਣਗੇ।

ਉਨ੍ਹਾਂ ਦੱਸਿਆ ਕਿ ਜਦੋਂ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਮੁਖੀ ਕੋਲੋਂ ਸਮਰਥਨ ਲੈਣ ਦਾ ਐਲਾਨ ਕੀਤਾ ਗਿਆ ਤਾਂ 2 ਫਰਵਰੀ ਨੂੰ ਮਨਜਿੰਦਰ ਸਿੰਘ ਸਿਰਸਾ ਨੇ ਉਨ੍ਹਾਂ ਨੂੰ ਫੋਨ ਕਰ ਕੇ ਕਿਹਾ ਸੀ ਕਿ ਸਾਨੂੰ ਡੇਰੇ ਕੋਲੋਂ ਸਮਰਥਨ ਲੈਣਾ ਪਿਆ ਹੈ ਤੇ ਤੁਹਾਨੂੰ ਬੇਨਤੀ ਹੈ ਕਿ ਤੁਸੀਂ ਇਸ ਮਾਮਲੇ 'ਤੇ ਸ਼ਾਂਤ ਰਹੋ ਤੇ ਕੁਝ ਵੀ ਨਾ ਬੋਲੋ। ਜਦੋਂ ਮੈਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤੇ ਕਿਹਾ ਕਿ ਅਕਾਲ ਤਖਤ ਸਾਹਿਬ ਦੀਆਂ ਪਰੰਪਰਾਵਾਂ ਨੂੰ ਨਜ਼ਰ ਅੰਦਾਜ਼ ਕਰਨਾ ਕਿਸੇ ਵੀ ਕੀਮਤ 'ਤੇ ਸਹੀ ਨਹੀਂ ਹੈ।

ਸਿਰਸਾ ਨੇ ਉਨ੍ਹਾਂ ਦੀ ਗੱਲ ਨਾਲ ਸਹਿਮਤੀ ਜਤਾਉਂਦੇ ਕਿਹਾ ਕਿ ਉਹ ਤਾਂ ਇਹੀ ਚਾਹੁੰਦੇ ਹਨ, ਪਾਰ ਸਾਡੇ 'ਬੌਸ' ਸੁਖਬੀਰ ਬਾਦਲ ਕਿਸੇ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵੀ ਇਸ ਮਾਮਲੇ ਨੂੰ ਲੈ ਕੇ ਦੁਖੀ ਸਨ, ਪਰ ਜਦੋਂ ਮੈਂ ਮੀਡੀਆ ਵਿਚ ਇਸ ਬਾਰੇ ਗੱਲ ਕੀਤੀ ਤਾਂ ਮੈਨੂੰ ਮਨਜਿੰਦਰ ਸਿੰਘ ਸਿਰਸਾ ਤੋਂ ਇਲਾਵਾ ਸੁਖਬੀਰ ਬਾਦਲ ਦੇ ਕਈ ਕਰੀਬੀਆਂ ਨੇ ਚੁੱਪ ਰਹਿਣ ਦੀ ਸਲਾਹ ਦਿੱਤੀ। ਇਥੋਂ ਤੱਕ ਵੀ ਕਹਿ ਦਿੱਤਾ ਗਿਆ ਕਿ ਜੇਕਰ ਤੁਸੀਂ ਅਕਾਲੀ ਦਲ ਦੇ ਪ੍ਰਧਾਨ ਮੁਤਾਬਕ ਨਹੀਂ ਚੱਲ ਸਕਦੇ ਜਾਂ ਫਿਰ ਔਖੇ ਵੇਲੇ ਸਾਡੇ ਨਾਲ ਨਹੀਂ ਖੜ੍ਹੇ ਤਾਂ ਤੁਸੀਂ ਬਹੁਤੀ ਦੇਰ ਤਖਤ ਦੇ ਜਥੇਦਾਰ ਦੇ ਅਹੁਦੇ 'ਤੇ ਬਿਰਾਜਮਾਨ ਨਹੀਂ ਰਹਿ ਸਕਦੇ।

ਉਨ੍ਹਾਂ ਸਿਰਸਾ ਨੂੰ ਕਿਹਾ ਕਿ ਇਹ ਕੋਈ ਤੁਹਾਡੇ ਵੱਲੋਂ ਚਲਾਇਆ ਜਾਣ ਵਾਲਾ ਕਾਰਖਾਨਾ ਨਹੀਂ। ਉਨ੍ਹਾਂ ਡੇਰੇ ਤੋਂ ਸਮਰਥਨ ਲੈਣ ਵਾਲੇ ਲੀਡਰਾਂ ਨੂੰ ਅਕਾਲ ਤਖਤ ਵਿਖੇ ਬੁਲਾਏ ਜਾਣ ਬਾਰੇ ਖੁਲਾਸਾ ਕਰਦਿਆਂ ਕਿਹਾ ਕਿ ਬੀਤੇ ਦਿਨੀਂ ਹੋਈ ਪੰਜ ਸਿੰਘ ਸਾਹਿਬਾਨ ਦੀ ਬੈਠਕ ਵਿਚ ਉਨ੍ਹਾਂ ਪਹਿਲਾਂ ਹੀ ਇਤਰਾਜ਼ ਜਤਾਇਆ ਸੀ ਕਿ ਅਕਾਲੀ ਦਲ ਵੱਲੋਂ ਪਹਿਲਾਂ ਹੀ ਤੁਹਾਨੂੰ ਫੋਨ ਕਰ ਕੇ ਇਨ੍ਹਾਂ ਲੋਕਾਂ ਖਿਲਾਫ ਕਾਰਵਾਈ ਨਾ ਕਰਨ ਲਈ ਦਬਾਅ ਬਣਾਇਆ ਜਾ ਚੁੱਕਾ ਹੈ। ਉਨ੍ਹਾਂ ਡੇਰਾ ਮੁਖੀ ਦੇ ਮੁਆਫੀਨਾਮੇ ਨੂੰ ਅਕਸ਼ੇ ਕੁਮਾਰ ਦੀ ਕੋਠੀ ਵਿਚ ਲੈ ਕੇ ਜਾਣ ਦੀਆਂ ਖਬਰਾਂ ਨੂੰ ਬਿਲਕੁਲ ਗਲਤ ਦੱਸਦਿਆਂ ਕਿਹਾ ਕਿ ਜਦੋਂ ਵੀ ਡੇਰਾ ਸਿਰਸਾ ਦਾ ਜ਼ਿਕਰ ਹੁੰਦਾ ਹੈ ਤਾਂ ਡੇਰਾ ਮੁਖੀ ਦੀ ਚਿੱਠੀ ਦਾ ਜ਼ਿਕਰ ਹੁੰਦਾ ਹੈ, ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਇਹ ਦੱਸਣ ਨੂੰ ਤਿਆਰ ਨਹੀਂ ਕਿ ਆਖਰ ਉਹ ਚਿੱਠੀ ਅਕਾਲ ਤਖਤ ਸਾਹਿਬ ਵਿਖੇ ਕੌਣ ਲੈ ਕੇ ਆਇਆ ਸੀ। ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ 'ਤੇ ਅਕਾਲੀ ਦਲ ਤੇ ਖਾਸ ਕਰ ਕੇ ਬਾਦਲ ਪਰਿਵਾਰ ਦੇ ਵਧ ਰਹੇ ਦਬਾਅ ਨੇ ਉਨ੍ਹਾਂ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ।



### ਦੋਸ਼ਾਂ ਬਾਰੇ ਪੁੱਛਣ 'ਤੇ ਤੁਰਦੇ ਬਣੇ ਸੁਖਬੀਰ ਬਾਦਲ

**ਚੰਡੀਗੜ੍ਹ:** ਜਥੇਦਾਰ ਗੁਰਮੁਖ ਸਿੰਘ ਦੇ ਦੋਸ਼ਾਂ ਬਾਰੇ ਪੁੱਛਣ 'ਤੇ ਸੁਖਬੀਰ ਸਿੰਘ ਬਾਦਲ ਟਾਲਾ ਵੱਟ ਗਏ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਜਥੇਦਾਰ ਗੁਰਮੁਖ ਸਿੰਘ ਨੇ ਤੁਹਾਡੇ 'ਤੇ ਦੋਸ਼ ਲਗਾਏ ਹਨ ਤਾਂ ਬਿਨਾਂ ਜਵਾਬ ਦਿੱਤਿਆਂ ਸੁਖਬੀਰ ਆਪਣੇ ਅਕਾਲੀ ਆਗੂਆਂ ਨਾਲ ਅਗਲੇ ਪੜਾਅ ਲਈ ਕਾਹਲੀ ਨਾਲ ਤੁਰ ਪਏ।

### ਗਿਆਨੀ ਗੁਰਮੁਖ ਸਿੰਘ ਦੇ ਖੁਲਾਸੇ ਕੁਵੇਲੇ ਦਾ ਸੱਚ ਕਰਾਰ

**ਅੰਮ੍ਰਿਤਸਰ:** ਗਿਆਨੀ ਗੁਰਮੁਖ ਸਿੰਘ ਵੱਲੋਂ ਹੁਣ ਕੀਤੇ ਗਏ ਖੁਲਾਸਿਆਂ ਨੂੰ ਸਿੱਖ ਵਿਦਵਾਨਾਂ ਨੇ ਕੁਵੇਲੇ ਨਾਲ ਬੋਲਿਆ ਸੱਚ ਕਰਾਰ ਦਿੱਤਾ ਹੈ। ਇਸ ਮਾਮਲੇ ਸਬੰਧੀ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਅਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਹੈ ਕਿ ਭਾਈ ਗੁਰਮੁਖ ਸਿੰਘ ਨੇ ਸੱਚ ਬੋਲਣ ਵਿਚ ਬਹੁਤ ਦੇਰ ਕਰ ਦਿੱਤੀ ਹੈ। ਜੇਕਰ ਉਹ ਸਮੇਂ ਸਿਰ ਸੱਚ ਬੋਲਦੇ ਤਾਂ ਕੌਮ ਦੀਆਂ ਪਰੰਪਰਾਵਾਂ ਦਾ ਘਾਣ ਨਾ ਹੁੰਦਾ ਅਤੇ ਨਾ ਹੀ ਕੌਮ ਦਾ ਜਾਨੀ ਮਾਲੀ ਨੁਕਸਾਨ ਹੁੰਦਾ। ਉਨ੍ਹਾਂ ਆਖਿਆ ਕਿ ਭਾਈ ਗੁਰਮੁਖ ਸਿੰਘ ਵੱਲੋਂ ਅੱਜ ਬੋਲਿਆ ਸੱਚ ਭਾਵੇਂ ਸੱਚ ਹੋਵੇ, ਪਰ ਇਹ ਕੁਵੇਲੇ ਬੋਲਿਆ ਸੱਚ ਹੈ। ਸਾਬਕਾ ਜਥੇਦਾਰ ਨੇ ਦਾਅਵਾ ਕੀਤਾ ਕਿ ਪੰਥਕ ਤਾਲਮੇਲ ਸੰਗਠਨ ਸੱਚ ਤੇ ਕੱਚ ਦਾ ਨਿਤਾਰਾ ਕਰਨ ਲਈ ਖਾਸ ਨੁਮਾਇੰਦਿਆਂ ਦਾ ਇਕੱਠ ਕਰੇਗਾ।

### ਹੁਣ ਹੀ ਕਿਉਂ ਜਾਗੀ ਗੁਰਮੁਖ ਸਿੰਘ ਦੀ ਜ਼ਮੀਰ: ਬਡੂੰਗਰ

**ਸ੍ਰੀ ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਗਿਆਨੀ ਗੁਰਮੁਖ ਸਿੰਘ 'ਤੇ ਸਵਾਲਾਂ ਦੀ ਝੜੀ ਲਾਉਂਦਿਆਂ ਕਿਹਾ ਕਿ ਜੇ ਉਨ੍ਹਾਂ ਨੂੰ ਫੈਸਲਾ ਗਲਤ ਲੱਗਦਾ ਸੀ ਤਾਂ ਉਸ ਉਸ ਵਕਤ ਕਿਉਂ ਨਹੀਂ ਬੋਲੇ, ਜੇ ਉਹ ਅਸਿਹਮਤ ਸਨ ਤਾਂ ਉਹ ਮੁੱਖ ਮੰਤਰੀ ਬਾਦਲ ਦੀ ਕੋਠੀ 'ਤੇ ਗਏ ਹੀ ਕਿਉਂ, ਸੱਚ ਨੂੰ ਉਦੋਂ ਹੀ ਸੱਚ ਬੋਲਣਾ ਚਾਹੀਦਾ ਸੀ, ਹੁਣ ਆਖਰ ਇੰਨੇ ਮਹੀਨਿਆਂ ਬਾਅਦ ਹੀ ਗਿਆਨੀ ਗੁਰਮੁਖ ਸਿੰਘ ਦੀ ਜ਼ਮੀਰ ਕਿਉਂ ਜਾਗੀ ਹੈ।



# ਗਿਆਨੀ ਗੁਰਮੁਖ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਦੀ ਜਥੇਦਾਰੀ ਤੋਂ ਫਾਰਗ

**ਫਤਹਿਗੜ੍ਹ ਸਾਹਿਬ:** ਇਥੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੂੰ ਜਥੇਦਾਰੀ ਤੋਂ ਫ਼ਾਰਗ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਤੋਂ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਧਮਧਾਨ ਸਾਹਿਬ, ਜੀਂਦ (ਹਰਿਆਣਾ) ਵਿੱਚ ਬਦਲੀ ਕਰ ਦਿੱਤੀ ਗਈ। ਉਨ੍ਹਾਂ ਦੀ ਥਾਂ ਮੁਕਤਸਰ ਸਾਹਿਬ ਦੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਦਾ ਵਾਧੂ ਚਾਰਜ ਦਿੱਤਾ ਗਿਆ ਹੈ।

ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਦੇ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੈੱਡ ਗ੍ਰੰਥੀ ਲਾਇਆ ਗਿਆ ਹੈ। ਇੱਥੇ ਮੀਟਿੰਗ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਇਹ ਫ਼ੈਸਲੇ ਸਰਬਸੰਮਤੀ ਨਾਲ ਲਏ ਗਏ ਹਨ। ਉਨ੍ਹਾਂ ਗਿਆਨੀ ਗੁਰਮੁਖ ਸਿੰਘ ਉਪਰ ਅਨੁਸ਼ਾਸਨਹੀਣਤਾ ਦੇ ਦੋਸ਼ ਲਾਉਂਦਿਆਂ ਕਿਹਾ ਕਿ ਸਿੰਘ ਸਾਹਿਬਾਨ ਕਈ ਵਾਰ ਕਮੇਟੀ ਦੀਆਂ ਸੱਦੀਆਂ ਮੀਟਿੰਗਾਂ ਵਿੱਚ ਹਾਜ਼ਰ ਨਹੀਂ ਹੋਏ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਦਾ ਖ਼ਿਆਲ ਨਹੀਂ ਰੱਖਿਆ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਦਾ ਰੁਤਬਾ ਵੱਡਾ ਹੁੰਦਾ ਹੈ ਪਰ ਜਥੇਦਾਰ ਗੁਰਮੁਖ ਸਿੰਘ ਕਿਸੇ ਵੀ ਮਾਮਲੇ ਉਪਰ ਬੱਚਿਆਂ ਵਾਂਗ ਜਿੱਦ ਕਰਦੇ ਸਨ।

ਜ਼ਿਕਰਯੋਗ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਦਿੱਤੀ ਮੁਆਫ਼ੀ ਬਾਰੇ ਗਿਆਨੀ ਗੁਰਮੁਖ ਸਿੰਘ ਖੁੱਲ੍ਹ ਕੇ ਬਾਦਲ ਪਰਿਵਾਰ ਅਤੇ ਹੋਰ ਆਗੂਆਂ ਬਾਰੇ ਬੋਲੇ ਸਨ। ਉਨ੍ਹਾਂ ਬੀਤੇ ਦਿਨ ਸੱਦੀ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦਾ ਵੀ ਬਾਈਕਾਟ ਕੀਤਾ ਸੀ। 12 ਜਨਵਰੀ 2015 ਨੂੰ ਫਤਹਿਗੜ੍ਹ ਸਾਹਿਬ ਵਿੱਚ ਹੋਈ ਸ਼੍ਰੋਮਣੀ ਕਮੇਟੀ ਕਾਰਜਕਾਰਨੀ ਨੇ ਜਦੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਬੇਬਾਕ ਵਿਚਾਰਾਂ ਕਾਰਨ ਜਥੇਦਾਰੀ ਤੋਂ ਮੁਕਤ ਕੀਤਾ ਤਾਂ ਗਿਆਨੀ ਗੁਰਮੁਖ ਸਿੰਘ ਨੂੰ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਲਾਇਆ ਗਿਆ ਸੀ। ਕਾਰਜਕਾਰੀ ਜਥੇਦਾਰੀ ਦੇ ਮਹਿਜ਼ ਅੱਠ ਮਹੀਨੇ ਬਾਅਦ ਹੀ ਡੇਰਾ ਸਿਰਸਾ ਮੁਖੀ ਨੂੰ ਦਿੱਤੀ ਮੁਆਫ਼ੀ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਏ ਫ਼ੈਸਲੇ ਕਾਰਨ ਉਹ ਚਰਚਾ ਵਿੱਚ ਆਏ ਸਨ। ਇਹ ਵੀ ਇਤਫ਼ਾਕ ਹੀ ਹੈ ਕਿ ਕਾਰਜਕਾਰੀ ਜਥੇਦਾਰ ਵਜੋਂ ਉਨ੍ਹਾਂ ਦੀ ਨਿਯੁਕਤੀ (12 ਜਨਵਰੀ 2015) ਅਤੇ ਫ਼ਾਰਗ ਕੀਤੇ ਜਾਣ (21 ਅਪਰੈਲ 2017) ਦੇ ਦੋਵੇਂ ਫ਼ੈਸਲੇ ਫਤਹਿਗੜ੍ਹ ਸਾਹਿਬ ਵਿਖੇ ਹੋਈਆਂ ਮੀਟਿੰਗਾਂ ਵਿੱਚ ਲਏ ਗਏ।



### ਸਿਆਸੀ ਪ੍ਰਭਾਵ ਹੇਠ ਹਟਾਇਆ: ਗੁਰਮੁਖ ਸਿੰਘ

**ਅੰਮ੍ਰਿਤਸਰ:** ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਅਚਨਚੇਤੀ ਹਟਾਏ ਗਏ ਭਾਈ ਗੁਰਮੁਖ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਦਾ ਪੱਖ ਜਾਨਣ ਦਾ ਯਤਨ ਵੀ ਨਹੀਂ ਕੀਤਾ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਫੈਸਲੇ ਨੂੰ ਨਾਦਰਸ਼ਾਹੀ ਫਰਮਾਨ ਅਤੇ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੰਦਿਆਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਕਮੇਟੀ ਰਾਹੀਂ ਹੋਣੀ ਚਾਹੀਦੀ ਸੀ। ਭਾਈ ਗੁਰਮੁਖ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਨੇ ਸਿਆਸੀ ਆਕਾ ਦੇ ਆਦੇਸ਼ 'ਤੇ ਹੀ ਉਨ੍ਹਾਂ ਨੂੰ ਫਾਰਗ ਕਰਨ ਦਾ ਫੈਸਲਾ ਲਿਆ ਹੈ। ਪੰਜ ਪਿਆਰਿਆਂ ਨੂੰ ਨੌਕਰੀ ਤੋਂ ਫਾਰਗ ਕਰਨ ਦਾ ਫੈਸਲਾ ਵੀ ਸਿਆਸੀ ਪ੍ਰਭਾਵ ਹੇਠ ਕੀਤਾ ਗਿਆ ਸੀ।

### *ਵਿਵਾਦਾਂ 'ਚ ਹੀ ਰਹੇ ਦਮਦਮਾ ਸਾਹਿਬ ਦੇ ਬਹੁਤੇ ਜਥੇਦਾਰ*

**ਬਠਿੰਡਾ:** ਤਖਤ ਦਮਦਮਾ ਸਾਹਿਬ ਦੇ ਜਥੇਦਾਰ ਕਿਸੇ ਨਾ ਕਿਸੇ ਰੂਪ ਵਿਚ ਵਿਵਾਦਾਂ ਵਿਚ ਹੀ ਘਿਰੇ ਰਹੇ ਹਨ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੀ ਛੁੱਟੀ ਕਰ ਦਿੱਤੀ ਗਈ। ਗਿਆਨੀ ਗੁਰਮੁਖ ਸਿੰਘ ਨੂੰ ਜਨਵਰੀ 2015 ਵਿਚ ਕਾਰਜਕਾਰੀ ਜਥੇਦਾਰ ਲਾਇਆ ਗਿਆ ਸੀ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ ਤੋਂ ਜਥੇਦਾਰ ਨੇ ਹੁਣ ਅਕਾਲੀ ਲੀਡਰਸ਼ਿਪ ਖਿਲਾਫ਼ ਬਾਗੀ ਰੁਖ ਅਖਤਿਆਰ ਕਰ ਲਿਆ ਸੀ।

ਚੋਣਾਂ ਤੋਂ ਪਹਿਲਾਂ ਉਨ੍ਹਾਂ ਡੇਰਾ ਸਿਰਸਾ ਗਏ ਸਿਆਸਤਦਾਨਾਂ ਦੇ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਸੀ। ਉਨ੍ਹਾਂ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦਾ ਬਾਈਕਾਟ ਕਰ ਦਿੱਤਾ ਸੀ। ਅੰਤ੍ਰਿੰਗ ਕਮੇਟੀ ਨੇ ਉਨ੍ਹਾਂ ਨੂੰ ਜਥੇਦਾਰੀ ਤੋਂ ਲਾਂਭੇ ਕਰ ਦਿੱਤਾ। ਉਨ੍ਹਾਂ ਤੋਂ ਪਹਿਲੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਵੀ 17 ਜਨਵਰੀ 2015 ਨੂੰ ਜਥੇਦਾਰੀ ਤੋਂ ਹਟਾਇਆ ਗਿਆ ਸੀ। ਸ੍ਰੀ ਨੰਦਗੜ੍ਹ ਨੇ ਸਾਲ 2002 ਵਿਚ ਜਥੇਦਾਰੀ ਸੰਭਾਲੀ ਸੀ। ਉਨ੍ਹਾਂ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਦੇ ਮਾਮਲੇ ਉਤੇ ਲਏ ਸਟੈਂਡ ਮਗਰੋਂ ਬਖੇੜਾ ਖੜ੍ਹਾ ਹੋ ਗਿਆ ਸੀ। ਉਨ੍ਹਾਂ ਡੇਰਾ ਸਿਰਸਾ ਮੁਖੀ ਖਿਲਾਫ਼ ਵੀ ਸਖਤ ਸਟੈਂਡ ਲਿਆ ਸੀ। ਸ਼੍ਰੋਮਣੀ ਕਮੇਟੀ ਨੇ ਅਖੀਰ ਉਨ੍ਹਾਂ ਨੂੰ ਵੀ ਜਥੇਦਾਰੀ ਤੋਂ ਹਟਾ ਦਿੱਤਾ ਸੀ। ਨੰਦਗੜ੍ਹ ਤੋਂ ਪਹਿਲੇ ਜਥੇਦਾਰ ਗਿਆਨੀ ਕੇਵਲ ਸਿੰਘ ਆਪਣੇ ਪਰਿਵਾਰਕ ਮਾਮਲੇ ਵਿਚ ਉਲਝਣ ਕਰ ਕੇ ਅਸਤੀਫਾ ਦੇ ਗਏ ਸਨ।

# ਕੈਨੇਡਾ ਦੀ ਬੈਂਕ ਨੇ ਜਾਰੀ ਕੀਤੇ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਵਾਲੇ ਸਿੱਕੇ

**ਟੋਰਾਂਟੋ:** ਕੈਨੇਡਾ ਦੀ ਮਸ਼ਹੂਰ ਬੈਂਕ ਸੀ. ਆਈ. ਬੀ. ਸੀ. ਨੇ ਵਿਸਾਖੀ ਮੌਕੇ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਵਾਲੇ ਲਿਮਟਿਡ ਐਡੀਸ਼ਨ ਦੇ ਸੋਨੇ ਅਤੇ ਚਾਂਦੀ ਦੇ ਸਿੱਕੇ ਜਾਰੀ ਕੀਤੇ ਹਨ। ਸੀ.ਆਈ.ਬੀ.ਸੀ. ਅਜਿਹਾ ਕਰਨ ਵਾਲੀ ਕੈਨੇਡਾ ਦੀ ਇਕਲੌਤੀ ਬੈਂਕ ਹੈ। ਇਹ ਸਿੱਕੇ ਆਨਲਾਈਨ ਜਾਂ ਫਿਰ ਬੈਂਕ ਦੀਆਂ ਬ੍ਰਾਂਚਾਂ ਤੋਂ ਖਰੀਦੇ ਜਾ ਸਕਦੇ ਹਨ।




ਇਨ੍ਹਾਂ ਸਿੱਕਿਆਂ ਦੇ ਇਕ ਪਾਸੇ ਖੰਡਾ ਅਤੇ ਦੂਜੇ ਪਾਸੇ ਇਕ ਓਂਕਾਰ ਉਕਰਿਆ ਹੋਇਆ ਹੈ। ਬੀਤੇ ਸਾਲ ਵੀ ਅਜਿਹਾ ਹੀ ਇਕ ਚਾਂਦੀ ਦਾ ਸਿੱਕਾ ਬੈਂਕ ਵੱਲੋਂ ਜਾਰੀ ਕੀਤਾ ਗਿਆ ਸੀ। ਉਸ ਸਿੱਕੇ ਦੀ ਸਫਲਤਾ ਤੋਂ ਬਾਅਦ ਬੈਂਕ ਨੇ ਇਸ ਵਾਰ ਸੋਨੇ ਦਾ 10 ਗ੍ਰਾਮ ਦਾ ਸਿੱਕਾ ਵੀ ਜਾਰੀ ਕਰ ਦਿੱਤਾ। ਇਹ ਸਿੱਕੇ 24 ਕੈਰੇਟ ਸੋਨੇ ਅਤੇ ਸ਼ੁੱਧ ਚਾਂਦੀ ਵਿਚ ਵੀ ਜਾਰੀ ਕੀਤੇ ਜਾ ਰਹੇ ਹਨ। ਚਾਂਦੀ ਦੇ ਇਕ ਔਂਸ ਵਾਲੇ ਇਸ ਸਿੱਕੇ ਦੀ ਕੀਮਤ 59.25 ਡਾਲਰ ਹੈ ਜਦੋਂ ਕਿ ਸੋਨੇ ਦੇ 10 ਗ੍ਰਾਮ ਵਾਲੇ ਸਿੱਕੇ ਦੀ ਕੀਮਤ 625 ਡਾਲਰ ਰੱਖੀ ਗਈ ਹੈ।

### ਕੈਨੇਡਾ 'ਚ ਸਿੱਖਾਂ ਨੂੰ ਹੈਲਮਟ ਤੋਂ ਛੋਟ ਦੇਣ ਦਾ ਸਵਾਗਤ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕੈਨੇਡਾ ਦੇ ਐਲਬਰਟਾ ਸੂਬੇ ਵਿਚ ਸਿੱਖਾਂ ਨੂੰ ਹੈਲਮੈਟ ਤੋਂ ਛੋਟ ਦਿੰਦਿਆਂ ਦਸਤਾਰ ਸਜਾ ਕੇ ਦੋਪਹੀਆ ਵਾਹਨ ਚਲਾਉਣ ਦੀ ਇਜਾਜ਼ਤ ਦੇਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਆਖਿਆ ਕਿ ਦਸਤਾਰ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੋਣ ਦੇ ਨਾਲ ਸਿੱਖੀ ਦਾ ਗੌਰਵ ਵੀ ਹੈ। ਦਸਤਾਰ ਸੁਰੱਖਿਆ ਦਾ ਸਾਧਨ ਵੀ ਬਣਦੀ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਹੈਲਮਟ ਦਾ ਮਕਸਦ ਵਾਹਨ ਚਾਲਕ ਲਈ ਸੁਰੱਖਿਆ ਪ੍ਰਦਾਨ ਕਰਨਾ ਹੈ, ਪਰ ਸਿੱਖਾਂ ਨੂੰ ਦਸਤਾਰ ਦੇ ਹੁੰਦਿਆਂ ਹੋਰ ਕਿਸੇ ਵੀ ਸੁਰੱਖਿਆ ਸਾਧਨ ਦੀ ਲੋੜ ਨਹੀਂ ਰਹਿੰਦੀ।

# ਇੰਦੌਰ 'ਚ ਗੁਰਦੁਆਰਾ ਢਾਹੇ ਜਾਣ ਪਿੱਛੋਂ ਸਿੱਖਾਂ 'ਚ ਰੋਹ

**ਇੰਦੌਰ:** ਮੱਧ ਪ੍ਰਦੇਸ਼ ਦੇ ਇੰਦੌਰ ਜ਼ਿਲ੍ਹੇ ਦੇ ਰਾਜ ਮੁਹੱਲਾ ਇਲਾਕੇ ਵਿਚ ਸਥਿਤ ਗੁਰਦੁਆਰਾ ਸਾਹਿਬ ਕਰਤਾਰ ਕੀਰਤਨ ਦੀ ਇਮਾਰਤ ਨੂੰ ਪ੍ਰਸ਼ਾਸਨ ਵੱਲੋਂ ਪੂਰੀ ਤਰ੍ਹਾਂ ਢਹਿ-ਢੇਰੀ ਕਰ ਦਿੱਤਾ ਗਿਆ। ਗੁਰੂ ਘਰ ਵਿਖੇ ਹਫਤਾਵਰੀ ਸਮਾਗਮ ਚੱਲ ਰਿਹਾ ਸੀ। ਅਚਾਨਕ ਪੁਲਿਸ ਸਮੇਤ ਨਗਰ ਨਿਗਮ ਅਧਿਕਾਰੀ ਗੁਰੂ ਘਰ ਅੰਦਰ ਦਾਖਲ ਹੋਏ। ਮਰਿਆਦਾ ਦੀ ਉਲੰਘਣਾ ਕਰਦਿਆਂ ਜੋੜਿਆਂ ਸਮੇਤ ਦਾਖਲ ਹੋਈ ਲਗਭਗ 400 ਪੁਲਿਸ ਕਰਮੀਆਂ ਸਮੇਤ ਬਾਕੀ ਲੋਕਾਂ ਦੀ ਫੋਰਸ ਨੇ ਗੁਰੂ ਘਰ ਅੰਦਰ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਜਬਰੀ ਚੁੱਕਣੇ ਸ਼ੁਰੂ ਕਰ ਦਿੱਤੇ।



ਇਸ ਕਾਰਵਾਈ ਦਾ ਸੰਗਤ ਨੇ ਵਿਰੋਧ ਸ਼ੁਰੂ ਕਰ ਦਿੱਤਾ, ਪਰ ਅਧਿਕਾਰੀਆਂ ਦੀ ਗਿਣਤੀ ਵੱਧ ਹੋਣ ਕਾਰਨ ਸੰਗਤ ਨੂੰ ਧੱਕੇ ਮਾਰ ਕੇ ਗੁਰੂ ਘਰ 'ਚੋਂ ਬਾਹਰ ਕੱਢਿਆ ਜਾਣ ਲੱਗਾ। ਦੀਵਾਨ ਗੁਰੂ ਘਰ ਦੀ ਪਹਿਲੀ ਮੰਜ਼ਲ 'ਤੇ ਸਜਿਆ ਹੋਇਆ ਸੀ। ਪੁਲਿਸ ਵੱਲੋਂ ਬੀਬੀਆਂ ਨੂੰ ਘੜੀਸ ਕੇ ਪੌੜੀਆਂ ਤੋਂ ਥੱਲੇ ਉਤਾਰਿਆ ਗਿਆ। ਪ੍ਰਬੰਧਕਾਂ ਮੁਤਾਬਕ ਮੋਦੀ ਸਰਕਾਰ ਵੱਲੋਂ ਇੰਦੌਰ ਸ਼ਹਿਰ ਨੂੰ ਸਮਾਰਟ ਸਿਟੀ ਯੋਜਨਾ ਵਿਚ ਸ਼ਾਮਲ ਕੀਤੇ ਜਾਣ ਤੋਂ ਬਾਅਦ ਸਰਕਾਰ ਨੇ ਸਾਰੇ ਧਾਰਮਿਕ ਅਸਥਾਨਾਂ ਨੂੰ ਕੋਈ ਹੋਰ ਥਾਂ ਅਲਾਟ ਕਰ ਕੇ ਉਥੇ ਸ਼ਿਫਟ ਕੀਤੇ ਜਾਣ ਦੀ ਸੂਚਨਾ ਦਿੱਤੀ ਸੀ। ਇਸ ਤੋਂ ਬਾਅਦ ਸਿੱਖ ਸੰਗਤ ਨੇ ਮੰਗ ਕੀਤੀ ਸੀ ਗੁਰੂ ਘਰ 50 ਸਾਲ ਪੁਰਾਣਾ ਹੋਣ ਕਰ ਕੇ ਸੰਗਤ ਦੀਆਂ ਭਾਵਨਾਵਾਂ ਇਸ ਅਸਥਾਨ ਨਾਲ ਜੁੜੀਆਂ ਹੋਈਆਂ ਹਨ।

ਇਸ ਕਰ ਕੇ ਕੋਈ ਹੋਰ ਰਾਹ ਕੱਢਿਆ ਜਾਵੇ, ਪਰ ਅਚਾਨਕ ਪ੍ਰਸ਼ਾਸਨ ਵੱਲੋਂ ਇਹ ਕਦਮ ਚੁੱਕਿਆ ਜਾਣਾ ਅਤੀ ਨਿੰਦਣਯੋਗ ਹੈ। ਤਸਵੀਰਾਂ ਬਿਆਨ ਕਰਦੀਆਂ ਹਨ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਪੂਰੀ ਤਰ੍ਹਾਂ ਤਹਿਸ ਨਹਿਸ ਕਰ ਦਿੱਤਾ ਗਿਆ ਹੈ। ਪੁਲਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 4 ਸਰੂਪਾਂ ਵਿਚੋਂ 3 ਸਰੂਪ ਵੀ ਚੁੱਕ ਕੇ ਕਿਧਰੇ ਲੈ ਗਈ ਹੈ। ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ, ਜਦਕਿ ਇਕ ਸਰੂਪ ਨੂੰ ਸੰਗਤ ਆਪਣੇ ਕੋਲ ਰੱਖਣ ਵਿਚ ਕਾਮਯਾਬ ਹੋ ਗਈ।

ਇਸ ਤੋਂ ਇਲਾਵਾ ਗੁਰੂ ਘਰ ਅੰਦਰ ਪਈਆਂ 300 ਸਾਲ ਪੁਰਾਣੀਆਂ ਕਿਰਪਾਨਾਂ (ਸੋਨੇ ਤੇ ਚਾਂਦੀ ਦੇ ਮੁੱਠੇ ਵਾਲੀਆਂ), ਦੋ ਚਾਂਦੀ ਦੇ ਫੁੱਲਦਾਨ ਤੇ ਗੋਲਕ ਵਿਚਲੀ 75 ਤੋਂ 80 ਹਜ਼ਾਰ ਦੇ ਕਰੀਬ ਭੇਟਾ ਰਾਸ਼ੀ ਤੇ ਲਾਕਰ ਦੀ 3 ਲੱਖ ਤੋਂ ਵੱਧ ਨਗਦੀ ਚੁੱਕ ਕੇ ਲੈ ਗਈ ਹੈ।

ਪੁਲਿਸ ਨੇ ਧੱਕੇਸ਼ਾਹੀ ਕਰਦਿਆਂ ਦੂਜੀ ਮੰਜ਼ਲ 'ਤੇ ਬਣਾਈ ਹੋਈ ਲਾਇਬਰੇਰੀ ਦੀਆਂ 40,000 ਕਿਤਾਬਾਂ ਵੀ ਲੁੱਟ ਲਈਆਂ ਗਈਆਂ ਹਨ। ਸੰਗਤ ਦਾ ਰੋਸ ਹੈ ਕਿ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਤੇ ਇਸ ਤਰ੍ਹਾਂ ਬਿਨਾਂ ਦੱਸੇ ਕੀਤੀ ਗਈ ਕਾਰਵਾਈ ਸ਼ਰੇਆਮ ਧੱਕਾ ਹੈ।

### ਸ਼੍ਰੋਮਣੀ ਕਮੇਟੀ ਵੱਲੋਂ ਨਿਖੇਧੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਮੱਧ ਪ੍ਰਦੇਸ਼ ਦੇ ਇੰਦੌਰ ਵਿਚ ਸਥਿਤ ਗੁਰਦੁਆਰਾ ਕਰਤਾਰ ਕੀਰਤਨ ਸਾਹਿਬ ਨੂੰ ਨਗਰ ਨਿਗਮ ਵੱਲੋਂ ਢਾਹੁਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਿੱਖ ਸੰਗਤ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਹੈ। ਗੁਰਦੁਆਰਾ ਸਾਹਿਬ ਨੂੰ ਤੋੜਨ ਤੋਂ ਪਹਿਲਾਂ ਪ੍ਰਸ਼ਾਸਨ ਨੂੰ ਗੁਰਦੁਆਰਾ ਸਾਹਿਬ ਲਈ ਜਗ੍ਹਾ ਮੁਹੱਈਆ ਕਰਵਾਉਣੀ ਚਾਹੀਦੀ ਸੀ।

# ਕਾਂਗਰਸੀ ਅਕਾਲੀਆਂ ਨਾਲੋਂ ਵੀ ਮਾੜੇ: 'ਆਪ'

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਸੂਬੇ ਵਿਚ ਕਾਨੂੰਨ ਵਿਵਸਥਾ ਦੀ ਮਾੜੀ ਹਾਲਤ ਦਾ ਮੁੱਦਾ ਉਠਾਇਆ ਹੈ। 'ਆਪ' ਵਿਧਾਇਕ ਅਤੇ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ, ਅਮਨ ਅਰੋੜਾ, ਪਿਰਮਲ ਸਿੰਘ ਧੌਲਾ ਤੇ ਅਮਰਜੀਤ ਸਿੰਘ ਸੰਧੋਆ ਨੇ ਕਿਹਾ ਹੈ ਕਿ ਸੂਬੇ ਵਿਚ ਸਰਕਾਰ ਦੀ ਤਬਦੀਲੀ ਨਾਲ ਕਾਰਜ ਕਰਨ ਦੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਆਈ ਹੈ ਅਤੇ ਕਾਂਗਰਸੀ ਆਗੂ ਅਕਾਲੀਆਂ ਨਾਲੋਂ ਵੀ ਮਾੜਾ ਵਿਹਾਰ ਕਰ ਰਹੇ ਹਨ।

ਕਾਂਗਰਸੀ ਵਿਧਾਇਕ ਰਮਨਜੀਤ ਸਿੰਘ ਸਿੱਕੀ ਵਲੋਂ ਪੁਲਿਸ ਅਫਸਰ ਨੂੰ ਕਾਂਗਰਸੀ ਆਗੂਆਂ ਦੇ ਇਸ਼ਾਰੇ 'ਤੇ ਕੰਮ ਕਰਨ ਜਾਂ ਨਤੀਜੇ ਭੁਗਤਣ ਦੀ ਧਮਕੀ ਦੇਣ ਦਾ ਹਵਾਲਾ ਦਿੰਦਿਆਂ 'ਆਪ' ਆਗੂ ਅਮਨ ਅਰੋੜਾ ਨੇ ਕਿਹਾ ਕਿ ਇਸ ਨਾਲ ਸੂਬੇ ਵਿਚ ਪੁਲਿਸ ਦਾ ਮਨੋਬਲ ਹੋਰ ਡਿੱਗੇਗਾ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਅਕਾਲੀਆਂ ਵਾਂਗ ਰਾਜਨੀਤਕ ਬਦਲਾਖੋਰੀ ਦੀ ਭਾਵਨਾ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿਚ ਪੈਨਸ਼ਨ 500 ਤੋਂ ਵਧਾ ਕੇ 2000 ਰੁਪਏ ਕਰਨ ਦੀ ਗੱਲ ਕਹੀ ਸੀ, ਪਰ ਸਰਕਾਰ ਬਣਨ ਤੋਂ ਬਾਅਦ ਖਜਾਨਾ ਖਾਲੀ ਹੋਣ ਦਾ ਬਹਾਨਾ ਬਣਾ ਕੇ ਅਜਿਹਾ ਕਰਨ ਤੋਂ ਭੱਜ ਰਹੇ ਹਨ।

# ਧਰਤੀ ਵਰਗਾ ਨਵਾਂ ਗ੍ਰਹਿ ਲੱਭਿਆ

**ਲੰਡਨ:** ਖਗੋਲ ਵਿਗਿਆਨੀਆਂ ਨੇ ਧਰਤੀ ਵਰਗਾ ਨਵਾਂ ਗ੍ਰਹਿ ਖੋਜਿਆ ਹੈ। ਇਸ 'ਸੁਪਰ ਅਰਥ' ਉਤੇ ਪਾਣੀ ਤਰਲ ਰੂਪ 'ਚ ਹੋ ਸਕਦਾ ਹੈ। ਇਸ ਦਾ ਮਤਲਬ ਹੋਇਆ ਕਿ ਇਹ ਸਾਡੇ ਸੌਰ ਮੰਡਲ ਤੋਂ ਪਰੇ ਜੀਵਨ ਦੇ ਮੁਤਾਬਕ ਸਥਾਨ ਹੋ ਸਕਦਾ ਹੈ। ਖਗੋਲੀ ਮਾਹਿਰਾਂ ਦੀ ਆਲਮੀ ਟੀਮ ਨੇ ਚਿੱਲੀ ਦੇ ਲਾ ਸਿਲਾ ਸਥਿਤ ਯੂਰਪੀ ਸਦਰਨ ਆਬਜ਼ਰਵੇਟਰੀ ਅਤੇ ਪੂਰੀ ਦੁਨੀਆਂ ਵਿਚ ਲੱਗੀਆਂ ਦੂਜੀਆਂ ਦੂਰਬੀਨਾਂ ਦੀ ਮਦਦ ਨਾਲ ਨਵੇਂ ਗ੍ਰਹਿ ਦੀ ਖੋਜ ਕੀਤੀ ਹੈ।

ਐਲ.ਐਚ.ਐਸ. 1140ਬੀ ਨਾਮਕ ਇਹ ਗ੍ਰਹਿ ਐਲ.ਐਚ.ਐਸ. 1140 ਤਾਰੇ ਦੀ ਪਰਿਕਰਮਾ ਕਰਦਾ ਹੈ। ਇਹ ਆਕਾਰ 'ਚ ਸਾਡੀ ਧਰਤੀ ਤੋਂ 1.4 ਗੁਣਾ ਵੱਧ ਵੱਡਾ ਹੈ ਅਤੇ ਇਸ 'ਤੇ ਵਾਯੂ ਮੰਡਲ ਵੀ ਹੋਣ ਦੀ ਸੰਭਾਵਨਾ ਹੈ ਜਦਕਿ ਇਸ ਦਾ ਅਕਾਰ ਧਰਤੀ ਤੋਂ 6.6 ਗੁਣਾ ਵੱਧ ਹੈ।

ਖੋਜਕਾਰੀਆਂ ਨੇ ਦੱਸਿਆ ਕਿ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ 'ਤੇ ਵਾਯੂ ਮੰਡਲ ਸਬੰਧੀ ਹਾਲਾਤ ਤੇ ਆਪਣੇ ਤਾਰੇ ਤੋਂ ਦੂਰੀ ਇਸ ਨੂੰ ਜੀਵਨ ਮੁਤਾਬਕ ਸਥਾਨ ਬਣਾ ਸਕਦੀ ਹੈ। ਇਸ ਗ੍ਰਹਿ ਦੀ ਸਤਹਿ ਦਾ ਤਾਪਮਾਨ ਇਸ ਤਰ੍ਹਾਂ ਦਾ ਹੈ, ਜਿਸ ਨਾਲ ਪਾਣੀ ਤਰਲ, ਠੋਸ ਤੇ ਗੈਸ ਦੇ ਰੂਪ 'ਚ ਹੋ ਸਕਦਾ ਹੈ। ਹਾਲਾਂਕਿ ਗ੍ਰਹਿ 'ਤੇ ਪਾਣੀ ਦੀ ਮੌਜੂਦਗੀ ਇਥੋਂ ਦੇ ਵਾਯੂ ਮੰਡਲ ਦੇ ਸੰਯੋਜਨ ਤੇ ਧਰਤੀ ਦੀ ਤਰ੍ਹਾਂ ਚੁੰਬਕੀ ਖੇਤਰ ਸਮੇਤ ਦੂਜੇ ਕਾਰਕਾਂ 'ਤੇ ਨਿਰਭਰ ਕਰਦੀ ਹੈ।

# ਸਾਈਕਲ ਨਾਲ ਬੰਨ੍ਹ ਕੇ ਲਿਜਾਣੀ ਪਈ ਭਰਾ ਦੀ ਲਾਸ਼

**ਗੁਹਾਟੀ:** ਅਸਾਮ ਦੇ ਮਾਜੁਲੀ ਕਸਬੇ ਵਿਚ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਜੋ ਸਰਕਾਰੀ ਪ੍ਰਬੰਧਾਂ ਉਤੇ ਕਈ ਸੁਆਲ ਖੜ੍ਹੇ ਕਰਦਾ ਹੈ। 'ਦ ਇੰਡੀਅਨ ਐਕਸਪ੍ਰੈਸ' ਮੁਤਾਬਕ ਮਾਜੁਲੀ ਵਿਚ ਇਕ ਸ਼ਖਸ ਨੂੰ ਆਪਣੇ ਭਰਾ ਦੀ ਲਾਸ਼ ਸਾਈਕਲ ਨਾਲ ਬੰਨ੍ਹ ਕੇ ਹਸਪਤਾਲ ਤੋਂ ਘਰ ਲਿਜਾਣੀ ਪਈ। ਖਬਰ ਦਾ ਪਤਾ ਲੱਗਣ ਪਿਛੋਂ ਇਲਾਕੇ ਵਿਚ ਹਲਚਲ ਮੱਚ ਗਈ।



ਜਦੋਂ ਪ੍ਰਸ਼ਾਸਨ ਦੀ ਟੀਮ ਸ਼ਖ਼ਸ ਦੇ ਘਰ ਜਾ ਰਹੀ ਸੀ ਤਾਂ ਰਸਤੇ ਵਿਚ ਇਕ ਬਾਂਸ ਦਾ ਬਣਿਆ ਪੁਲ ਡਿੱਗ ਗਿਆ। ਜਾਂਚ ਟੀਮ ਦੇ ਮੈਂਬਰ ਜ਼ਖ਼ਮੀ ਹੋ ਗਏ। ਇਸ ਹਾਦਸੇ ਵਿਚ ਰਾਜ ਸਿਹਤ ਵਿਭਾਗ ਦੇ ਡਾਇਰੈਕਟਰ ਵਾਲ-ਵਾਲ ਬਚ ਗਏ। ਮਾਜੁਲੀ ਜ਼ਿਲ੍ਹੇ ਦੇ ਡੀ.ਸੀ.ਪੀ. ਪੱਲਵ ਗੋਪਾਲ ਝਾਅ ਨੇ ਦੱਸਿਆ ਕਿ ਸਾਈਕਲ 'ਤੇ ਲਾਸ਼ ਲੈ ਜਾਣ ਵਾਲੇ ਮਾਮਲੇ ਦੀ ਦੋ ਤਰ੍ਹਾਂ ਜਾਂਚ ਸ਼ੁਰੂ ਕੀਤੀ। ਪਹਿਲਾ ਇਹ ਕਿ ਲਾਸ਼ ਨੂੰ ਘਰ ਤੱਕ ਲੈ ਜਾਣ ਲਈ 108 ਨੰਬਰ ਐਂਬੂਲੈਂਸ ਉਤੇ ਕਾਲ ਕਰਨ ਦੀ ਗੱਲ ਸੱਚੀ ਹੈ। ਦੂਜੀ, ਕੀ ਹਸਪਤਾਲ ਦੇ ਕਿਸੇ ਕਰਮਚਾਰੀ ਨੇ ਲਾਸ਼ ਨੂੰ ਸਾਈਕਲ 'ਤੇ ਬੰਨ੍ਹਿਆ ਦੇਖਿਆ ਸੀ। ਖਾਸ ਗੱਲ ਇਹ ਹੈ ਕਿ ਜਿਸ ਮਾਜੁਲੀ ਜ਼ਿਲ੍ਹੇ 'ਚ ਪੁਲ ਟੁੱਟਣ ਦੀ ਘਟਨਾ ਵਾਪਰੀ, ਉਹ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ ਦਾ ਵਿਧਾਨ ਸਭਾ ਖੇਤਰ ਹੈ।


**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

**Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.**



Satwant Singh, CLCS, MBA

*(CA Lic # 0H11256)*

Allied Insurance
a Nationwide Insurance® company

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ
ਫੋਨ 'ਤੇ ਜਵਾਬ ਦਿੰਦੇ ਹਾਂ

**Call today for your FREE, no-obligation quote:**

**1-408-771-2438**

satwant@satwantins.com

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਝੀਂਡਾ ਵੱਲੋਂ ਸਿਆਸੀ ਮੈਦਾਨ ਵਿਚ ਨਿੱਤਰਨ ਦਾ ਐਲਾਨ

**ਕੁਰੂਕਸ਼ੇਤਰ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਹੁਣ ਧਾਰਮਿਕ ਮਾਮਲਿਆਂ ਤੋਂ ਇਲਾਵਾ ਰਾਜਨੀਤਕ ਪੱਧਰ 'ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਚੁਣੌਤੀ ਦਿੰਦੇ ਨਜ਼ਰ ਆਉਣਗੇ। ਸ. ਝੀਂਡਾ ਨੇ ਹੁਣ ਰਾਜਨੀਤਕ ਦਲ ਬਣਾਉਣ ਦਾ ਬਿਗੁਲ ਵਜਾਇਆ ਹੈ। ਇਸ ਦਾ ਰਸ਼ਮੀ ਐਲਾਨ ਤਾਂ ਕਰ ਦਿੱਤਾ ਗਿਆ ਹੈ, ਪਰ ਜਨਤਕ ਤੌਰ 'ਤੇ ਇਹ ਐਲਾਨ 15 ਅਗਸਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ 'ਤੇ ਗੁਰੂ ਚਰਨਾਂ ਵਿਚ ਅਰਦਾਸ ਨਾਲ ਹੋਵੇਗਾ।



ਰਾਜਨੀਤਕ ਦਲ ਦੇ ਉਦੇਸ਼ ਬਾਰੇ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਇਹ ਦਲ ਹਰਿਆਣਾ ਹੀ ਨਹੀਂ, ਸਗੋਂ ਦੇਸ਼-ਵਿਦੇਸ਼ ਵਿਚ ਵੱਸਣ ਵਾਲੇ ਸਿੱਖਾਂ ਦੀ ਅਗਵਾਈ ਕਰੇਗਾ। ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰਨ ਦੇ ਨਾਲ-ਨਾਲ ਇਸ ਦਲ ਵੱਲੋਂ ਸਿੱਖਾਂ ਦੇ ਅਧਿਕਾਰਾਂ ਦੀ ਆਵਾਜ਼ ਬੁਲੰਦ ਕਰਨ ਦਾ ਕੰਮ ਵੀ ਕੀਤਾ ਜਾਵੇਗਾ। ਰਾਜਨੀਤਕ ਦਲ ਦੇ ਨਾਂ ਦਾ ਖੁਲਾਸਾ ਕਰਨ ਤੋਂ ਇਨਕਾਰ ਕਰਦੇ ਹੋਏ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਇਸ ਨੂੰ ਆਖਰੀ ਰੂਪ ਦੇਣ ਲਈ 5 ਮੈਂਬਰੀ ਕਮੇਟੀ ਬਣਾਈ ਜਾਵੇਗੀ, ਜੋਕਿ ਵਿਚਾਰ-ਵਟਾਂਦਰੇ ਤੋਂ ਬਾਅਦ ਦਲ ਦਾ ਨਾਂ ਤੈਅ ਕਰੇਗੀ। ਇੰਨਾ ਜ਼ਰੂਰ ਹੈ ਕਿ ਰਾਜਨੀਤਕ ਦਲ ਦੇ ਨਾਂ ਵਿਚ ਸ਼੍ਰੋਮਣੀ ਅਕਾਲੀ ਦਲ ਸ਼ਬਦ ਵੀ ਸ਼ਾਮਲ ਹੋਣਗੇ। ਜ਼ਿਕਰਯੋਗ ਹੈ ਕਿ ਸ. ਝੀਂਡਾ ਨੇ ਹਰਿਆਣਾ ਕਮੇਟੀ ਦਾ ਰਾਜਨੀਤਕ ਵਿੰਗ ਬਣਾਉਣ ਲਈ 10 ਜ਼ਿਲ੍ਹਾ ਪ੍ਰਧਾਨਾਂ ਅਤੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਧਾਨਾਂ ਤੋਂ ਪ੍ਰਸਤਾਵ ਮੰਗੇ ਸਨ, ਜਿਸ 'ਤੇ ਇਨ੍ਹਾਂ ਅਹੁਦੇਦਾਰਾਂ ਨੇ ਸਰਬਸੰਮਤੀ ਨਾਲ ਉਨ੍ਹਾਂ ਨੂੰ ਨਵਾਂ ਰਾਜਨੀਤਕ ਦਲ ਬਣਾਉਣ ਦੇ ਅਧਿਕਾਰ ਦਿੱਤੇ ਹਨ। ਹਰਿਆਣਾ ਕਮੇਟੀ ਦੇ ਰਾਜਨੀਤਕ ਦਲ ਦੀ ਇਕਾਈਆਂ ਦੇਸ਼ ਦੇ 10 ਸੂਬਿਆਂ 'ਚ ਬਣਾਈਆਂ ਜਾਣਗੀਆਂ। ਇਨ੍ਹਾਂ ਸੂਬਿਆਂ 'ਚ ਹਰਿਆਣਾ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਪੰਜਾਬ, ਦਿੱਲੀ, ਉਤਰਾਖੰਡ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ ਸ਼ਾਮਲ ਹਨ।

ਸ. ਝੀਂਡਾ ਨੇ ਦੱਸਿਆ ਕਿ ਇਨ੍ਹਾਂ ਸੂਬਿਆਂ ਦੇ ਪ੍ਰਧਾਨਾਂ ਦਾ ਐਲਾਨ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ 'ਤੇ ਹੀ 15 ਅਗਸਤ ਨੂੰ ਕਰ ਦਿੱਤਾ ਜਾਵੇਗਾ। ਕਮੇਟੀ ਦਾ ਰਾਜਨੀਤਕ ਵਿੰਗ ਦੇਸ਼ ਤੋਂ ਬਾਹਰ ਅਮਰੀਕਾ, ਕੈਨੇਡਾ, ਆਸਟਰੇਲੀਆ, ਇੰਗਲੈਂਡ, ਇਟਲੀ, ਨਿਊਜੀਲੈਂਡ, ਜਰਮਨ ਅਤੇ ਸਪੇਨ ਵਿਚ ਵੀ ਕੰਮ ਕਰੇਗਾ।

## ਗੁਰੂਆਂ ਦੀਆਂ ਜੀਵਨੀਆਂ ਨੂੰ ਸਿਲੇਬਸ 'ਚ ਸ਼ਾਮਲ ਕਰਨ ਬਾਰੇ ਦਖਲ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਉਸ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ 10 ਸਿੱਖ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਨੂੰ ਸਕੂਲ ਸਿਲੇਬਸ 'ਚ ਸ਼ਾਮਲ ਕੀਤਾ ਜਾਵੇ। ਬੈਂਚ ਨੇ ਇਹ ਟਿੱਪਣੀ ਉਸ ਪਟੀਸ਼ਨ ਦੀ ਸੁਣਵਾਈ ਦੌਰਾਨ ਕੀਤੀ ਜਿਸ 'ਚ ਕੇਂਦਰ, ਸੂਬਾ ਸਰਕਾਰਾਂ ਤੇ ਕੇਂਦਰੀ ਸਾਸ਼ਿਤ ਪ੍ਰਦੇਸ਼ਾਂ ਨੂੰ ਇਹ ਨਿਰਦੇਸ਼ ਦੇਣ ਲਈ ਕਿਹਾ ਗਿਆ ਸੀ ਕਿ 10 ਸਿੱਖ ਗੁਰੂਆਂ ਦੇ ਅਸਲ ਜੀਵਨ ਇਤਿਹਾਸ ਤੇ ਸਿੱਖਿਆਵਾਂ ਨੂੰ ਸਕੂਲ ਸਿਲੇਬਸ 'ਚ ਸ਼ਾਮਲ ਕੀਤਾ ਜਾਵੇ। ਅਦਾਲਤ ਨੇ ਕਿਹਾ ਕਿ ਉਹ ਇਹ ਤੈਅ ਨਹੀਂ ਕਰ ਸਕਦੀ ਕਿ ਬੱਚਿਆਂ ਨੂੰ ਸਿਲੇਬਸ ਵਿਚ ਕੀ ਪੜ੍ਹਾਇਆ ਜਾਵੇ।

# ਜਥੇਦਾਰਾਂ ਬਾਰੇ ਵਿਧੀ-ਵਿਧਾਨ ਦਾ ਕੰਮ ਵਿੱਸਰਿਆ

**ਅੰਮ੍ਰਿਤਸਰ:** ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾ-ਮੁਕਤੀ, ਕਾਰਜ ਖੇਤਰ ਅਤੇ ਅਧਿਕਾਰ ਖੇਤਰ ਆਦਿ ਬਾਰੇ ਨਿਯਮ ਬਣਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਮਾਹਿਰਾਨਾ ਕਮੇਟੀ ਦੀ ਪਿਛਲੇ ਦੋ ਸਾਲਾਂ ਵਿਚ ਮਹਿਜ਼ ਇਕ ਮੀਟਿੰਗ ਹੋਈ ਹੈ। ਮਗਰੋਂ ਇਸ ਸਬੰਧੀ ਕੋਈ ਕਾਰਵਾਈ ਨਾ ਹੋਣ ਕਾਰਨ ਇਹ ਮਾਮਲਾ ਫਿਲਹਾਲ ਠੰਢੇ ਬਸਤੇ ਵਿਚ ਹੈ।

ਇਹ ਮਾਮਲਾ ਸ਼੍ਰੋਮਣੀ ਕਮੇਟੀ ਵੱਲੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਗੁਰਮੁਖ ਸਿੰਘ ਨੂੰ ਅਹੁਦੇ ਤੋਂ ਹਟਾਏ ਜਾਣ ਨਾਲ ਮੁੜ ਉਭਰਿਆ ਹੈ, ਜਿਸ 'ਤੇ ਸਿੱਖ ਜਥੇਬੰਦੀਆਂ ਵੱਲੋਂ ਕਿੰਤੂ-ਪ੍ਰੰਤੂ ਵੀ ਕੀਤਾ ਜਾ ਰਿਹਾ ਹੈ। ਜਥੇਦਾਰਾਂ ਨੂੰ ਇੰਜ 'ਸਤਿਕਾਰਤ ਰਹਿਤ' ਢੰਗ ਨਾਲ ਹਟਾਏ ਜਾਣ ਕਾਰਨ ਸ਼੍ਰੋਮਣੀ ਕਮੇਟੀ ਨੂੰ ਕਈ ਵਾਰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈ ਚੁੱਕਾ ਹੈ। ਕਮੇਟੀ ਨੇ ਇਸ ਸਬੰਧੀ ਜਨਵਰੀ 2015 ਵਿਚ ਮਾਹਰਾਂ ਦੀ ਕਮੇਟੀ ਬਣਾਈ ਸੀ, ਜਿਸ ਦੀ ਹੁਣ ਤੱਕ ਸਿਰਫ ਇਕ ਮੀਟਿੰਗ ਹੀ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਮੇਟੀ ਦੇ ਗਠਨ ਅਤੇ ਇਸ ਦੀ ਕਾਰਵਾਈ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਹ ਪਤਾ ਕਰ ਕੇ ਯੋਗ ਕਾਰਵਾਈ ਕਰਨਗੇ।

ਇਹ ਕਮੇਟੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਹੋਏ ਫੈਸਲੇ ਤਹਿਤ ਬਣਾਈ ਗਈ ਸੀ, ਜਿਸ ਵਿਚ ਸਾਬਕਾ ਉਪ ਕੁਲਪਤੀ ਪ੍ਰੋ. ਜਸਪਾਲ ਸਿੰਘ, ਸਿੱਖ ਇਤਿਹਾਸਕਾਰ ਕਿਰਪਾਲ ਸਿੰਘ ਚੰਡੀਗੜ੍ਹ, ਗੁਰੂ ਗ੍ਰੰਥ ਸਾਹਿਬ ਅਧਿਐਨ ਭਵਨ ਦੇ ਸਾਬਕਾ ਮੁਖੀ ਡਾ. ਬੀ.ਐਸ. ਢਿੱਲੋਂ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋ-ਵੀਸੀ ਪ੍ਰਿਥੀਪਾਲ ਸਿੰਘ ਕਪੂਰ ਅਤੇ ਇਤਿਹਾਸਕਾਰ ਬਲਕਾਰ ਸਿੰਘ ਸ਼ਾਮਲ ਹਨ। ਕੋਆਰਡੀਨੇਟਰ ਦੀ ਜ਼ਿੰਮੇਵਾਰੀ ਸ਼੍ਰੋਮਣੀ ਕਮੇਟੀ ਦੇ ਉਦੋਂ ਦੇ ਸਕੱਤਰ ਦਲਮੇਘ ਸਿੰਘ ਨੂੰ ਸੌਂਪੀ ਗਈ ਸੀ। ਸ੍ਰੀ ਦਲਮੇਘ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਸੇਵਾ ਕਾਲ ਦੌਰਾਨ ਕਮੇਟੀ ਦੀ ਇਕ ਮੀਟਿੰਗ ਆਨੰਦਪੁਰ ਸਾਹਿਬ ਵਿਖੇ ਹੋਈ ਸੀ, ਜਿਸ ਵਿਚ ਇਕ ਈ-ਮੇਲ ਖਾਤਾ ਬਣਾ ਕੇ ਸੰਗਤ ਕੋਲੋਂ ਸੁਝਾਅ ਮੰਗੇ ਗਏ ਸਨ। ਉਨ੍ਹਾਂ ਦੀ ਸੇਵਾ-ਮੁਕਤੀ ਤੋਂ ਬਾਅਦ ਹੋਰ ਮੀਟਿੰਗ ਨਹੀਂ ਹੋਈ। ਉਨ੍ਹਾਂ ਕਿਹਾ ਕਿ ਜਥੇਦਾਰਾਂ ਦੀ ਸੇਵਾ ਸਬੰਧੀ ਕਾਇਦਾ-ਕਾਨੂੰਨ ਬਣਨਾ ਚਾਹੀਦਾ ਹੈ।

ਕਮੇਟੀ ਮੈਂਬਰ ਡਾ. ਬਲਵੰਤ ਸਿੰਘ ਢਿੱਲੋਂ ਨੇ ਆਖਿਆ ਕਿ ਕਮੇਟੀ ਦਾ ਗਠਨ ਇਕ ਚੰਗੇ ਮੰਤਵ ਲਈ ਕੀਤਾ ਗਿਆ ਸੀ, ਪਰ ਸੰਜੀਦਗੀ ਦੀ ਘਾਟ ਕਾਰਨ ਇਸ ਮੁੱਦੇ 'ਤੇ ਕੁਝ ਖਾਸ ਨਹੀਂ ਹੋਇਆ। ਹੁਣ ਤੱਕ ਮੁੱਖ ਤੌਰ 'ਤੇ ਗ੍ਰੰਥੀ ਸਿੰਘਾਂ ਨੂੰ ਹੀ ਤਖਤਾਂ ਦੇ ਜਥੇਦਾਰ ਚੁਣਿਆ ਜਾਂਦਾ ਰਿਹਾ ਹੈ, ਜਦੋਂਕਿ ਇਹ ਅਹੁਦਾ ਸੰਭਾਲਣ ਵਾਲਾ ਵਿਅਕਤੀ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੋਣਾ ਚਾਹੀਦਾ ਹੈ, ਜੋ ਗੁਰਮਤਿ ਗਿਆਨ ਤੋਂ ਇਲਾਵਾ ਵਿਦਿਅਕ ਅਤੇ ਹੋਰ ਪੱਖਾਂ ਤੋਂ ਵੀ ਵਿਦਵਾਨ ਹੋਵੇ।

# ਤਾਕਤ ਦੀ ਦੁਰਵਰਤੋਂ ਦੇ ਦੋਸ਼ਾਂ 'ਚ ਘਿਰੇ ਬਾਦਲ

*(ਸਫਾ ਇਕ ਦੀ ਬਾਕੀ)*

ਕੇ ਬੈਠਕ ਕੀਤੀ ਗਈ ਸੀ। ਇਸ ਦੌਰਾਨ ਡੇਰਾ ਮੁਖੀ ਵੱਲੋਂ ਹਿੰਦੀ ਭਾਸ਼ਾ ਵਿਚ ਭੇਜੀ ਚਿੱਠੀ 'ਤੇ ਤੁਰੰਤ ਕਾਰਵਾਈ ਕਰਨ ਦਾ ਦਬਾਅ ਬਣਾਇਆ ਸੀ। ਗੁਰਮੁਖ ਸਿੰਘ ਨੇ ਇਹ ਵੀ ਦੱਸਿਆ ਕਿ ਮਨਜਿੰਦਰ ਸਿੰਘ ਸਿਰਸਾ ਨੇ ਉਨ੍ਹਾਂ ਨੂੰ ਫੋਨ ਕਰ ਕੇ ਕਿਹਾ ਸੀ ਕਿ ਉਨ੍ਹਾਂ ਨੂੰ ਡੇਰੇ ਕੋਲੋਂ ਸਮਰਥਨ ਲੈਣਾ ਪਿਆ ਹੈ ਅਤੇ ਤੁਹਾਨੂੰ ਬੇਨਤੀ ਹੈ ਕਿ ਤੁਸੀਂ ਇਸ ਮਾਮਲੇ 'ਤੇ ਸ਼ਾਂਤ ਰਹੋ ਤੇ ਕੁਝ ਵੀ ਨਾ ਬੋਲੋ। ਜਦੋਂ ਸਿਰਸਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਾਡੇ 'ਬੌਸ' ਸੁਖਬੀਰ ਬਾਦਲ ਕਿਸੇ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹਨ।

ਉਨ੍ਹਾਂ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦਾ ਬਾਈਕਾਟ ਕਰਦਿਆਂ ਦੋਸ਼ ਲਾਇਆ ਸੀ ਕਿ ਜਥੇਦਾਰ ਸਰਕਾਰੀ ਦਬਾਅ ਹੇਠ ਕੰਮ ਕਰ ਰਹੇ ਹਨ। ਇਹ ਪਹਿਲੀ ਵਾਰ ਨਹੀਂ ਜਦ ਬਾਦਲਾਂ ਵਿਰੁੱਧ ਬੋਲਣ ਦੀ ਸਜ਼ਾ ਕਿਸੇ ਤਖਤ ਦੇ ਜਥੇਦਾਰ ਨੂੰ ਮਿਲੀ ਹੋਵੇ। ਇਸ ਤੋਂ ਪਹਿਲਾਂ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਵੀ 17 ਜਨਵਰੀ 2015 ਨੂੰ ਜਥੇਦਾਰੀ ਤੋਂ ਹਟਾਇਆ ਗਿਆ ਸੀ। ਉਹ ਸੋਧੇ ਹੋਏ ਨਾਨਕਸ਼ਾਹੀ ਕਲੰਡਰ ਦੇ ਮਾਮਲੇ ਉਤੇ ਬਾਦਲਾਂ ਤੇ ਉਨ੍ਹਾਂ ਦੇ ਹਮਾਇਤੀਆਂ ਵਿਰੁੱਧ ਬੋਲੇ ਸਨ। ਨੰਦਗੜ੍ਹ ਤੋਂ ਪਹਿਲੇ ਜਥੇਦਾਰ ਗਿਆਨੀ ਕੇਵਲ ਸਿੰਘ ਦੀ ਵੀ ਬਾਦਲ ਪਰਿਵਾਰ ਨਾਲ ਨਹੀਂ ਬਣੀ ਅਤੇ ਉਨ੍ਹਾਂ ਨੂੰ ਅਹੁਦਾ ਤੋਂ ਅਸਤੀਫਾ ਦੇਣ ਪਿਆ ਸੀ।

> ### ਸੁਖਬੀਰ ਦਾ ਲਿਹਾਜ਼ ਕਿਉਂ?
>
> **ਚੰਡੀਗੜ੍ਹ:** ਤਖਤ ਸ੍ਰੀ ਦਮਦਮਾ ਸਾਹਿਬ ਦੇ ਬਰਖਾਸਤ ਜਥੇਦਾਰ ਵੱਲੋਂ ਸੁਖਬੀਰ ਸਿੰਘ ਬਾਦਲ ਉਤੇ ਸਬੂਤਾਂ ਸਮੇਤ ਡੇਰਾ ਸਿਰਸਾ ਨੂੰ ਮੁਆਫੀ ਦਿਵਾਉਣ ਦੇ ਦੋਸ਼ ਲਾਉਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਦੇ ਜਥੇਦਾਰ ਦੀ ਚੁੱਪ ਉਤੇ ਸਵਾਲ ਉਠ ਰਹੇ ਹਨ। ਇਨ੍ਹਾਂ ਖੁਲਾਸਿਆਂ ਨੂੰ ਭਾਵੇਂ ਕੁਵੇਲੇ ਦਾ ਸੱਚ ਦੱਸਿਆ ਜਾ ਰਿਹਾ ਹੈ, ਪਰ ਇਸ ਸੱਚ ਉਤੇ ਕਾਰਵਾਈ ਨਾ ਹੋਣਾ ਵੀ 'ਦਾਲ ਵਿਚ ਕੁਝ ਕਾਲਾ' ਹੋਣ ਵੱਲ ਇਸ਼ਾਰਾ ਕਰਦਾ ਹੈ। ਗਿਆਨੀ ਗੁਰਮੁਖ ਸਿੰਘ ਨੇ ਦੋਸ਼ ਲਾਏ ਹਨ ਕਿ ਸੁਖਬੀਰ ਸਿੰਘ ਬਾਦਲ ਹੀ ਡੇਰਾ ਮੁਖੀ ਨੂੰ ਮੁਆਫੀ ਦਿਵਾਉਣ ਦਾ 'ਮਾਸਟਰਮਾਈਂਡ' ਸੀ। ਸਿੱਖ ਵਿਦਵਾਨ ਮੰਗ ਕਰ ਰਹੇ ਹਨ ਕਿ ਸੁਖਬੀਰ ਬਾਦਲ ਨੂੰ ਅਕਾਲ ਸਾਹਿਬ 'ਤੇ ਤਲਬ ਕੀਤਾ ਜਾਵੇ। ਇਹ ਸਵਾਲ ਵੀ ਉਠ ਰਹੇ ਹਨ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡੇਰਾ ਸਿਰਸਾ ਤੋ ਵੋਟਾਂ ਮੰਗਣ ਗਏ ਸਿਆਸੀ ਆਗੂਆਂ ਨੂੰ ਤਾਂ ਤਲਬ ਕਰ ਲਿਆ ਗਿਆ ਸੀ, ਪਰ ਡੇਰਾ ਮੁਖੀ ਨੂੰ ਮੁਆਫੀ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਨਾਲ ਇੰਨੀ ਨਰਮੀ ਕਿਉਂ ਵਰਤੀ ਜਾ ਰਹੀ ਹੈ?

ਉਂਜ, ਗਿਆਨੀ ਗੁਰਮੁਖ ਸਿੰਘ ਵੱਲੋਂ ਬਾਦਲਾਂ ਬਾਰੇ ਕੀਤੇ ਖੁਲਾਸਿਆਂ ਉਤੇ ਸਵਾਲ ਵੀ ਉਠ ਰਹੇ ਹਨ ਕਿ ਉਹ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਮਾਮਲੇ ਵਿਚ ਬਾਦਲਾਂ ਦੀ ਮਿਲੀਭੁਗਤ ਬਾਰੇ ਪਹਿਲਾਂ ਕਿਉਂ ਨਹੀਂ ਬੋਲੇ। ਦਰਅਸਲ, ਗਿਆਨੀ ਗੁਰਮੁਖ ਸਿੰਘ ਨੂੰ ਇਨ੍ਹਾਂ ਖੁਲਾਸਿਆਂ ਪਿੱਛੋਂ ਆਪਣੀ ਹੋਣੀ ਦਾ ਪਤਾ ਸੀ। ਇਸੇ ਕਰ ਕੇ ਜਥੇਦਾਰੀ ਬਚਾਉਣ ਲਈ ਉਹ ਇਕ ਸਾਲ ਤੋਂ ਵੀ ਵੱਧ ਸਮਾਂ ਚੁੱਪ ਬੈਠੇ ਰਹੇ।

ਤਖਤ ਦਮਦਮਾ ਸਾਹਿਬ ਹੀ ਨਹੀਂ, ਹਫਤਾ ਪਹਿਲਾਂ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਵੀ ਬਾਦਲਾਂ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਸਮਾਗਮਾਂ ਨੂੰ ਰੱਦ ਕਰਵਾਉਣ ਦੀਆਂ ਕੋਸ਼ਿਸ਼ਾਂ ਦਾ ਦੋਸ਼ ਲਾਇਆ ਸੀ, ਪਰ ਉਨ੍ਹਾਂ ਨੇ ਵੀ ਸਮਾਗਮਾਂ ਤੋਂ ਤਕਰੀਬਨ 6 ਮਹੀਨੇ ਬਾਅਦ ਆਪਣੀ ਜ਼ੁਬਾਨ ਖੋਲ੍ਹੀ। ਉਨ੍ਹਾਂ ਇਹ ਵੀ ਦੱਸਿਆ ਸੀ ਕਿ ਸ. ਪ੍ਰਕਾਸ਼ ਸਿੰਘ ਬਾਦਲ ਜੋ ਉਦੋਂ ਪੰਜਾਬ ਦੇ ਮੁੱਖ ਮੰਤਰੀ ਸਨ, ਸਮਾਗਮਾਂ ਲਈ 100 ਕਰੋੜ ਰੁਪਏ ਦੀ ਸਹਾਇਤਾ ਦਾ ਐਲਾਨ ਕਰ ਕੇ ਮੁਕਰ ਗਏ ਸਨ। ਜਥੇਦਾਰਾਂ ਦੇ ਬਗਾਵਤੀ ਸੁਰਾਂ ਤੋਂ ਜ਼ਾਹਿਰ ਹੋ ਗਿਆ ਕਿ ਉਹ ਬਾਦਲ ਪਰਿਵਾਰ ਦੀ ਪੰਥਕ ਮਾਮਲਿਆਂ ਵਿਚ ਦਖਲਅੰਦਾਜ਼ੀ ਤੋਂ ਖਾਸੇ ਨਾਰਾਜ਼ ਹਨ, ਪਰ ਉਹ ਅਕਾਲ ਤਖਤ ਸਾਹਿਬ ਤੋਂ ਇਸ ਪਰਿਵਾਰ ਖਿਲਾਫ ਕਾਰਵਾਈ ਦੀ ਕੋਈ ਉਮੀਦ ਨਹੀਂ ਰੱਖਦੇ। ਇਸੇ ਕਰ ਕੇ ਉਹ ਆਪਣੀ ਜ਼ੁਬਾਨ ਖੋਲ੍ਹਣ ਤੋਂ ਪਹਿਲਾਂ ਸੌ ਵਾਰੀ ਸੋਚਦੇ ਹਨ।

## ਨਕਸਲੀ ਹਮਲੇ 'ਚ ਸੀ.ਆਰ.ਪੀ.ਐਫ. ਦੇ 25 ਜਵਾਨ ਹਲਾਕ

**ਰਾਏਪੁਰ:** ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ ਵਿਚ ਨਕਸਲੀਆਂ ਵੱਲੋਂ ਘਾਤ ਲਾ ਕੇ ਕੀਤੇ ਹਮਲੇ ਵਿਚ ਸੀ.ਆਰ.ਪੀ.ਐਫ. ਦੇ 25 ਜਵਾਨ ਹਲਾਕ ਅਤੇ ਛੇ ਹੋਰ ਜ਼ਖ਼ਮੀ ਹੋ ਗਏ। ਸੁਰੱਖਿਆ ਬਲਾਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਇਸ ਸਾਲ ਦਾ ਇਹ ਸਭ ਤੋਂ ਭਿਆਨਕ ਹਮਲਾ ਹੈ। ਨਕਸਲੀਆਂ ਨੇ ਇਹ ਹਮਲਾ ਦੱਖਣੀ ਬਸਤਰ ਖਿੱਤੇ ਦੇ ਕਾਲਾ ਪੱਥਰ ਇਲਾਕੇ 'ਚ ਕੀਤਾ। ਅਧਿਕਾਰੀ ਨੇ ਕਿਹਾ ਕਿ ਨਕਸਲੀ ਹਲਾਕ ਹੋਏ ਜਵਾਨਾਂ ਤੋਂ ਦਰਜਨ ਤੋਂ ਵੱਧ ਹਥਿਆਰ ਲੁੱਟ ਕੇ ਲੈ ਗਏ। ਇਹ ਸਾਰੇ ਜਵਾਨ 74ਵੀਂ ਬਟਾਲੀਅਨ ਦੇ ਸਨ ਅਤੇ ਉਨ੍ਹਾਂ ਨੂੰ ਨਕਸਲ ਵਿਰੋਧੀ ਮੁਹਿੰਮ ਲਈ ਇਲਾਕੇ 'ਚ ਤਾਇਨਾਤ ਕੀਤਾ ਗਿਆ ਸੀ। ਇਕ ਜ਼ਖ਼ਮੀ ਜਵਾਨ ਨੇ ਦਾਅਵਾ ਕੀਤਾ ਕਿ ਗਸ਼ਤੀ ਪਾਰਟੀ 'ਤੇ ਤਕਰੀਬਨ 300 ਨਕਸਲੀਆਂ ਨੇ ਹਮਲਾ ਕੀਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਯੋਗੀ ਸਰਕਾਰ ਬਣਨ ਪਿੱਛੋਂ ਕੱਟੜ ਹਿੰਦੂ ਸੰਗਠਨਾਂ ਨੇ ਅਤਿ ਚੁੱਕੀ



**ਆਗਰਾ:** ਆਗਰਾ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਵਰਕਰਾਂ ਨੇ ਪੁਲਿਸ 'ਤੇ ਹਮਲਾ ਕਰ ਦਿੱਤਾ ਤੇ ਥਾਣੇ ਦੀ ਭੰਨ-ਤੋੜ ਕਰ ਦਿੱਤੀ। ਇਹ ਲੋਕ ਆਪਣੇ ਕੁਝ ਵਰਕਰਾਂ 'ਤੇ ਦਰਜ ਮੁਕੱਦਮੇ ਵਾਪਸ ਲੈਣ ਤੇ ਪੁਲਿਸ ਅਧਿਕਾਰੀਆਂ ਨੂੰ ਹਟਾਉਣ ਦੀ ਮੰਗ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਯੋਗੀ ਤੇ ਸੂਬੇ ਦੇ ਨਵੇਂ ਡੀ.ਜੀ.ਪੀ. ਸੁਲਖਾਨ ਸਿੰਘ ਨੇ ਕਾਨੂੰਨ ਹੱਥ 'ਚ ਲੈਣ ਵਾਲਿਆਂ ਨੂੰ ਨਾ ਬਖਸ਼ਣ ਦੀ ਗੱਲ ਕਹੀ ਸੀ, ਪਰ ਆਰ.ਐਸ.ਐਸ. ਦੇ ਸਹਿਯੋਗੀ ਜਥੇਬੰਦੀਆਂ 'ਤੇ ਇਸ ਚਿਤਾਵਨੀ ਦਾ ਕੋਈ ਅਸਰ ਨਹੀਂ ਹੈ।

ਇਸ ਤੋਂ ਪਹਿਲਾਂ ਵਿਸ਼ਵ ਹਿੰਦੂ ਪ੍ਰੀਸ਼ਦ ਬਾਰੇ ਕਾਂਗਰਸ ਆਗੂ ਮਲਿਕ ਅਰਜਨ ਖੜਗੇ ਨੇ ਕਿਹਾ ਸੀ ਕਿ ਪਿਛਲੇ ਦੋ ਤਿੰਨ ਮਹੀਨਿਆਂ ਦੌਰਾਨ ਦੇਸ਼ ਵਿਚ ਫਿਰਕੂ ਹਿੰਸਾ ਦੀਆਂ 600 ਘਟਨਾਵਾਂ ਹੋਈਆਂ ਹਨ। ਇਨ੍ਹਾਂ ਪਿੱਛੇ ਕਿਸ ਦਾ ਹੱਥ ਹੈ ਅਤੇ ਇਹ ਸਿਰਫ ਉਹ ਹੀ ਨਹੀਂ, ਸਗੋਂ ਸਾਰੇ ਲੋਕ ਜਾਣਦੇ ਹਨ। ਉਨ੍ਹਾਂ ਕਿਹਾ ਸੀ ਕਿ ਖਾਸ ਕਰ ਕੇ ਧਾਰਮਿਕ ਲੀਡਰ ਅਤੇ ਜਥੇਬੰਦੀਆਂ ਜਿਵੇਂ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਵਰਗੇ ਸੰਗਠਨਾਂ ਦੇ ਲੋਕ ਅਜਿਹਾ ਕਰਦੇ ਹਨ। ਘੱਟ ਗਿਣਤੀਆਂ ਵਿਰੁੱਧ ਫਿਰਕੂ ਹਿੰਸਾ ਦੀਆਂ ਘਟਨਾਵਾਂ ਹੋਈਆਂ ਹਨ।

ਖੜਗੇ ਨੇ ਕਿਹਾ ਸੀ ਕਿ ਜਦੋਂ ਕਿਸੇ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਪਿੱਛੇ ਸਿਆਸੀ ਤਾਕਤ ਹੈ ਤਾਂ ਹੀ ਉਹ ਅਜਿਹਾ ਕਰਦਾ ਹੈ ਅਤੇ ਦੂਜੇ ਕਿਸੇ ਕੋਲ ਹਿੰਮਤ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਸੀ ਕਿ ਜਿਥੇ ਇਨ੍ਹਾਂ ਲੋਕਾਂ ਦੀ ਤਾਕਤ ਘੱਟ ਹੁੰਦੀ ਹੈ, ਉਥੇ ਫਿਰਕੂ ਹਿੰਸਾ ਘੱਟ ਹੁੰਦੀ ਹੈ।

## ਗਊ ਰਾਖਿਆਂ ਨੇ ਨੌਂ ਸਾਲਾ ਬੱਚੀ ਨੂੰ ਵੀ ਨਾ ਬਖਸ਼ਿਆ

**ਜੰਮੂ:** ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਵਿਚ ਗਊ ਰਾਖਿਆਂ ਵੱਲੋਂ ਕੀਤੇ ਗਏ ਹਮਲੇ ਵਿਚ 9 ਸਾਲਾ ਬੱਚੀ ਸਮੇਤ 5 ਲੋਕ ਜ਼ਖ਼ਮੀ ਹੋ ਗਏ। ਵਾਰਦਾਤ ਉਸ ਵਕਤ ਵਾਪਰੀ ਜਦੋਂ ਇਕ ਖਾਨਾਬਦੋਸ਼ ਪਰਿਵਾਰ ਆਪਣੇ ਪਸ਼ੂਆਂ ਨੂੰ ਲੈ ਕੇ ਤਲਵਾੜਾ ਇਲਾਕੇ ਤੋਂ ਜਾ ਰਿਹਾ ਸੀ, ਇਸ ਦੌਰਾਨ ਗਊ ਰਾਖਿਆਂ ਦੇ ਇਕ ਸਮੂਹ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਕੁੱਟਮਾਰ ਕਰਨ ਲੱਗ ਪਏ। ਪੀੜਤਾਂ ਦਾ ਕਹਿਣਾ ਹੈ ਕਿ ਹਮਲਾਵਰ ਉਨ੍ਹਾਂ ਦੀਆਂ ਸਭ ਗਾਵਾਂ, ਭੇਡਾਂ ਤੇ ਬੱਕਰੀਆਂ ਨਾਲ ਲੈ ਗਏ। ਜ਼ਖ਼ਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਮਾਮਲਾ ਦਰਜ ਕਰ 5 ਹਮਲਾਵਰਾਂ ਦੀ ਪਛਾਣ ਕਰ ਲਈ ਗਈ ਹੈ। ਪੀੜਤ ਪਰਿਵਾਰ ਦੀ ਔਰਤ ਨੇ ਦੱਸਿਆ ਕਿ ਹਮਲਾਵਰਾਂ ਨੇ ਉਨ੍ਹਾਂ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਤੇ ਉਹ ਸਾਡਾ ਕਤਲ ਕਰ ਕੇ ਨਹਿਰ 'ਚ ਸੁੱਟਣਾ ਚਾਹੁੰਦੇ ਸਨ, ਸਾਡਾ ਇਕ 10 ਸਾਲ ਦਾ ਲੜਕਾ ਵੀ ਇਸ ਦੌਰਾਨ ਜਾਨ ਬਚਾਉਂਦਾ ਹੋਇਆ ਲਾਪਤਾ ਹੋ ਗਿਆ ਹੈ।

## ਭਾਰਤ 'ਚ ਮਨੁੱਖੀ ਹੱਕਾਂ ਬਾਰੇ ਸਰਗਰਮ ਹੋਈ ਅਮਨੈਸਟੀ

**ਵਾਸ਼ਿੰਗਟਨ/ਨਵੀਂ ਦਿੱਲੀ:** ਭਾਰਤ ਅਤੇ ਹੋਰ ਦੇਸ਼ਾਂ ਵਿਚ ਮਨੁੱਖੀ ਅਧਿਕਾਰ ਕਾਰਕੁਨਾਂ ਦੀ ਸੁਰੱਖਿਆ ਲਈ ਕੰਮ ਕਰਨ ਵਾਲੀ ਉਘੀ ਗੈਰ ਸਰਕਾਰੀ ਸੰਸਥਾ 'ਅਮਨੈਸਟੀ ਇੰਟਰਨੈਸ਼ਨਲ' ਅਮਰੀਕਾ ਦੇ ਸੰਸਦ ਮੈਂਬਰਾਂ ਦਾ ਸਮਰਥਨ ਜੁਟਾ ਰਹੀ ਹੈ।

ਅਮਨੈਸਟੀ ਇੰਟਰਨੈਸ਼ਨਲ ਵੱਲੋਂ ਭੋਪਾਲ ਗੈਸ ਕਾਂਡ ਲਈ ਜ਼ਿੰਮੇਵਾਰ ਕੰਪਨੀਆਂ 'ਤੇ ਸਿਆਸੀ ਦਬਾਅ ਬਣਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ। ਸੰਸਥਾ ਚਾਹੁੰਦੀ ਹੈ ਕਿ ਅਮਰੀਕਾ ਅਤੇ ਭਾਰਤ ਦੇ ਉਚ ਆਗੂ ਮਨੁੱਖੀ ਹੱਕਾਂ ਦੀ ਰਾਖੀ ਨੂੰ ਸਮਾਜ ਦੇ ਅਨਿੱਖੜਵੇਂ ਅੰਗ ਵਜੋਂ ਦਰਸਾਉਣ।

ਅਮਨੈਸਟੀ ਇੰਟਰਨੈਸ਼ਨਲ ਵੱਲੋਂ ਪਿਛਲੇ ਹਫਤੇ ਅਮਰੀਕੀ ਸੈਨੇਟ ਕੋਲ ਪੇਸ਼ ਕੀਤੀ ਆਪਣੀ ਤਿਮਾਹੀ ਰਿਪੋਰਟ ਵਿਚ 31 ਮਾਰਚ ਨੂੰ ਖਤਮ ਹੋਈ ਸਾਲ ਦੀ ਪਹਿਲੀ ਤਿਮਾਹੀ ਵਿਚ ਭਾਰਤ ਅਤੇ ਹੋਰ ਦੇਸ਼ਾਂ ਵਿਚ 'ਮਨੁੱਖੀ ਅਧਿਕਾਰ ਸੁਰੱਖਿਆ ਕਾਰਕੁਨਾਂ ਦੀ ਸੁਰੱਖਿਆ' ਨੂੰ ਵਿਸ਼ੇਸ਼ ਲਾਬਿੰਗ ਮੁੱਦੇ ਦੀ ਸ਼੍ਰੇਣੀ ਵਿਚ ਰੱਖਿਆ ਹੈ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**7021 Village Park Way, Dublin, CA 94568**



*Gurdip Singh Sandhu*

Email: Homeomedicine@yahoo.com


## ਬਾਬਰੀ ਕਾਂਡ: ਅਡਵਾਨੀ, ਜੋਸ਼ੀ ਤੇ ਉਮਾ ਵਿਰੁਧ ਚੱਲੇਗਾ ਕੇਸ



**ਨਵੀਂ ਦਿੱਲੀ:** ਭਾਜਪਾ ਦੇ ਸੀਨੀਅਰ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਅਤੇ ਉਮਾ ਭਾਰਤੀ ਖਿਲਾਫ਼ 1992 ਵਿਚ ਬਾਬਰੀ ਮਸਜਿਦ ਢਾਹੁਣ ਦੇ ਸਿਆਸੀ ਪੱਖੋਂ ਬਹੁਤ ਹੀ ਸੰਵੇਦਨਸ਼ੀਲ ਕੇਸ ਵਿਚ ਮੁਜਰਮਾਨਾ ਸਾਜ਼ਿਸ਼ ਵਰਗੇ ਸੰਗੀਨ ਜੁਰਮ ਤਹਿਤ ਮੁਕੱਦਮਾ ਚਲਾਇਆ ਜਾਵੇਗਾ।

ਸੁਪਰੀਮ ਕੋਰਟ ਨੇ ਰੋਜ਼ਾਨਾ ਆਧਾਰ ਉਤੇ ਸੁਣਵਾਈ ਰਾਹੀਂ ਇਸ ਕੇਸ ਨੂੰ ਦੋ ਸਾਲਾਂ ਵਿਚ ਨਿਬੇੜਨ ਦੇ ਹੁਕਮ ਦਿੱਤੇ ਹਨ। ਬੈਂਚ ਨੇ ਆਪਣੇ ਸਖਤ ਹੁਕਮਾਂ ਵਿਚ ਮੱਧਕਾਲ ਦੌਰਾਨ ਉਸਾਰੀ ਗਈ ਬਾਬਰੀ ਮਸਜਿਦ ਦੀ ਯਾਦਗਾਰੀ ਇਮਾਰਤ ਨੂੰ ਢਾਹੇ ਜਾਣ ਨੂੰ 'ਜੁਰਮ' ਕਰਾਰ ਦਿੱਤਾ।


ਆਓ ਤੁਹਾਨੂੰ ਸੈਕਰਾਮੈਂਟੋ ਏਰੀਏ ਦੇ Roseville, Folsom, Rocklin, Antelope, Eldorado Hills, Elk Grove, Natomas ਸ਼ਹਿਰਾਂ ਵਿਚ ਨਵੇਂ ਨਕੋਰ ਘਰਾਂ ਦਾ ਟੂਰ ਕਰਵਾਈਏ



- ਲੋਨ ਲੈਣ 'ਚ ਵੀ ਮਦਦ ਕਰਾਂਗੇ
- Free Pre Approval
- Free Credit Report
- 3.5% Down Loan
- Zero % Down Loan



ਗੁਰਬਖਸ਼ੀਸ਼ ਸਿੰਘ ਗਰੇਵਾਲ
(ਰਿਐਲਟਰ)
CBRE# 01908138

ਬੇਏਰੀਏ ਦੇ ਮੁਕਾਬਲੇ ਸੈਕਰਾਮੈਂਟੋ ਵਿਚ ਘਰਾਂ ਦੀ ਕੀਮਤ ਬਹੁਤ ਘੱਟ

ਕਾਲ ਕਰੋ: ਗੁਰਬਖਸ਼ੀਸ਼ ਸਿੰਘ ਗਰੇਵਾਲ

ਫੋਨ: 916-716-9400

Fax: 916-258-0321

E-mail: GBSGrewal@yahoo.com

# ਐਸ.ਵਾਈ.ਐਲ. ਬਾਰੇ ਪੰਜਾਬ ਤੇ ਹਰਿਆਣਾ ਦੀ ਅੜੀ ਬਰਕਰਾਰ

**ਨਵੀਂ ਦਿੱਲੀ:** ਪੰਜਾਬ ਅਤੇ ਹਰਿਆਣਾ ਦਰਮਿਆਨ ਝਗੜੇ ਦੀ ਜੜ੍ਹ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮਸਲਾ ਸੁਲਝਾਉਣ ਲਈ ਕੇਂਦਰ ਵੱਲੋਂ ਸੱਦੀ ਮੀਟਿੰਗ ਵਿਚ ਕੋਈ ਸਹਿਮਤੀ ਨਾ ਬਣ ਸਕੀ। ਕੇਂਦਰੀ ਜਲ ਸਰੋਤ ਮੰਤਰਾਲੇ ਦੀ ਪਹਿਲ ਉਪਰ ਜਲ ਸਰੋਤ ਸਕੱਤਰ ਅਮਰਜੀਤ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਪੰਜਾਬ ਤੇ ਹਰਿਆਣਾ ਦੇ ਮੁੱਖ ਸਕੱਤਰਾਂ ਕ੍ਰਮਵਾਰ ਕਰਨ ਅਵਤਾਰ ਸਿੰਘ ਤੇ ਡੀ.ਐਸ. ਢੇਸੀ ਨੇ ਸ਼ਿਰਕਤ ਕੀਤੀ।

ਨਹਿਰ ਦੇ ਮੁੱਦੇ ਉਤੇ ਦੋਵਾਂ ਸੂਬਿਆਂ ਦਰਮਿਆਨ ਪਹਿਲਾਂ ਹੀ ਬਣੇ ਹੋਏ ਕੁੜੱਤਣ ਵਾਲੇ ਮਾਹੌਲ ਨੇ ਮੀਟਿੰਗ ਦੌਰਾਨ ਵੀ ਕੜਵਾਹਟ ਘੋਲੀ ਰੱਖੀ ਤੇ ਦੋਵੇਂ ਧਿਰਾਂ ਆਪੋ-ਆਪਣੇ ਐਲਾਨੀਆ ਰੁਖ ਉਤੇ ਅੜੀਆਂ ਰਹੀਆਂ। ਪੰਜਾਬ ਨੇ ਜਿਥੇ ਆਪਣੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਤੁਪਕਾ ਵੀ ਵਾਧੂ ਪਾਣੀ ਨਾ ਹੋਣ ਦਾ ਸਟੈਂਡ ਦੁਹਰਾਇਆ, ਉਥੇ ਹਰਿਆਣਾ ਆਪਣੇ ਹੱਕ ਵਿਚ ਆਏ ਸੁਪਰੀਮ ਕੋਰਟ ਦੇ ਫੈਸਲਿਆਂ ਦੀ ਰੋਸ਼ਨੀ ਵਿਚ ਨਹਿਰ ਦੀ ਛੇਤੀ ਉਸਾਰੀ ਲਈ ਕੇਂਦਰ ਉਤੇ ਵੀ ਇਸ ਲਈ ਦਬਾਅ ਪਾਉਂਦਾ ਰਿਹਾ।





ਜਲ ਸਰੋਤ ਮੰਤਰਾਲੇ ਦੇ ਸ਼੍ਰਮ ਸ਼ਕਤੀ ਭਵਨ ਵਿਖੇ ਮੀਟਿੰਗ ਦੌਰਾਨ ਪਹਿਲਾਂ ਪੰਜਾਬ ਦੇ ਵਫਦ ਨੇ ਆਪਣਾ ਪੱਖ ਰੱਖਿਆ। ਤਕਰੀਬਨ ਇਕ ਘੰਟਾ ਚੱਲੀ ਇਸ ਮੀਟਿੰਗ ਦੌਰਾਨ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਪੰਜਾਬ ਵੱਲੋਂ ਮਜ਼ਬੂਤੀ ਨਾਲ ਪੱਖ ਰੱਖਦਿਆਂ ਕਿਹਾ ਕਿ ਸੂਬੇ ਕੋਲ ਬਿਲਕੁਲ ਵੀ ਪਾਣੀ ਨਹੀਂ ਹੈ, ਜੋ ਕਿਸੇ ਹੋਰ ਸੂਬੇ ਨੂੰ ਦਿੱਤਾ ਜਾ ਸਕੇ। ਉਨ੍ਹਾਂ ਤਰਕ ਦਿੱਤਾ ਕਿ ਸਤਲੁਜ-ਯਮੁਨਾ ਲਿੰਕ ਨਹਿਰ ਬਣਨ ਦੀ ਸੂਰਤ ਵਿਚ ਪੰਜਾਬ ਦੀ 10 ਲੱਖ ਏਕੜ ਤੋਂ ਵੱਧ ਜ਼ਮੀਨ ਬੰਜਰ ਹੋ ਜਾਵੇਗੀ। ਇਸ ਵੇਲੇ ਪੰਜਾਬ ਵਿਚ 28 ਫੀਸਦੀ ਜ਼ਮੀਨ ਹੀ ਨਹਿਰਾਂ ਨਾਲ ਸਿੰਜੀ ਜਾਂਦੀ ਹੈ ਤੇ ਬਾਕੀ ਜ਼ਮੀਨ ਨੂੰ ਟਿਊਬਵੈਲ ਸਿੰਜਦੇ ਹਨ।

ਧਰਤੀ ਹੇਠਲੇ ਪਾਣੀ ਦੀ ਭਾਰੀ ਵਰਤੋਂ ਦਾ ਅਸਰ ਇਹ ਪਿਆ ਹੈ, ਕਿ ਹਰ ਸਾਲ 12 ਐਮ.ਏ.ਐਫ. ਜ਼ਮੀਨਦੋਜ਼ ਪਾਣੀ ਘਟ ਰਿਹਾ ਹੈ ਅਤੇ 138 ਬਲਾਕਾਂ ਵਿਚੋਂ 100 ਪਹਿਲਾਂ ਹੀ 'ਕਾਲੇ ਜ਼ੋਨ' ਵਿਚ ਚਲੇ ਗਏ ਹਨ ਤੇ 45 ਹੋਰ ਦੀ ਹਾਲਤ ਨਾਜ਼ੁਕ ਹੈ। ਪੰਜਾਬ ਦੇ ਅਧਿਕਾਰੀਆਂ ਨੇ ਕੇਂਦਰ ਸਰਕਾਰ ਤੋਂ ਉਮੀਦ ਕੀਤੀ ਕਿ ਉਹ ਹਕੀਕੀ ਹਾਲਾਤ ਦੇਖਦਿਆਂ ਹੀ ਕੋਈ ਫੈਸਲਾ ਲਵੇਗੀ।

ਦੱਖਣੀ ਪੰਜਾਬ ਨਹਿਰੀ ਪਾਣੀ ਉਪਰ ਹੀ ਨਿਰਭਰ ਹੈ। ਪੰਜਾਬ ਸਰਕਾਰ ਨੇ ਸਿੰਜਾਈ ਦੇ ਪ੍ਰਵਾਹ ਨੂੰ ਹੁਲਾਰਾ ਦੇਣ ਲਈ ਰਾਜ ਵਿਚ ਨਹਿਰਾਂ ਨੂੰ ਪੱਕੀਆਂ (ਲਾਈਨਿੰਗ) ਕਰਨ ਦਾ ਸੁਝਾਅ ਦਿੱਤਾ। ਇਸ ਮਗਰੋਂ ਹਰਿਆਣਾ ਦੇ ਮੁੱਖ ਸਕੱਤਰ ਡੀ.ਐਸ. ਢੇਸੀ ਨੇ ਕੇਂਦਰੀ ਜਲ ਵਸੀਲਾ ਸਕੱਤਰ ਨਾਲ ਮੁਲਾਕਾਤ ਦੌਰਾਨ ਆਪਣਾ ਪੱਖ ਰੱਖਦਿਆਂ ਦੱਸਿਆ ਕਿ ਹਰਿਆਣਾ ਦੇ ਸਰਬਦਲੀ ਵਫਦ ਨੇ 28 ਨਵੰਬਰ, 2016 ਨੂੰ ਰਾਸ਼ਟਰਪਤੀ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਲਈ ਯਾਦ ਪੱਤਰ ਦਿੱਤਾ ਸੀ। ਉਸ ਯਾਦ ਪੱਤਰ ਦੀ ਅਗਲੀ ਕਾਰਵਾਈ ਦੇ ਤੌਰ 'ਤੇ ਕੇਂਦਰੀ ਜਲ ਮੰਤਰਾਲੇ ਨੇ ਇਸ ਮੁੱਦੇ ਉਤੇ ਮੀਟਿੰਗ ਰੱਖੀ ਸੀ। ਉਨ੍ਹਾਂ ਕਿਹਾ ਕਿ ਮੰਤਰਾਲੇ ਦੇ ਸਕੱਤਰ ਨੂੰ ਉਸ ਯਾਦ ਪੱਤਰ ਵਿਚ ਰੱਖੇ ਗਏ ਵਿਸ਼ੇ ਤੋਂ ਜਾਣੂ ਕਰਵਾਇਆ ਗਿਆ ਕਿ ਕੇਂਦਰ ਸਰਕਾਰ ਐਸ.ਵਾਈ.ਐਲ. ਦੀ ਛੇਤੀ ਉਸਾਰੀ ਕਰਵਾਏ। ਐਸ.ਵਾਈ.ਐਲ. ਬਾਰੇ ਦੋ ਗੱਲਾਂ 'ਤੇ ਮੁੱਖ ਤੌਰ ਜ਼ਿਕਰ ਕੀਤਾ ਗਿਆ। ਪਹਿਲਾ, ਸੁਪਰੀਮ ਕੋਰਟ ਦੇ ਜਨਵਰੀ 2002 ਤੇ ਜੂਨ 2004 ਵਿਚ ਆਏ ਫੈਸਲੇ ਅਤੇ ਦੂਜਾ 10 ਨਵੰਬਰ, 2016 ਨੂੰ ਰਾਸ਼ਟਰਪਤੀ ਦੇ ਹਵਾਲੇ ਉਪਰ ਫੈਸਲਾ। ਹਰਿਆਣਾ ਸਰਕਾਰ ਨਹਿਰ ਦਾ ਨਿਰਮਾਣ ਛੇਤੀ ਚਾਹੁੰਦੀ ਹੈ ਤੇ ਇਸ ਨੇ ਪਹਿਲੀ ਜੂਨ, 2016 ਨੂੰ ਅਰਜ਼ੀ ਅਦਾਲਤ ਵਿਚ ਪਾਈ ਸੀ। ਇਸ 'ਤੇ 10 ਤੇ 12 ਅਪਰੈਲ ਨੂੰ ਸੁਣਵਾਈ ਹੋਈ ਤੇ ਹੁਣ 27 ਅਪਰੈਲ ਨੂੰ ਸੁਣਵਾਈ ਹੋਣੀ ਹੈ।

# ਸਮਾਧ 'ਤੇ ਅਖੰਡ ਪਾਠ: ਸਤਿਕਾਰ ਕਮੇਟੀ ਤੇ ਪਿੰਡ ਵਾਸੀਆਂ 'ਚ ਝੜਪ

**ਡੇਹਲੋਂ:** ਪਿੰਡ ਸੀਲੋਂ ਕਲਾਂ ਵਿਚ ਸਮਾਧਾਂ ਉਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਪ੍ਰਕਾਸ਼ ਕਰਵਾਉਣ ਸਬੰਧੀ ਕਸ਼ਮਕਸ਼ ਉਸ ਸਮੇਂ ਖੂਨੀ ਝੜਪ ਵਿਚ ਬਦਲ ਗਈ ਜਦੋਂ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਤਿਕਾਰ ਕਮੇਟੀ ਦੇ ਆਗੂਆਂ ਤੇ ਪਿੰਡ ਵਾਸੀਆਂ ਵਿਚ ਇੱਟਾਂ ਰੋੜੇ ਤੇ ਕਿਰਪਾਨਾਂ ਨਾਲ ਜੰਮ ਕੇ ਲੜਾਈ ਹੋਈ। ਇਸ ਲੜਾਈ ਵਿਚ ਦੋਵਾਂ ਪਾਸਿਆਂ ਦੇ 10 ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚ 5 ਔਰਤਾਂ ਸ਼ਾਮਲ ਹਨ ਜਦਕਿ ਦੋਵਾਂ ਧਿਰਾਂ ਵੱਲੋਂ ਇਕ ਦੂਸਰੇ 'ਤੇ ਹਮਲਾ ਕਰਨ ਦੇ ਇਲਜ਼ਾਮ ਲਾਏ ਗਏ।



ਜਾਣਕਾਰੀ ਅਨੁਸਾਰ ਕਿ ਪਿੰਡ 'ਚ ਬਾਬਾ ਲਾਭ ਸਿੰਘ ਦੇ ਅਸਥਾਨ 'ਤੇ ਸ੍ਰੀ ਅਖੰਡ ਸਾਹਿਬ ਕਰਵਾਉਣ ਲਈ ਪਿਛਲੇ ਕਈ ਦਿਨਾਂ ਤੋਂ ਦੋ ਧਿਰਾਂ ਦਰਮਿਆਨ ਟਕਰਾਅ ਚੱਲ ਰਿਹਾ ਸੀ, ਕਿਉਂਕਿ ਬਾਬਾ ਲਾਭ ਸਿੰਘ ਨੂੰ ਸ਼ਹੀਦ ਮੰਨਣ ਵਾਲਿਆਂ ਬਹੁਗਿਣਤੀ ਪਿੰਡ ਵਾਸੀ ਸਮਾਧਾਂ 'ਤੇ ਪਾਠ ਕਰਵਾਉਣ ਲਈ ਬਜ਼ਿਦ ਸਨ ਤੇ ਉਨ੍ਹਾਂ ਆਪਣੀ ਹਮਾਇਤ ਲਈ ਨਿਹੰਗ ਸਿੰਘਾਂ ਨੂੰ ਬੁਲਾ ਲਿਆ ਜਦਕਿ ਦੂਸਰੇ ਪਾਸੇ ਪਿੰਡ ਦੇ ਹੀ ਕਈ ਪਰਿਵਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਸਮਾਧਾਂ 'ਤੇ ਪਾਠ ਨਹੀਂ ਹੋਣ ਦੇ ਰਹੇ ਸਨ ਤੇ ਉਨ੍ਹਾਂ ਵੱਲੋਂ ਸਤਿਕਾਰ ਕਮੇਟੀ ਨੂੰ ਸੱਦਿਆ ਗਿਆ। ਬਹੁਗਿਣਤੀ ਪਿੰਡ ਵਾਸੀਆਂ ਵੱਲੋਂ ਸ਼ਹੀਦਾਂ ਦੇ ਅਸਥਾਨ ਨਾਲ ਕਮਰੇ ਵਿਚ ਨਿਹੰਗ ਸਿੰਘਾਂ ਦੀ ਹਮਾਇਤ ਨਾਲ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰ ਦਿੱਤੇ ਜਿਥੇ ਜ਼ਿਲ੍ਹਾ ਪੁਲਿਸ ਵੱਲੋਂ ਭਾਰੀ ਗਿਣਤੀ 'ਚ ਸੁਰੱਖਿਆ ਮੁਹੱਈਆ ਵੀ ਕਰਵਾਈ ਹੋਈ ਸੀ। ਭੋਗ ਸਮੇਂ ਜ਼ਿਲ੍ਹਾ ਪੁਲਿਸ ਤੇ ਸਿਵਲ ਪ੍ਰਸ਼ਾਸਨ ਅਧਿਕਾਰੀ ਭਾਰੀ ਫੋਰਸ ਨਾਲ ਹਾਜ਼ਰ ਸਨ ਤੇ ਅਮਨ ਅਮਾਨ ਨਾਲ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਪਰ ਬਾਅਦ ਵਿਚ ਦੋਵਾਂ ਧਿਰਾਂ ਕਿਸੇ ਗੱਲ ਨੂੰ ਲੈ ਕੇ ਆਪਸ ਵਿਚ ਭਿੜ ਗਈਆਂ ਤੇ ਜੰਮ ਕੇ ਲੜਾਈ ਹੋਈ।

# ਵੀ.ਆਈ.ਪੀ. ਸਭਿਆਚਾਰ ਵਿਰੁਧ ਮੁਹਿੰਮ ਹੋਰ ਤਿੱਖੀ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਵੀ.ਆਈ.ਪੀ. ਸੁਰੱਖਿਆ ਵਿਚ ਤਾਇਨਾਤ 2000 ਮੁਲਾਜ਼ਮਾਂ ਦੀ ਵੱਡੀ ਕਟੌਤੀ ਕੀਤੀ ਹੈ। ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਸੁਰੱਖਿਆ ਦਾ ਜਾਇਜ਼ਾ ਲੈਣ ਸਬੰਧੀ ਦਿੱਲੀ ਵਿਖੇ ਹੋਈ ਇਕ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ।

ਮੁੱਖ ਮੰਤਰੀ ਦੇ ਸੁਰੱਖਿਆ ਅਮਲੇ ਵਿਚੋਂ ਵੀ 376 ਮੁਲਾਜ਼ਮਾਂ ਦੀ ਕਟੌਤੀ ਕੀਤੀ ਗਈ ਹੈ ਜੋ ਕਿ 1392 ਮੁਲਾਜ਼ਮਾਂ ਤੇ ਅਧਿਕਾਰੀਆਂ ਤੋਂ ਘਟਾ ਕੇ 1016 ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸੰਵਿਧਾਨਕ ਤੇ ਸਰਕਾਰੀ ਅਧਿਕਾਰੀਆਂ ਦੀਆਂ ਸ਼੍ਰੇਣੀਆਂ ਵਿਚੋਂ ਵੀ 1500 ਸੁਰੱਖਿਆ ਮੁਲਾਜ਼ਮ ਵਾਪਸ ਬੁਲਾਏ ਗਏ ਹਨ। ਮੁੱਖ ਮੰਤਰੀ ਨੇ ਸਪਸ਼ਟ ਕੀਤਾ ਹੈ ਕਿ ਉਹ ਜ਼ਰੂਰਤ ਤੋਂ ਜ਼ਿਆਦਾ ਕਿਸੇ ਤਰ੍ਹਾਂ ਦੀ ਵਾਧੂ ਸੁਰੱਖਿਆ ਨਹੀਂ ਲੈਣਾ ਚਾਹੁੰਦੇ।

ਮੁੱਖ ਮੰਤਰੀ ਨੇ ਕਿਸੇ ਵੀ ਵਿਅਕਤੀ ਲਈ ਖਤਰੇ ਦੀ ਸੰਭਾਵਨਾ ਬਾਰੇ ਤਾਜ਼ਾ ਹਾਲਾਤ ਦੇ ਮੱਦੇਨਜ਼ਰ ਲੋੜ ਆਧਾਰਤ ਸੁਰੱਖਿਆ ਮੁਹੱਈਆ ਕਰਵਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਬਾਅਦ ਸੁਰੱਖਿਆ ਦੇ ਜਾਇਜ਼ੇ ਲਈ ਦੂਜੀ ਮੀਟਿੰਗ ਕੀਤੀ ਹੈ।

## ਕੈਪਟਨ ਦੇ ਫੈਸਲਿਆਂ ਤੋਂ ਮੋਦੀ ਗਦ-ਗਦ

**ਨਵੀਂ ਦਿੱਲੀ:** ਵੀ.ਆਈ.ਪੀ. ਕਲਚਰ ਖਾਸਕਰ ਲਾਲ ਬੱਤੀ ਦੇ ਖਾਤਮੇ ਲਈ ਪੰਜਾਬ ਤੋਂ ਚੱਲੀ ਲਹਿਰ ਪੂਰੇ ਦੇਸ਼ ਵਿਚ ਫੈਲ ਗਈ ਹੈ। ਕੇਂਦਰ ਸਰਕਾਰ ਨੇ ਐਲਾਨ ਕੀਤਾ ਹੈ ਕਿ ਕੋਈ ਵੀ ਕੇਂਦਰੀ ਮੰਤਰੀ ਤੇ ਅਫਸਰ ਆਪਣੀ ਗੱਡੀ 'ਤੇ ਲਾਲ ਬੱਤੀ ਨਹੀਂ ਲਾ ਸਕੇਗਾ।



ਕਾਬਲੇਗੌਰ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੰਤਰੀਆਂ ਤੇ ਅਫਸਰਾਂ ਦੀਆਂ ਗੱਡੀਆਂ 'ਤੇ ਲਾਲ ਬੱਤੀ ਲਾਉਣ ਦੀ ਮਨਾਹੀ ਕੀਤੀ ਸੀ। ਇਸ ਮਗਰੋਂ ਉਤਰੀ ਪ੍ਰਦੇਸ਼ ਸਰਕਾਰ ਨੇ ਵੀ ਲਾਲ ਬੱਤੀ ਕਲਚਰ ਬੰਦ ਕਰਨ ਦਾ ਐਲਾਨ ਕੀਤਾ ਸੀ। ਹੋਰ ਸੂਬਿਆਂ ਵਿਚ ਵੀ ਅਜਿਹੀ ਮੰਗ ਉਠ ਰਹੀ ਹੈ।

ਇਸੇ ਨੂੰ ਧਿਆਨ ਵਿਚ ਰੱਖਦਿਆਂ ਮੋਦੀ ਸਰਕਾਰ ਨੇ ਵੀ ਇਸ ਫੈਸਲੇ ਨੂੰ ਅਪਣਾ ਲਿਆ ਹੈ। ਕੇਂਦਰੀ ਕੈਬਨਿਟ ਨੇ ਇਸ ਫੈਸਲੇ 'ਤੇ ਮੋਹਰ ਲਾ ਦਿੱਤੀ ਹੈ। ਇਹ ਫੈਸਲਾ ਪਹਿਲੀ ਮਈ ਤੋਂ ਲਾਗੂ ਕੀਤਾ ਜਾਏਗਾ। ਉਂਝ ਕੇਂਦਰ ਨੇ ਸੂਬਿਆਂ ਵਿਚ ਇਹ ਫੈਸਲਾ ਲਾਗੂ ਕਰਨਾ ਉਥੋਂ ਦੀਆਂ ਸਰਕਾਰਾਂ 'ਤੇ ਹੀ ਛੱਡ ਦਿੱਤਾ ਹੈ। ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਪਹਿਲੀ ਮਈ ਤੋਂ ਪ੍ਰਧਾਨ ਮੰਤਰੀ ਸਣੇ ਸਾਰੇ ਮੰਤਰੀਆਂ ਦੀਆਂ ਗੱਡੀਆਂ ਤੋਂ ਲਾਲ ਬੱਤੀ ਹਟਾ ਦਿੱਤੀ ਜਾਏਗੀ। ਇਸ ਦਾ ਇਸਤੇਮਾਲ ਸਿਰਫ ਐਮਰਜੈਂਸੀ ਸੇਵਾਵਾਂ ਉਪਰ ਹੀ ਹੋ ਸਕੇਗਾ।

## ਆਰਮਜ਼ ਐਕਟ ਮਾਮਲੇ 'ਚ ਸਲਮਾਨ ਤਲਬ

**ਜੋਧਪੁਰ:** ਆਰਮਜ਼ ਐਕਟ ਮਾਮਲੇ ਵਿਚ ਬਾਲੀਵੁੱਡ ਅਦਾਕਾਰ ਸਲਮਾਨ ਖਾਨ ਨੂੰ ਬਰੀ ਕੀਤੇ ਜਾਣ ਖਿਲਾਫ ਰਾਜਸਥਾਨ ਸਰਕਾਰ ਦੀ ਅਪੀਲ 'ਤੇ ਸੁਣਵਾਈ ਕਰਦਿਆਂ ਅਦਾਲਤ ਨੇ ਆਰਮਜ਼ ਐਕਟ ਉਲੰਘਣਾ ਮਾਮਲੇ 'ਚ ਸਲਮਾਨ ਖਾਨ ਨੂੰ 20 ਹਜ਼ਾਰ ਰੁਪਏ ਦੀ ਜ਼ਮਾਨਤੀ ਮੁਚਲਕੇ ਦੇ ਨਾਲ ਅਦਾਲਤ 'ਚ ਪੇਸ਼ ਹੋਣ ਲਈ ਕਿਹਾ ਹੈ।

ਇਸ ਸੁਣਵਾਈ ਦੌਰਾਨ ਸਲਮਾਨ ਅਦਾਲਤ 'ਚ ਨਹੀਂ ਪਹੁੰਚੇ। ਦੱਸਣਯੋਗ ਹੈ ਕਿ ਸੀ.ਜੇ.ਐਮ. ਅਦਾਲਤ ਨੇ ਸਲਮਾਨ ਨੂੰ ਇਸ ਮਾਮਲੇ 'ਚ ਬਰੀ ਕਰਨ ਤੋਂ ਬਾਅਦ ਰਾਜਸਥਾਨ ਸਰਕਾਰ ਨੇ ਸੈਸ਼ਨ ਕੋਰਟ 'ਚ ਅਪੀਲ ਕੀਤੀ ਸੀ। ਸਲਮਾਨ ਦੇ ਵਕੀਲ ਹਸਤੀਮਲ ਨੇ ਦੱਸਿਆ ਕਿ ਆਰਮਜ਼ ਐਕਟ ਉਲੰਘਣਾ ਮਾਮਲੇ 'ਚ ਅਦਾਲਤ ਨੇ ਸਲਮਾਨ ਨੂੰ ਛੱਡ ਦਿੱਤਾ ਸੀ, ਪਰ ਸਰਕਾਰ ਨੇ ਇਸ ਹੁਕਮ ਖਿਲਾਫ ਅਪੀਲ ਕੀਤੀ ਸੀ।



# ਕੈਪਟਨ ਨੇ ਖਾਲਸਾ ਯੂਨੀਵਰਸਿਟੀ ਬਣਨ ਦਾ ਰਾਹ ਰੋਕਿਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਜੀਠੀਆ ਪਰਿਵਾਰ ਨੂੰ ਵੱਡਾ ਝਟਕਾ ਦਿੱਤਾ ਹੈ। ਕੈਪਟਨ ਨੇ ਮਜੀਠੀਆ ਪਰਿਵਾਰ ਦਾ ਡਰੀਮ ਪ੍ਰਾਜੈਕਟ ਖਾਲਸਾ ਯੂਨੀਵਰਸਿਟੀ ਬਣਨ ਦਾ ਰਾਹ ਰੋਕ ਦਿੱਤਾ ਹੈ। ਇਸ ਲਈ ਪੰਜਾਬ ਸਰਕਾਰ ਨੇ ਵਿਵਾਦਪੂਰਨ ਖਾਲਸਾ ਯੂਨੀਵਰਸਿਟੀ ਐਕਟ-2016 ਰੱਦ ਕਰਨ ਦਾ ਫੈਸਲਾ ਲਿਆ ਹੈ। ਕੈਬਨਿਟ ਮੀਟਿੰਗ ਵਿਚ 125 ਵਰ੍ਹੇ ਪੁਰਾਣੇ ਇਤਿਹਾਸਕ ਖਾਲਸਾ ਕਾਲਜ ਅੰਮ੍ਰਿਤਸਰ ਦਾ ਨਿੱਜੀਕਰਨ ਹੋ ਜਾਣ 'ਤੇ ਇਸ ਦੇ ਵਿਰਾਸਤ ਰੁਤਬੇ ਦੇ ਖੁਸ ਜਾਣ ਤੋਂ ਬਚਾਉਣ ਲਈ ਖਾਲਸਾ ਯੂਨੀਵਰਸਿਟੀ ਐਕਟ-2016 ਰੱਦ ਕਰਨ ਦਾ ਫੈਸਲਾ ਕੀਤਾ ਗਿਆ। ਇਹ ਫੈਸਲਾ ਇਥੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਕੈਪਟਨ ਅਮਰਿੰਦਰ ਸਿੰਘ ਨੇ ਖਾਲਸਾ ਕਾਲਜ ਦੀ ਸ਼ਾਨਦਾਰ ਵਿਰਾਸਤ ਦੀ ਰਾਖੀ ਕਰਨ ਦਾ ਵਾਅਦਾ ਕੀਤਾ ਜੋ ਵਿਰਾਸਤੀ ਦਰਜੇ ਵਾਲੀ ਮੁਲਕ ਦੀਆਂ ਸਭ ਤੋਂ ਪੁਰਾਣੀਆਂ ਵਿਦਿਅਕ ਸੰਸਥਾਵਾਂ ਵਿਚੋਂ ਇਕ ਹੈ।

ਮੰਤਰੀ ਮੰਡਲ ਨੇ ਖਾਲਸਾ ਕਾਲਜ ਸੁਸਾਇਟੀ ਵੱਲੋਂ ਇਸ ਵੱਕਾਰੀ ਸੰਸਥਾ ਨੂੰ ਯੂਨੀਵਰਸਿਟੀ ਵਿਚ ਤਬਦੀਲ ਕਰ ਕੇ ਇਸ ਦੇ ਵਿਰਾਸਤੀ ਦਰਜੇ ਨੂੰ ਤਹਿਸ-ਨਹਿਸ ਕਰਨ ਵਾਲਾ ਕਦਮ ਦੱਸਿਆ ਹੈ।



ਮੰਤਰੀ ਮੰਡਲ ਨੇ ਇਹ ਪੱਖ ਵੀ ਵਿਚਾਰਿਆ ਕਿ ਪਿਛਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਅੰਮ੍ਰਿਤਸਰ ਵਾਸੀਆਂ, ਸੂਬੇ ਦੇ ਬੁੱਧੀਜੀਵੀ ਵਰਗ ਤੇ ਖਾਲਸਾ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਸਖਤ ਵਿਰੋਧਤਾ ਦੇ ਬਾਵਜੂਦ ਖਾਲਸਾ ਯੂਨੀਵਰਸਿਟੀ ਐਕਟ 2016 ਰਾਹੀਂ ਅੰਮ੍ਰਿਤਸਰ ਵਿਚ ਖਾਲਸਾ ਯੂਨੀਵਰਸਿਟੀ ਸਥਾਪਤ ਕੀਤੀ ਗਈ। ਮੰਤਰੀ ਮੰਡਲ ਨੇ ਫੈਸਲਾ ਕੀਤਾ ਕਿ ਅੰਮ੍ਰਿਤਸਰ ਵਿਚ ਹੋਰ ਯੂਨੀਵਰਸਿਟੀ ਸਥਾਪਤ ਕਰਨ ਦੀ ਕੋਈ ਤੁਕ ਹੀ ਨਹੀਂ ਬਣਦੀ ਕਿਉਂਕਿ ਇਸ ਸ਼ਹਿਰ ਵਿਚ ਪਹਿਲਾਂ ਹੀ ਉਚੇਰੀ ਸਿੱਖਿਆ ਦੀਆਂ ਨਾਮੀ ਯੂਨੀਵਰਸਿਟੀਆਂ ਮੌਜੂਦ ਹਨ। ਮੰਤਰੀ ਮੰਡਲ ਨੇ ਇਹ ਵੀ ਵਿਚਾਰਿਆ ਕਿ ਯੂਨੀਵਰਸਿਟੀ ਬਣਾਉਣ ਲਈ ਖਾਲਸਾ ਕਾਲਜ ਦੀ ਜ਼ਮੀਨ ਲੈ ਲੈਣ ਨਾਲ ਇਸ ਕਾਲਜ ਦੀ ਹੋਂਦ 'ਤੇ ਬਹੁਤ ਬੁਰਾ ਅਸਰ ਪਵੇਗਾ ਜਿਸ ਨਾਲ ਖਾਲਸਾ ਕਾਲਜ ਦੀ ਇਮਾਰਤ ਦੀ ਵਿਲੱਖਣ ਪਛਾਣ ਵੀ ਖੁਰ ਜਾਵੇਗੀ।

## 'ਵਰਸਿਟੀ ਬਚਾਉਣ ਲਈ ਕਾਨੂੰਨੀ ਚਾਰਾਜੋਈ

**ਅੰਮ੍ਰਿਤਸਰ:** ਖਾਲਸਾ ਯੂਨੀਵਰਸਿਟੀ ਦੀ ਹੋਂਦ ਨੂੰ ਬਚਾਉਣ ਵਾਸਤੇ ਪ੍ਰਬੰਧਕਾਂ ਵੱਲੋਂ ਕਾਨੂੰਨੀ ਚਾਰਾਜੋਈ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਦੌਰਾਨ ਯੂਨੀਵਰਸਿਟੀ ਵਿਚ ਪੜ੍ਹ ਰਹੇ ਤਕਰੀਬਨ 300 ਵਿਦਿਆਰਥੀ ਅਤੇ ਅਧਿਆਪਕ ਤੇ ਗੈਰ ਅਧਿਆਪਕ ਅਮਲਾ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹੈ। ਖਾਲਸਾ ਯੂਨੀਵਰਸਿਟੀ ਪਿਛਲੇ ਵਰ੍ਹੇ ਅਗਸਤ ਮਹੀਨੇ ਵਿਚ ਸ਼ੁਰੂ ਹੋਈ ਸੀ ਅਤੇ ਸ਼ੁਰੂਆਤ ਵਿਚ ਲਗਭਗ 300 ਵਿਦਿਆਰਥੀਆਂ ਨੇ ਵੱਖ-ਵੱਖ ਕੋਰਸਾਂ ਵਿਚ ਦਾਖਲਾ ਲਿਆ ਸੀ। ਇਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਸਤੇ ਲਗਭਗ 50 ਅਧਿਆਪਕ ਅਤੇ ਗੈਰ ਅਧਿਆਪਕ ਅਮਲਾ ਵੀ ਨਿਯੁਕਤ ਕੀਤਾ ਗਿਆ ਸੀ।

## Matrimonial

### ਵਰ ਦੀ ਲੋੜ

US citizen or Green Card holder well settled educated match wanted for Amritdhari Saini Sikh girl, 28 yrs, 5'-3", B.Com, MBA, from an educated family. The girl is in India. Caste no bar. Contact, Ph: 216-513-5887 (USA) or +91-98786-21898 (India)

11-18

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658

15-

### ਲੜਕੀ ਦੀ ਲੋੜ

ਜੱਟ ਸਿੱਖ ਉਮਰ 25 ਸਾਲ ਕੱਦ 5'-10" ਵਰਕ ਪਰਮਿਟ 'ਤੇ ਕੰਮ ਕਰ ਰਹੇ ਲੜਕੇ ਲਈ ਯੂ.ਐਸ.-ਕੈਨੇਡਾ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜਰੂਰਤ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 612-481-4662

16-19

Wanted suitable US citizen girl for Jatt Sikh Boy, 30, 5'-11", Canadian Citizen & USA Green Card Holder, well Settled in the USA. Contact: Ph.317-603-1000 or 317-979-4740, Email- jagbirsandhu86@yahoo.com

13+

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਸੋਹਣੇ ਸੁਨੱਖੇ ਜੱਟ ਸਿੱਖ ਵੈਸ਼ਨੂੰ ਬੀ.ਟੈਕ ਇਲੈਕਟ੍ਰਾਨਿਕਸ, ਉਮਰ 32 ਸਾਲ, 6' ਲੜਕੇ ਲਈ ਕੈਨੇਡੀਅਨ ਜਾਂ ਅਮਰੀਕਨ ਸਿਟੀਜ਼ਨ, ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਦਾਦਕਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਸੰਪਰਕ ਕਰੋ, ਫੋਨ: 416-898-7144 ਅਤੇ ਬਾਇਓਡਾਟਾ ਤੇ ਤਸਵੀਰ ਈਮੇਲ ਕਰੋ: hbhangu@hotmail.com

17-20

28 year old Dentist from India clean shaven Arora Sikh, finishing health management course in Australia by the end of April 2017, looking for a suitable educated US citizen girl to marry and settle in US. Contact: Jaytg@aol.com, Ph: 847-830-5361

15-18

30 year old handsome Gursikh priest from Jammu and Kashmir looking to marry US citizen Gursikh girl to settle down in US, presently in the Midwest (USA). Also has a 28 year old priest brother in Australia interested in marrying Gursikh US citizen girl to settle in US. Both fluent in English. Contact: jaytg@aol.com, Ph: 847-830-5361

15-18


# ਕਾਲੀ ਸੂਚੀ ਬਾਰੇ ਕੈਪਟਨ ਵੱਲੋਂ ਕੇਂਦਰ ਕੋਲ ਪਹੁੰਚ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰ ਕੇ ਸਿੱਖਾਂ ਦੀ ਕਾਲੀ ਸੂਚੀ ਦਾ ਮਾਮਲਾ ਉਠਾਇਆ। ਉਨ੍ਹਾਂ ਇਸ ਸੂਚੀ ਵਿਚ ਸ਼ਾਮਲ ਸਿੱਖ ਨੌਜਵਾਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਇਹ ਸੂਚੀ ਧਾਰਮਿਕ ਆਧਾਰ 'ਤੇ ਨਾ ਬਣਾਉਣ ਦਾ ਸੁਝਾਅ ਦਿੱਤਾ।

ਸ੍ਰੀ ਰਾਜਨਾਥ ਸਿੰਘ ਨੇ ਇਸ ਸੂਚੀ ਉਪਰ ਨਜ਼ਰਸਾਨੀ ਕਰਨ ਦੀ ਸਹਿਮਤੀ ਪ੍ਰਗਟਾਈ ਤੇ ਸੂਚੀ ਵਿਚ ਸ਼ਾਮਲ ਸਿੱਖਾਂ ਦੇ ਬੱਚਿਆਂ ਨੂੰ ਭਾਰਤ ਆਉਣ ਦੀ ਇਜਾਜ਼ਤ ਦੇਣ ਦੀ ਮੁੱਖ ਮੰਤਰੀ ਦੀ ਅਪੀਲ ਨਾਲ ਸਹਿਮਤੀ ਪ੍ਰਗਟਾਈ।

ਗ੍ਰਹਿ ਮੰਤਰੀ ਨੇ ਮੰਨਿਆ ਕਿ ਮੌਜੂਦਾ ਪ੍ਰਣਾਲੀ ਨਾਲ ਸਿੱਖ ਨੌਜਵਾਨਾਂ ਦੀ ਮਾਨਸਿਕਤਾ ਨੂੰ ਡੂੰਘੀ ਠੇਸ ਪੁੱਜੀ। ਇਸ ਸੂਚੀ ਵਿਚ ਕਈਆਂ ਦੇ ਨਾਂ ਦਹਾਕਿਆਂ ਤੋਂ ਦਰਜ ਹਨ। ਮੁੱਖ ਮੰਤਰੀ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੀਟਿੰਗ ਦੌਰਾਨ ਵੀ ਕਾਲੀ ਸੂਚੀ ਦਾ ਮੁੱਦਾ ਉਠਾਇਆ ਸੀ।

ਸੂਬਾ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਅਤੇ ਮਿੱਥ ਕੇ ਕੀਤੇ ਕਤਲ ਦੇ ਮਾਮਲਿਆਂ ਦੀ ਜਾਂਚ ਵਿਚ ਤੇਜ਼ੀ ਲਿਆਉਣ ਲਈ ਸੀ.ਬੀ.ਆਈ. ਅਤੇ ਹੋਰ ਕੇਂਦਰੀ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਜਾਣ। ਉਨ੍ਹਾਂ ਬੀ.ਐਸ.ਐਫ. ਦੀਆਂ



ਪੰਜ ਵਾਧੂ ਕੰਪਨੀਆਂ ਲਾਉਣ ਦੀ ਮੰਗ ਕਰਦੇ ਹੋਏ ਸਰਹੱਦ ਉਤੇ ਦੂਜੀ ਕਤਾਰ ਦੀ ਰੱਖਿਆ ਪ੍ਰਣਾਲੀ ਸਥਾਪਤ ਕਰਨ 'ਤੇ ਜ਼ੋਰ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਆਈ.ਆਰ.ਬੀ. ਦੀਆਂ ਦੋ ਬਟਾਲੀਅਨਾਂ ਲਈ ਸਾਲਾਨਾ ਖਰਚੇ ਵਾਸਤੇ ਫੰਡ ਮੁਹੱਈਆ ਕਰਾਉਣ ਲਈ ਵੀ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ। ਇਨ੍ਹਾਂ ਲਈ 51.19 ਕਰੋੜ ਰੁਪਏ ਪ੍ਰਵਾਨ ਹੋਏ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀਆਂ ਤੋਂ ਪ੍ਰਾਪਤ ਹੋਈਆਂ ਰਿਪੋਰਟਾਂ ਅਤਿਵਾਦੀਆਂ ਵੱਲੋਂ ਆਰ.ਐਸ.ਐਸ. ਦੀਆਂ ਸ਼ਾਖਾਵਾਂ, ਡੇਰਾ ਸਿਰਸਾ ਦੇ ਨਾਮ ਚਰਚਾ ਘਰਾਂ, ਧਾਰਮਿਕ ਸਥਾਨਾਂ ਅਤੇ ਮਿਥ ਕੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਯੋਜਨਾਵਾਂ ਵੱਲ ਇਸ਼ਾਰਾ ਕਰਦੀਆਂ ਹਨ। ਮੁੱਖ ਮੰਤਰੀ ਨੇ ਸ੍ਰੀ ਰਾਜਨਾਥ ਸਿੰਘ ਨੂੰ ਸੂਬੇ ਦੀਆਂ ਜੇਲ੍ਹਾਂ ਦੀ ਸੁਰੱਖਿਆ ਲਈ ਸੀ.ਆਈ.ਐਸ.ਐਫ./ਸੀ.ਆਰ.ਪੀ.ਐਫ. ਬਲ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ।

ਪੁਲਿਸ ਫੋਰਸ ਦੇ ਆਧੁਨਿਕੀਕਰਨ ਲਈ ਪੰਜਾਬ ਨੂੰ ਸ਼੍ਰੇਣੀ-1 ਵਜੋਂ ਨੋਟੀਫਾਈ ਕਰਨ ਦੀ ਮੰਗ ਵੀ ਕੀਤੀ ਗਈ। ਉਨ੍ਹਾਂ ਗ੍ਰਹਿ ਮੰਤਰਾਲੇ ਪਾਸੋਂ ਹੋਮਲੈਂਡ ਸਿਕਿਉਰਿਟੀ ਲਈ ਇਸਰਾਈਲ ਨਾਲ ਸਾਂਝਾ ਵਰਕਿੰਗ ਗਰੁੱਪ ਸਥਾਪਤ ਕਰਨ ਦੀ ਪ੍ਰਵਾਨਗੀ ਦੇਣ ਦੀ ਮੰਗ ਕੀਤੀ।

## ਤਾਲਿਬਾਨ ਹਮਲੇ ਵਿਚ 140 ਅਫਗਾਨ ਫੌਜੀ ਹਲਾਕ

**ਕਾਬੁਲ:** ਤਾਲਿਬਾਨ ਲੜਾਕਿਆਂ ਨੇ ਫੌਜੀ ਵਰਦੀ ਪਾ ਕੇ ਕੀਤੇ ਭੁਲੇਖਾਪਊ ਹਮਲੇ 'ਚ ਅਫਗਾਨ ਮਿਲਟਰੀ ਦੇ 140 ਜਵਾਨ ਮਾਰ ਦਿੱਤੇ। ਹਮਲਾਵਰਾਂ ਨੇ ਨਿਹੱਥੇ ਅਫਗਾਨ ਜਵਾਨਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਤੇ ਗ੍ਰੇਨੇਡ ਸੁੱਟੇ।

## ਗਰੀਨ ਟ੍ਰਿਬਿਊਨਲ ਨੇ ਰਵੀ ਸ਼ੰਕਰ ਘੇਰਿਆ

**ਨਵੀਂ ਦਿੱਲੀ:** ਆਰਟ ਆਫ ਲਿਵਿੰਗ ਦੇ ਮੁਖੀ ਅਧਿਆਤਮਕ ਆਗੂ ਸ੍ਰੀ ਸ੍ਰੀ ਰਵੀ ਸ਼ੰਕਰ ਦੀ ਜ਼ੋਰਦਾਰ ਝਾੜ-ਝੰਬ ਕਰਦਿਆਂ ਕੌਮੀ ਗਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਉਨ੍ਹਾਂ ਦੇ ਬਿਆਨ ਨੂੰ ਹੈਰਾਨਕੁਨ ਦੱਸਿਆ ਹੈ।

ਗੌਰਤਲਬ ਹੈ ਕਿ ਐਨ.ਜੀ.ਟੀ. ਵੱਲੋਂ ਆਰਟ ਆਫ ਲਿਵਿੰਗ ਦੇ ਵਿਸ਼ਵ ਸਭਿਆਚਾਰਕ ਉਤਸਵ ਦੌਰਾਨ ਯਮੁਨਾ ਦਰਿਆ ਦੇ ਕੰਢੇ ਨੂੰ ਹੋਏ ਨੁਕਸਾਨ ਬਾਰੇ ਸੁਣਵਾਈ ਕਰ ਰਿਹਾ ਹੈ।

## ਤੇਜ ਬਹਾਦਰ ਨੂੰ ਮਿਲੀ ਸੱਚ ਬੋਲਣ ਦੀ ਸਜ਼ਾ

**ਰਿਵਾੜੀ (ਹਰਿਆਣਾ):** ਬੀ.ਐਸ.ਐਫ. ਜਵਾਨ ਤੇਜ ਬਹਾਦਰ ਯਾਦਵ ਆਪਣੀ ਬਰਤਰਫੀ ਵਿਰੁੱਧ ਅਦਾਲਤ ਜਾਣ ਦੀ ਯੋਜਨਾ ਬਣਾ ਰਿਹਾ ਹੈ। ਉਸ ਨੇ ਬੀ.ਐਸ.ਐਫ. ਮੁਲਾਜ਼ਮਾਂ ਨੂੰ ਘਟੀਆ ਖੁਰਾਕ ਦੇਣ ਦੀ ਵੀਡੀਓ ਕਲਿੱਪ ਸੋਸ਼ਲ ਮੀਡੀਆ ਉਤੇ ਪਾ ਦਿੱਤੀ ਸੀ, ਜਿਸ ਕਾਰਨ ਦੇਸ਼ ਭਰ ਵਿਚ ਸਿਆਸੀ ਤੂਫਾਨ ਖੜ੍ਹਾ ਹੋ ਗਿਆ ਸੀ।


ਰੈਸਟੋਰੈਂਟ ਸਟਾਫ ਦੀ ਲੋੜ ਹੈ

ਕੈਨਸਸ ਵਿਚ ਕੱਰੀ ਕੁੱਕ, ਕੁੱਕ, ਤੰਦੂਰੀਏ, ਹੈਲਪਰ ਤੇ ਸਰਵਰ ਦੀ ਲੋੜ ਹੈ

ਫੋਨ: 316-305-1818

918-576-1899

15&17

Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਸਿੱਖ ਕਤਲੇਆਮ ਕੇਸ ਖੋਲ੍ਹਣ ਬਾਰੇ ਸੀ.ਬੀ.ਆਈ ਤੋਂ ਜਵਾਬ ਮੰਗਿਆ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਆਖਿਆ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਪੰਜ ਕੇਸਾਂ ਦੀ ਮੁੜ ਸੁਣਵਾਈ ਤੇ ਪੜਤਾਲ ਬਾਰੇ ਸੀ.ਬੀ.ਆਈ. ਦਾ ਪੱਖ ਸੁਣਨ ਦੀ ਲੋੜ ਹੈ। ਇਨ੍ਹਾਂ ਕੇਸਾਂ ਵਿਚ ਸਾਰੇ ਪੰਜ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਸੀ। ਬੈਂਚ ਨੇ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕੀਤਾ ਅਤੇ ਇਨ੍ਹਾਂ ਪੰਜ ਕੇਸਾਂ ਵਿਚ ਜਵਾਬ ਮੰਗਿਆ ਹੈ।

ਇਨ੍ਹਾਂ ਮਾਮਲਿਆਂ ਦੇ ਮੁਲਜ਼ਮਾਂ ਤੇ ਸ਼ਿਕਾਇਤਕਰਤਾਵਾਂ ਨੂੰ ਪਹਿਲਾਂ ਹੀ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ। ਅਦਾਲਤ ਨੂੰ ਦੱਸਿਆ ਗਿਆ ਕਿ ਸਾਰੇ ਮੁਲਜ਼ਮਾਂ ਤੇ ਸ਼ਿਕਾਇਤਕਰਤਾਵਾਂ ਨੂੰ ਨੋਟਿਸ ਜਾਰੀ ਨਹੀਂ ਕੀਤਾ ਗਿਆ ਕਿਉਂਕਿ ਕੁਝ ਮੁਲਜ਼ਮਾਂ ਦੀ ਮੌਤ ਹੋ ਚੁੱਕੀ ਹੈ ਜਾਂ ਉਨ੍ਹਾਂ ਦੇ ਸਿਰਨਾਵੇਂ ਗਲਤ ਹਨ। ਅਦਾਲਤ ਨੇ ਦਿੱਲੀ ਛਾਉਣੀ ਥਾਣੇ ਦੇ ਐਸ.ਐਚ.ਓ. ਨੂੰ ਆਦੇਸ਼ ਦਿੱਤਾ ਕਿ ਜਿਹੜੇ ਨੋਟਿਸ ਵਾਪਸ ਆਏ ਹਨ, ਉਹ ਸਹੀ ਪਤੇ ਉਤੇ ਭੇਜਣੇ ਯਕੀਨੀ ਬਣਾਏ ਜਾਣ। ਬੈਂਚ ਨੇ ਸਾਬਕਾ ਕੌਂਸਲਰ ਬਲਵਾਨ ਖੋਖਰ ਅਤੇ ਸਾਬਕਾ ਵਿਧਾਇਕ ਮਹਿੰਦਰ ਯਾਦਵ ਸਣੇ 11 ਮੁਲਜ਼ਮਾਂ



ਨੂੰ ਨੋਟਿਸ ਜਾਰੀ ਕੀਤਾ ਸੀ। ਇਹ ਨੋਟਿਸ ਦਿੱਲੀ ਛਾਉਣੀ ਇਲਾਕੇ ਵਿਚ 1 ਤੇ 2 ਨਵੰਬਰ 1984 ਨੂੰ ਹੋਏ ਕਤਲੇਆਮ ਬਾਰੇ ਸ਼ਿਕਾਇਤਾਂ ਉਤੇ ਜਾਰੀ ਹੋਏ।

# ਪਾਕਿਸਤਾਨ ਤੇ ਨੇਪਾਲ ਨੂੰ ਬਿਜਲੀ ਵੇਚਣ ਲਈ ਪੰਜਾਬ ਸਰਕਾਰ ਵੱਲੋਂ ਮੋਦੀ ਤੱਕ ਪਹੁੰਚ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕਰ ਕੇ ਪੰਜਾਬ ਦੀ ਵਾਧੂ ਬਿਜਲੀ ਪਾਕਿਸਤਾਨ ਤੇ ਨੇਪਾਲ ਨੂੰ ਵੇਚਣ ਦੀ ਮਨਜ਼ੂਰੀ ਮੰਗੀ। ਮੁੱਖ ਮੰਤਰੀ ਨੇ ਖੇਤੀ ਨੂੰ ਹੋਰ ਟਿਕਾਊ ਬਣਾਉਣ ਲਈ ਕੇਂਦਰ ਸਰਕਾਰ ਦੀ ਮਦਦ ਮੰਗੀ ਤਾਂ ਕਿ ਝੋਨੇ ਤੋਂ ਬਿਨਾਂ ਹੋਰ ਫਸਲਾਂ ਦੀ ਖੇਤੀ ਨੂੰ ਉਤਸ਼ਾਹਤ ਕੀਤਾ ਜਾ ਸਕੇ।

ਦੋਵਾਂ ਵਿਚਾਲੇ ਇਕ ਘੰਟੇ ਤੱਕ ਹੋਈ ਮੁਲਾਕਾਤ ਬਾਰੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਦੱਸਿਆ ਕਿ ਇਸ ਦੌਰਾਨ ਸਰਹੱਦੀ ਇਲਾਕਿਆਂ ਦੇ ਕਿਸਾਨਾਂ ਦਾ ਮੁੱਦਾ ਵੀ ਚੁੱਕਿਆ ਗਿਆ ਅਤੇ ਮੁਆਵਜ਼ੇ ਵਿਚ ਵਾਧੇ ਦੀ ਮੰਗ ਕੀਤੀ ਗਈ। ਮੁੱਖ ਮੰਤਰੀ ਨੇ ਗੁਆਂਢੀ ਸੂਬਿਆਂ ਨੂੰ ਪੈਕੇਜ ਸੁਰਜੀਤ ਕਰਨ ਦੀਆਂ ਸੰਭਾਵਨਾਵਾਂ ਰੋਕਣ ਲਈ ਪ੍ਰਧਾਨ ਮੰਤਰੀ ਦੇ ਦਖਲ ਦੀ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਇਹ ਸੂਬੇ ਵਿਚ ਨਿਵੇਸ਼ ਲਿਆਉਣ, ਬੇਰੁਜ਼ਗਾਰ ਨੌਜਵਾਨਾਂ ਲਈ ਨੌਕਰੀਆਂ ਦੇ ਮੌਕੇ ਪੈਦਾ ਕਰਨ ਅਤੇ ਸੂਬੇ ਦੀ ਆਰਥਿਕਤਾ ਨੂੰ ਲੀਹ 'ਤੇ ਲਿਆਉਣ ਲਈ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਢਾਹ ਲਾਵੇਗਾ। ਕੈਪਟਨ ਅਮਰਿੰਦਰ ਸਿੰਘ ਕਿਹਾ ਕਿ ਪੰਜਾਬ ਵਿਚ 1000 ਮੈਗਾਵਾਟ ਬਿਜਲੀ ਵਾਧੂ ਹੈ ਅਤੇ ਇਸ ਨੂੰ ਪਾਕਿਸਤਾਨ ਜਾਂ ਨੇਪਾਲ ਨੂੰ ਵੇਚਣ ਨਾਲ ਪੰਜਾਬ ਨੂੰ ਆਰਥਿਕ ਲਾਭ ਹੋਵੇਗਾ।

ਉਨ੍ਹਾਂ ਕਿਹਾ ਕਿ ਗੋਇੰਦਵਾਲ ਪਲਾਂਟ ਪਾਕਿਸਤਾਨੀ ਸਰਹੱਦ ਨੇੜੇ ਹੋਣ ਕਰ ਕੇ ਗੁਆਂਢੀ ਮੁਲਕ ਨੂੰ ਬਿਜਲੀ ਦੇਣੀ ਸੌਖੀ ਹੋਵੇਗੀ ਅਤੇ ਜੇ ਕੇਂਦਰ ਸਰਕਾਰ ਆਗਿਆ ਦੇਵੇ ਤਾਂ ਪੰਜਾਬ ਨੇਪਾਲ ਨੂੰ ਵੀ ਬਿਜਲੀ ਵੇਚਣ ਲਈ ਤਿਆਰ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਕੇਂਦਰੀ ਊਰਜਾ ਮੰਤਰਾਲੇ ਨੂੰ ਸਲਾਹ ਦੇਣ ਕਿ ਉਹ ਪਾਕਿਸਤਾਨ ਜਾਂ ਨੇਪਾਲ ਨੂੰ ਬਿਜਲੀ ਵੇਚਣ ਬਾਰੇ ਸੂਬਾ ਸਰਕਾਰ ਦੇ ਪ੍ਰਸਤਾਵ ਦੇ ਹਿੱਤ ਵਿਚ ਵਿਚਾਰ ਕਰੇ। ਮੁੱਖ ਮੰਤਰੀ ਨੇ ਘੱਟੋ ਘੱਟ ਸਮਰਥਨ ਮੁੱਲ ਤੋਂ ਘੱਟ ਭਾਅ ਉਤੇ ਮੱਕੀ ਵੇਚਣ ਲਈ ਮਜਬੂਰ ਕਿਸਾਨਾਂ ਲਈ ਕੇਂਦਰ ਤੋਂ ਵਿੱਤੀ ਸਹਾਇਤਾ ਮੰਗੀ।



## ਪਾਵਰਕੌਮ ਦੀ ਟੇਕ ਹੁਣ ਆਪਣੇ ਥਰਮਲ ਪਲਾਂਟਾਂ 'ਤੇ

**ਪਟਿਆਲਾ:** ਇਸ ਵਾਰ ਪ੍ਰਾਈਵੇਟ ਖੇਤਰ ਦੇ ਮਨਫੀ ਰਹੇ ਬਿਜਲੀ ਉਤਪਾਦਨ ਮਗਰੋਂ ਪਾਵਰਕੌਮ ਨੂੰ ਆਖ਼ਰ ਆਪਣੇ ਥਰਮਲਾਂ 'ਤੇ ਹੀ ਮੁੜ ਨਿਰਭਰ ਹੋਣਾ ਪੈ ਰਿਹਾ ਹੈ। ਪਿਛਲੇ ਸਾਲ ਬੰਦ ਕੀਤੇ ਗਏ ਬਠਿੰਡਾ ਥਰਮਲ ਪਲਾਂਟ ਨੂੰ ਮੁੜ ਭਖਾ ਦਿੱਤਾ ਗਿਆ ਹੈ। ਇਸ ਪਲਾਂਟ ਦੀ ਤਿੰਨ ਨੰਬਰ ਉਤਪਾਦਨ ਯੂਨਿਟ ਨੂੰ ਚਾਲੂ ਕਰ ਦਿੱਤਾ ਗਿਆ ਹੈ ਜਦਕਿ ਲਹਿਰਾ ਮੁਹੱਬਤ ਦੀ ਚੌਥੀ ਯੂਨਿਟ ਨੂੰ ਵੀ ਕਾਰਜਸ਼ੀਲ ਕਰ ਦਿੱਤਾ ਗਿਆ। ਦੱਸਣਯੋਗ ਹੈ ਕਿ ਪ੍ਰਾਈਵੇਟ ਖੇਤਰ ਦੇ ਤਲਵੰਡੀ ਸਾਬੋ ਪਲਾਂਟ ਦੇ ਮਹੀਨੇ ਲਈ ਬੰਦ ਹੋਣ ਮਗਰੋਂ ਪਾਵਰਕੌਮ ਕੋਲ ਆਪਣੇ ਥਰਮਲਾਂ ਨੂੰ ਭਖਾਉਣ ਦਾ ਹੀ ਚਾਰਾ ਰਹਿ ਗਿਆ ਸੀ। ਹੁਣ ਅਦਾਰੇ ਨੇ ਬਠਿੰਡਾ ਥਰਮਲ ਪਲਾਂਟ ਜਿਸ ਨੂੰ ਪੱਕੇ ਤੌਰ 'ਤੇ ਬੰਦ ਕਰਨ ਦੀ ਤਜਵੀਜ਼ ਸੀ, ਨੂੰ ਮੁੜ ਭਖਾਇਆ ਹੈ।

# ਇਜ਼ਰਾਇਲ ਦੇਵੇਗਾ ਪੰਜਾਬ ਵਿਚ ਨਿਵੇਸ਼ ਨੂੰ ਭਰਪੂਰ ਹੁਲਾਰਾ

**ਨਵੀਂ ਦਿੱਲੀ:** ਇਜ਼ਰਾਇਲ ਨੇ ਪੰਜਾਬ ਵਿਚ ਨਿਵੇਸ਼ ਨੂੰ ਹੁਲਾਰਾ ਦੇਣ ਦੇ ਨਾਲ-ਨਾਲ ਤਕਨਾਲੋਜੀ ਦੇ ਅਦਾਨ-ਪ੍ਰਦਾਨ, ਪੁਲਿਸ ਤੇ ਸੁਰੱਖਿਆ ਸਿਖਲਾਈ, ਖੇਤੀਬਾੜੀ ਤੇ ਸਿੰਚਾਈ, ਡੇਅਰੀ ਫਾਰਮਿੰਗ ਸਣੇ ਵੱਖ-ਵੱਖ ਖੇਤਰਾਂ ਵਿਚ ਪੰਜਾਬ ਨਾਲ ਸਹਿਯੋਗ ਨੂੰ ਹੋਰ ਮਜ਼ਬੂਤ



ਬਣਾਉਣ ਲਈ ਦਿਲਚਸਪੀ ਦਿਖਾਈ ਹੈ। ਪੰਜਾਬ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਭਾਰਤ ਵਿਚ ਇਜ਼ਰਾਇਲ ਦੇ ਰਾਜਦੂਤ ਡੇਨੀਅਲ ਕੈਰਮੋਨ ਵਿਚਕਾਰ ਹੋਈ ਮੀਟਿੰਗ ਦੌਰਾਨ ਦੋਵਾਂ ਧਿਰਾਂ ਨੇ ਦੁਵੱਲੇ ਹਿੱਤਾਂ ਨਾਲ ਸਬੰਧਤ ਮੁੱਦਿਆਂ ਬਾਰੇ ਵਿਚਾਰ-ਵਟਾਂਦਰੇ ਨੂੰ ਜਾਰੀ ਰੱਖਣ ਲਈ ਪੰਜਾਬ-ਇਜ਼ਰਾਇਲ ਵਰਕਿੰਗ ਗਰੁੱਪ ਸਥਾਪਤ ਕਰਨ ਲਈ ਸੰਭਾਵਨਾਵਾਂ ਨੂੰ ਤਲਾਸ਼ਣ ਦਾ ਫੈਸਲਾ ਕੀਤਾ ਹੈ। ਇਜ਼ਰਾਇਲ ਦੇ ਰਾਜਦੂਤ ਵੱਲੋਂ ਲੰਮੀ ਮਿਆਦ ਦੇ ਸਹਿਯੋਗ ਲਈ ਅਜਿਹਾ ਗਰੁੱਪ ਬਣਾਉਣ ਦੇ ਦਿੱਤੇ ਸੁਝਾਅ ਤੋਂ ਬਾਅਦ ਮੁੱਖ ਮੰਤਰੀ ਨੇ ਇਹ ਮਾਮਲਾ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਕੋਲ ਉਠਾਉਣ ਦਾ ਵਾਅਦਾ ਕੀਤਾ ਹੈ।

ਇਜ਼ਰਾਇਲ ਦੇ ਰਾਜਦੂਤ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਉਹ ਇਜ਼ਰਾਇਲ ਦੇ ਨਿੱਜੀ ਖੇਤਰ ਦੇ ਵਪਾਰ ਦੇ ਪਸਾਰ ਦੀਆਂ ਸੰਭਾਵਨਾਵਾਂ ਵਿਚ ਵੀ ਰੁਚੀ ਰੱਖਦਾ ਹੈ। ਉਨ੍ਹਾਂ ਨੇ ਪੰਜਾਬ ਵਿਚ ਆਈ.ਟੀ. ਤੇ ਕਮਿਊਨੀਕੇਸ਼ਨ ਹੱਬ ਦੀਆਂ ਸੰਭਾਵਨਾਵਾਂ ਦੇ ਨਾਲ ਤਕਨਾਲੋਜੀ ਦੇ ਸਹਿਯੋਗ ਵਿਚ ਵੀ ਦਿਲਚਸਪੀ ਦਿਖਾਈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਆਪਸੀ ਵਿਕਾਸ ਲਈ ਇਹ ਖੇਤਰ ਬਹੁਤ ਮਹੱਤਵਪੂਰਨ ਹਨ। ਕੈਪਟਨ ਨੇ ਮੁੱਖ ਮੰਤਰੀ ਵਜੋਂ ਆਪਣੇ ਪਿਛਲੇ ਕਾਰਜਕਾਲ ਵਾਂਗ ਇਸ ਵਾਰ ਵੀ ਥੋੜ੍ਹੀ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਬਾਗਬਾਨੀ ਦਾ ਧੰਦਾ ਅਪਨਾਉਣ ਪ੍ਰਤੀ ਉਤਸ਼ਾਹਤ ਕਰ ਕੇ ਉਨ੍ਹਾਂ ਦੀ ਆਮਦਨ ਵਿਚ ਸੁਧਾਰ ਲਿਆਉਣ ਤੇ ਸਿੰਜਾਈ ਨੂੰ ਹੁਲਾਰਾ ਦੇਣ ਲਈ ਨਵੇਂ ਢੰਗ-ਤਰੀਕੇ ਲੱਭਣ ਵਿਚ ਨਿੱਜੀ ਖੇਤਰ ਨੂੰ ਭਾਈਵਾਲ ਬਣਾਉਣ ਵਿਚ ਦਿਲਚਸਪੀ ਦਿਖਾਈ।

ਇਜ਼ਰਾਇਲ ਦੇ ਸਫੀਰ ਨੇ ਦੱਸਿਆ ਕਿ ਇਜ਼ਰਾਇਲ ਦੀ ਕੰਪਨੀਆਂ ਨਵੀਨ ਕਾਢਾਂ ਤੇ ਤਰੀਕਿਆਂ ਰਾਹੀਂ ਫਸਲ ਦਾ ਝਾੜ ਵਧਾਉਣ ਵਿਚ ਜੁਟੀਆਂ ਹੋਈਆਂ ਹਨ ਜਿਸ ਦਾ ਉਦੇਸ਼ ਘੱਟ ਪਾਣੀ ਦੀ ਖਪਤ ਨਾਲ ਵੱਧ ਫਸਲ ਨੂੰ ਯਕੀਨੀ ਬਣਾਉਣਾ ਹੈ। ਕੈਪਟਨ ਨੇ ਇਜ਼ਰਾਇਲ ਨੂੰ ਪੰਜਾਬ ਵਿਚ ਖੇਤੀ ਦਾ ਸਾਜ਼ੋ-ਸਾਮਾਨ ਬਣਾਉਣ ਦਾ ਯੂਨਿਟ ਲਾਉਣ ਤੋਂ ਇਲਾਵਾ ਖੇਤੀ ਉਪਜ ਲਈ ਪ੍ਰਭਾਵੀ ਕੋਲਡ ਸਟੋਰੇਜ ਦੀ ਸਹੂਲਤ ਮੁਹੱਈਆ ਕਰਵਾਉਣ ਵਿਚ ਸੂਬੇ ਦੀ ਮਦਦ ਕਰਨ ਦਾ ਸੁਝਾਅ ਦਿੱਤਾ। ਇਜ਼ਰਾਇਲੀ ਗਾਵਾਂ ਦੁੱਧ ਦੀ ਪੈਦਾਵਾਰ ਪੱਖੋਂ ਵਿਸ਼ਵ ਦੇ ਸਿਖਰਲੇ ਤਿੰਨ ਸਥਾਨਾਂ ਵਿਚ ਸ਼ਾਮਲ ਹੋਣ ਦਾ ਜ਼ਿਕਰ ਕਰਦਿਆਂ ਸ੍ਰੀ ਕੈਰਮੋਨ ਨੇ ਪੰਜਾਬ ਨੂੰ ਭਰੂਣ ਅਤੇ ਬਣਾਵਟੀ ਸੀਮਨ ਦੀ ਤਕਨਾਲੋਜੀ ਮੁਹੱਈਆ ਕਰਵਾਉਣ ਦੀ ਪੇਸ਼ਕਸ਼ ਕੀਤੀ।

# ਕੋਹਿਨੂਰ ਬਾਰੇ ਦਖਲ ਤੋਂ ਸੁਪਰੀਮ ਕੋਰਟ ਦੀ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਬਰਤਾਨੀਆ ਤੋਂ ਕੋਹਿਨੂਰ ਵਾਪਸ ਲਿਆਉਣ ਜਾਂ ਉਥੇ ਇਸ ਹੀਰੇ ਦੀ ਨਿਲਾਮੀ 'ਤੇ ਰੋਕ ਨਹੀਂ ਲਾ ਸਕਦੀ। ਬੈਂਚ ਨੇ ਕਿਹਾ ਕਿ ਵਿਦੇਸ਼ੀ ਸਰਕਾਰ ਨੂੰ ਕਿਸੇ ਜਾਇਦਾਦ ਨੂੰ ਨਿਲਾਮ ਕਰਨ ਤੋਂ ਨਹੀਂ ਰੋਕ ਸਕਦੇ।

ਬੈਂਚ ਨੇ ਕੋਹਿਨੂਰ ਨੂੰ ਭਾਰਤ ਲਿਆਉਣ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ ਬੰਦ ਕਰ ਦਿੱਤੀ। ਬੈਂਚ ਨੇ ਸਪਸ਼ਟ ਕੀਤਾ ਕਿ ਦੂਜੇ ਮੁਲਕ ਵਿਚ ਪਈ ਕਿਸੇ ਚੀਜ਼ ਬਾਰੇ ਹੁਕਮ ਨਹੀਂ ਦਿੱਤੇ ਜਾ ਸਕਦੇ। ਇਸ ਲਈ ਹੀਰੇ ਨੂੰ ਵਾਪਸ ਭਾਰਤ ਲਿਆਉਣ ਲਈ ਹੋਰ ਰਾਹ ਤਲਾਸ਼ੇ ਜਾਣ ਤੇ ਸਰਕਾਰ ਦੂਤਾਵਾਸ ਪੱਧਰ 'ਤੇ ਯੂ.ਕੇ. ਸਰਕਾਰ ਨਾਲ ਗੱਲਬਾਤ ਬਾਰੇ ਸੋਚੇ।

ਪਟੀਸ਼ਨ ਵਿਚ ਮੰਗ ਕੀਤੀ ਗਈ ਸੀ ਕਿ ਭਾਰਤ ਸਰਕਾਰ ਨੂੰ ਕੋਹਿਨੂਰ ਵਾਪਸ ਲਿਆਉਣ ਦਾ ਹੁਕਮ ਦਿੱਤਾ ਜਾਵੇ।

# ਯੂਰਪ ਦੇ ਪ੍ਰਦੂਸ਼ਣ ਕਾਰਨ ਭਾਰਤ 'ਚ ਪਿਆ ਸੋਕਾ

**ਨਵੀਂ ਦਿੱਲੀ:** ਭਾਰਤ ਵਿਚ ਸੋਕੇ ਦੀ ਵਜ੍ਹਾ ਯੂਰਪ ਦਾ ਵਧਦਾ ਪ੍ਰਦੂਸ਼ਣ ਪੱਧਰ ਹੈ। ਇਸ ਦੀ ਵਜ੍ਹਾ ਨਾਲ ਦੇਸ਼ ਵਿਚ ਕਰੀਬ 13 ਕਰੋੜ ਤੋਂ ਜ਼ਿਆਦਾ ਲੋਕ ਪ੍ਰਭਾਵਿਤ ਹੋਏ ਹਨ। ਇਹ ਖੁਲਾਸਾ ਇਕ ਨਵੀਂ ਖੋਜ 'ਚ ਹੋਇਆ ਹੈ। 'ਦ ਇੰਡੀਪੈਂਡੈਂਟ' ਦੀਆਂ ਖਬਰਾਂ ਮੁਤਾਬਕ ਲੰਡਨ ਦੇ ਇੰਪੀਰੀਅਲ ਕਾਲਜ ਦੇ ਖੋਜਕਰਤਾਵਾਂ ਨੇ ਦੱਸਿਆ ਕਿ ਸਨ 2000 'ਚ ਭਾਰਤ ਵਿਚ ਵਰਖਾ 'ਤੇ ਸਲਫਰ ਡਾਈਆਕਸਾਈਡ ਦੇ ਉਤਸਰਜਨ ਦਾ ਕਿੰਨਾ ਜ਼ਿਆਦਾ ਪ੍ਰਭਾਵ ਪਿਆ। ਉਤਰੀ ਗੋਲਾਰਧ ਦੇ ਪ੍ਰਮੁੱਖ ਇੰਡਸਟ੍ਰੀਅਲ ਖੇਤਰਾਂ 'ਚ ਹੋਣ ਵਾਲੇ ਉਤਸਰਜਨ ਦੀ ਵਜ੍ਹਾ ਨਾਲ ਭਾਰਤ ਦੇ ਉਤਰ-ਪੱਛਮੀ ਹਿੱਸੇ 'ਚ 40 ਫੀਸਦੀ ਤੱਕ ਕਮੀ ਦਰਜ ਕੀਤੀ ਗਈ। ਇਕੱਲੇ ਯੂਰਪ ਦੇ ਹੀ ਉਤਸਰਜਨ ਤੋਂ ਇਥੋਂ ਦੇ ਦੱਖਣ-ਪੱਛਮੀ ਤੇ ਉਤਰ-ਪੱਛਮੀ ਖੇਤਰ 'ਚ 10 ਫੀਸਦੀ ਦੀ ਕਮੀ



ਆਈ। ਕੋਲੇ ਨਾਲ ਚੱਲਣ ਵਾਲੇ ਪਾਵਰ ਪਲਾਂਟ ਤੋਂ ਬਣਨ ਵਾਲੇ ਸਲਫਰ ਡਾਈਆਕਸਾਈਡ ਦੇ ਕਈ ਹਾਨੀਕਾਰਕ ਪ੍ਰਭਾਵ ਹੁੰਦੇ ਹਨ।

# ਘੁਬਾਇਆ ਪਰਿਵਾਰ ਨੂੰ ਕੁਰਕੀ ਦਾ ਨੋਟਿਸ

**ਬਠਿੰਡਾ:** ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦਾ ਪਰਿਵਾਰ ਕਰੋੜਾਂ ਰੁਪਏ ਦਾ ਕਰਜ਼ਈ ਹੋ ਗਿਆ ਹੈ। ਬੈਂਕ ਨੇ ਘੁਬਾਇਆ ਪਰਿਵਾਰ ਨੂੰ ਕਰਜ਼ਾ ਵਸੂਲੀ ਲਈ ਨੋਟਿਸ ਜਾਰੀ ਕਰ ਦਿੱਤਾ ਹੈ। ਸਟੇਟ ਬੈਂਕ ਆਫ ਇੰਡੀਆ ਨੇ ਨੋਟਿਸ ਵਿਚ ਸਪਸ਼ਟ ਕੀਤਾ ਹੈ ਕਿ ਜੇ 60 ਦਿਨਾਂ ਵਿਚ ਕਰਜ਼ ਨਾ ਮੋੜਿਆ ਤਾਂ ਬੈਂਕ ਵੱਲੋਂ ਗਹਿਣੇ ਪਈ ਜ਼ਮੀਨ ਨਿਲਾਮ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ। ਮੈਸਰਜ਼ ਘੁਬਾਇਆ ਐਜੂਕੇਸ਼ਨਲ ਸੁਸਾਇਟੀ ਪਿੰਡ ਸੁਖੇੜਾ ਬੋਦਲਾ (ਫਾਜ਼ਿਲਕਾ) ਵੱਲੋਂ ਸਟੇਟ ਬੈਂਕ ਆਫ ਇੰਡੀਆ ਤੋਂ ਕਰਜ਼ਾ ਲਿਆ ਗਿਆ ਸੀ ਜੋ ਹੁਣ ਵਿਆਜ ਸਮੇਤ 8.77 ਕਰੋੜ ਰੁਪਏ ਹੋ ਗਿਆ ਹੈ। ਘੁਬਾਇਆ ਐਜੂਕੇਸ਼ਨਲ ਸੁਸਾਇਟੀ ਵੱਲੋਂ ਘੁਬਾਇਆ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਚਲਾਇਆ ਜਾ ਰਿਹਾ ਹੈ।

ਸੂਤਰਾਂ ਅਨੁਸਾਰ ਘੁਬਾਇਆ ਪਰਿਵਾਰ ਨੇ ਦਸੰਬਰ 2008 ਵਿਚ ਇਸ ਬੈਂਕ ਤੋਂ ਕਰਜ਼ਾ ਲਿਆ ਸੀ। ਇਸ ਕਰਜ਼ੇ ਬਦਲੇ ਰਿਹਾਇਸ਼ੀ ਮਕਾਨ, ਪਿੰਡ ਸੁਖੇੜਾ ਬੋਦਲਾ, ਪਿੰਡ ਘੁਬਾਇਆ ਤੇ ਜਲਾਲਾਬਾਦ ਵਿਚਲੀ ਜਾਇਦਾਦ ਬੈਂਕ ਕੋਲ ਗਹਿਣੇ ਰੱਖੀ ਹੋਈ ਹੈ। ਉਧਰ, ਘੁਬਾਇਆ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਬੈਂਕ ਨਾਲ ਸੈਟਲਮੈਂਟ ਚੱਲ ਰਹੀ ਹੈ, ਜੋ ਆਖਰੀ ਪੜਾਅ 'ਤੇ ਹੈ।

# ਧਰਮੀ ਫੌਜੀਆਂ ਦੀ ਮਦਦ ਕਰੇਗੀ ਸ਼੍ਰੋਮਣੀ ਕਮੇਟੀ

**ਫਤਿਹਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਮੈਂਬਰਾਂ ਵੱਲੋਂ ਕਈ ਅਹਿਮ ਫੈਸਲੇ ਲਏ ਗਏ। ਅੰਤ੍ਰਿੰਗ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਅੰਮ੍ਰਿਤਧਾਰੀ ਬੱਚਿਆਂ ਨੂੰ ਆਰਥਿਕ ਸਹਾਇਤਾ ਜਾਰੀ ਰੱਖਣ, ਵਿਦਿਅਕ ਅਦਾਰਿਆਂ ਵਿਚ ਪੜ੍ਹਦੇ ਗੁਰਸਿੱਖ ਅੰਮ੍ਰਿਤਧਾਰੀ ਬੱਚਿਆਂ ਨੂੰ ਵਿਦਿਅਕ ਸੈਸ਼ਨ 2017-18 ਲਈ ਪੰਜ ਵਰਗਾਂ ਵਿਚ ਵੰਡ ਕੇ ਵਜ਼ੀਫੇ ਦੇਣ, ਵੱਖ-ਵੱਖ ਖੇਤਰਾਂ ਵਿਚ ਨਾਮ ਰੌਸ਼ਨ ਕਰਨ ਵਾਲੇ ਹੋਣਹਾਰ ਸਿੱਖ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਵਰਗੇ ਫੈਸਲੇ ਪਾਸ ਕੀਤੇ ਗਏ।

ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਜਿਹੜੇ ਅੰਮ੍ਰਿਤਧਾਰੀ ਵਿਦਿਆਰਥੀ ਭਾਰਤ ਦੇ ਵੱਖ-ਵੱਖ ਬੋਰਡਾਂ ਦੀਆਂ ਪ੍ਰੀਖਿਆਵਾਂ ਵਿਚੋਂ ਪਹਿਲੇ 20 ਸਥਾਨਾਂ 'ਤੇ ਆਉਣਗੇ, ਉਨ੍ਹਾਂ ਨੂੰ 51-51 ਹਜ਼ਾਰ ਰੁਪਏ ਦਿੱਤੇ ਜਾਣਗੇ। ਆਈ.ਏ.ਐਸ., ਆਈ.ਪੀ.ਐਸ. ਤੇ ਇਸ ਦੇ ਬਰਾਬਰ ਦੀਆਂ ਪ੍ਰੀਖਿਆਵਾਂ ਵਿਚ ਚੁਣੇ ਜਾਣ ਵਾਲੇ ਸਾਬਤ ਸੂਰਤ ਸਿੱਖ ਉਮੀਦਵਾਰਾਂ ਨੂੰ 1 ਲੱਖ ਰੁਪਏ ਦਾ, ਪੀ.ਸੀ.ਐਸ. ਵਿਚ ਚੁਣੇ ਜਾਣ ਵਾਲੇ ਸਾਬਤ ਸੂਰਤ ਸਿੱਖ ਉਮੀਦਵਾਰਾਂ ਨੂੰ 75 ਹਜ਼ਾਰ ਰੁਪਏ ਦਾ,




ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਖੇਤੀਬਾੜੀ ਤੇ ਸਾਇੰਸ ਵਿਚ ਵਿਸ਼ੇਸ਼ ਖੋਜ ਕਾਰਜ ਕਰਨ ਵਾਲੇ ਸਾਬਤ ਸੂਰਤ ਸਿੱਖ ਵਿਗਿਆਨੀਆਂ ਨੂੰ 1 ਲੱਖ ਰੁਪਏ ਦਿੱਤੇ ਜਾਣਗੇ।

ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਿਆਰ ਕਰਵਾਇਆ ਜਾ ਰਿਹਾ ਟੀਕਾ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫਤਹਿਗੜ੍ਹ ਸਾਹਿਬ ਰਾਹੀਂ ਮੁਕੰਮਲ ਕਰਵਾਇਆ ਜਾਵੇਗਾ। ਜਿਨ੍ਹਾਂ ਸ਼ਹੀਦ ਹੋਏ ਧਰਮੀ ਫੌਜੀਆਂ ਦੇ ਵਾਰਸਾਂ ਨੂੰ ਅਜੇ ਤੀਕ ਕੋਈ ਸਹਾਇਤਾ ਨਹੀਂ ਮਿਲੀ, ਉਨ੍ਹਾਂ ਨੂੰ ਇਕ-ਇਕ ਲੱਖ ਰੁਪਏ ਦੀ ਸਹਾਇਤਾ ਅਤੇ ਜਿਨ੍ਹਾਂ ਧਰਮੀ ਫੌਜੀਆਂ ਦੇ ਬੱਚਿਆਂ ਨੂੰ ਯੋਗਤਾ ਅਨੁਸਾਰ ਨੌਕਰੀ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਪੁੱਜੀ ਦਰਖਾਸਤ ਦੇ ਅਧਾਰ 'ਤੇ 2 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਰਿਸ਼ਤੇਦਾਰ ਜੋ ਨਨਕਾਣਾ ਸਾਹਿਬ ਟਰੱਸਟ ਵਿਖੇ ਨੌਕਰੀ ਕਰ ਰਹੇ ਹਨ, ਦੀਆਂ ਸੇਵਾਵਾਂ ਨੂੰ ਪੱਕਿਆਂ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਪਬਲਿਕ ਸਕੂਲ ਲੁਧਿਆਣਾ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਦੀਆਂ ਬਕਾਇਆ ਫੀਸਾਂ ਲਈ 20 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

# ਅੱਠ ਮਹੀਨਿਆਂ ਦੀ ਬੱਚੀ ਦੀ ਦੁਨੀਆਂ ਵਿਚ ਚਰਚਾ

**ਅੰਮ੍ਰਿਤਸਰ:** ਇਕ ਅੱਠ ਮਹੀਨਿਆਂ ਦੀ ਬੱਚੀ ਨੂੰ ਵੇਖ ਤੁਸੀਂ ਹੈਰਾਨ ਰਹਿ ਜਾਵੋਗੇ। ਉਸ ਨੂੰ ਵੇਖ ਕੇ ਲੱਗਦਾ ਹੈ ਕਿ ਉਸ ਦੀ ਉਮਰ 10 ਤੋਂ 15 ਸਾਲ ਵਿਚਾਲੇ ਹੋਵੇਗੀ। ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਸ ਦਾ ਆਕਾਰ ਦਿਨ-ਬ-ਦਿਨ ਵੱਧ ਰਿਹਾ ਹੈ। ਉਹ ਮਾਂ ਦੀ ਗੋਦ 'ਚ ਆਉਣਾ ਚਾਹੁੰਦੀ ਹੈ, ਪਰ ਉਸ ਨੂੰ ਚੁੱਕਣਾ ਬਹੁਤ ਮੁਸ਼ਕਲ ਹੈ। ਦਰਅਸਲ, ਚਾਹਤ ਨਾਂ ਦੀ ਇਸ ਬੱਚੀ ਦਾ ਵਜ਼ਨ 20 ਕਿਲੋਗ੍ਰਾਮ ਹੈ। ਇੰਨੀ ਘੱਟ ਉਮਰ ਵਿਚ ਇੰਨਾ ਜ਼ਿਆਦਾ ਵਜ਼ਨ ਵੇਖ ਕੇ ਡਾਕਟਰ ਵੀ ਹੈਰਾਨ ਹਨ। ਚਾਹਤ ਦਾ ਵਜ਼ਨ ਕਿਸ ਕਾਰਨ ਇੰਨਾ ਵਧ ਗਿਆ, ਇਸ ਦੀ ਜਾਂਚ ਲਈ ਉਸ ਦੇ ਖੂਨ ਦਾ ਨਮੂਨਾ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਪਰ ਮੋਟੀ ਚਮੜੀ 'ਚ ਸਿਰਿੰਜ ਵੀ ਨਹੀਂ ਪਹੁੰਚ ਸਕੀ।



ਅੰਮ੍ਰਿਤਸਰ ਦੇ ਰਾਮਬਾਗ ਇਲਾਕੇ 'ਚ ਰਹਿਣ ਵਾਲੇ ਸੂਰਜ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਚਾਹਤ ਜਨਮ ਵਿਚ ਬਿਲਕੁਲ ਆਮ ਬੱਚਿਆਂ ਵਾਂਗ ਸੀ। ਉਸ ਦਾ ਵਜ਼ਨ 4 ਕਿਲੋਗ੍ਰਾਮ ਸੀ। ਜਿਵੇਂ-ਜਿਵੇਂ ਦਿਨ ਲੰਘਦੇ ਗਏ ਚਾਹਤ ਦਾ ਵਜ਼ਨ ਹੈਰਾਨੀਜਨਕ ਢੰਗ ਨਾਲ ਵਧਣ ਲੱਗਾ। ਦੇਖਦੇ ਹੀ ਦੇਖਦੇ ਉਸ ਦੇ ਸਰੀਰ 'ਤੇ ਚਮੜੀ ਦੀ ਮੋਟੀ ਪਰਤ ਚੜ੍ਹ ਗਈ। ਹੱਥ-ਪੈਰ, ਢਿੱਡ ਤੇ ਚਿਹਰਾ ਭਾਰੀ ਹੋ ਗਿਆ। ਸਰੀਰ ਦੀ ਚਮੜੀ ਲਟਕ ਗਈ। ਉਹ ਸਾਰਾ ਦਿਨ ਸੁਸਤ ਰਹਿਣ ਲੱਗੀ। ਡਾਕਟਰ ਨੂੰ ਦਿਖਾਇਆ, ਪਰ ਉਹ ਚਾਹਤ ਦਾ ਮਰਜ ਸਮਝ ਨਹੀਂ ਸਕਿਆ। ਅੱਠ ਮਹੀਨਿਆਂ ਦੇ ਬੱਚਿਆਂ ਦਾ ਔਸਤਨ ਵਜ਼ਨ 5-6 ਕਿਲੋਗ੍ਰਾਮ ਹੁੰਦਾ ਹੈ, ਪਰ ਚਾਹਤ ਦਾ ਆਕਾਰ ਦਿਨ-ਬ-ਦਿਨ ਵਧਦਾ ਹੀ ਜਾ ਰਿਹਾ ਹੈ। ਹਾਲਾਂਕਿ ਉਸ ਦੀ ਲੰਬਾਈ ਆਮ ਬੱਚਿਆਂ ਵਾਂਗ ਹੀ ਹੈ। ਵਜ਼ਨ ਜ਼ਿਆਦਾ ਹੋਣ ਕਰਨ ਮਾਂ-ਬਾਪ ਨੂੰ ਹਰ ਸਮੇਂ ਉਸ ਨੂੰ ਆਪਣੀਆਂ ਨਜ਼ਰਾਂ ਦੇ ਸਾਹਮਣੇ ਹੀ ਰੱਖਣਾ ਪੈਂਦਾ ਹੈ। ਸਿਰਫ ਮਾਂ ਦਾ ਦੁੱਧ ਪੀ ਕੇ ਹੀ ਚਾਹਤ 20 ਕਿਲੋਗ੍ਰਾਮ ਦੀ ਹੋ ਗਈ। ਦੁੱਧ ਤੋਂ ਬਿਨਾ ਨਾ ਕੁਝ ਖਾਂਦੀ ਹੈ ਤਾਂ ਨਾਲ ਹੀ ਕੁਝ ਪੀਂਦੀ ਹੈ।

ਬੱਚੀ ਦਾ ਵਤੀਰਾ ਆਮ ਬੱਚਿਆਂ ਵਰਗਾ ਹੀ ਹੈ। ਉਹ ਹਮੇਸ਼ਾ ਗੋਦ 'ਚ ਆਉਣ ਦੀ ਜ਼ਿੱਦ ਕਰਦੀ ਹੈ, ਪਰ ਭਾਰੀ ਸਰੀਰ ਹੋਣ ਕਾਰਨ ਮਾਂ-ਬਾਪ ਲਈ ਉਸ ਨੂੰ ਹਰ ਸਮੇਂ ਚੁੱਕੀ ਰੱਖਣਾ ਮੁਮਕਿਨ ਨਹੀਂ ਹੈ। ਬਹਿਰਹਾਲ ਇਸ ਬੱਚੀ ਨੂੰ ਇਕ ਨਿੱਜੀ ਡਾਕਟਰ ਨੂੰ ਦਿਖਾਇਆ ਜਾ ਰਿਹਾ ਹੈ। ਬੱਚੀ ਦੇ ਪਿਤਾ ਸੂਰਜ ਨੇ ਦੱਸਿਆ ਕਿ ਉਸ ਦੀ ਆਰਥਿਕ ਸਥਿਤੀ ਠੀਕ ਨਾ ਹੋਣ ਕਾਰਨ ਉਹ ਚਾਹਤ ਦਾ ਇਲਾਜ ਕਰਾਉਣ 'ਚ ਅਸਮਰਥ ਹਨ। ਜਿੰਨੇ ਪੈਸੇ ਸਨ, ਉਹ ਚਾਹਤ ਦੇ ਟੈਸਟਾਂ ਵਿਚ ਖਰਚ ਹੋ ਗਏ। ਅਜਿਹੇ 'ਚ ਜੇਕਰ ਕੋਈ ਸਮਾਜ ਸੇਵੀ ਸੰਸਥਾ ਉਨ੍ਹਾਂ ਦੀ ਸਹਾਇਤਾ ਕਰੇ ਤਾਂ ਬੱਚੀ ਦਾ ਇਲਾਜ ਕਰਵਾਇਆ ਜਾ ਸਕਦਾ ਹੈ।

ਡਾਕਟਰ ਸੰਦੀਪ ਅਗਰਵਾਲ ਨੇ ਦੱਸਿਆ ਕਿ ਮਾਂ ਦਾ ਦੁੱਧ ਪੀਣ ਨਾਲ ਕੋਈ ਵੀ ਬੱਚਾ ਇੰਨਾ ਵਜ਼ਨੀ ਨਹੀਂ ਹੋ ਸਕਦਾ। ਹਾਂ, ਹਾਰਮੋਨਸ 'ਚ ਗੜਬੜੀ ਕਾਰਨ ਕਈ ਬੱਚਿਆਂ ਦਾ ਵਜ਼ਨ ਵਧ ਜਾਂਦਾ ਹੈ। ਫਸਲਾਂ 'ਚ ਕੀਟਨਾਸ਼ਕਾਂ ਦੀ ਵਰਤੋਂ, ਪਸ਼ੂਆਂ ਤੋਂ ਵੱਧ ਦੁੱਧ ਪ੍ਰਾਪਤ ਕਰਨ ਲਈ ਆਕਸੀਟਾਸਿਨ ਦਾ ਟੀਕਾ ਤੇ ਹਵਾ 'ਚ ਪ੍ਰਦੂਸ਼ਣ ਕਾਰਨ ਗਰਭ ਅਵਸਥਾ ਦੌਰਾਨ ਬੱਚੇ ਦੇ ਹਾਰਮੋਨ 'ਤੇ ਅਸਰ ਪੈ ਸਕਦਾ ਹੈ।

## ਭਾਰਤ 'ਚ ਗਰਮ ਹਵਾਵਾਂ ਨੇ ਚਾਰ ਸਾਲਾਂ 'ਚ ਲਈਆਂ 4620 ਜਾਨਾਂ

**ਨਵੀਂ ਦਿੱਲੀ:** ਭਾਰਤ ਵਿਚ ਮੌਸਮ ਦੇ ਬਦਲਾਅ ਤੇ ਚਲ ਰਹੀਆਂ ਗਰਮ ਹਵਾਵਾਂ ਦੇ ਮਾਰੂ ਰੂਪ ਧਾਰਨ ਕਾਰਨ ਪਿਛਲੇ ਚਾਰ ਸਾਲਾਂ ਦੌਰਾਨ 4620 ਲੋਕਾਂ ਦੀ ਮੌਤਾਂ ਦਰਜ ਕੀਤੀਆਂ ਗਈਆਂ।

ਸਰਕਾਰੀ ਅੰਕੜਿਆਂ ਮੁਤਾਬਕ ਜ਼ਿਆਦਾਤਰ 4246 ਲੋਕ ਆਂਧਰਾ ਪ੍ਰਦੇਸ਼ ਤੇ ਤੇਲੰਗਨਾ ਦੇ ਹਨ।

ਭੂ-ਵਿਗਿਆਨ ਮੰਤਰਾਲੇ ਮੁਤਾਬਕ ਸਾਲ 2016 ਵਿਚ 1600 ਲੋਕ ਅਨਿਸ਼ਚਤ ਮੌਸਮ ਕਾਰਨ ਤੇ 557 ਇਨ੍ਹਾਂ ਗਰਮ ਹਵਾਵਾਂ ਕਾਰਨ ਮਰੇ, ਸਾਲ 2015 'ਚ 2081 ਤੇ ਸਾਲ 2014 'ਚ 549 ਲੋਕ ਇਸ ਗਰਮ ਹਵਾਵਾਂ ਦਾ ਸ਼ਿਕਾਰ ਬਣੇ। ਸਾਲ 2013 ਵਿਚ 1443 ਲੋਕ ਗਰਮ ਹਵਾਵਾਂ 'ਚ ਮਰੇ ਜਿਨ੍ਹਾਂ ਵਿਚੋਂ 1393 ਲੋਕ ਇਕੱਲੇ ਆਂਧਰਾ ਪ੍ਰਦੇਸ਼ ਦੇ ਸਨ।

## ਅਤਿਵਾਦੀਆਂ ਦੀ ਮੌਤ ਦੀ ਸਜ਼ਾ 'ਤੇ ਮੋਹਰ

**ਇਸਲਾਮਾਬਾਦ:** ਪਾਕਿਸਤਾਨ ਦੇ ਸੈਨਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ 30 ਕੱਟੜ ਅਤਿਵਾਦੀਆਂ ਦੀ ਮੌਤ ਦੀ ਸਜ਼ਾ 'ਤੇ ਦਸਤਖ਼ਤ ਕਰ ਦਿੱਤੇ ਹਨ।

ਵਿਵਾਦਤ ਵਿਸ਼ੇਸ਼ ਸੈਨਿਕ ਅਦਾਲਤਾਂ ਵੱਲੋਂ 2014 'ਚ ਹੋਏ ਪਿਸ਼ਾਵਰ ਸੈਨਿਕ ਸਕੂਲ ਉਤੇ ਹਮਲੇ ਸਮੇਤ ਵੱਖ-ਵੱਖ ਮਾਮਲਿਆਂ 'ਚ ਸ਼ਾਮਲ ਇਨ੍ਹਾਂ ਅਤਿਵਾਦੀਆਂ ਨੂੰ ਦੋਸ਼ੀ ਠਹਿਰਾਇਆ ਸੀ।


**Mann Insurance Brokers Inc.**

DBA Global Green Insurance Agency of the Bay Area
4 Union Square #E, Union City, CA 94587



Gurdawar Singh
Lic.# OF34231

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ

PROGRESSIVE
MERCURY INSURANCE GROUP
THE HARTFORD
Safeco Insurance A Liberty Mutual Company
TRAVELERS

**Ph: 510-487-1000**

mann@ggiausa.com


## ਕੇਂਦਰ ਨੇ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਵਾਲਾ ਬਿੱਲ ਮੋੜਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪੰਜਾਬ ਵਿਧਾਨ ਸਭਾ ਵੱਲੋਂ ਸਾਲ 2016 ਵਿਚ ਪਾਸ ਕੀਤਾ ਉਹ ਬਿਲ ਵਾਪਸ ਭੇਜ ਦਿੱਤਾ ਹੈ, ਜਿਸ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੀ ਮੱਦ ਜੋੜੀ ਗਈ ਸੀ।

ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਭਾਰਤੀ ਦੰਡਾਵਲੀ ਤਹਿਤ ਤਿੰਨ ਸਾਲ ਦੀ ਸਜ਼ਾ ਦਿੱਤੀ ਜਾ ਸਕਦੀ ਹੈ, ਜਿਸ ਨੂੰ ਬਾਦਲ ਸਰਕਾਰ ਨੇ ਉਮਰ ਕੈਦ ਕਰਨ ਲਈ ਬਿਲ ਵਿਧਾਨ ਸਭਾ ਵਿਚ ਪਾਸ ਕੀਤਾ ਸੀ।

ਹੁਣ ਪੰਜਾਬ ਦੇ ਗ੍ਰਹਿ ਵਿਭਾਗ ਨੇ ਇਹ ਬਿੱਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਫਤਰ ਭੇਜਿਆ ਹੈ ਅਤੇ ਅੱਗੋਂ ਮੁੱਖ ਮੰਤਰੀ ਨਾਲ ਚਰਚਾ ਕੀਤੀ ਜਾਵੇਗੀ।

ਇਹ ਬਿੱਲ ਮੋੜਦੇ ਹੋਏ ਕੇਂਦਰ ਨੇ ਕਿਹਾ ਕਿ ਸਾਰੇ ਧਰਮਾਂ ਨੂੰ ਬਰਾਬਰੀ ਦੇ ਆਧਾਰ 'ਤੇ ਸਨਮਾਨ ਦਿੱਤਾ ਜਾਂਦਾ ਹੈ। ਇਸ ਲਈ ਆਈ.ਪੀ.ਸੀ. ਵਿਚ ਕਿਸੇ ਧਰਮ ਵਿਸ਼ੇਸ਼ ਲਈ ਇਕ ਵਰਗ, ਧਾਰਾ ਸ਼ਾਮਲ ਕਰਨਾ ਸੰਭਵ ਨਹੀਂ ਹੈ। ਇਹ ਬਿੱਲ ਅਕਾਲੀ-ਭਾਜਪਾ ਸਰਕਾਰ ਨੇ 21 ਮਾਰਚ 2016 ਨੂੰ ਪਾਸ ਕੀਤਾ ਸੀ।

## ਤ੍ਰਿਣਮੂਲ ਕਾਂਗਰਸ ਦੀ ਵਾਗਡੋਰ ਮੁੜ ਮਮਤਾ ਹੱਥ

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਮੁੜ 6 ਸਾਲ ਲਈ ਅਖਿਲ ਭਾਰਤੀ ਤ੍ਰਿਣਮੂਲ ਕਾਂਗਰਸ ਦਾ ਪ੍ਰਧਾਨ ਚੁਣ ਲਿਆ ਗਿਆ। ਪਾਰਟੀ ਦੀ ਸੰਗਠਨਾਤਮਕ ਚੋਣ ਦੇ ਬਾਅਦ ਤ੍ਰਿਣਮੂਲ ਕਾਂਗਰਸ ਦੇ ਉਪ-ਪ੍ਰਧਾਨ ਮੁਕੁਲ ਰਾਏ ਨੇ ਇਹ ਐਲਾਨ ਕੀਤਾ।

## ਠਾਣੇਦਾਰਨੀ ਦਾ ਕੁੜੀ ਨਾਲ ਵਿਆਹ

**ਜਲੰਧਰ:** ਪੰਜਾਬ ਪੁਲਿਸ ਦੀ ਇਕ ਮਹਿਲਾ ਐਸ.ਆਈ. ਮਨਜੀਤ ਕੌਰ ਨੇ ਇਕ ਕੁੜੀ ਨਾਲ ਵਿਆਹ ਕਰਵਾ ਲਿਆ। ਵਿਆਹ ਵਿਚ ਮਨਜੀਤ ਕੌਰ ਦੇ ਰਿਸ਼ਤੇਦਾਰ ਵੀ ਸ਼ਾਮਲ ਹੋਏ ਤੇ ਬੈਂਡ ਵਾਜੇ ਨਾਲ ਬਰਾਤ ਗਈ। ਵਿਆਹ ਬਾਅਦ ਲਾੜਾ ਬਣੀ ਮਨਜੀਤ ਕੌਰ ਰੱਥ ਵਿਚ ਬੈਠ ਕੇ ਆਪਣੀ ਵਹੁਟੀ ਨੂੰ ਲੈ ਕੇ ਆਈ।


**ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**National Truck Driving School**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਈਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

ਪੰਜਾਬ ਟਾਈਮਜ਼

*ਸਨਿਚਰਵਾਰ, 29 ਅਪਰੈਲ 2017*

## ਸਰਕਾਰੀ ਨੀਤੀਆਂ ਦੀ ਹਕੀਕਤ

ਪੰਜਾਬ ਵਿਚ ਬਾਦਲ ਪਰਿਵਾਰ ਦੀ ਦਸਾਂ ਸਾਲਾਂ ਦੀ ਸੱਤਾ ਭਾਵੇਂ ਖਤਮ ਹੋ ਗਈ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਨਵੀਂ ਸਰਕਾਰ ਬਣ ਗਈ ਹੈ, ਪਰ ਇਹ ਸਰਕਾਰ ਅਜੇ ਤੱਕ ਕੋਈ ਵੱਡਾ ਫੈਸਲਾ ਕਰਨ ਵਿਚ ਨਾਕਾਮ ਰਹੀ ਹੈ। ਇਸ ਦੀ ਚਾਲ ਤੋਂ ਕਿਸੇ ਵੱਡੀ ਤਬਦੀਲੀ ਦੀ ਕੋਈ ਕਨਸੋਅ ਵੀ ਨਹੀਂ ਪੈ ਰਹੀ। ਇਸ ਪੱਖ ਤੋਂ ਹੁਣ ਮਾਹਿਰਾਂ ਦੀਆਂ ਟਿੱਪਣੀਆਂ ਆਉਣੀਆਂ ਵੀ ਆਰੰਭ ਹੋ ਗਈਆਂ ਹਨ ਕਿ ਕੁੱਲ ਮਿਲਾ ਕੇ ਪਰਨਾਲਾ ਉਥੇ ਦਾ ਉਥੇ ਹੀ ਹੈ। ਕਿਸਾਨ ਕਰਜ਼ਿਆਂ ਬਾਰੇ ਕੋਈ ਨੀਤੀ ਘੜਨ ਦੀ ਥਾਂ ਕੰਮ-ਚਲਾਊ ਬਿਆਨ ਆ ਰਹੇ ਹਨ। ਵੱਡੀ ਗੱਲ, ਸੂਬੇ ਦਾ ਵਿੱਤ ਮੰਤਰੀ (ਮਨਪ੍ਰੀਤ ਸਿੰਘ ਬਾਦਲ) ਉਹੀ ਆਗੂ ਹੈ ਜਿਸ ਨੇ ਪਹਿਲਾਂ ਵਿੱਤ ਮੰਤਰੀ ਹੁੰਦਿਆਂ ਕਿਸਾਨਾਂ ਬਾਰੇ ਆਪਣੀ ਪਹੁੰਚ ਜ਼ਾਹਰ ਕਰ ਦਿੱਤੀ ਹੋਈ ਹੈ। ਕਿਸਾਨਾਂ ਦੀ ਅਸਲ ਸਮੱਸਿਆ ਕਰਜ਼ਾ ਨਹੀਂ, ਸਰਕਾਰ ਦੀਆਂ ਅਸਪਸ਼ਟ ਨੀਤੀਆਂ ਹਨ। ਸਭ ਤੋਂ ਵੱਡੀ ਗੱਲ, ਕੋਈ ਵੀ ਸਰਕਾਰ ਸਮੇਂ ਦੀ ਤੋਰ ਮੁਤਾਬਕ ਖੇਤੀ ਖੇਤਰ ਵਿਚ ਕੋਈ ਪਹਿਲਕਦਮੀ ਨਹੀਂ ਕਰ ਸਕੀ ਹੈ। ਇਹੀ ਹਾਲ ਨਸ਼ਿਆਂ ਅਤੇ ਕਾਨੂੰਨ-ਵਿਵਸਥਾ ਪ੍ਰਬੰਧਾਂ ਦਾ ਹੈ। ਕੈਪਟਨ ਸਰਕਾਰ ਨੇ ਇਸ ਮਾਮਲੇ ਵਿਚ ਵੀ ਦਹਿਸ਼ਤ ਵਿਰੋਧੀ ਦਸਤਾ (ਏ.ਟੀ.ਐਸ) ਬਣਾ ਕੇ ਖਾਨਾਪੂਰੀ ਕਰ ਲਈ ਹੈ, ਪਰ ਇਨ੍ਹਾਂ ਦੋਹਾਂ ਸਮੱਸਿਆਵਾਂ ਜੋ ਵਿਕਰਾਲ ਰੂਪ ਵਿਚ ਸਾਹਮਣੇ ਖੜ੍ਹੀਆਂ ਵੰਗਾਰ ਰਹੀਆਂ ਹਨ, ਬਾਰੇ ਕੋਈ ਨੀਤੀ ਨਹੀਂ ਉਲੀਕੀ ਗਈ ਹੈ। ਗੈਂਗਸਟਰ, ਨਸ਼ੇ ਤੇ ਮਾੜੀ ਕਾਨੂੰਨ-ਵਿਵਸਥਾ ਕੋਈ ਇਕੱਲੀਆਂ-ਇਕਹਿਰੀਆਂ ਸਮੱਸਿਆਵਾਂ ਨਹੀਂ ਹਨ। ਇਨ੍ਹਾਂ ਦਾ ਨਾੜੂਆ ਬੇਰੁਜ਼ਗਾਰੀ ਵਰਗੀਆਂ ਅਲਾਮਤਾਂ ਨਾਲ ਸਿੱਧਾ ਜੁੜਿਆ ਹੋਇਆ ਹੈ ਜਿਸ ਵੱਲ ਸਮੇਂ ਦੀ ਕਿਸੇ ਵੀ ਸਰਕਾਰ ਨੇ ਧਿਆਨ ਨਹੀਂ ਦਿੱਤਾ ਹੈ। ਹਰ ਸਿਆਸੀ ਧਿਰ ਦਾ ਮੁੱਖ ਏਜੰਡਾ ਪਾਰਟੀ ਦੀ ਸਰਕਾਰ ਕਾਇਮ ਕਰਨਾ ਹੀ ਰਿਹਾ ਹੈ। ਸਰਕਾਰ ਦੀ ਕਾਇਮੀ ਲਈ ਚੋਣ ਵਾਅਦਿਆਂ ਦੀ ਝੜੀ ਲਾ ਦਿੱਤੀ ਜਾਂਦੀ ਹੈ ਅਤੇ ਬਾਅਦ ਵਿਚ ਇਕ ਇਕ ਕਰ ਕੇ ਇਹ ਵਾਅਦੇ ਸਮੇਂ ਦੀ ਧੂੜ ਹੇਠ ਦਬ ਜਾਂਦੇ ਹਨ। ਇਨ੍ਹਾਂ ਤੋਂ ਮਿੱਟੀ ਫਿਰ ਚੋਣਾਂ ਦਾ ਮੌਸਮ ਆਉਣ 'ਤੇ ਹੀ ਝਾੜੀ ਜਾਂਦੀ ਹੈ। ਵਿਚਲੀ ਗੱਲ ਇਹ ਹੈ ਕਿ ਸਾਰੀਆਂ ਸਿਆਸੀ ਧਿਰਾਂ ਲਈ ਚੋਣ ਲੜਨਾ ਅਤੇ ਜਿੱਤ ਹਾਸਲ ਕਰਨਾ ਇਕ ਤਰ੍ਹਾਂ ਦਾ ਕਸਬ ਬਣ ਗਿਆ ਹੈ। ਜਿੱਤ ਹਾਸਲ ਕਰ ਕੇ ਸੂਬੇ ਜਾਂ ਆਵਾਮ ਦਾ ਸੰਵਾਰਨਾ ਕੀ ਹੈ, ਇਹ ਮੁੱਦੇ ਕਦੀ ਏਜੰਡੇ 'ਤੇ ਹੀ ਨਹੀਂ ਰਹੇ। ਜੇ ਅਜਿਹਾ ਨਾ ਹੋਵੇ ਤਾਂ ਕੋਈ ਕਾਰਨ ਨਹੀਂ ਸੀ ਕਿ ਨੌਜਵਾਨਾਂ ਨੂੰ ਬੇਰੁਜ਼ਗਾਰੀ ਵਿਚੋਂ ਕੱਢਿਆ ਨਾ ਜਾਂਦਾ। ਵੱਖ ਵੱਖ ਵਿਭਾਗਾਂ ਵਿਚ ਹਜ਼ਾਰਾਂ ਅਸਾਮੀਆਂ ਖਾਲੀ ਹਨ, ਪੜ੍ਹੇ-ਲਿਖੇ ਨੌਜਵਾਨਾਂ ਦੀ ਕੋਈ ਤੋਟ ਨਹੀਂ ਹੈ; ਸਗੋਂ ਹੁਣ ਤਾਂ ਠੇਕਾ ਪ੍ਰਣਾਲੀ ਤਹਿਤ ਜੋ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ, ਉਹ ਨੌਜਵਾਨਾਂ ਦਾ ਨਿਰਾ ਸ਼ੋਸ਼ਣ ਹੈ। ਅਜਿਹੀਆਂ ਨੀਤੀਆਂ ਦੀ ਅਣਹੋਂਦ ਤੋਂ ਹੀ ਸਰਕਾਰ ਦੀ ਨੀਅਤ ਜ਼ਾਹਰ ਹੋ ਜਾਂਦੀ ਹੈ।

ਨੀਤੀਆਂ ਵੱਲ ਅਜਿਹਾ ਵਤੀਰਾ ਸਿਰਫ ਸੂਬਾ ਪੱਧਰ 'ਤੇ ਹੀ ਨਹੀਂ ਹੈ, ਕੇਂਦਰ ਸਰਕਾਰ ਦੀਆਂ ਨੀਤੀਆਂ ਵੀ ਇਸ ਤੋਂ ਵੱਖਰੀਆਂ ਨਹੀਂ। ਛੱਤੀਸਗੜ੍ਹ ਵਿਚ ਮਾਓਵਾਦੀਆਂ ਦੇ ਹਮਲੇ ਤੋਂ ਬਾਅਦ ਸਿਆਸੀ ਆਗੂਆਂ ਦੇ ਬਿਆਨ ਇਹੀ ਜ਼ਾਹਰ ਕਰ ਰਹੇ ਹਨ। ਦਾਅਵੇ ਕੀਤੇ ਜਾ ਰਹੇ ਹਨ ਕਿ ਸੁਰੱਖਿਆ ਕਰਮਚਾਰੀਆਂ ਦੀਆਂ ਇਹ 'ਸ਼ਹਾਦਤਾਂ' ਅਜਾਈਂ ਨਹੀਂ ਜਾਣਗੀਆਂ, ਪਰ ਇਸ ਸਬੰਧ ਵਿਚ ਕੋਈ ਕਾਰਗਰ ਨੀਤੀ ਦਹਾਕਿਆਂ ਤੋਂ ਨਦਾਰਦ ਹੈ। ਅਸਲ ਵਿਚ ਸਰਕਾਰ ਮਾਓਵਾਦ ਨੂੰ ਕਾਨੂੰਨ-ਵਿਵਸਥਾ ਦੀ ਸਮੱਸਿਆ ਬਣਾ ਕੇ ਪੇਸ਼ ਕਰ ਰਹੀ ਹੈ। ਮਾਓਵਾਦ ਨੂੰ ਕੁਚਲਣ ਦੇ ਨਾਂ ਉਤੇ ਸਰਕਾਰ ਪੰਜ ਸੂਬਿਆਂ ਅੰਦਰ 'ਓਪਰੇਸ਼ਨ ਗ੍ਰੀਨ ਹੰਟ' ਚਲਾ ਰਹੀ ਹੈ, ਪਰ ਸਾਢੇ ਸੱਤ ਸਾਲਾਂ ਬਾਅਦ ਹਾਲਾਤ ਜਿਉਂ ਦੇ ਤਿਉਂ ਹਨ, ਬਲਕਿ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਕਾਰਨ ਆਦਿਵਾਸੀਆਂ ਅੰਦਰ ਬੇਭਰੋਸਗੀ ਪਹਿਲਾਂ ਨਾਲੋਂ ਵੀ ਜ਼ਿਆਦਾ ਵਧੀ ਹੈ। ਹੋਰ ਤਾਂ ਹੋਰ, ਉਥੇ ਸੁਰੱਖਿਆ ਕਰਮਚਾਰੀਆਂ ਦੀਆਂ ਵਧੀਕੀਆਂ ਖਿਲਾਫ ਆਵਾਜ਼ ਉਠਾ ਰਹੇ ਵਕੀਲਾਂ, ਪੱਤਰਕਾਰਾਂ ਅਤੇ ਹੋਰ ਬੁੱਧੀਜੀਵੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਨ੍ਹਾਂ ਲੋਕਾਂ ਦਾ ਉਥੇ ਵਿਚਰਨਾ ਅਤੇ ਰਹਿਣਾ ਵੀ ਮੁਹਾਲ ਕਰ ਦਿੱਤਾ ਗਿਆ ਹੈ। ਇਸ ਤੋਂ ਵੀ ਮਾੜਾ ਹਾਲ ਕਸ਼ਮੀਰ ਦਾ ਹੈ। ਕੱਲ੍ਹ ਤੱਕ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਪੈਸੇ ਦੇ ਕੇ ਨੌਜਵਾਨਾਂ ਤੋਂ ਪੱਥਰਾਓ ਕਰਵਾਇਆ ਜਾ ਰਿਹਾ ਹੈ, ਪਰ ਹੁਣ ਹਾਲਾਤ ਇਹ ਹਨ ਕਿ ਸਰਕਾਰ ਖਿਲਾਫ ਰੋਸ ਤੇ ਰੋਹ ਸਕੂਲਾਂ-ਕਾਲਜਾਂ ਤੱਕ ਅੱਪੜ ਗਿਆ ਹੈ। ਸਰਕਾਰ ਇਸ ਰੋਹ ਦੀ ਧਾਰ ਨੂੰ ਸਮਝਣ ਦੀ ਥਾਂ ਸਕੂਲ-ਕਾਲਜ ਬੰਦ ਕਰਵਾ ਕੇ ਹਾਲਾਤ ਉਤੇ ਕਾਬੂ ਪਾਉਣ ਦੇ ਯਤਨਾਂ ਵਿਚ ਹੈ। ਹਰ ਥਾਂ ਦਹਿਸ਼ਤਵਾਦ ਦਾ ਬਹਾਨਾ ਬਣਾ ਕੇ ਸੁਰੱਖਿਆ ਕਰਮਚਾਰੀਆਂ ਨੂੰ ਖੁੱਲ੍ਹਾਂ ਦਿੱਤੀਆਂ ਗਈਆਂ ਹਨ। ਦੂਜੇ ਪਾਸੇ ਆਰ.ਐਸ.ਐਸ. ਅਤੇ ਅਭਿਨਵ ਭਾਰਤ ਵਰਗੀਆਂ ਹਿੰਦੂ ਦਹਿਸ਼ਤ ਨਾਲ ਜੁੜੀਆਂ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਹੌਲੀ ਹੌਲੀ ਕਰ ਕਰ ਛੱਡਿਆ ਜਾ ਰਿਹਾ ਹੈ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਇਕ ਇਕ ਕਰ ਕੇ ਇਨ੍ਹਾਂ ਦਹਿਸ਼ਤੀਆਂ ਖਿਲਾਫ ਦਰਜ ਕੇਸ ਗੋਲ ਕਰ ਰਹੀ ਹੈ। ਹੁਣ 2008 ਵਿਚ ਮਾਲੇਗਾਓਂ ਵਿਚ ਹੋਏ ਧਮਾਕਿਆਂ ਦੇ ਦੋਸ਼ ਵਿਚ ਗ੍ਰਿਫਤਾਰ ਸਾਧਵੀ ਪ੍ਰਗਿਆ ਸਿੰਘ ਠਾਕੁਰ ਨੂੰ ਜ਼ਮਾਨਤ ਦੇ ਦਿੱਤੀ ਗਈ ਹੈ। ਯਾਦ ਰਹੇ, 29 ਸਤੰਬਰ 2008 ਨੂੰ ਹੋਏ ਇਸ ਧਮਾਕੇ ਵਿਚ ਅੱਠ ਜਾਨਾਂ ਚਲੀਆਂ ਗਈਆਂ ਸਨ ਅਤੇ ਅੱਸੀ ਤੋਂ ਜ਼ਿਆਦਾ ਫੱਟੜ ਹੋ ਗਏ ਸਨ। ਜ਼ਾਹਰ ਹੈ ਕਿ ਮੁੱਖ ਮਸਲਾ ਨੀਤੀਆਂ ਦੀ ਅਣਹੋਂਦ ਜਾਂ ਸਰਕਾਰ ਦੇ ਦੋਗਲੇਪਣ ਦਾ ਹੈ। ਕੇਂਦਰ ਅਤੇ ਵੱਖ ਵੱਖ ਸੂਬਾ ਸਰਕਾਰਾਂ ਇਸੇ ਲੀਹ ਉਤੇ ਚੱਲ ਰਹੀਆਂ ਹਨ। ਵਿਚ ਵਿਚ ਲਾਲ ਬੱਤੀ ਕਲਚਰ ਖਤਮ ਕਰਨ ਦੇ, ਲੋਕਾਂ ਨੂੰ ਲੁਭਾਉਣ ਵਰਗੇ ਫੈਸਲੇ ਕਰ ਦਿੱਤੇ ਜਾਂਦੇ ਹਨ। ਅਜਿਹੇ ਫੈਸਲਿਆਂ ਨਾਲ ਲੋਕਾਂ ਦਾ ਭਰਮ ਬਰਕਰਾਰ ਰਹਿੰਦਾ ਹੈ, ਪਰ ਜ਼ਮੀਨੀ ਪੱਧਰ 'ਤੇ ਕੁਝ ਵੀ ਨਹੀਂ ਬਦਲਦਾ। ਜ਼ਮੀਨੀ ਪੱਧਰ 'ਤੇ ਉਹੀ ਨੀਤੀਆਂ ਹਨ ਅਤੇ ਉਹੀ ਸਿਆਸੀ ਆਗੂਆਂ ਦੀ ਪਹੁੰਚ ਹੈ। ਜਿੰਨਾ ਚਿਰ ਇਸ ਪਾਸੇ ਕੋਈ ਵੱਡੀ ਤਬਦੀਲੀ ਨਹੀਂ ਵਾਪਰਦੀ, ਆਵਾਮ ਦੀ ਬੰਦ-ਖਲਾਸੀ ਅਸੰਭਵ ਹੀ ਜਾਪਦੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਧਰਮ ਮੰਦਿਰਾਂ 'ਚੋਂ ਧੱਕੇ?*

ਬਾਣਾ ਧਰਮੀਆਂ ਵਾਲਾ ਬਹੁਰੂਪੀਆਂ ਦਾ, ਹੁੰਦੇ ਅਸਲ ਇਹ ਗੁਰੂ ਨਾ ਪੀਰ ਵਾਲੇ।
ਮਾਧੋ ਮਿੱਟੀ ਦੇ ਉਨ੍ਹਾਂ ਨੂੰ ਸਮਝ ਲੈਣਾ, ਬੇਸ਼ੱਕ 'ਦਰਸ਼ਨੀ' ਹੋਣ ਸਰੀਰ ਵਾਲੇ।
ਕਹੀ ਜਾਣ 'ਸਰਬੱਤ ਦਾ ਭਲਾ' ਮੂੰਹੋਂ, ਅੱਖਾਂ ਵਿਚ ਖੁਦਗਰਜ਼ੀ ਦੇ ਟੀਰ ਵਾਲੇ।
ਕਾਹਦਾ ਰੋਹਬ ਹੈ ਪਦਵੀਆਂ ਉਚੀਆਂ ਦਾ, ਅਹੁਦੇਦਾਰ ਜਦ ਮਰੀ ਜ਼ਮੀਰ ਵਾਲੇ।
ਸੱਚ ਬੋਲਣ ਵਾਲੇ ਨੂੰ ਸਜ਼ਾ ਦੇ ਕੇ, ਪੱਖ ਝੂਠ-ਤੂਫਾਨ ਦਾ ਲੈਣ ਲੱਗੇ।
ਧਰਮ ਸਥਾਨਾਂ ਦੇ ਵਿਚੋਂ ਵੀ ਬਾਹਰ ਹੋਊ, ਧੱਕੇ ਸੱਚ ਵਿਚਾਰੇ ਨੂੰ ਪੈਣ ਲੱਗੇ!

# ਖੇਤੀ ਸੰਕਟ, ਕਰਜ਼ਾ ਮੁਆਫੀ ਅਤੇ ਕੈਪਟਨ ਸਰਕਾਰ

*ਪੰਜਾਬ ਵਿਚ ਸੱਤਾ ਭਾਵੇਂ ਬਦਲ ਗਈ ਹੈ, ਪਰ ਸੂਬੇ ਵਿਚ ਬੁਨਿਆਦੀ ਤਬਦੀਲੀ ਦੀ ਕਨਸੋਅ ਅਜੇ ਤੱਕ ਕਿਸੇ ਪਾਸਿਓਂ ਵੀ ਨਹੀਂ ਪਈ। ਆਪੋ-ਆਪਣੇ ਚੋਣ ਮਨੋਰਥ ਪੱਤਰਾਂ ਵਿਚ ਸਾਰੀਆਂ ਸਿਆਸੀ ਧਿਰਾਂ ਨੇ ਵੋਟਰਾਂ ਨਾਲ ਵੱਖ ਵੱਖ ਤਰ੍ਹਾਂ ਦੇ ਵਾਅਦੇ ਕੀਤੇ ਸਨ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕਾਂਗਰਸ ਵੱਲੋਂ ਕਿਸਾਨਾਂ ਨਾਲ ਕੀਤੇ ਵਾਅਦਿਆਂ ਅਤੇ ਹਕੀਕਤ ਬਾਰੇ ਟਿੱਪਣੀਆਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। ਉਨ੍ਹਾਂ ਸਪਸ਼ਟ ਕੀਤਾ ਹੈ ਕਿ ਕਰਜ਼ਾ ਮੁਆਫੀ ਕਿਸਾਨੀ ਦੇ ਸੰਕਟ ਦਾ ਹੱਲ ਨਹੀਂ, ਅਸਲ ਮਸਲਾ ਲੋਕ-ਮਾਰੂ ਨੀਤੀਆਂ ਕਾਰਨ ਲੀਹ ਤੋਂ ਲਹਿ ਗਈ ਕਿਸਾਨੀ ਨੂੰ ਪੈਰਾਂ ਸਿਰ ਕਰਨ ਦਾ ਹੈ। -ਸੰਪਾਦਕ*

ਖੇਤੀ ਸੰਕਟ ਅਤੇ ਕਿਸਾਨੀ ਦਾ ਕਰਜ਼ਈ ਹੋਣਾ ਐਸੇ ਮੁੱਦੇ ਹਨ ਜਿਨ੍ਹਾਂ ਨੂੰ ਲੈ ਕੇ ਵੋਟ ਬਟੋਰੂ ਪਾਰਟੀਆਂ ਖੂਬ ਸਿਆਸੀ ਰੋਟੀਆਂ ਸੇਕਦੀਆਂ ਹਨ। ਚੋਣਾਂ ਦੌਰਾਨ ਇਨ੍ਹਾਂ ਮੁੱਦਿਆਂ ਨੂੰ ਸੱਤਾਧਾਰੀ ਹੋਣ ਲਈ ਹਰ ਹਾਕਮ ਜਮਾਤੀ ਪਾਰਟੀ ਪੌੜੀ ਬਣਾ ਕੇ ਵਰਤਦੀ ਹੈ ਅਤੇ ਸੱਤਾਧਾਰੀ ਹੋਣ ਤੋਂ ਬਾਅਦ ਇਹ ਵਾਅਦੇ ਕਦੇ ਵੀ ਵਫ਼ਾ ਨਹੀਂ ਹੋਣੇ ਹੁੰਦੇ। ਪੰਜਾਬ ਵਿਚ ਹਾਲ ਹੀ 'ਚ ਕੈਪਟਨ ਦੀ ਅਗਵਾਈ ਹੇਠ ਸੱਤਾਧਾਰੀ ਹੋਈ ਕਾਂਗਰਸ ਦੀ ਕਰਜ਼ਾ ਮਾਫ਼ੀ ਦੇ ਮੁੱਦੇ ਉਪਰ ਘਿਨਾਉਣੀ ਸਿਆਸਤ ਇਸ ਦੀ ਮਿਸਾਲ ਹੈ। ਉਹ ਜਾਣਦੇ ਹਨ ਕਿ ਖੇਤੀ ਸੰਕਟ ਦੇ ਸਹੀ ਹੱਲ ਵਾਲਾ ਪ੍ਰੋਗਰਾਮ ਲਏ ਬਗ਼ੈਰ ਮਹਿਜ਼ ਕਰਜ਼ਾ ਮੁਆਫ਼ੀ

**ਬੂਟਾ ਸਿੰਘ**
ਫੋਨ: +91-94634-74342

ਨਾਲ ਇਹ ਸਮੱਸਿਆ ਖ਼ਤਮ ਨਹੀਂ ਹੋਣ ਲੱਗੀ। 2008 ਵਿਚ ਵੀ ਮਨਮੋਹਨ ਸਿੰਘ ਸਰਕਾਰ ਵਲੋਂ ਕਿਸਾਨਾਂ ਦਾ 60,000 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਗਿਆ ਸੀ, ਪਰ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਠੱਲ੍ਹ ਨਹੀਂ ਪਈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪੰਜਾਬ ਦੇ ਸੱਤ ਜ਼ਿਲ੍ਹਿਆਂ ਵਿਚ ਕੀਤੇ ਅਧਿਐਨ ਅਨੁਸਾਰ ਸੰਨ 2000 ਤੋਂ 2016 ਤੱਕ ਸੋਲਾਂ ਸਾਲਾਂ ਦੌਰਾਨ ਖੇਤੀ ਨਾਲ ਜੁੜੇ 1682 ਕਾਮਿਆਂ (789 ਕਿਸਾਨਾਂ ਅਤੇ 893 ਖੇਤ ਮਜ਼ਦੂਰਾਂ) ਨੇ ਖ਼ੁਦਕੁਸ਼ੀ ਕੀਤੀ। ਇਸ ਅਧਿਐਨ ਅਨੁਸਾਰ ਪੰਜਾਬ ਦੀ ਕਿਸਾਨੀ ਸਿਰ ਇਸ ਵਕਤ 69,355 ਕਰੋੜ ਰੁਪਏ ਕਰਜ਼ਾ ਹੈ; 56481 ਕਰੋੜ ਰੁਪਏ ਸੰਸਥਾਗਤ (ਬੈਂਕਾਂ ਵਗੈਰਾ ਦਾ) ਅਤੇ 12874 ਕਰੋੜ ਰੁਪਏ ਆੜ੍ਹਤੀਆਂ ਤੇ ਹੋਰ ਸ਼ਾਹੂਕਾਰਾਂ ਦਾ ਕਰਜ਼ਾ ਹੈ। ਇਸ ਤੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਖੇਤੀ ਸੰਕਟ ਦੀ ਜੜ੍ਹ ਨੂੰ ਹੱਥ ਪਾਏ ਬਗ਼ੈਰ ਇਸ ਵਰਤਾਰੇ ਨੂੰ ਠੱਲ੍ਹ ਪਾਈ ਨਹੀਂ ਜਾ ਸਕਦੀ।

ਪਰ ਸੱਤਾਧਾਰੀ ਜਮਾਤ ਨੂੰ ਇਸ ਨਾਲ ਕੀ, ਉਨ੍ਹਾਂ ਨੇ ਤਾਂ ਮੁੱਦੇ ਉਛਾਲ ਕੇ ਵੋਟ ਬੈਂਕ ਬਣਾਉਣਾ ਹੁੰਦਾ ਹੈ। ਇਸੇ 'ਮੁੱਖਧਾਰਾ' ਦਸਤੂਰ ਅਨੁਸਾਰ ਚੋਣ ਮੁਹਿੰਮ ਦੌਰਾਨ ਕੈਪਟਨ ਦੀ ਅਗਵਾਈ ਹੇਠ 'ਕਿਸਾਨ ਮੰਗ ਪੱਤਰ' ਨਾਂ ਦਾ ਫਾਰਮ ਵੰਡਿਆ ਗਿਆ ਸੀ ਜਿਸ ਦੇ ਇਕ ਪਾਸੇ ਕੈਪਟਨ, ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀਆਂ ਤਸਵੀਰਾਂ ਦੇ ਨਾਲ 'ਕਰਜ਼ਾ ਕੁਰਕੀ ਖ਼ਤਮ, ਫ਼ਸਲ ਦੀ ਪੂਰੀ ਰਕਮ' ਦਾ ਐਲਾਨ ਕੀਤਾ ਹੋਇਆ ਸੀ; ਦੂਜੇ ਪਾਸੇ 'ਕਰਜ਼ਾ ਮੁਆਫ਼' ਦਾ ਮੋਹਰਨੁਮਾ ਚਿੰਨ੍ਹ ਬਣਾ ਕੇ ਕਰਜ਼ੇ ਉਪਰ ਲੀਕ ਮਾਰਨ ਦਾ ਵਾਅਦਾ ਕੀਤਾ ਗਿਆ ਸੀ। ਪ੍ਰਚਾਰ ਇਹੀ ਕੀਤਾ ਗਿਆ ਕਿ ਸਰਕਾਰ ਬਣਨ 'ਤੇ ਕਿਸਾਨੀ ਦਾ ਸਮੁੱਚਾ ਕਰਜ਼ਾ ਮੁਆਫ਼ ਕਰ ਦਿੱਤਾ ਜਾਵੇਗਾ ਜੋ ਪ੍ਰਤੀ ਕਾਸ਼ਤਕਾਰ ਪਰਿਵਾਰ ਸਿਰ ਔਸਤ 1.2 ਲੱਖ ਰੁਪਏ ਦੇ ਕਰਜ਼ੇ ਦੇ ਹਿਸਾਬ ਨਾਲ 37,000 ਕਰੋੜ ਰੁਪਏ ਦੇ ਕਰੀਬ ਬਣਦਾ ਹੈ। ਕਰਜ਼ੇ ਨਾਲ ਵਾਲ-ਵਾਲ ਵਿੰਨੀ ਕਿਸਾਨੀ ਨੂੰ ਗੁੰਮਰਾਹ ਕਰਨ ਲਈ ਦਮਗਜੇ ਮਾਰੇ ਗਏ ਕਿ ਜਿਹੜੇ ਕਿਸਾਨ ਇਹ ਫਾਰਮ ਭਰ ਕੇ ਕਾਂਗਰਸ ਨੂੰ ਦੇਣਗੇ, ਸਰਕਾਰ ਬਣਨ 'ਤੇ ਉਨ੍ਹਾਂ ਦਾ ਕਰਜ਼ਾ ਮੁਆਫ਼ ਕਰ ਦਿੱਤਾ ਜਾਵੇਗਾ। ਜਿਸ ਕਿਸਾਨ ਦਾ ਫਾਰਮ ਭਰਿਆ ਜਾਂਦਾ, ਉਸ ਨੂੰ ਇਕ ਫ਼ੋਨ ਨੰਬਰ ਉਪਰ ਮਿਸ ਕਾਲ ਕਰਨ ਲਈ ਕਿਹਾ ਜਾਂਦਾ ਜਿਸ ਦੇ ਜਵਾਬ ਵਿਚ ਉਸ ਨੂੰ ਕੈਪਟਨ ਦੀ ਰਿਕਾਰਡ ਕੀਤੀ ਆਵਾਜ਼ ਸੁਣਾ ਕੇ ਯਕੀਨ ਦਿਵਾਇਆ ਜਾਂਦਾ ਕਿ ਸਰਕਾਰ ਬਣ ਲੈਣ ਦਿਓ, ਤੁਹਾਡਾ ਕਰਜ਼ਾ ਤੁਰੰਤ ਮੁਆਫ਼ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਦੇ ਕਈ ਲੱਖ ਫਾਰਮ ਭਰ ਕੇ ਕਿਸਾਨਾਂ ਨੂੰ ਗੁੰਮਰਾਹ ਕੀਤਾ ਗਿਆ।

ਮੁੱਖ ਮੰਤਰੀ ਬਣ ਕੇ ਕੈਪਟਨ ਤੂਠਾ ਫੜ ਕੇ ਕਰਜ਼ਾ ਮੁਆਫ਼ੀ ਦੀ ਖ਼ੈਰ ਮੰਗਣ ਲਈ ਮੋਦੀ ਦੇ ਦਰਬਾਰ ਵਿਚ ਚਲਾ ਗਿਆ ਜਿਨ੍ਹਾਂ ਨੇ ਅੱਗਿਓਂ ਕੋਰਾ ਜਵਾਬ ਦੇ ਦਿੱਤਾ ਕਿ ਕੇਂਦਰ ਸਰਕਾਰ ਸੂਬਿਆਂ ਦਾ ਕਰਜ਼ਾ ਮੁਆਫ਼ ਨਹੀਂ ਕਰੇਗੀ। ਸੂਬਾ ਸਰਕਾਰ ਆਪਣੇ ਵਸੀਲਿਆਂ ਦੇ ਆਧਾਰ 'ਤੇ ਐਸਾ ਕਰਨਾ ਚਾਹੇ ਤਾਂ ਕਰ ਸਕਦੀ ਹੈ ਜਿਵੇਂ ਯੂ.ਪੀ. ਵਿਚ ਭਾਜਪਾ ਦੀ ਅਦਿਤਿਆਨਾਥ ਸਰਕਾਰ ਨੇ ਕੀਤਾ ਹੈ। ਹੁਣ ਕੈਪਟਨ ਬਹਾਨਾ ਬਣਾਏਗਾ ਕਿ ਉਸ ਨੇ ਤਾਂ ਕੇਂਦਰ ਉਪਰ ਬਥੇਰਾ ਦਬਾਓ ਪਾਇਆ, ਪਰ ਕੇਂਦਰ ਵਿਚ ਭਾਜਪਾ ਦੀ ਸਰਕਾਰ ਹੋਣ ਕਾਰਨ ਮੋਦੀ ਕਿਆਂ ਨੇ ਉਸ ਦੀ ਸਰਕਾਰ ਦੀ ਮੰਗ ਨਹੀਂ ਮੰਨੀ। ਇਹੀ ਦਲੀਲ ਬਾਦਲ ਕੇ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਸਮੇਂ ਦਿੰਦੇ ਰਹਿੰਦੇ ਸਨ। ਜਦੋਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਨਾਲ ਕੁਰਸੀ ਡਾਹ ਕੇ, ਸਾਮਰਾਜਵਾਦ ਦੇ ਜਿਸ ਏਜੰਟ ਨੂੰ ਬਹੁਤ ਹੀ ਸੂਝਵਾਨ ਅਰਥ ਸ਼ਾਸਤਰੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਕੈਪਟਨ ਪ੍ਰੈਸ ਕਾਨਫਰੰਸ ਵਿਚ ਚੋਣ ਮਨੋਰਥ ਪੱਤਰ ਜਾਰੀ ਕਰ ਰਿਹਾ ਸੀ, ਇਹ ਹਕੀਕਤ ਤਾਂ ਉਸ ਨੂੰ ਅਤੇ ਬਾਕੀ ਕਾਂਗਰਸੀ ਆਗੂਆਂ ਨੂੰ ਉਦੋਂ ਵੀ ਪਤਾ ਸੀ। ਉਹ ਖ਼ੁਦ ਹੀ ਐਲਾਨ ਕਰ ਰਹੇ ਸਨ ਕਿ ਬਾਦਲਾਂ ਨੇ ਪੰਜਾਬ ਦੇ ਵਸੀਲੇ ਲੁੱਟ ਕੇ ਖ਼ਜ਼ਾਨਾ ਖਾਲੀ ਕੀਤਾ ਹੋਇਆ ਹੈ। ਹੁਣ ਕੈਪਟਨ ਨੇ ਖ਼ੁਲਾਸਾ ਕੀਤਾ ਹੈ ਕਿ ਉਨ੍ਹਾਂ ਦਾ ਅੰਦਾਜ਼ਾ ਸੀ ਕਿ ਪੰਜਾਬ ਸਿਰ 1.5 ਲੱਖ ਕਰੋੜ ਰੁਪਏ ਕਰਜ਼ਾ ਹੈ, ਪਰ ਹੁਣ ਸਮਝ ਪਿਆ ਹੈ ਕਿ ਇਹ ਤਾਂ 2.5 ਲੱਖ ਕਰੋੜ ਰੁਪਏ ਦੇ ਕਰੀਬ ਹੈ। ਇਸ ਦੇ ਬਾਵਜੂਦ ਜੇ ਕੈਪਟਨ ਜੁੰਡਲੀ ਚੋਣ ਮਨੋਰਥ ਪੱਤਰ ਵਿਚ ਹੋਰ ਝੂਠੇ ਵਾਅਦਿਆਂ ਦੇ ਨਾਲ ਇਹ ਵਾਅਦਾ ਕਰ ਰਹੀ ਸੀ ਤਾਂ ਇਹ ਸਿਰਫ਼ ਕਿਸਾਨਾਂ ਦੀਆਂ ਵੋਟਾਂ ਬਟੋਰਨ ਲਈ ਸੀ।

ਹੁਣ ਜ਼ਰਾ ਵਿਸਾਖੀ ਮੌਕੇ ਦਮਦਮਾ ਸਾਹਿਬ ਵਿਖੇ ਕਾਨਫਰੰਸ ਵਿਚ ਸੂਬੇ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਦਾ ਐਲਾਨ ਦੇਖੋ। ਉਹਨੇ ਫਰਮਾਇਆ- "ਯੂ.ਪੀ. ਦੀ ਪ੍ਰਤੀ ਕਿਸਾਨ ਪਰਿਵਾਰ ਇਕ ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਕੁਝ ਵੀ ਨਹੀਂ। ਸਾਡੀ ਕਰਜ਼ਾ ਮੁਆਫ਼ੀ ਦਾ ਇੰਤਜ਼ਾਰ ਕਰੋ, ਇਹ ਸਾਡੇ ਸੀਮਤ ਵਸੀਲਿਆਂ ਦੇ ਬਾਵਜੂਦ ਯੂ.ਪੀ. ਸਰਕਾਰ ਤੋਂ ਕਿਤੇ ਵਡੇਰੀ ਹੋਵੇਗੀ।" ਹੋਰ ਕਿਹਾ ਕਿ "ਅਸੀਂ ਵਸੀਲੇ ਜੁਟਾ ਰਹੇ ਹਾਂ, ਆ ਰਹੇ ਬਜਟ ਸੈਸ਼ਨ ਵਿਚ ਕਿਸਾਨਾਂ ਨੂੰ ਕਰਜ਼ਾ ਮੁਆਫ਼ੀ ਦੇਣ ਲਈ ਵਿਤੀ ਸੰਸਥਾਵਾਂ ਨਾਲ ਗੱਲ ਕਰ ਰਹੇ ਹਾਂ... ਖ਼ਾਲੀ ਖ਼ਜ਼ਾਨੇ ਨੂੰ ਇਸ ਵਿਚ ਰੁਕਾਵਟ ਨਹੀਂ ਬਣਨ ਦਿੱਤਾ ਜਾਵੇਗਾ।" ਉਸ ਨੇ ਇਹ ਖ਼ੁਲਾਸਾ ਨਹੀਂ ਕੀਤਾ ਕਿ ਇਹ ਵਿਤੀ ਸੰਸਥਾਵਾਂ ਕਿਹੜੀਆਂ ਹਨ ਜਿਨ੍ਹਾਂ ਨਾਲ ਗੱਲਬਾਤ ਚਲਾਈ ਜਾ ਰਹੀ ਹੈ, ਉਨ੍ਹਾਂ ਤੋਂ ਕਿਨ੍ਹਾਂ ਸ਼ਰਤਾਂ ਉਪਰ ਕਰਜ਼ਾ ਲਿਆ ਜਾ ਰਿਹਾ ਹੈ ਅਤੇ ਇਸ ਦਾ ਵਿਆਜ ਤੇ ਕਰਜ਼ਾ ਵਾਪਸੀ ਕਿਥੋਂ ਕੀਤੀ ਜਾਵੇਗੀ, ਪੰਜਾਬ ਸਿਰ ਤਾਂ ਪਹਿਲਾਂ ਹੀ ਢਾਈ ਲੱਖ ਕਰੋੜ ਰੁਪਏ ਕਰਜ਼ਾ ਹੈ।

ਜਿਥੋਂ ਤਕ ਭਾਜਪਾ ਦਾ ਸਵਾਲ ਹੈ, ਇਸ ਵਲੋਂ ਚੋਣਾਂ ਤੋਂ ਬਾਅਦ ਸਿਰਫ਼ ਯੂ.ਪੀ. ਵਿਚ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਗਿਆ। ਇਹ ਦਾਅਵਾ ਕੀਤਾ ਗਿਆ ਕਿ ਇਸ ਸੂਬੇ ਦੇ 92 ਲੱਖ ਤੋਂ ਵੱਧ ਛੋਟੇ ਅਤੇ ਸੀਮਾਂਤ ਕਿਸਾਨਾਂ ਦਾ 36,359 ਕਰੋੜ ਰੁਪਏ ਦੇ ਖੇਤੀ ਕਰਜ਼ੇ ਉਪਰ ਲੀਕ ਮਾਰ ਦਿੱਤੀ ਗਈ ਹੈ। ਇਹ ਐਲਾਨ ਸਰਕਾਰੀ ਫ਼ਾਈਲਾਂ ਦਾ ਸ਼ਿੰਗਾਰ ਬਣੇਗਾ ਜਾਂ ਇਸ ਦਾ ਫ਼ਾਇਦਾ ਸੱਚਮੁੱਚ ਲੋੜਵੰਦ ਕਿਸਾਨਾਂ ਤਕ ਪਹੁੰਚੇਗਾ, ਇਹ ਦੇਖਣਾ ਬਾਕੀ ਹੈ। ਹੋਰ ਸੂਬਿਆਂ ਵਿਚ ਭਾਜਪਾ ਕਰਜ਼ਾ ਮੁਆਫ਼ੀ ਦੀ ਇਹ ਵਕਤੀ ਰਾਹਤ ਦੇਣ ਲਈ ਵੀ ਤਿਆਰ ਨਹੀਂ। ਇਸ ਦੀ ਤਾਜ਼ਾ ਮਿਸਾਲ ਸੰਘ ਬ੍ਰਿਗੇਡ ਦੇ ਕੇਂਦਰੀ ਵਿੱਤ ਮੰਤਰੀ ਵਲੋਂ ਪੰਜਾਬ ਦੇ ਕਿਸਾਨਾਂ ਨੂੰ ਕਰਜ਼ਾ ਰਾਹਤ ਪੈਕੇਜ ਦੇਣ ਤੋਂ ਦੋ-ਟੁੱਕ ਇਨਕਾਰ ਕਰਨਾ ਹੈ। ਸੰਘ ਬ੍ਰਿਗੇਡ ਨੂੰ ਕਰਜ਼ੇ ਦੀ ਸਮੱਸਿਆ ਸਿਰਫ਼ ਯੂ.ਪੀ. ਵਿਚ ਹੀ ਕਿਉਂ ਨਜ਼ਰ ਆਉਂਦੀ ਹੈ, ਜਦਕਿ ਜ਼ਿਆਦਾਤਰ ਸੂਬਿਆਂ ਦੇ ਕਿਸਾਨ ਖ਼ੁਦਕੁਸ਼ੀ ਕਰ ਰਹੇ ਹਨ? ਮਸਲਨ, ਭਾਜਪਾ ਦੀ ਅਗਵਾਈ ਵਾਲੇ ਸੂਬੇ ਮੱਧ ਪ੍ਰਦੇਸ਼ ਵਿਚ ਪਹਿਲੀ ਜੁਲਾਈ ਤੋਂ 15 ਨਵੰਬਰ 2016 ਦੌਰਾਨ 531 ਕਿਸਾਨਾਂ/ਖੇਤ ਮਜ਼ਦੂਰਾਂ ਨੇ, 16 ਨਵੰਬਰ ਤੋਂ ਲੈ ਕੇ ਫਰਵਰੀ 2017 ਤਕ 287 ਕਿਸਾਨਾਂ/ਖੇਤ ਮਜ਼ਦੂਰਾਂ ਨੇ, ਜਦਕਿ ਸਾਲ 2016 ਦੌਰਾਨ 1290 ਕਿਸਾਨਾਂ/ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। 2001 ਤੋਂ ਲੈ ਕੇ 2015 ਤਕ ਉਥੇ 18,687 ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਸਨ। ਉਥੇ ਕਰਜ਼ਾ ਮੁਆਫ਼ੀ ਕਿਉਂ ਨਹੀਂ? ਵਜ੍ਹਾ ਇਹ ਜਾਪਦੀ ਹੈ ਕਿ ਆਪਣਾ ਹਿੰਦੂਤਵ ਏਜੰਡਾ ਲਾਗੂ ਕਰਨ ਅਤੇ ਇਸ ਖ਼ਾਤਰ ਇਕ ਹੱਦ ਤਕ ਸੂਬੇ ਅੰਦਰ ਸਿਆਸੀ ਸਥਿਰਤਾ ਬਣਾਈ ਰੱਖਣ ਲਈ ਸੰਘ ਬ੍ਰਿਗੇਡ ਲਈ ਕਿਸਾਨੀ ਨੂੰ ਥੋੜ੍ਹੀ ਰਾਹਤ ਨਾਲ ਪਤਿਆ ਕੇ ਰੱਖਣਾ ਜ਼ਰੂਰੀ ਹੈ। ਇਹ ਇਕੋ ਸਮੇਂ ਕਰਜ਼ੇ ਉਪਰ ਵਾਅਦਾਖ਼ਿਲਾਫ਼ੀ ਕਰ ਕੇ ਕਿਸਾਨੀ ਦੇ ਵਿਰੋਧ ਨੂੰ ਸੱਦਾ ਦੇਣ ਦਾ ਜੋਖ਼ਮ ਨਹੀਂ ਲੈ ਸਕਦੀ, ਜਦੋਂ ਇਸ ਨੇ ਘੱਟ-ਗਿਣਤੀ ਮੁਸਲਮਾਨਾਂ ਤੇ ਦਲਿਤਾਂ ਖ਼ਿਲਾਫ਼ ਹਮਲਾ ਵਿੱਢਿਆ ਹੋਇਆ ਹੈ ਜਿਸ ਨੂੰ ਲੈ ਕੇ ਉਥੇ ਸਮਾਜੀ ਬੇਚੈਨੀ ਉਭਰ ਰਹੀ ਹੈ।

ਖੇਤੀ ਦਾ ਸੰਕਟ ਇਸ ਪ੍ਰਬੰਧ ਦੀਆਂ ਨੀਤੀਆਂ ਦਾ ਪੈਦਾ ਕੀਤਾ ਹੋਇਆ ਹੈ, ਲਿਹਾਜ਼ਾ ਹਾਕਮ ਜਮਾਤੀ ਪਾਰਟੀਆਂ ਇਸ ਦੇ ਮੂਲ ਕਾਰਨਾਂ ਨੂੰ ਮੁਖ਼ਾਤਬ ਹੋ ਕੇ ਆਪਣੀ ਕਬਰ ਆਪ ਕਿਵੇਂ ਪੁੱਟ ਸਕਦੀਆਂ ਹਨ? ਜਾਣ-ਬੁੱਝ ਕੇ ਕਰਜ਼ਾ ਨਾ ਮੋੜਨ ਵਾਲੇ ਧਨਾਢ ਮਗਰਮੱਛਾਂ ਅਤੇ ਕਰਜ਼ਾ ਮੋੜਨ ਤੋਂ ਅਸਮਰੱਥ ਤੇ ਬੇਵਸ ਕਰਜ਼ਈ ਦਰਮਿਆਨ ਨਿਖੇੜਾ ਕਰ ਕੇ ਪੂਰੇ ਮੁਲਕ ਅੰਦਰ ਸੰਕਟ ਦੀ ਅਸਲ ਮਾਰ ਝੱਲ ਰਹੀ ਗ਼ਰੀਬ ਤੇ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਨੂੰ ਘੋਰ ਸੰਕਟ ਵਿਚੋਂ ਕੱਢਣਾ ਅਤੇ ਇਸ ਲਈ ਢੁੱਕਵਾਂ ਪ੍ਰੋਗਰਾਮ ਤਿਆਰ ਕਰਨਾ ਕਿਸੇ ਵੀ ਹਾਕਮ ਜਮਾਤੀ ਪਾਰਟੀ ਦੇ ਏਜੰਡੇ ਉਪਰ ਨਹੀਂ; ਭਾਜਪਾ ਹੋਵੇ, ਭਾਵੇਂ ਕਾਂਗਰਸ ਜਾਂ ਕੋਈ ਹੋਰ। ਕਾਰਪੋਰੇਟ ਸਰਮਾਏਦਾਰੀ ਅਤੇ ਹੋਰ ਲੋਟੂ ਜਮਾਤਾਂ ਦੇ ਕੰਟਰੋਲ ਵਾਲਾ ਮੌਜੂਦਾ ਪ੍ਰਬੰਧ ਲੋਕਾਂ ਦਾ ਦੁਸ਼ਮਣ ਹੈ ਜੋ ਉਨ੍ਹਾਂ ਦੇ ਲਹੂ ਦਾ ਆਖ਼ਰੀ ਕਤਰਾ ਨਿਚੋੜ ਕੇ ਦੇਸੀ-ਵਿਦੇਸ਼ੀ ਕਾਰਪੋਰੇਟ ਸਰਮਾਏਦਾਰੀ, ਨੌਕਰਸ਼ਾਹੀ ਅਤੇ ਹਾਕਮ ਜਮਾਤੀ ਸਿਆਸੀ ਕੋੜਮੇ ਦੀ ਕਾਲੀ-ਚਿੱਟੀ ਦੌਲਤ ਨੂੰ ਜ਼ਰਬਾਂ ਦੇ ਰਿਹਾ ਹੈ।

ਖੇਤੀ ਜਾਂ ਕਿਸੇ ਹੋਰ ਆਰਥਿਕ ਖੇਤਰ ਦੇ ਸੰਕਟਗ੍ਰਸਤ ਮਿਹਨਤਕਸ਼ਾਂ ਲਈ ਕਰਜ਼ਾ ਮੁਆਫ਼ੀ ਜਾਂ ਹੋਰ ਮਾਮੂਲੀ ਰਾਹਤ ਦੇਣ ਲਈ ਵਿਤੀ ਵਸੀਲੇ ਜੁਟਾਉਣਾ ਕੋਈ ਮੁਸ਼ਕਿਲ ਮਸਲਾ ਨਹੀਂ ਹੈ। ਕਾਰਪੋਰੇਟ ਸਰਮਾਏਦਾਰੀ ਨੂੰ ਵਿਆਪਕ ਛੋਟਾਂ ਅਤੇ ਰਿਆਇਤਾਂ ਬੰਦ ਕਰ ਕੇ ਲੋੜੀਂਦੇ ਵਿਤੀ ਵਸੀਲੇ ਸੌਖਿਆਂ ਹੀ ਜੁਟਾਏ ਜਾ ਸਕਦੇ ਹਨ। 2013-2016 ਦੇ ਤਿੰਨ ਸਾਲਾਂ ਵਿਚ ਕਾਰਪੋਰੇਟਾਂ ਨੂੰ 17.15 ਲੱਖ ਕਰੋੜ ਰੁਪਏ ਦੀਆਂ ਵਿਆਪਕ ਟੈਕਸ ਰਿਆਇਤਾਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਲਗਭਗ ਮੁਫ਼ਤ ਦੇ ਭਾਅ ਜ਼ਮੀਨ, ਸਸਤੀ ਬਿਜਲੀ ਅਤੇ ਪਾਣੀ ਲੁਟਾਏ ਜਾ ਰਹੇ ਹਨ। ਆਮਦਨ ਕਰ ਤੋਂ ਖ਼ਾਸ ਛੋਟਾਂ ਇਸ ਤੋਂ ਵੱਖਰੀਆਂ ਹਨ। 'ਇੰਡੀਆ ਸਪੈਂਡ' ਅਨੁਸਾਰ ਸਰਕਾਰੀ ਬੈਂਕਾਂ ਦਾ 56,521 ਕਰੋੜ ਰੁਪਿਆ 5275 ਐਸੇ ਡਿਫਾਲਟਰਾਂ ਨੇ ਦੱਬਿਆ ਹੋਇਆ ਹੈ ਜੋ ਜਾਣ-ਬੁੱਝ ਕੇ ਕਰਜ਼ਾ ਵਾਪਸ ਨਹੀਂ ਮੋੜ ਰਹੇ। ਇਕ ਹੋਰ ਕਾਰਪੋਰੇਟ ਏਜੰਸੀ 'ਇੰਡੀਆ ਰੇਟਿੰਗ ਐਂਡ ਰਿਸਰਚ' ਨੇ ਉਮੀਦ ਜ਼ਾਹਿਰ ਕੀਤੀ ਹੈ ਕਿ ਨੇੜ ਭਵਿਖ ਵਿਚ ਕਾਰਪੋਰੇਟ ਸੈਕਟਰ ਦੇ ਲਗਭਗ 4 ਲੱਖ ਕਰੋੜ ਰੁਪਏ ਦੇ ਕਰਜ਼ਿਆਂ ਉਪਰ ਲੀਕ ਮਾਰ ਦਿੱਤੀ ਜਾਵੇਗੀ।

ਕਾਰਪੋਰੇਟ ਸੈਕਟਰ ਨੂੰ ਐਸੀਆਂ ਬੇਸ਼ੁਮਾਰ ਛੋਟਾਂ ਅਤੇ ਰਿਆਇਤਾਂ ਦੇਣ ਵਾਲੀ ਕੋਈ ਵੀ ਸਰਕਾਰ ਲੋਕਾਂ ਦੇ ਸੰਕਟ ਨੂੰ ਦੂਰ ਕਰਨ ਲਈ ਕਦੇ ਐਸੀ ਤਤਪਰਤਾ ਨਹੀਂ ਦਿਖਾਉਂਦੀ, ਕਿਉਂਕਿ ਉਨ੍ਹਾਂ ਨੂੰ ਸੱਤਾ ਵਿਚ ਇਸੇ ਮਨੋਰਥ ਲਈ ਲਿਆਂਦਾ ਗਿਆ ਹੁੰਦਾ ਹੈ।

# ਅਮਰੀਕੀ ਮਹਾਂਬੰਬ ਅਤੇ ਸੀਰੀਆ ਦਾ ਸੰਕਟ

ਅਮਰੀਕਾ ਵੱਲੋਂ ਅਫ਼ਗਾਨਿਸਤਾਨ 'ਚ ਮਹਾਂਬੰਬ ਦੇ ਧਰਤ ਕੰਬਾਊ ਧਮਾਕੇ ਨੇ ਜਾਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਸੁੱਟੇ ਗਏ ਪਰਮਾਣੂ ਬੰਬਾਂ ਦੀ ਭਿਆਨਕਤਾ ਨਾਲ ਹੋਈ ਮਨੁੱਖੀ ਤਬਾਹੀ ਵਾਲੀ ਤ੍ਰਾਸਦੀ ਦੀ ਯਾਦ ਤਾਜ਼ਾ ਕਰਾ ਦਿੱਤੀ ਹੈ। ਇਸ ਮਹਾਂਬੰਬ ਨੂੰ ਗ਼ੈਰ-ਪਰਮਾਣੂ ਬੰਬਾਂ ਦੀ ਮਾਂ ਕਿਹਾ ਗਿਆ ਹੈ ਜਿਸ ਦੀ ਲੰਬਾਈ 10 ਮੀਟਰ, ਚੌੜਾਈ ਇਕ ਮੀਟਰ, ਵਜ਼ਨ 10,000 ਕਿਲੋ ਅਤੇ ਇਸ ਦੀ ਲਾਗਤ ਇਕ ਕਰੋੜ ਸੱਠ ਲੱਖ ਡਾਲਰ ਹੈ। ਇਸ ਧਮਾਕੇ ਤੋਂ ਬਾਅਦ ਟਰੰਪ ਨੇ ਚਿਤਾਵਨੀ ਭਰੇ ਲਹਿਜੇ 'ਚ ਕਿਹਾ ਹੈ ਕਿ ਇਸ ਦੀ ਆਵਾਜ਼ ਸੀਰੀਆ, ਉਤਰੀ ਕੋਰੀਆ, ਰੂਸ ਅਤੇ ਚੀਨ ਨੂੰ ਵੀ ਸੁਣਾਈ ਦੇਣੀ ਚਾਹੀਦੀ ਹੈ। ਉਸ ਨੇ ਇਹ ਵੀ ਕਿਹਾ ਕਿ ਇਹ ਚੋਣ ਦੁਨੀਆਂ ਨੇ ਕਰਨੀ ਹੈ ਕਿ ਉਹ ਅਮਰੀਕਾ ਨਾਲ ਹਨ ਜਾਂ ਸੀਰੀਆ ਦੇ ਰਾਸ਼ਟਰਪਤੀ ਬਸ਼ਰ

**ਡਾ. ਮੋਹਨ ਸਿੰਘ**
**ਫੋਨ: +91-78883-27695**

ਅਲ-ਅਸਦ ਅਤੇ ਉਤਰੀ ਕੋਰੀਆ ਦੇ ਕਿਮ ਜੋਂਗ-ਉਨ ਨਾਲ ਹਨ। ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਦੱਖਣੀ ਕੋਰੀਆ ਅਤੇ ਜਾਪਾਨ ਦੇ ਦੌਰੇ ਸਮੇਂ ਧਮਕੀ ਦਿਤੀ ਕਿ ਜੇ ਉਤਰੀ ਕੋਰੀਆ ਪਰਮਾਣੂ ਪ੍ਰੋਗਰਾਮ ਬੰਦ ਨਹੀਂ ਕਰਦਾ ਤਾਂ ਅਮਰੀਕਾ, ਉਤਰੀ ਕੋਰੀਆ ਨੂੰ ਸਬਕ ਸਿਖਾ ਸਕਦਾ ਹੈ। ਪੈਂਸ ਦੇ ਇਸ ਬਿਆਨ 'ਤੇ ਰੂਸ ਨੇ ਪ੍ਰਤੀਕਰਮ ਕਰਦਿਆਂ ਕਿਹਾ ਹੈ ਕਿ ਅਮਰੀਕਾ ਨੂੰ ਕੌਮਾਂਤਰੀ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਜੇ ਅਮਰੀਕਾ ਨੇ ਉਤਰੀ ਕੋਰੀਆ 'ਤੇ ਹਮਲਾ ਕੀਤਾ ਤਾਂ ਇਸ ਦੇ ਭਿਆਨਕ ਸਿੱਟੇ ਨਿਕਲਣਗੇ। ਇਸ ਤਰ੍ਹਾਂ ਸੰਸਾਰ ਦੇ ਸਿਆਸੀ ਅਤੇ ਆਰਥਿਕ ਸੰਕਟ ਨੇ ਸਾਮਰਾਜੀ ਦੇਸ਼ਾਂ ਦਾ ਆਪਸੀ ਟਕਰਾਅ ਹੋਰ ਤਿੱਖਾ ਕਰ ਦਿੱਤਾ ਹੈ।

ਹੁਣ ਪਿਛਲੇ ਢਾਈ ਦਹਾਕਿਆਂ ਤੋਂ ਸਾਮਰਾਜੀ ਖਹਿਬੜ ਦਾ ਅਖਾੜਾ ਮੱਧ-ਪੂਰਬ (ਪੱਛਮੀ ਏਸ਼ੀਆ) ਅਤੇ ਪੂਰਬੀ ਏਸ਼ੀਆ ਬਣਿਆ ਹੋਇਆ ਹੈ। 9/11 ਦੇ ਅਮਰੀਕਾ 'ਤੇ ਹਮਲਿਆਂ ਤੋਂ ਬਾਅਦ ਅਮਰੀਕਾ ਨੇ ਉਸਾਮਾ ਬਿਨ-ਲਾਦਿਨ ਨੂੰ ਉਸ ਦੇ ਹਵਾਲੇ ਕਰਨ ਦਾ ਬਹਾਨਾ ਬਣਾ ਕੇ ਅਫ਼ਗਾਨਿਸਤਾਨ 'ਤੇ ਹਮਲਾ ਕੀਤਾ ਅਤੇ ਫਿਰ ਸੱਦਾਮ ਹੁਸੈਨ ਕੋਲ ਮਨੁੱਖੀ ਤਬਾਹੀ ਵਾਲੇ ਹਥਿਆਰ ਹੋਣਾ ਕਹਿ ਕੇ ਇਰਾਕ 'ਤੇ ਹਮਲਾ ਕੀਤਾ ਤੇ ਇਨ੍ਹਾਂ ਦੇਸ਼ਾਂ ਵਿਚ ਕਠਪੁਤਲੀ ਸਰਕਾਰਾਂ ਬਣਾ ਕੇ ਲੋਕਾਂ ਉਪਰ ਜਬਰ ਅਤੇ ਤਸ਼ੱਦਦ ਜਾਰੀ ਰੱਖਿਆ। ਜਦੋਂ 2010 ਵਿਚ ਉਤਰੀ ਅਫ਼ਰੀਕਾ ਅਤੇ ਮੱਧ ਪੂਰਬ ਦੇ ਤਾਨਾਸ਼ਾਹੀ ਨਿਜ਼ਾਮਾਂ ਰਾਜਾਂ ਦੇ ਜਬਰ, ਤਸ਼ੱਦਦ, ਲੁੱਟ ਅਤੇ ਬੇਰੁਜ਼ਗਾਰੀ ਵਿਰੁਧ 'ਅਰਬ ਬਸੰਤ' ਨਾਂ ਦੀਆਂ ਲੋਕ ਬਗ਼ਾਵਤਾਂ ਸ਼ੁਰੂ ਹੋਈਆਂ ਤਾਂ ਇਨ੍ਹਾਂ ਦੇਸ਼ਾਂ ਨੂੰ ਆਪਣੇ ਕਲਾਵੇ ਵਿਚ ਰੱਖਣ ਲਈ ਅਮਰੀਕਾ ਨੇ ਇਥੋਂ ਦੇ ਤਾਨਾਸ਼ਾਹਾਂ ਨੂੰ ਬਦਲ ਕੇ ਜਮਹੂਰੀਅਤ ਦੇ ਨਾਂ 'ਤੇ ਆਪਣੇ ਮਤਹਿਤ ਨਵੇਂ ਤਾਨਾਸ਼ਾਹਾਂ ਨੂੰ ਗੱਦੀਆ 'ਤੇ ਬਿਠਾ ਦਿਤਾ। ਇਸੇ ਕੜੀ ਵਜੋਂ ਸੀਰੀਆ ਦੇ ਤਾਨਾਸ਼ਾਹ ਬਸ਼ਰ ਅਲ-ਅਸਦ ਨੂੰ ਬਦਲਣ ਲਈ 2011 'ਚ ਨੌਜਵਾਨਾਂ ਨੇ ਬਗ਼ਾਵਤ ਸ਼ੁਰੂ ਕਰ ਦਿੱਤੀ।

ਸੀਰੀਆ ਦਾ ਰਾਸ਼ਟਰਪਤੀ ਪਹਿਲਾਂ ਤੋਂ ਹੀ ਰੂਸ ਨਾਲ ਖੜ੍ਹਦਾ ਸੀ। ਸੋਵੀਅਤ ਯੂਨੀਅਨ ਦੇ ਖਿੰਡਣ ਤੋਂ ਬਾਅਦ ਰੂਸ ਥੋੜ੍ਹੇ ਸਾਲਾਂ ਵਿਚ ਹੀ ਸੰਭਲ ਗਿਆ। ਅਮਰੀਕਾ ਦੇ ਮੁਕਾਬਲੇ ਦੀ ਫ਼ੌਜੀ ਸ਼ਕਤੀ ਹੋਣ ਕਰਕੇ ਉਸ ਨੇ ਮੱਧ-ਪੂਰਬ ਏਸ਼ੀਆ ਅਤੇ ਪੂਰਬੀ ਯੂਰਪ ਵਿਚ ਆਪਣੇ ਅਸਰ ਰਸੂਖ਼ ਦਾ ਘੇਰਾ ਵਧਾਉਣਾ ਸ਼ੁਰੂ ਕਰ ਦਿਤਾ। ਫਿਰ ਇਸ ਨੇ ਯੂਕਰੇਨ ਤੋਂ ਆਕੀ ਖ਼ਿੱਤੇ ਕਰੀਮੀਆ 'ਤੇ ਕਬਜ਼ਾ ਕਰ ਕੇ ਆਪਣਾ ਅਸਲੀ ਰੰਗ ਦਿਖਾਉਣਾ ਸ਼ੁਰੂ ਕਰ ਦਿਤਾ। ਜਦੋਂ ਅਮਰੀਕਾ ਅਤੇ ਨਾਟੋ ਦੇਸ਼ਾਂ ਨੇ ਰੂਸ ਦੀ ਘੇਰਾਬੰਦੀ ਸ਼ੁਰੂ ਕੀਤੀ ਤਾਂ ਰੂਸ ਨੇ ਵੀ ਮੋੜਵਾਂ ਪ੍ਰਤੀਕਰਮ ਸ਼ੁਰੂ ਕਰ ਦਿੱਤਾ। ਜਦੋਂ ਯੂਕਰੇਨ ਦੇ ਰਾਸ਼ਟਰਪਤੀ ਯਾਂਕੋਵਿਚ ਨੇ 2013 ਵਿਚ ਯੂਰਪੀ ਯੂਨੀਅਨ ਨਾਲ ਸਮਝੌਤੇ ਅਨੁਸਾਰ ਅਲਹਿਕ ਕਰਨ ਤੋਂ ਪੈਰ ਪਿਛਾਂਹ ਖਿੱਚਣੇ ਸ਼ੁਰੂ ਕਰ ਦਿਤੇ ਤਾਂ ਇਸ ਸਮਝੌਤੇ ਦੇ ਯੂਕਰੇਨ ਹਮਾਇਤੀਆਂ ਨੇ ਉਸ ਵਿਰੁਧ ਬਗ਼ਾਵਤ ਕਰ ਦਿਤੀ ਅਤੇ ਉਸ ਨੂੰ ਗੱਦੀ ਤੋਂ ਲਾਹੁਣ ਦਾ ਐਲਾਨ ਕਰ ਦਿੱਤਾ। ਇਸ 'ਤੇ ਉਹ ਯੂਕਰੇਨ ਦੀ ਰਾਜਧਾਨੀ ਕੀਵ ਤੋਂ ਭੱਜ ਗਿਆ। ਉਧਰ, ਰੂਸ ਨੇ ਯੂਕਰੇਨ ਦੇ ਕਰੀਮੀਆ ਖ਼ੁਦਮੁਖਤਿਆਰ ਰੀਜਨ 'ਤੇ ਕਰੀਮੀਆਈ ਲੋਕਾਂ ਦੀ 'ਹਮਾਇਤ' ਹਾਸਲ ਕਰ ਕੇ ਫ਼ੌਜੀ ਹਮਲੇ ਨਾਲ ਕਰੀਮੀਆ ਨੂੰ ਰੂਸ ਵਿਚ ਮਿਲਾ ਲਿਆ। ਇਸ ਤਰ੍ਹਾਂ ਯੂਕਰੇਨ ਇਕ ਪਾਸੇ ਰੂਸ ਅਤੇ ਦੂਜੇ ਪਾਸੇ ਯੂਰਪੀ ਯੂਨੀਅਨ ਹਮਾਇਤੀ 'ਯੂਰੋਮੈਡਨ' (ਜੋ ਯੂਰਪੀ ਯੂਨੀਅਨ ਵਿਚ ਸ਼ਾਮਿਲ ਹੋਣ ਦੇ ਪੱਖ ਵਿਚ ਸਨ) ਵਿਚ ਵੰਡਿਆ ਗਿਆ। ਰੂਸ ਦੀ ਯੂਕਰੇਨ ਵਿਚ ਫ਼ੌਜੀ ਦਖ਼ਲਅੰਦਾਜ਼ੀ ਦਾ ਵਿਰੋਧ ਕਰਦਿਆਂ ਅਮਰੀਕਾ ਅਤੇ ਯੂਰਪੀ ਯੂਨੀਅਨ ਤੇ ਕੁਝ ਹੋਰ ਦੇਸ਼ਾਂ ਨੇ ਰੂਸ 'ਤੇ ਪਾਬੰਦੀਆਂ ਲਾ ਦਿਤੀਆਂ, ਪਰ ਇਨ੍ਹਾਂ ਪਾਬੰਦੀਆਂ ਦੇ ਬਾਵਜੂਦ ਰੂਸ ਨੇ ਸੀਰੀਆ ਦੇ ਰਾਸ਼ਟਰਪਤੀ ਦੀ ਹਮਾਇਤ ਜਾਰੀ ਰੱਖੀ।

ਇਕ ਪਾਸੇ ਅਮਰੀਕਾ ਭਾਵੇਂ ਇਸਲਾਮਿਕ ਸਟੇਟ ਦੇ ਵਿਰੁਧ ਹੈ, ਪਰ ਉਹ ਹਰ ਹਾਲਤ 'ਚ ਬਸ਼ਰ ਅਲ-ਅਸਦ ਨੂੰ ਹਟਾਉਣਾ ਚਾਹੁੰਦਾ ਹੈ। ਦੂਜੇ ਪਾਸੇ ਰੂਸ ਹਰ ਹਾਲਤ ਵਿਚ ਉਸ ਨੂੰ ਰੱਖਣਾ ਚਾਹੁੰਦਾ ਹੈ। ਇਕ ਪਾਸੇ ਇਸਲਾਮਿਕ ਸਟੇਟ, ਅਲ-ਕਾਇਦਾ ਅਤੇ ਹੋਰ ਗਰੁੱਪਾਂ ਵੱਲੋਂ ਬਸ਼ਰ



ਅਲ-ਅਸਦ ਨੂੰ ਗੱਦੀਓਂ ਲਾਹੁਣ ਦੀ ਲੜਾਈ ਚੱਲ ਰਹੀ ਹੈ; ਦੂਜੇ ਪਾਸੇ ਰੂਸ ਬਸ਼ਰ ਅਲ-ਅਸਦ ਦੀ ਫ਼ੌਜੀ ਹਥਿਆਰਾਂ, ਹਵਾਈ ਸੈਨਾ ਅਤੇ ਮਿਜ਼ਾਈਲਾਂ ਰਾਹੀਂ ਸਿੱਧੀ ਮਦਦ ਕਰ ਰਿਹਾ ਹੈ। ਇਸ ਕਰ ਕੇ ਸੀਰੀਆ ਅੰਦਰ ਖ਼ੂੰਖਾਰ ਘਰੇਲੂ ਜੰਗ ਸੱਤ ਸਾਲ ਤੋਂ ਚੱਲ ਰਹੀ ਹੈ। ਇਹ ਹੁਣ ਅਮਰੀਕਾ ਅਤੇ ਰੂਸ ਦੇ ਭੇੜ ਕਾਰਨ ਹੋਰ ਉਲਝ ਗਈ ਹੈ।

ਪਿਛਲੇ ਸੱਤ ਸਾਲਾਂ ਦੌਰਾਨ ਇਸ ਜੰਗ 'ਚ 4 ਲੱਖ 70 ਹਜ਼ਾਰ ਲੋਕ ਸਿਹਤ ਸਹੂਲਤਾਂ, ਭੋਜਨ ਅਤੇ ਪਾਣੀ ਦੀ ਘਾਟ ਕਾਰਨ ਮਾਰੇ ਗਏ ਹਨ। ਇਕ ਲੱਖ ਲੋਕ ਲਾਪਤਾ ਹਨ। 254.7 ਅਰਬ ਡਾਲਰ ਦਾ ਆਰਥਿਕ ਨੁਕਸਾਨ ਅਤੇ ਬਹੁਤ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਪੈਦਾ ਹੋ ਗਈ ਹੈ। ਸੀਰੀਆ 'ਚ ਪ੍ਰਤੀ ਵਿਅਕਤੀ ਔਸਤ ਉਮਰ 2010 'ਚ 70.5 ਸਾਲ ਸੀ ਜੋ 2015 'ਚ ਘਟ ਕੇ 55.4 ਰਹਿ ਗਈ ਹੈ। ਜੰਗ ਤੋਂ ਪਹਿਲਾਂ ਸੀਰੀਆ ਦੀ ਵਸੋਂ 2 ਕਰੋੜ 28 ਲੱਖ ਸੀ। ਇਸ 'ਚੋਂ ਇਕ ਕਰੋੜ 40 ਲੱਖ ਲੋਕ ਉਜੜ ਗਏ ਅਤੇ ਵੱਡੀ ਪੱਧਰ 'ਤੇ ਸ਼ਰਨਾਰਥੀ ਬਣ ਗਏ ਹਨ। ਸੀਰੀਆਈ ਲੋਕਾਂ 'ਤੇ ਜ਼ਹਿਰੀਲੀ ਗੈਸ ਦੇ ਬੇਰਹਿਮ ਹਮਲੇ ਕੀਤੇ ਜਾ ਰਹੇ ਹਨ, ਜਿਸ ਨਾਲ ਬੁੱਢੇ, ਨੌਜਵਾਨ ਅਤੇ ਮਾਸੂਮ ਬੱਚੇ ਤੜਫ਼-ਤੜਫ਼ ਕੇ ਹੌਲਨਾਕ ਹਾਲਤ 'ਚ ਮਰ ਰਹੇ ਹਨ। ਉਧਰ, ਇਸ ਰਸਾਇਣਕ ਹਮਲੇ ਦਾ ਬਹਾਨਾ ਬਣਾ ਕੇ ਅਮਰੀਕਾ ਨੇ 59 ਟੌਮਹਾਕ ਮਿਜ਼ਾਈਲਾਂ ਨਾਲ ਸੀਰੀਆ ਦੇ ਫ਼ੌਜੀ ਟਿਕਾਣਿਆਂ 'ਤੇ ਹਵਾਈ ਹਮਲੇ ਕਰ ਦਿੱਤੇ ਜਿਸ ਨਾਲ 94 ਤੋਂ ਵੱਧ ਵਿਅਕਤੀ ਮਾਰੇ ਗਏ ਹਨ। ਪਿਛਲੇ ਸੱਤ ਸਾਲਾਂ ਤੋਂ ਸੀਰੀਆ ਅੰਦਰ ਜਿਸ ਤਰ੍ਹਾਂ ਮਨੁੱਖੀ ਅਧਿਕਾਰਾਂ ਦਾ ਘਾਣ ਅਤੇ ਕਤਲੇਆਮ ਹੋ ਰਿਹਾ ਹੈ, ਇਸ ਨੂੰ 21ਵੀਂ ਸਦੀ ਦੀ ਮਾਨਵਤਾ ਦੀ ਸਭ ਤੋਂ ਭਿਆਨਕ ਤ੍ਰਾਸਦੀ ਕਿਹਾ ਜਾਂਦਾ ਹੈ। ਇਸ ਤ੍ਰਾਸਦੀ ਦਾ ਜ਼ਿੰਮੇਵਾਰ ਮੌਜੂਦਾ ਪੂੰਜੀਵਾਦੀ ਪ੍ਰਬੰਧ ਹੀ ਹੈ।

ਪੂਰਬੀ ਏਸ਼ੀਆ 'ਚ ਚੀਨ ਨੂੰ ਘੇਰਨ ਅਤੇ ਆਪਣੀ ਸਲਤਨਤ ਦੇ ਵਿਸਤਾਰ ਲਈ ਅਮਰੀਕਾ ਨੇ ਜਾਪਾਨ ਅਤੇ ਪੂਰਬੀ ਏਸ਼ਿਆਈ ਦੇਸ਼ਾਂ 'ਚ ਫ਼ੌਜੀ ਅੱਡੇ ਸਥਾਪਿਤ ਕੀਤੇ ਹੋਏ ਹਨ। ਹੁਣ ਡੋਨਲਡ ਟਰੰਪ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਦੇ ਸਾਰ ਹੀ ਚੀਨ 'ਤੇ ਦਬਾਅ ਪਾਉਣ ਲਈ ਤਾਇਵਾਨ ਨਾਲ ਸਬੰਧ ਬਣਾਏ ਗਏ ਹਨ ਅਤੇ ਤਾਇਵਾਨ ਦੀ ਚੇਅਰਪਰਸਨ ਸਾਈ ਇੰਗ-ਵੇਨ ਨਾਲ ਮਿਲਣੀ ਕਰਕੇ ਅਮਰੀਕਾ ਦੀ ਚੀਨ ਬਾਰੇ 'ਇਕ ਚੀਨ ਨੀਤੀ' ਦੀ ਜਾਣ-ਬੁਝ ਕੇ ਉਲੰਘਣਾ ਕੀਤੀ ਹੈ। ਚੀਨ ਦੇ ਉਤਰੀ ਕੋਰੀਆ ਨਾਲ ਨੇੜਲੇ ਸਬੰਧ ਹੋਣ ਕਰ ਕੇ ਅਮਰੀਕਾ ਚੀਨ ਉਪਰ ਉਤਰੀ ਕੋਰੀਆ ਦੇ ਪਰਮਾਣੂ ਪ੍ਰੋਗਰਾਮ ਨੂੰ ਰੋਕਣ ਲਈ ਦਬਾਅ ਪਾ ਰਿਹਾ ਹੈ। ਚੀਨ ਦੇ ਅਮਰੀਕਾ ਨਾਲ ਵਪਾਰ ਵਾਧੂ ਹੋਣ; ਦੱਖਣੀ ਚੀਨ ਸਾਗਰ 'ਤੇ ਚੀਨ ਵੱਲੋਂ ਅਧਿਕਾਰ ਜਤਾਉਣ, ਚੀਨ ਵੱਲੋਂ ਵਿਸ਼ਵ ਬੈਂਕ ਦੇ ਮੁਕਾਬਲੇ ਏਸ਼ੀਆ ਵਿਕਾਸ ਬੈਂਕ ਬਣਾਉਣ; ਏਸ਼ੀਆ, ਅਫ਼ਰੀਕਾ ਅਤੇ ਯੂਰਪ ਤਕ ਸਿਲਕ ਰੋਡ ਬਣਾਉਣ ਅਤੇ ਚੀਨ ਤੋਂ ਲੰਡਨ ਤਕ ਮਾਲ ਰੇਲ ਗੱਡੀ ਦਾ ਵਿਸਤਾਰ ਕਰਨ ਨੂੰ ਅਮਰੀਕਾ ਆਪਣੇ ਹਿਤਾਂ ਉਪਰ ਸੱਟ ਸਮਝਦਾ ਹੈ। ਚੀਨ ਦੇ ਉਭਾਰ ਅਤੇ ਉਤਰੀ ਕੋਰੀਆ ਦੇ ਪਰਮਾਣੂ ਪ੍ਰੋਗਰਾਮ ਨੇ ਪੂਰਬੀ ਏਸ਼ੀਆ 'ਚ ਅਮਰੀਕਾ ਵੱਲੋਂ ਜਾਪਾਨ, ਦੱਖਣੀ ਕੋਰੀਆ ਅਤੇ ਪੂਰਬੀ ਏਸ਼ਿਆਈ ਦੇਸ਼ਾਂ ਨੂੰ ਮੁਹੱਈਆ ਕੀਤੀ ਸੁਰੱਖਿਆ ਛੱਤਰੀ ਲਈ ਖ਼ਤਰਾ ਖੜ੍ਹਾ ਕਰ ਦਿਤਾ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਅਮਰੀਕਾ ਨੇ ਸਾਰੀ ਦੁਨੀਆਂ 'ਚ ਆਪਣੀ ਸਲਤਨਤ ਦਾ ਵਿਸਤਾਰ ਕਰਨ ਲਈ ਕੋਈ ਕੋਨਾ ਨਹੀਂ ਛੱਡਿਆ ਸੀ, ਪਰ ਹੁਣ ਅਮਰੀਕਾ 'ਚ ਆਰਥਿਕ ਸੰਕਟ ਹੋਣ ਨਾਲ ਇਸ ਨੂੰ ਵੱਡੀਆਂ ਆਰਥਿਕ ਸਮੱਸਿਆਵਾਂ ਦਰਪੇਸ਼ ਹਨ।

ਦੂਜੇ ਪਾਸੇ ਰੂਸ ਵੀ ਅਮਰੀਕਾ ਨੂੰ ਫ਼ੌਜੀ ਚੁਣੌਤੀ ਦੇਣ ਲੱਗ ਪਿਆ। ਚੀਨ ਆਰਥਿਕ ਅਤੇ ਫ਼ੌਜੀ ਤੌਰ 'ਤੇ ਉਭਰ ਰਹੀ ਨਵੀਂ ਸ਼ਕਤੀ ਬਣ ਗਿਆ ਹੈ। ਇਸ ਕਰ ਕੇ ਅਮਰੀਕਾ ਲਈ ਦੂਜੀ ਜੰਗ ਤੋਂ ਬਾਅਦ ਆਪਣੀ ਸਾਮਰਾਜੀ ਸਲਤਨਤ ਦੇ ਕੀਤੇ ਵਿਸਤਾਰ ਨੂੰ ਕਾਇਮ ਰੱਖਣਾ ਮੁਸ਼ਕਿਲ ਹੋ ਰਿਹਾ ਹੈ। ਇਸੇ ਕਰ ਕੇ ਟਰੰਪ ਨੂੰ ਖ਼ਰਚ ਪੱਖੋਂ 'ਨਾਟੋ' ਵੇਲਾ ਵਿਹਾਅ ਚੁੱਕੀ ਲੱਗਦੀ ਹੈ ਅਤੇ ਪਰ ਦੁਨੀਆਂ 'ਤੇ ਚੌਧਰ ਜਮਾਉਣ ਲਈ ਅਜੇ ਵੀ ਸਾਰਥਿਕ ਲੱਗਦੀ ਹੈ। ਇਸਲਾਮਿਕ ਸਟੇਟ ਦੀ ਚੁਣੌਤੀ ਨੂੰ ਨਜਿਠਣ ਲਈ ਰੂਸ ਨਾਲ ਹੱਥ ਮਿਲਾਉਣਾ ਠੀਕ ਲੱਗਦਾ ਹੈ, ਪਰ ਸੰਸਾਰ ਉਪਰ ਚੌਧਰ ਜਮਾਉਣ ਪੱਖੋਂ ਉਹੀ ਰੂਸ ਉਸ ਨੂੰ ਚੁਣੌਤੀ ਲੱਗਦਾ ਹੈ। ਯੂ.ਐਨ.ਓ. ਆਪਣੇ ਪ੍ਰਭਾਵੀ ਰੋਲ ਅਤੇ ਸ਼ਾਂਤੀ ਸੈਨਾ ਖ਼ਰਚੇ ਪੱਖੋਂ ਫ਼ਜ਼ੂਲ ਲੱਗਦੀ ਹੈ, ਪਰ ਹੋਰਨਾਂ ਦੇਸ਼ਾਂ ਉਪਰ ਦਾਬਾ ਰੱਖਣ ਲਈ ਪ੍ਰਸੰਗਕ ਲੱਗਦੀ ਹੈ। ਇਸੇ ਤਰ੍ਹਾਂ ਚੀਨ ਨੂੰ ਕਰੰਸੀ ਮੈਨੂਪੁਲੇਟਰ ਐਲਾਨਣ, ਮੈਕਸੀਕੋ ਦੀ ਸਰਹੱਦ 'ਤੇ ਕੰਧ ਕਰਾਉਣ, ਵਿਸ਼ਵ ਵਪਾਰ ਸੰਸਥਾ, ਐਪਕ, ਪੈਰਿਸ ਵਾਤਾਵਰਨ ਸਮਝੌਤਾ ਅਤੇ ਹੋਰ ਕੌਮਾਂਤਰੀ ਸੰਸਥਾਵਾਂ ਬਾਰੇ ਵੱਖ ਵੱਖ ਪ੍ਰਜ਼ਿਸ਼ਨਾਂ ਲੈਂਦਾ ਟਰੰਪ ਧੋਬੀ ਪਟੜੇ ਲਾ ਰਿਹਾ ਹੈ, ਪਰ ਚੋਣਾਂ ਤੋਂ ਪਹਿਲਾਂ ਉਸ ਨੇ ਲੋਕਾਂ ਨਾਲ ਵੱਡੇ ਲੋਕ ਲਭਾਊ ਵਾਅਦੇ ਕੀਤੇ ਸਨ। ਆਪਣੇ ਇਸੇ ਅਕਸ ਨੂੰ ਬਰਕਰਾਰ ਰੱਖਣ ਲਈ ਹੁਣ ਉਸ ਨੇ ਅਫ਼ਗਾਨਿਸਤਾਨ ਵਿਚ ਬਿਨਾਂ ਵਜ੍ਹਾ ਮਹਾਂਬੰਬ ਦੇ ਧਮਾਕੇ ਕਰਾਏ ਹਨ ਅਤੇ ਸੀਰੀਆ 'ਚ ਮਿਜ਼ਾਈਲਾਂ ਦਾਗ਼ੀਆਂ ਹਨ। ਉਸ ਦਾ ਉਤਰੀ ਕੋਰੀਆ ਨੂੰ ਹਮਲੇ ਕਰਨ ਦੀਆਂ ਧਮਕੀਆਂ ਦੇਣ ਪਿਛੇ ਅਸਲ ਨਿਸ਼ਾਨਾ ਚੀਨ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਕ ਪਾਸੇ ਮੱਧ-ਪੂਰਬ 'ਚ ਅਮਰੀਕਾ ਤੇ ਰੂਸ ਅਤੇ ਦੂਜੇ ਪਾਸੇ ਪੂਰਬੀ ਏਸ਼ੀਆ 'ਚ ਅਮਰੀਕਾ ਤੇ ਚੀਨ ਦਾ ਟਕਰਾਅ ਵਧ ਰਿਹਾ ਹੈ। ਵਧ ਰਿਹਾ ਇਹ ਟਕਰਾਅ ਸੰਸਾਰ ਅਮਨ ਲਈ ਗੰਭੀਰ ਚੁਣੌਤੀ ਬਣ ਗਿਆ ਹੈ।

# ਅਦਬ, ਅਹਿਸਾਸ ਤੇ ਪਰਵਾਸ

ਲੁਧਿਆਣਾ ਵਿਚ ਪਰਵਾਸੀ ਪੰਜਾਬੀ ਸਾਹਿਤ ਬਾਰੇ ਸੈਮੀਨਾਰ ਸਬੰਧੀ ਸਮੱਗਰੀ ਦੀ ਖੋਜ-ਬੀਨ ਕਰਦਿਆਂ ਇਕ ਤੱਥ ਅਚਨਚੇਤੀ ਸਾਹਮਣੇ ਆਇਆ ਕਿ ਪਰਵਾਸੀ ਪੰਜਾਬੀ ਸਾਹਿਤ ਮੁਖ ਤੌਰ 'ਤੇ ਕੈਨੇਡਾ, ਅਮਰੀਕਾ, ਬ੍ਰਿਟੇਨ, ਜਰਮਨੀ, ਇਟਲੀ ਤੇ ਹੁਣ ਕੁਝ ਹੱਦ ਤਕ ਆਸਟਰੇਲੀਆ ਵਿਚ ਰਚਿਆ ਜਾ ਰਿਹਾ ਹੈ। ਪੰਜਾਬੀ ਡਾਇਸਪੋਰਾ ਦੁਨੀਆਂ ਦੇ 97 ਤੋਂ ਵੱਧ ਮੁਲਕਾਂ ਵਿਚ ਵਸਿਆ ਹੋਇਆ ਹੈ, ਪਰ ਸਾਹਿਤ ਰਚਨਾ ਬਾਕੀ ਮੁਲਕਾਂ ਵਿਚ ਨਾਂ-ਮਾਤਰ ਹੀ ਹੈ। ਅਜਿਹਾ ਕਿਉਂ? ਇਸ ਬਾਰੇ ਇਕ ਖ਼ਿਆਲ ਇਹ ਬਣਦਾ ਹੈ ਕਿ ਬੇਗ਼ਾਨੀ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਧਰਤ ਉਤੇ ਸਾਹਿਤ ਵੀ ਉਦੋਂ ਹੀ ਰਚਿਆ ਜਾ ਸਕਦਾ ਹੈ ਜਦੋਂ ਸਿਰ 'ਤੇ ਛੱਤ ਹੋਵੇ, ਰੋਟੀ ਦਾ ਇੰਤਜ਼ਾਮ ਹੋਵੇ ਅਤੇ ਉਪਰੋਂ ਹਮਵਤਨੀਆਂ ਤੋਂ ਸਰਪ੍ਰਸਤੀ ਤੇ ਸਰਾਹਨਾ ਮਿਲੇ। ਪੰਜਾਬੀ ਅਮਰੀਕਾ-ਕੈਨੇਡਾ ਵਿਚ ਪਿਛਲੀ ਸਦੀ ਦੇ ਮੁੱਢ ਵਿਚ ਪੁੱਜ ਗਏ ਸਨ। ਇੰਜ ਹੀ ਇੰਗਲੈਂਡ ਵੱਲ ਪੰਜਾਬੀਆਂ ਦੇ ਪਰਵਾਸ ਨੇ 1930ਵਿਆਂ ਤੋਂ ਬਾਅਦ ਜ਼ੋਰ ਫੜਨਾ ਸ਼ੁਰੂ ਕੀਤਾ। ਉਨ੍ਹਾਂ ਮੁਲਕਾਂ ਵਿਚ ਹੁਣ ਆਵਾਸੀਆਂ ਦੀ ਤੀਜੀ-ਚੌਥੀ ਪੀੜ੍ਹੀ ਸਰਗਰਮ ਹੈ। ਪਹਿਲੀ ਪੀੜ੍ਹੀ ਨੇ ਸਥਾਪਿਤ ਹੋਣ ਲਈ ਬਹੁਤ ਜੱਦੋਜਹਿਦ ਕੀਤੀ। ਸਥਾਪਿਤ ਹੋਣ ਮਗਰੋਂ ਉਹ ਅਗਲੀ ਪੀੜ੍ਹੀ ਨੂੰ ਸਰਪ੍ਰਸਤੀ ਦੇਣ ਦੇ ਸਮਰੱਥ ਹੋ ਗਈ। ਸਿਰ 'ਤੇ ਹੱਥ ਹੋਣ ਅਤੇ ਸਿਰਜਣਾਤਮਿਕਤਾ ਨੂੰ ਹੁੰਗਾਰਾ ਮਿਲਣ ਤੋਂ ਉਪਜੀ ਸੁਰੱਖਿਆ ਭਾਵਨਾ ਨੇ ਸਾਹਿਤਕ ਰੁਚੀਆਂ ਦੇ ਫਲਣ-ਫੁਲਣ ਲਈ ਸਪੇਸ ਤੇ ਮਾਹੌਲ ਮੁਹੱਈਆ ਕੀਤਾ। ਅਜਿਹੇ ਮਾਹੌਲ ਵਿਚ ਅਗਲੀ ਪੀੜ੍ਹੀ ਨੂੰ ਵੀ ਸਾਹਿਤਕ ਜਾਗ ਲਾਉਣੀ ਔਖੀ ਨਹੀਂ ਰਹੀ। ਦਰਸ਼ਨ ਧੀਰ ਦਾ ਸ਼ਾਹਕਾਰ ਨਾਵਲ 'ਪੈੜਾਂ' ਜਾਂ ਅਜਾਇਬ ਕਮਲ ਦਾ ਨਾਟਕ 'ਮੇਰੋ ਮਰਿਆ ਨਹੀਂ' ਜਾਂ ਵੀਨਾ ਵਰਮਾ ਦੀ ਕਹਾਣੀ 'ਫਰੰਗੀਆਂ ਦੀ ਨੂੰਹ' ਜਾਂ ਪਰਵੇਜ਼ ਸੰਧੂ ਦੀ 'ਸੌਕਣ' ਵਰਗੀਆਂ ਰਚਨਾਵਾਂ ਅਜਿਹੀ ਸਰਪ੍ਰਸਤੀ ਤੇ ਸਾਹਿਤਕ ਜਾਗ ਦਾ ਸਿੱਟਾ ਹਨ। ਇੰਜ ਹੀ ਸਵਰਨ ਚੰਦਨ, ਹਰਜੀਤ ਅਟਵਾਲ ਤੇ ਰਘਬੀਰ ਢੰਡ ਵੀ ਆਲਮੀ ਪੰਜਾਬੀ ਸਾਹਿਤ ਦੀਆਂ ਕੱਦਾਵਰ ਹਸਤੀਆਂ ਹਨ।

ਅਜਿਹੀ ਕਲਾ-ਦ੍ਰਿਸ਼ਟੀ ਤੇ ਰਚਨਾਤਮਿਕ ਸੂਹਜ ਦਾ ਵਿਕਾਸ ਤੇ ਵਿਗਾਸ ਅਫ਼ਰੀਕੀ ਜਾਂ ਏਸ਼ੀਆ ਮਹਾਂਦੀਪਾਂ ਦੇ ਮੁਲਕਾਂ ਵਿਚ ਵਸੇ ਪੰਜਾਬੀਆਂ ਵਿਚ ਕਿਉਂ ਨਹੀਂ ਦੇਖਣ ਨੂੰ ਮਿਲਿਆ? ਏਸ਼ੀਆ ਦੇ ਪ੍ਰਸੰਗ ਵਿਚ ਜਪਾਨ 'ਚ ਵਸਿਆ ਪਰਮਿੰਦਰ ਸੋਢੀ ਪੰਜਾਬੀ ਕਾਵਿ-ਸਾਹਿਤ ਵਿਚ ਸਰਦਾ-ਬਣਦਾ ਯੋਗਦਾਨ ਨਿਰੰਤਰ ਪਾ ਰਿਹਾ ਹੈ ਅਤੇ ਸਿੰਗਾਪੁਰ ਵਿਚ ਵੀ ਪੰਜਾਬੀ ਸਾਹਿਤ ਸਭਾ ਕੁਝ ਕੁਝ ਸਰਗਰਮ ਹੈ, ਪਰ ਬਾਕੀ ਮੁਲਕਾਂ ਵਿਚੋਂ ਪੰਜਾਬੀ ਸਾਹਿਤ ਦੀ ਕਿਸੇ ਵੀ ਵਿਧਾ ਵਿਚ ਯੋਗਦਾਨ ਪਿਛਲੇ ਛੇ ਦਹਾਕਿਆਂ ਤੋਂ ਵੇਖਣ-ਸੁਣਨ ਵਿਚ ਨਹੀਂ ਆਇਆ। ਕਾਰਨ ਉਪਰਲਾ ਹੀ ਜਾਪਦਾ ਹੈ। ਰੋਜ਼ੀ-ਰੋਟੀ ਮਿਲ ਗਈ; ਛੱਤ ਵੀ, ਪਰ ਅਦਬੀ ਸਰਪ੍ਰਸਤੀ ਨਹੀਂ। ਸ਼ਾਇਦ ਇਸੇ ਕਮੀ ਨੇ ਸਾਹਿਤਕ ਮੱਸ ਨਹੀਂ ਮੌਲਣ ਦਿੱਤੀ। ਕੈਨੇਡਾ-ਅਮਰੀਕਾ ਵਾਂਗ ਮਲਾਇਆ (ਹੁਣ ਮਲੇਸ਼ੀਆ), ਸਿਆਮ (ਹੁਣ ਥਾਈਲੈਂਡ) ਅਤੇ ਪੂਰਬੀ ਅਫ਼ਰੀਕਾ ਭਾਵ ਕੀਨੀਆ, ਤਨਜ਼ਾਨੀਆ, ਯੂਗਾਂਡਾ ਆਦਿ ਵਿਚ ਪੰਜਾਬੀ 20ਵੀਂ ਸਦੀ ਦੇ ਮੁਢਲੇ ਦਿਨਾਂ ਵਿਚ ਕਾਫ਼ੀ ਗਿਣਤੀ ਵਿਚ ਪਰਵਾਸ ਕਰ ਗਏ ਸਨ। ਪੂਰਬੀ ਅਫ਼ਰੀਕੀ ਮੁਲਕਾਂ ਦੇ



ਪੰਜਾਬੀਆਂ ਦੀ ਤੀਜੀ ਪੀੜ੍ਹੀ ਲਈ ਆਪਣੇ ਵੱਡਿਆਂ ਨਾਲੋਂ ਬਿਹਤਰ ਸਮਾਜਿਕ-ਆਰਥਿਕ ਮੁਕਾਮ ਬਣਾਉਣ ਦਾ ਜਦੋਂ ਵੇਲਾ ਆਇਆ ਤਾਂ 1960ਵਿਆਂ ਵਿਚ ਇਨ੍ਹਾਂ ਮੁਲਕਾਂ ਵਿਚ ਰਾਜਨੀਤਕ ਉਥਲ-ਪੁਥਲ ਦਾ ਦੌਰ ਸ਼ੁਰੂ ਹੋ ਗਿਆ। ਲਿਹਾਜ਼ਾ, ਬਹੁਤੇ ਪੰਜਾਬੀਆਂ ਨੇ ਬ੍ਰਿਟੇਨ ਜਾਂ ਉਤਰ-ਅਮਰੀਕੀ ਮਹਾਂਦੀਪ ਵੱਲ ਚਾਲੇ ਪਾਉਣੇ ਬਿਹਤਰ ਸਮਝੇ। ਅਜਿਹੇ ਦੂਹਰੇ ਪਰਵਾਸ ਦੀ ਪੀੜਾ ਬਿਆਨ ਕਰਨ ਵਾਲੀਆਂ ਰਚਨਾਵਾਂ ਬਹੁਤੀਆਂ ਨਹੀਂ ਮਿਲਦੀਆਂ, ਖ਼ਾਸ ਤੌਰ 'ਤੇ ਉਨ੍ਹਾਂ ਵੱਲੋਂ ਜਿਨ੍ਹਾਂ ਨੇ ਇਹ ਤ੍ਰਾਸਦੀ ਪਿੰਡੇ 'ਤੇ ਹੰਢਾਈ। ਮਲੇਸ਼ੀਆ ਵਿਚ ਪੰਜਾਬੀ, ਖ਼ਾਸ ਕਰ ਕੇ ਸਿੱਖ ਵਸੋਂ ਅਜੇ ਵੀ 65 ਹਜ਼ਾਰ ਦੇ ਕਰੀਬ ਹੈ, ਪਰ ਨਵੀਆਂ ਪੀੜ੍ਹੀਆਂ ਨੇ ਆਪਣੀ ਜੱਦ ਨਾਲੋਂ ਨਾਤਾ ਤੋੜ ਲਿਆ ਜਾਪਦਾ ਹੈ। ਥਾਈਲੈਂਡ ਵਿਚੋਂ ਪੰਜਾਬੀ ਰਚਨਾਕਾਰੀ ਦੇ ਨਮੂਨੇ ਸਿਰਫ਼ ਉਹ ਸਾਹਮਣੇ ਆਏ ਹਨ ਜੋ ਨਾਮਧਾਰੀ ਸੰਪਰਦਾ ਨਾਲ ਸਬੰਧਤ ਹਨ।

ਭਾਰਤ ਵਿਚ ਕੌਮੀ ਰਾਜਧਾਨੀ ਦਿੱਲੀ ਜਾਂ ਹੋਰਨਾਂ ਉਤਰੀ ਰਾਜਾਂ ਨੂੰ ਛੱਡ ਕੇ ਦੇਸ਼ ਦੇ ਬਾਕੀ ਹਿਸਿਆਂ ਵਿਚ ਵਸੇ ਪੰਜਾਬੀਆਂ ਵੱਲੋਂ ਪੰਜਾਬੀ ਸਾਹਿਤ ਵਿਚ ਯੋਗਦਾਨ ਇਸ ਸਮੇਂ ਨਾਂ-ਮਾਤਰ ਹੀ ਹੈ। ਬੰਬਈ (ਹੁਣ ਮੁੰਬਈ) ਤੋਂ ਚਾਰ ਦਹਾਕੇ ਪਹਿਲਾਂ ਤਕ ਸਾਹਿਤਕ ਮਾਸਿਕ 'ਜੀਵਨ' ਛਪਦਾ ਹੁੰਦਾ ਸੀ ਜਿਸ ਦੇ ਸੰਪਾਦਕ ਬਚਿਤਰ ਸਿੰਘ ਗਿੱਲ ਸਨ। ਸੰਪਾਦਕੀ ਮੰਡਲ ਵਿਚ ਸੁਖਬੀਰ ਤੇ ਪ੍ਰੀਤਮ ਬੇਲੀ ਸ਼ਾਮਲ ਹੋਇਆ ਕਰਦੇ ਸਨ। ਉਸ ਪਤ੍ਰਿਕਾ ਵਿਚ ਫਿਲਮਜ਼ ਡਿਵੀਜ਼ਨ ਵਾਲਾ ਕ੍ਰਿਸ਼ਨ ਸ਼ਰਸ਼ਾਰ ਨਿਯਮਿਤ ਕਾਲਮ 'ਸ਼ਰਸ਼ਾਰੀਆਂ' ਲਿਖਦਾ ਹੁੰਦਾ ਸੀ। ਇਹ ਕਾਲਮ ਪੰਜਾਬੀ ਮੂਲ ਦੇ ਮੁੰਬਈਆ ਅਦੀਬਾਂ ਦੀਆਂ ਸਰਗਰਮੀਆਂ ਬਾਰੇ ਰੌਚਿਕ ਜਾਣਕਾਰੀ ਦਾ ਵਸੀਲਾ ਸੀ। ਇਸੇ ਪਤ੍ਰਿਕਾ ਵਿਚ ਕਦੇ ਕਦੇ ਰਾਜਿੰਦਰ ਸਿੰਘ ਬੇਦੀ, ਸਾਗਰ ਸਰਹੱਦੀ ਤੇ ਗੁਲਜ਼ਾਰ ਦੀਆਂ ਲੇਖਣੀਆਂ ਵੀ ਪੜ੍ਹਨ ਨੂੰ ਮਿਲਦੀਆਂ ਸਨ। ਇੰਜ ਹੀ, ਇੰਦੌਰ ਤੇ ਨਾਗਪੁਰ ਵਿਚ ਵੀ ਦੋ ਪੰਜਾਬੀ ਮਾਸਿਕ ਛਪਦੇ ਸਨ ਜਿਨ੍ਹਾਂ ਵਿਚ ਮਹਾਰਾਸ਼ਟਰ ਤੇ ਮੱਧ ਪ੍ਰਦੇਸ਼ ਵਿਚ ਵਸੇ ਪੰਜਾਬੀਆਂ ਦੀਆਂ ਰਚਨਾਵਾਂ ਸ਼ੁਮਾਰ ਹੁੰਦੀਆਂ ਸਨ। ਪੰਜਾਬੀ ਬੋਲੀ ਨਾਲ ਮੋਹ ਰੱਖਣ ਵਾਲੀ ਉਹ ਪੀੜ੍ਹੀ ਹੁਣ ਇਸ ਜਹਾਨ ਤੋਂ ਰੁਖ਼ਸਤ ਹੋ ਚੁੱਕੀ ਹੈ। ਅਗਲੀਆਂ ਪੀੜ੍ਹੀਆਂ ਵਿਚ ਪੰਜਾਬੀ ਸਾਹਿਤਕ ਮੱਸ ਪੈਦਾ ਕਰਨ ਦਾ ਉਦਮ ਨਾ ਉਧਰੋਂ ਹੋਇਆ ਅਤੇ ਨਾ ਹੀ ਸਾਡੇ ਵੱਲੋਂ।

ਕੁਝ ਸਮੇਂ ਤੋਂ ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਦੇ ਕੁਝ ਗੁਰਦੁਆਰਿਆਂ ਨੇ ਬੱਚਿਆਂ ਨੂੰ ਪੰਜਾਬੀ ਦਾ ਮੁੱਢਲਾ ਗਿਆਨ ਦੇਣ ਲਈ ਐਤਵਾਰੀ ਕਲਾਸਾਂ ਸ਼ੁਰੂ ਕੀਤੀਆਂ ਹਨ। ਇੰਜ ਹੀ, ਬੈਂਕਾਕ ਵਿਚ ਵੀ ਪੰਜਾਬੀ ਭਾਈਚਾਰੇ ਵੱਲੋਂ ਅਜਿਹਾ ਹੀ ਕਦਮ ਚੁੱਕੇ ਜਾਣ ਦੀ ਖ਼ਬਰ ਹੈ। ਇਸ ਕਾਰਜ ਵਿਚ ਯੋਗਦਾਨ ਪੰਜਾਬ ਤੋਂ ਸੰਸਥਾਗਤ ਪੱਧਰ 'ਤੇ ਪੈਣਾ ਚਾਹੀਦਾ ਹੈ, ਖ਼ਾਸ ਤੌਰ 'ਤੇ ਮਾਇਕ ਮਜ਼ਬੂਤੀ ਜਾਂ ਸਰਕਾਰੀ ਦਾਬੇ ਵਾਲੀਆਂ ਸੰਸਥਾਵਾਂ ਵੱਲੋਂ, ਪਰ ਸ਼੍ਰੋਮਣੀ ਕਮੇਟੀ ਜਾਂ ਪੰਜਾਬ ਸਰਕਾਰ ਵੱਲੋਂ ਅਜਿਹੇ ਕਿਸੇ ਉਪਰਾਲੇ ਦੀ ਅਜੇ ਤਕ ਸਿੱਧੀ-ਅਸਿੱਧੀ ਹਿਮਾਇਤ ਨਹੀਂ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੀਆਂ ਤਰਜੀਹਾਂ ਵਿਚ ਪੰਜਾਬੀ ਦਾ ਪਸਾਰ ਸ਼ਾਇਦ ਆਉਂਦਾ ਹੀ ਨਹੀਂ। ਦੂਜੇ ਪਾਸੇ ਪੰਜਾਬ ਸਰਕਾਰ ਦਾ ਪੰਜਾਬੀ ਪ੍ਰਤੀ ਉਦਾਸੀਨ ਰਵੱਈਆ ਵੀ ਸਾਡੇ ਸਾਹਮਣੇ ਹੀ ਹੈ। ਅਜਿਹੇ ਆਲਮ ਵਿਚ ਸਵਰਗੀ ਸੁਖਬੀਰ ਦੀ ਕਵਿਤਾ ਦਾ ਬੰਦ 'ਤੂੰ ਕਿਹਾ ਸੀ ਮੈਂ ਹੁਸੀਨ ਹਾਂ/ਪਰ ਹਰ ਵਾਰ ਦੂਰੋਂ ਹੀ/ਹੱਥ ਹਿਲਾ ਕੇ ਚਲਾ ਜਾਨੈਂ' ਵਾਲੇ ਸੰਸਥਾਈ ਵਤੀਰੇ ਤੋਂ ਕੋਈ ਸਾਰਥਿਕ ਉਮੀਦ ਰੱਖਣ ਦੀ ਥਾਂ ਸੱਚੇ ਸਨੇਹੀਆਂ ਵਾਲੇ ਉਪਰਾਲੇ ਕਰਨ ਦੀ ਲੋੜ ਹੈ। ਭਲਾ ਵੀ ਸ਼ਾਇਦ ਇਸੇ ਵਿਚ ਹੈ।

# ਤੁਰੋ ਤੇ ਤੰਦਰੁਸਤ ਰਹੋ

ਚੰਗੀ ਸਿਹਤ ਤੇ ਲੰਮੀ ਉਮਰ ਦਾ ਰਾਜ਼ ਹੈ-ਦੌੜ ਸਕਦੇ ਹੋ ਤਾਂ ਤੁਰੋ ਨਾ, ਤੁਰ ਸਕਦੇ ਹੋ ਤਾਂ ਖੜ੍ਹੋ ਨਾ, ਖੜ੍ਹ ਸਕਦੇ ਹੋ ਤਾਂ ਬੈਠੋ ਨਾ, ਬੈਠ ਸਕਦੇ ਹੋ ਤਾਂ ਲੇਟੋ ਨਾ। ਤੱਤ ਸਾਰ ਇਹੋ ਹੈ ਕਿ ਜਿੰਨੇ ਜੋਗਾ ਕੋਈ ਹੈ, ਉਸ ਤੋਂ ਵੱਧ ਨਹੀਂ ਤਾਂ ਉਨਾ ਜ਼ਰੂਰ ਕਰਦਾ ਰਹੇ। ਐਵੇਂ ਆਲਸ ਵਿਚ ਵਿਹਲਾ ਬੈਠਾ ਆਪਣੀ ਸਿਹਤ ਨਾ ਗੁਆਵੇ। ਘੱਟੋ ਘੱਟ ਪੈਰੀਂ ਤੁਰਨਾ ਤਾਂ ਨਾ ਛੱਡੇ।

ਤੁਰਨਾ ਕੁਦਰਤ ਦੀ ਦਾਤ ਹੈ ਪਰ ਕਈਆਂ ਨੂੰ ਇਸ ਦੀ ਉਕਾ ਹੀ ਸਾਰ ਨਹੀਂ। ਲੱਤਾਂ ਪੈਰਾਂ ਨੂੰ ਉਹ ਤੁਰਨ ਲਈ ਨਹੀਂ ਵਰਤ ਰਹੇ। ਬੇਸਮਝੀ ਵਿਚ ਹੀ ਸਮਝ ਬੈਠੇ ਹਨ ਕਿ ਤੁਰਨਾ ਗਰੀਬਾਂ ਦੀ ਮਜਬੂਰੀ ਹੈ। ਕਹਿੰਦੇ ਰਹਿੰਦੇ ਹਨ, ਬੰਦਾ ਤੰਗੀ ਤੇ ਨੰਗ ਮਲੰਗੀ 'ਚ ਹੀ ਤੁਰਦੈ। ਖਾਂਦਾ ਪੀਂਦਾ ਬੰਦਾ ਪੈਦਲ ਕਿਉਂ ਤੁਰੇ? ਉਹ ਗੱਡੀ ਚੜ੍ਹੇ, ਕਾਰ ਚਲਾਵੇ, ਸਕੂਟਰ ਫੜੇ, ਨਹੀਂ ਤਾਂ ਕਿਸੇ ਦੇ ਕੰਧਾੜੀਂ ਯਾਨਿ ਰਿਕਸ਼ੇ 'ਤੇ ਚੜ੍ਹ ਬਹੇ। ਉਸ ਦੀ ਟੌਅਰ, ਸ਼ਾਨ ਤੇ ਸਰਦਾਰੀ ਇਸੇ ਵਿਚ ਹੈ। ਪੈਦਲ ਚੱਲਣਾ ਤਾਂ ਜਣੇ-ਖਣੇ ਤੋਂ ਮਖੌਲ ਕਰਵਾਉਣਾ ਤੇ ਕਿਰਾਇਆ ਬਚਾਉਣ ਵਾਲਾ ਸੂਮ ਕਹਾਉਣਾ ਹੈ!



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਇਸੇ ਕਾਰਨ ਸਾਡੇ ਬਹੁਤੇ ਬੰਦੇ, ਖਾਸ ਕਰ ਉਤਲੇ ਤਬਕੇ ਦੇ ਲੋਕ ਪੈਰੀਂ ਤੁਰਨਾ ਛੱਡ ਕੇ ਤੁਰਨ-ਫਿਰਨ ਦੀਆਂ ਨੇਅਮਤਾਂ ਤੋਂ ਵਾਂਝੇ ਹੋ ਰਹੇ ਹਨ। ਤੁਰਨਾ ਛੱਡ ਕੇ ਉਨ੍ਹਾਂ ਨੇ ਜੀਵਨ ਦੀਆਂ ਬਹੁਤ ਸਾਰੀਆਂ ਖੁਸ਼ੀਆਂ ਗੁਆ ਲਈਆਂ ਹਨ ਤੇ ਬਾਕੀ ਬਚਦੀਆਂ ਵੀ ਗੁਆਉਣ ਦੇ ਰਾਹ ਪਏ ਹੋਏ ਹਨ।

ਦਾਨੇ ਕਹਿੰਦੇ ਹਨ, ਕੰਨ ਗਏ ਤਾਂ ਰਾਗ ਗਿਆ, ਦੰਦ ਗਏ ਤਾਂ ਸੁਆਦ ਗਿਆ, ਅੱਖਾਂ ਗਈਆਂ ਤਾਂ ਜਹਾਨ ਗਿਆ। ਕਹਿਣ ਵਾਲੀ ਗੱਲ ਇਕ ਹੋਰ ਵੀ ਹੈ ਕਿ ਗਿੱਟੇ ਗੋਡੇ ਗਏ ਤਾਂ ਬੰਦਾ ਜਹੰਨਮ ਗਿਆ! ਹੈਰਾਨੀ ਦੀ ਗੱਲ ਹੈ ਕਿ ਗਿੱਟੇ ਗੋਡੇ ਕਾਇਮ ਹੁੰਦਿਆਂ ਵੀ ਬਥੇਰੇ ਬੰਦੇ ਨਰਕ ਦੀ ਟਿਕਟ ਕਟਾਈ ਜਾ ਰਹੇ ਹਨ ਤੇ ਅਮੀਰ ਹੋਣ ਦਾ ਭਰਮ ਪਾਲ ਰਹੇ ਹਨ। ਸੌ 'ਚੋਂ ਨੱਬੇ ਬਿਮਾਰੀਆਂ ਪੈਰੀਂ ਤੋਰਾ ਫੇਰਾ ਛੱਡ ਬਹਿਣ ਵਾਲਿਆਂ ਨੂੰ ਹੀ ਲੱਗਦੀਆਂ ਹਨ।

ਬਿਮਾਰੀਆਂ ਸਰੀਰਕ ਮੁਸ਼ੱਕਤ ਕਰਨ ਵਾਲਿਆਂ ਨੂੰ ਨਹੀਂ ਸਗੋਂ ਉਨ੍ਹਾਂ ਨੂੰ ਲੱਗਦੀਆਂ ਹਨ ਜਿਹੜੇ ਦੁਕਾਨਾਂ, ਦਫਤਰਾਂ, ਸਟੋਰਾਂ, ਸੋਫਿਆਂ, ਕਾਰਾਂ, ਟਰੱਕਾਂ, ਟੈਕਸੀਆਂ ਤੇ ਕੋਠੀਆਂ-ਬੰਗਲਿਆਂ ਵਿਚ ਬੈਠੇ ਰਹਿੰਦੇ ਹਨ। ਜਿਹੜੇ ਦਿਮਾਗੀ ਮਿਹਨਤ ਤਾਂ ਕਰਦੇ ਹਨ ਪਰ ਸਰੀਰਕ ਹਿੱਲਜੁਲ ਬਿਲਕੁਲ ਨਹੀਂ ਕਰਦੇ। ਬੈਠੇ ਬੈਠਿਆਂ ਦੇ ਢਿੱਡ ਵਧੀ ਜਾਂਦੇ ਹਨ ਤੇ ਖਾਧਾ ਪੀਤਾ ਚੰਗੀ ਤਰ੍ਹਾਂ ਹਜ਼ਮ ਨਹੀਂ ਹੁੰਦਾ। ਅਜਿਹੇ ਲੋਕਾਂ ਲਈ ਪੈਰੀਂ ਤੁਰਨਾ ਬਹੁਤ ਜ਼ਰੂਰੀ ਹੈ। ਬੱਸ ਰਤਾ ਕੁ ਵਿਹਲ, ਥੋੜ੍ਹੇ ਜਿਹੇ ਉਦਮ ਤੇ ਮਾੜੀ ਮੋਟੀ ਕਲਪਨਾ ਦੀ ਹੀ ਲੋੜ ਹੈ। ਤੇਲ ਪਟਰੋਲ ਵੀ ਬਚੇਗਾ, ਹਵਾ ਵੀ ਸਾਫ ਸੁਥਰੀ ਮਿਲੇਗੀ, ਭੀੜ ਭੜੱਕੇ ਤੋਂ ਵੀ ਬਚਾਅ ਹੋਵੇਗਾ ਤੇ ਕਿਸੇ 'ਤੇ ਭਾਰ ਵੀ ਨਹੀਂ ਬਣਨਾ ਪਵੇਗਾ। ਜੇ ਸਵੇਰ ਵੇਲੇ ਸੈਰ ਕਰਨ ਦਾ ਸਮਾਂ ਨਿਕਲ ਸਕੇ ਤਾਂ ਸੋਨੇ 'ਤੇ ਸੁਹਾਗਾ ਹੋਵੇਗਾ।

ਤੁਰਨਾ ਸਹਿਜ, ਸੁਭਾ, ਸੌਖੀ, ਸਸਤੀ ਤੇ ਸਭ ਤੋਂ ਵਧੀਆ ਕਸਰਤ ਹੈ। ਤੁਰਨ ਨਾਲ ਸਰੀਰ ਦੇ ਸਾਰੇ ਹੀ ਅੰਗਾਂ ਦੀ ਬੜੀ ਸੁਖਾਵੀਂ ਵਰਜਿਸ਼ ਹੋ ਜਾਂਦੀ ਹੈ। ਇਹ ਅੱਗੋਂ ਉਮਰ, ਸਰੀਰਕ ਸਮਰੱਥਾ ਤੇ ਸਮੇਂ ਉਤੇ ਨਿਰਭਰ ਕਰਦਾ ਹੈ ਕਿ ਤੁਰਨ ਨੂੰ ਟਹਿਲਣ, ਵਗਣ, ਦੁੜੱਕੀ ਜਾਂ ਦੌੜਨ ਦਾ ਕਿਹੜਾ ਰੂਪ ਦਿੱਤਾ ਜਾਵੇ? ਕਿੰਨੀ ਵਾਟ ਤੇ ਕਿੰਨਾ ਸਮਾਂ ਤੁਰਿਆ ਜਾਵੇ? ਚੌਪਾਏ ਤੋਂ ਦੋਪਾਏ ਬਣੇ ਬੰਦੇ ਕੋਲ ਦੋ ਪੈਰ ਇਸੇ ਲਈ ਰਹਿ ਗਏ ਹਨ ਕਿ ਇਨ੍ਹਾਂ ਨਾਲ ਤੁਰਿਆ, ਵਗਿਆ ਤੇ ਦੌੜਿਆ ਜਾਵੇ। ਇਨ੍ਹਾਂ ਦੀ ਵਰਤੋਂ ਨਾਲ ਸਰੀਰ ਦਾ ਬੋਝ ਹਲਕਾ ਰੱਖਦਿਆਂ ਜੁੱਸੇ ਨੂੰ ਤੰਦਰੁਸਤ ਰੱਖਿਆ ਜਾਵੇ।

ਜਿਹੜਾ ਕੋਈ ਕੁਦਰਤ ਦੇ ਬਖਸ਼ੇ ਅੰਗਾਂ ਦੀ ਵਰਤੋਂ ਨਹੀਂ ਕਰਦਾ, ਕੁਦਰਤ ਸਮਝਦੀ ਹੈ ਕਿ ਇਨ੍ਹਾਂ ਅੰਗਾਂ ਦੀ ਵਰਤੋਂ ਕਰਨ ਵਾਲੇ ਨੂੰ ਲੋੜ ਨਹੀਂ। ਉਹ ਫਿਰ ਉਨ੍ਹਾਂ ਅੰਗਾਂ ਦੀ ਸੱਤਿਆ ਵਾਪਸ ਲੈ ਲੈਂਦੀ ਹੈ ਤੇ ਬੰਦਾ ਵੇਖਦਾ ਰਹਿ ਜਾਂਦਾ ਹੈ। ਇਸ ਲਈ ਜੀਂਦੇ ਜਾਗਦੇ ਬੰਦੇ ਕਦੇ ਵੀ ਕੁਦਰਤ ਨੂੰ ਅਜਿਹਾ ਮੌਕਾ ਨਹੀਂ ਦਿੰਦੇ ਕਿ ਉਹ ਉਨ੍ਹਾਂ ਦੇ ਅੰਗਾਂ ਦੀ ਸੱਤਿਆ ਮਾਰ ਦੇਵੇ। ਕੁਦਰਤ ਉਸੇ ਨਾਲ ਬੇਲਿਹਾਜ਼ ਹੁੰਦੀ ਹੈ ਜਿਹੜਾ ਖੁਦ ਉਸ ਨੂੰ ਅਜਿਹਾ ਕਰਨ ਦਾ ਮੌਕਾ ਦਿੰਦਾ ਹੈ। ਜਿਹੜਾ ਕੁਦਰਤ ਦੇ ਰਾਹ ਚੱਲਦਾ ਚੱਲੇ, ਕੁਦਰਤ ਉਹਦੇ ਬਲਿਹਾਰ ਜਾਂਦੀ ਹੈ ਤੇ ਲੰਮੀ ਸਿਹਤਯਾਬ ਹਯਾਤੀ ਬਖਸ਼ਦੀ ਹੈ।

ਇਹ ਠੀਕ ਹੈ ਕਿ ਆਮ ਬੰਦਾ ਬਹਾਨੇਬਾਜ਼ ਹੁੰਦਾ ਹੈ। ਉਹ ਤੁਰਨ ਤੋਂ ਬਚਣ ਦੇ ਲੱਖ ਬਹਾਨੇ ਬਣਾ ਸਕਦਾ ਹੈ। ਮਸਲਨ ਸਮਾਂ ਨਹੀਂ, ਤੁਰਨ ਲਈ ਥਾਂ ਨਹੀਂ, ਸਾਹ ਚੜ੍ਹਦਾ ਹੈ, ਹੱਡ ਪੈਰ ਦੁਖਦੇ ਹਨ, ਤੁਰਨ ਵਾਲੇ ਬੂਟ ਨਹੀਂ ਤੇ ਤੁਰਦਿਆਂ ਨੂੰ ਕੁੱਤੇ ਭੌਂਕਦੇ ਹਨ। ਹਨੇਰੇ ਸਵੇਰੇ ਬਾਹਰ ਨਿਕਲਣ ਦਾ ਵੇਲਾ ਨਹੀਂ, ਕੋਈ ਅਗਵਾ ਕਰ ਲਏਗਾ, ਪੁਲਿਸ ਘੇਰ ਲਏਗੀ। ਹੋਰ ਤਾਂ ਹੋਰ ਆਂਢੀ ਗੁਆਂਢੀ ਤੇ ਰਾਹ ਖਹਿੜੇ ਮਿਲਣ ਵਾਲੇ ਕੀ ਕਹਿਣਗੇ? ਲਓ ਇਹ ਤਾਂ ਚੰਗਾ ਭਲਾ ਹੈ, ਸੁੱਖ ਨਾਲ ਕਮਾਈ ਵੀ ਬਥੇਰੀ ਐ ਤੇ ਫਿਰ ਵੀ ਨੰਗਾਂ ਵਾਂਗ ਤੁਰਿਆ ਜਾਂਦੈ। ਜੱਗ ਜ਼ਮਾਨੇ ਦਾ ਸੂਮ! ਕੋਈ ਪੁੱਛੇ, ਤੁਰਨ ਵਾਲਾ ਕਿਸੇ 'ਤੇ ਭਾਰ ਤਾਂ ਨਹੀਂ ਬਣ ਰਿਹਾ, ਬਈ ਉਹ ਏਨੀਆਂ ਗੱਲਾਂ ਕਰਨਗੇ?

ਬਹਾਨੇਬਾਜ਼ਾਂ ਦੀ ਅਜਿਹੀ ਸੋਚ ਦੇ ਉਲਟ ਵਾਈਟ ਹਾਊਸ 'ਚ ਰਹਿੰਦੇ ਅਮਰੀਕਾ ਦੇ ਪ੍ਰਧਾਨ ਵੀ ਤੁਰਨ ਤੇ ਜੌਗਿੰਗ ਕਰਨ ਦਾ ਸਮਾਂ ਕੱਢਦੇ ਰਹੇ ਹਨ। ਬਰਾਕ ਉਬਾਮਾ ਛਾਲਾਂ ਮਾਰਦਾ ਰਿਹੈ। ਸਿੱਟੇ ਵਜੋਂ ਉਹਦਾ ਜੁੱਸਾ ਵੀ ਛਾਂਟਵਾਂ ਰਿਹਾ। ਪੱਛਮੀ ਮੁਲਕਾਂ ਵਿਚ ਮੇਮਾਂ ਤੇ ਸਾਹਬਾਂ ਨੇ ਤੁਰਨ ਫਿਰਨ ਦਾ ਗਾਹ ਪਾਇਆ ਹੋਇਐ। ਜਦੋਂ ਉਹ ਸੜਕਾਂ ਤੇ ਪਾਰਕਾਂ ਵਿਚ ਸ਼ਰ੍ਹੇਆਮ ਪੈਰੀਂ ਤੁਰਦੇ ਹਨ ਤਾਂ ਉਨ੍ਹਾਂ ਨੂੰ ਕੋਈ ਕੰਜੂਸ ਨਹੀਂ ਕਹਿੰਦਾ। ਮੈਂ ਆਪਣੀਆਂ ਵਿਦੇਸ਼ ਫੇਰੀਆਂ ਦੌਰਾਨ ਪਾਰਕਾਂ ਦੀਆਂ ਰੌਣਕਾਂ ਵੇਖੀਆਂ ਹਨ। ਪਾਰਕਾਂ ਅੰਦਰ ਮੇਮਾਂ ਤੇ ਸਾਹਬ ਰੇਵੀਏ ਪਏ ਹੁੰਦੇ ਨੇ। ਉਹ ਸਾਹਮਣਿਓਂ ਮਿਲਣ ਵਾਲੇ ਹਰੇਕ ਬੰਦੇ ਨੂੰ ਮੁਸਕਰਾ ਕੇ ਗੁੱਡ ਮਾਰਨਿੰਗ ਕਹਿੰਦੇ ਨੇ। ਮੇਮਾਂ ਦੀਆਂ ਤੁਰ ਫਿਰ ਕੇ ਬਣਾਈਆਂ ਸਡੌਲ ਲੱਤਾਂ ਵੇਖਣ ਵਾਲੀਆਂ ਹੁੰਦੀਆਂ ਨੇ। ਉਨ੍ਹਾਂ ਦੇ ਲੱਕ ਲਚਕਾਰੇ ਮਾਰਦੇ ਨੇ ਕਿਉਂਕਿ ਉਨ੍ਹਾਂ ਉਤੇ ਵਾਧੂ ਮਾਸ ਦੀਆਂ ਤੈਹਾਂ ਨਹੀਂ ਚੜ੍ਹੀਆਂ ਹੁੰਦੀਆਂ। ਉਹ ਜੁਆਨ ਰਹਿਣ ਤੇ ਸਰੀਰ ਸਡੌਲ ਬਣਾਈ ਰੱਖਣ ਲਈ ਦੁੜੰਗੇ ਮਾਰਦੀਆਂ ਫਿਰਦੀਆਂ ਨੇ। 'ਕੋਈ ਕੀ ਕਹੇਗਾ' ਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਹੁੰਦੀ। ਇਹ ਵਾਧੂ ਦੀ ਟੀਕਾ ਟਿੱਪਣੀ ਤਾਂ ਸਾਡੇ ਲੋਕਾਂ ਦੀ ਹੀ ਸਹੇੜੀ ਹੋਈ ਹੈ।

ਅਮਰੀਕਾ-ਕੈਨੇਡਾ ਕਾਰਾਂ ਗੱਡੀਆਂ ਦੇ ਦੇਸ਼ ਹਨ। ਸੜਕਾਂ 'ਤੇ ਤਿੰਨ-ਤਿੰਨ ਚਾਰ-ਚਾਰ ਕਾਰਾਂ ਬਰਾਬਰ ਭੱਜੀਆਂ ਜਾਂਦੀਆਂ ਵੇਖੀਆਂ ਜਾ ਸਕਦੀਆਂ ਹਨ। ਪੈਦਲ ਤੁਰੇ ਜਾਂਦੇ ਬੰਦੇ ਦਾ ਏਨਾ ਸਤਿਕਾਰ ਹੈ ਕਿ ਜੇ ਉਹਨੇ ਸੜਕ ਪਾਰ ਕਰਨੀ ਹੋਵੇ ਤਾਂ ਕਾਰਾਂ ਰੁਕ ਜਾਂਦੀਆਂ ਹਨ ਤੇ ਪੈਦਲ ਬੰਦੇ ਨੂੰ ਸੜਕ ਪਾਰ ਕਰਨ ਲਈ ਪਹਿਲ ਦਿੱਤੀ ਜਾਂਦੀ ਹੈ। ਪਹਿਲਾਂ ਮੈਂ ਸੜਕ ਕੰਢੇ ਖੜ੍ਹ ਕੇ ਆਸੇ ਪਾਸੇ ਵੇਖਦਾ ਸੀ ਕਿ ਕਾਰਾਂ ਦਾ ਆਉਣ ਜਾਣ ਬੰਦ ਹੋਵੇ ਤਾਂ ਸੜਕ ਪਾਰ ਕਰਾਂ। ਦੇਸ਼ ਵਿਚ ਇਸੇ ਤਰ੍ਹਾਂ ਹੀ ਹੁੰਦਾ ਹੈ। ਪਰ ਅਮਰੀਕਾ-ਕੈਨੇਡਾ ਵਿਚ ਮੈਂ ਹੈਰਾਨ ਹੋਣਾ ਕਿ ਕਾਰਾਂ ਵਾਲਿਆਂ ਨੇ ਕਾਰਾਂ ਰੋਕ ਲੈਣੀਆਂ ਤੇ ਅਦਬ ਨਾਲ ਇਸ਼ਾਰਾ ਕਰਨਾ ਕਿ ਤੁਸੀਂ ਪਹਿਲਾਂ ਸੜਕ ਪਾਰ ਕਰ ਲਓ। ਫਿਰ ਪਤਾ ਲੱਗਾ ਕਿ ਇਹ ਕੋਈ ਅਹਿਸਾਨ ਨਹੀਂ ਸਗੋਂ ਉਥੋਂ ਦਾ ਟ੍ਰੈਫਿਕ ਨਿਯਮ ਹੈ ਕਿ ਸੜਕਾਂ ਉਤੇ ਪਹਿਲਾ ਹੱਕ ਪੈਦਲ ਯਾਤਰੀ ਦਾ ਹੈ।

ਬਹਾਨੇਬਾਜ਼, ਆਲਸੀ ਤੇ ਫੋਕੇ ਵੇਖ-ਵਿਖਾਵੇ ਵਾਲਿਆਂ ਨੂੰ ਨੇਕ ਸਲਾਹ ਹੈ ਕਿ ਉਹ ਭਲਕ ਤੋਂ ਹੀ ਥੋੜ੍ਹਾ ਬਹੁਤਾ ਤੁਰਨ ਦਾ ਪ੍ਰੋਗਰਾਮ ਬਣਾ ਲੈਣ। ਕਿਵੇਂ ਬਣੇਗਾ? ਇਹ ਵੀ ਭਲੀ ਪੁੱਛੀ। ਇਹ ਕੋਈ ਡੈਮ ਬਣਾਉਣ ਜਾਂ ਛਾਉਣੀ ਪਾਉਣ ਦਾ ਪ੍ਰਾਜੈਕਟ ਨਹੀਂ। ਮਾਮੂਲੀ ਉਦਮ ਨਾਲ ਪਹਿਲਾਂ ਨਾਲੋਂ ਕੁਝ ਸਮਾਂ ਪਹਿਲਾਂ ਬਿਸਤਰੇ ਤੋਂ ਉਠਿਆ ਜਾ ਸਕਦੈ। ਵਿਹੜਾ, ਬੀਹੀ, ਫਿਰਨੀ, ਸੜਕ, ਖੇਡ ਮੈਦਾਨ, ਪਾਰਕ, ਪਟੜੀ, ਪਹੇ ਤੇ ਡੰਡੀਆਂ ਕਿਤੇ ਵੀ ਤੁਰਿਆ ਜਾ ਸਕਦੈ। ਜੀਹਦੇ ਘਰ ਪੌੜੀਆਂ ਬਣੀਆਂ ਹੋਈਆਂ ਹਨ, ਉਨ੍ਹਾਂ ਉਤੇ ਵੀਹ ਤੀਹ ਵਾਰ ਚੜ੍ਹਿਆ-ਉਤਰਿਆ ਜਾ ਸਕਦੈ। ਕੇਵਲ ਛੱਤ ਹੋਵੇ ਤਾਂ ਛੱਤ ਉਤੇ ਹੀ ਅੱਧਾ ਘੰਟਾ ਚਹਿਲ ਕਦਮੀ ਕੀਤੀ ਜਾ ਸਕਦੀ ਹੈ। ਅਖਬਾਰ ਪੈ ਕੇ ਜਾਂ ਬਹਿ ਕੇ ਨਹੀਂ ਖੜ੍ਹ ਕੇ ਜਾਂ ਟਹਿਲਦੇ ਹੋਏ ਪੜ੍ਹ ਲੈਣਾ ਚਾਹੀਦੈ। ਸਬਜ਼ੀ ਭਾਜੀ ਤੁਰ ਕੇ ਲਿਆਂਦੀ ਜਾ ਸਕਦੀ ਹੈ। ਬੱਸ ਅੱਡੇ, ਦੁਕਾਨ ਤੇ ਦਫਤਰ ਤੁਰ ਕੇ ਜਾਇਆ ਜਾ ਸਕਦੈ। ਬਹਿ ਕੇ ਕੰਮ ਕਰਨ ਵਾਲੇ ਵਿਚੋਂ-ਵਿਚੋਂ ਉਠ ਵੀ ਖੜ੍ਹੇ ਹੋਣ ਤੇ ਸਰੀਰ ਦੇ ਸਾਰੇ ਅੰਗ ਹਿਲਾਉਣ ਦੀ ਥੋੜ੍ਹੀ ਜਿੰਨੀ ਕਸਰਤ ਕਰ ਲੈਣ। ਸੌ ਨਹੀਂ ਹਜ਼ਾਰ ਰਾਹ ਕੱਢਿਆ ਜਾ ਸਕਦੈ। ਬੱਸ ਤੁਰਨ ਤੇ ਕਸਰਤ ਕਰਨ ਦੀ ਤਮੰਨਾ ਹੋਣੀ ਚਾਹੀਦੀ ਹੈ। ਚਾਅ ਹੋਣਾ ਚਾਹੀਦੈ।

ਤੁਰਨ ਫਿਰਨ ਦੀ ਮਾੜੀ ਮੋਟੀ ਕਸਰਤ ਨਾਲ ਖਾਧਾ ਪੀਤਾ ਚੰਗੀ ਤਰ੍ਹਾਂ ਹਜ਼ਮ ਹੁੰਦਾ ਹੈ, ਭੱਸ ਡੱਕਾਰ ਨਹੀਂ ਆਉਂਦੇ, ਜੁੱਸਾ ਫਿੱਟ ਰਹਿੰਦਾ ਹੈ, ਤੇ ਛੇਤੀ ਕੀਤਿਆਂ ਨਿੱਕੀ ਮੋਟੀ ਬਿਮਾਰੀ ਨੇੜੇ ਨਹੀਂ ਆਉਂਦੀ। ਸਰੀਰਕ ਭਾਰ ਨੂੰ ਥਾਂ ਸਿਰ ਰੱਖਣ ਲਈ ਤਿੱਖੀਆਂ ਤੋਰਾਂ ਬੜੀਆਂ ਸਹਾਈ ਹੁੰਦੀਆਂ ਹਨ। ਦਵਾਈਆਂ ਦੀ ਨੀਂਦ ਨਾਲੋਂ ਲੰਮੀਆਂ ਤੋਰਾਂ ਦੀ ਨੀਂਦ ਕਿਤੇ ਵੱਧ ਸੁਖਦਾਈ ਹੁੰਦੀ ਹੈ।

ਮੈਂ ਇਹ ਤਾਂ ਨਹੀਂ ਕਹਿੰਦਾ ਕਿ ਪੈਰੀਂ ਤੁਰਨਾ ਸਾਰੀਆਂ ਬਿਮਾਰੀਆਂ ਦਾ ਹੱਲ ਹੈ। ਹਾਂ ਇਹ ਜ਼ਰੂਰ ਕਹਿੰਦਾ ਹਾਂ ਕਿ ਲੱਤਾਂ ਤੇ ਪੈਰ ਤੁਰਨ ਲਈ ਹਨ ਤੇ ਜਿਹੜਾ ਵੀ ਇਨ੍ਹਾਂ ਤੋਂ ਕੰਮ ਲੈਂਦਾ ਰਹੇਗਾ, ਉਹ



ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਿਆ ਰਹੇਗਾ। ਜਿਥੋਂ ਤਕ ਸੁਹੱਪਣ ਦੀ ਗੱਲ ਹੈ, ਸੋਹਣੇ ਸੁਡੌਲ ਜੁੱਸੇ ਪੈਰੀਂ ਤੁਰਨ ਤੇ ਕਸਰਤ ਕਰਨ ਵਾਲਿਆਂ ਦੇ ਹੀ ਹੁੰਦੇ ਹਨ। ਜਿਨ੍ਹਾਂ ਨੇ ਤੁਰਨ ਦੇ ਰਾਹ ਨਹੀਂ ਪੈਣਾ ਉਨ੍ਹਾਂ ਦਾ ਮਾਸ ਥਲਥਲ ਹੀ ਕਰਨਾ ਹੈ। ਮੁਟਾਪਾ ਆਉਣਾ ਹੈ। ਬਿਊਟੀ ਪਾਰਲਰ ਵਾਲੇ ਸਿਹਲੀਆਂ ਘੜ ਦੇਣਗੇ, ਨਹੁੰ ਪਾਲਸ਼ ਲਾ ਦੇਣਗੇ, ਕਰੀਮਾਂ ਮਲ ਕੇ ਰੰਗ ਗੋਰਾ ਕਰ ਦੇਣਗੇ ਪਰ ਸਰੀਰ ਦਾ ਸੁਹੱਪਣ ਤਦ ਹੀ ਨਿਖਰੇਗਾ ਜਦੋਂ ਜੁੱਸੇ ਨੂੰ ਛਾਂਟ ਕੇ ਸਡੌਲਤਾ ਵਿਚ ਢਾਲਿਆ ਗਿਆ। ਜੁੱਸੇ ਨੂੰ ਛਾਂਟਵਾਂ ਬਣਾਉਣ ਲਈ ਲੰਮੀਆਂ ਵਾਟਾਂ ਦੀ ਸੈਰ ਅਹਿਮ ਹੈ। ਸੈਰ ਕਰਨ 'ਤੇ ਕੁਝ ਵੀ ਨਹੀਂ ਲੱਗਦਾ ਜਦ ਕਿ 'ਬਿਊਟੀ' ਦੇ ਨਾਂ 'ਤੇ ਵਿਕਣ ਵਾਲੀਆਂ ਵਸਤਾਂ ਜੇਬਾਂ ਖਾਲੀ ਕਰ ਦਿੰਦੀਆਂ ਨੇ। ਸੁੰਦਰਤਾ ਮਹਿੰਗੇ ਕਪੜਿਆਂ, ਗਹਿਣਿਆਂ, ਫੈਸ਼ਨਾਂ ਤੇ ਰੰਗ-ਰੋਗਨਾਂ ਵਿਚ ਨਹੀਂ ਸਗੋਂ ਸਰੀਰ ਦੀ ਸਡੌਲਤਾ ਵਿਚ ਹੈ। ਸਡੌਲ ਬਦਨ ਉਤੇ ਪਹਿਨੀ ਸਾਦੀ ਪੁਸ਼ਾਕ ਵੀ ਸਿਲਮੇ ਸਤਾਰਿਆਂ ਵਾਲੇ ਸੂਟਾਂ ਨਾਲੋਂ ਵਧੇਰੇ ਜਚਦੀ ਹੈ।

ਬੰਦੇ ਦੇ ਸਰੀਰ ਵਿਚ ਏਨੀ ਸਮਰੱਥਾ ਹੈ ਕਿ ਉਹ ਦੋ ਚਾਰ ਕਿਲੋਮੀਟਰ ਨਹੀਂ ਸਗੋਂ ਸੈਂਕੜੇ ਹਜ਼ਾਰਾਂ ਕਿਲੋਮੀਟਰ ਤੁਰਦਾ ਰਹਿ ਸਕਦਾ ਹੈ। ਗੱਲ ਸਾਰੀ ਹਿੰਮਤ ਦੀ ਹੈ। ਸਾਡੇ ਵੱਡ-ਵਡੇਰੇ ਪੰਜਾਹ ਕੋਹਾਂ ਦਾ ਪੈਂਡਾ ਕੇਵਲ ਲੱਤਾਂ ਹਿਲਾਣ ਲਈ ਮਾਰਦੇ ਰਹੇ ਹਨ। ਦੂਰ ਨੇੜੇ ਦੀਆਂ ਰਿਸ਼ਤੇਦਾਰੀਆਂ ਵਿਚ ਉਹ ਤੁਰ ਕੇ ਜਾਂਦੇ ਸਨ। ਉਹ ਪਹੁ-ਫੁਟਾਲੇ ਤੁਰਦੇ ਤੇ ਲੰਮੀਆਂ ਮੰਜ਼ਿਲਾਂ ਮਾਰਨ ਪਿੱਛੋਂ ਵੀ ਥਕੇਵਾਂ ਉਨ੍ਹਾਂ ਦੇ ਨੇੜੇ ਨਾ ਆਉਂਦਾ। ਉਦੋਂ ਨਾ ਮੁਟਾਪੇ ਦੀ ਸਮੱਸਿਆ ਸੀ, ਨਾ ਸ਼ੂਗਰਾਂ ਦੀ ਤੇ ਨਾ ਬਲੱਡ ਪ੍ਰੈਸ਼ਰਾਂ ਦੀ। ਸਰੀਰਕ ਮਿਹਨਤ ਛੱਡਣੀ ਕੋਈ ਸਰਦਾਰੀ ਨਹੀਂ ਸਗੋਂ ਘੋਰ ਬਿਮਾਰੀ ਹੈ।

ਜਿਹੜੇ ਥੋੜ੍ਹਾ ਜਿਹਾ ਤੁਰਨ ਤੋਂ ਵੀ ਤ੍ਰਹਿੰਦੇ ਤੇ ਹਾਏ-ਹਾਏ ਕਰਦੇ ਹਨ, ਉਨ੍ਹਾਂ ਲਈ ਉਨ੍ਹਾਂ ਬੰਦਿਆਂ ਦੀਆਂ ਮਿਸਾਲਾਂ ਹਾਜ਼ਰ ਹਨ ਜਿਨ੍ਹਾਂ ਨੂੰ ਹੋਰਨਾਂ ਵਾਂਗ ਕੁਦਰਤ ਨੇ ਦੋ ਲੱਤਾਂ ਹੀ ਦਿੱਤੀਆਂ ਸਨ। ਫਰਾਂਸ ਦੇ ਗਿਲਬਰਟ ਰਾਜਨ ਨੇ 315 ਮੀਲ ਦੀ ਵਾਕ ਦੇ ਵਿਸ਼ਵ ਮੁਕਾਬਲੇ ਛੇ ਵਾਰ ਜਿੱਤੇ। ਉਹ ਅਭਿਆਸ ਵਜੋਂ ਕਿੰਨੇ ਮੀਲ ਵਗਿਆ ਉਹਦਾ ਕੋਈ ਹਿਸਾਬ ਕਿਤਾਬ ਨਹੀਂ ਰੱਖਿਆ ਜਾ ਸਕਿਆ। ਉਂਜ ਅਨੁਮਾਨ ਹੈ ਕਿ ਉਹ ਘੱਟੋਘੱਟ ਦੋ ਲੱਖ ਮੀਲ ਤਾਂ ਵਗਿਆ ਹੀ ਹੋਵੇਗਾ। ਵੈਸੇ 315 ਮੀਲ ਲੰਮੀ ਵਾਟ ਤੇਜ ਤੋਂ ਤੇਜ ਵਗਣ ਦਾ ਰਿਕਾਰਡ ਬੈਲਜੀਅਮ ਦੇ ਰਾਜਰ ਪਿਟਕੁਇਨ ਦਾ ਹੈ। ਉਸ ਨੇ ਇਹ ਦੂਰੀ 60 ਘੰਟੇ 1 ਮਿੰਟ 15 ਸਕਿੰਟ ਵਿਚ ਤੈਅ ਕੀਤੀ ਸੀ। ਇੰਜ ਉਸ ਦੀ ਵਗਣ ਰਫਤਾਰ ਸਵਾ ਪੰਜ ਮੀਲ ਪ੍ਰਤੀ ਘੰਟਾ ਪਈ।

ਚੌਵੀ ਘੰਟਿਆਂ ਵਿਚ ਵੱਧ ਤੋਂ ਵੱਧ ਵਗਣ ਦਾ ਦਾਅਵਾ ਬੇਸ਼ਕ ਕੈਨੇਡਾ ਦਾ ਜੈਸੀ ਕਾਸਟਾਨੇਡਾ ਕਰਦਾ ਰਿਹਾ ਪਰ ਪ੍ਰਮਾਣਿਕ ਰਿਕਾਰਡ ਬਰਤਾਨੀਆ ਦੇ ਹਿਊ ਨੈਲਸਨ ਦਾ ਹੈ। ਜੈਸੀ ਦਾ ਕਹਿਣਾ ਹੈ ਕਿ ਉਹ ਨਿਊ ਮੈਕਸੀਕੋ ਦੇ ਇਕ ਮੇਲੇ ਵਿਚ 24 ਘੰਟਿਆਂ 'ਚ 142 ਮੀਲ 448 ਗਜ਼ ਵਗਿਆ। ਔਰਤਾਂ ਦਾ ਇਹ ਰਿਕਾਰਡ ਬਰਤਾਨੀਆ ਦੀ ਐਨ ਸਾਬੇਰ ਦਾ ਹੈ। ਉਸ ਨੇ 24 ਘੰਟੇ 'ਚ 118.5 ਮੀਲ ਪੰਧ ਤੈਅ ਕੀਤਾ।

ਫਰਾਂਸ ਦੇ ਵਗਣ ਵਾਲਿਆਂ ਦੀ ਇਕ ਕਲੱਬ ਨੇ ਪਹਿਲੀ ਅਪਰੈਲ 1910 ਨੂੰ 62137 ਮੀਲ ਯਾਨਿ ਇਕ ਲੱਖ ਕਿਲੋਮੀਟਰ ਵਗਣ ਦਾ ਮੁਕਾਬਲਾ ਅਰੰਭਿਆ। ਇਹ ਕਿਸੇ ਦਾ 'ਐਪਰਲ ਫੂਲ' ਬਣਾਉਣ ਵਾਲਾ ਮਖੌਲ ਨਹੀਂ ਸੀ। ਉਸ ਮੁਕਾਬਲੇ ਵਿਚ ਦੋ ਸੌ ਦੌੜਾਕ ਦੌੜੇ ਤੇ ਰੁਮਾਨੀਆ ਦਾ ਦਮਿਤਰੀ ਡਾਨ ਪ੍ਰਥਮ ਆਇਆ।

ਖੈਰ, ਅਜਿਹੇ ਮਾਅਰਕੇ ਮਾਰਨ ਵਾਲਿਆਂ ਦਾ ਕੋਈ ਅੰਤ ਨਹੀਂ। ਆਪਾਂ ਤਾਂ ਏਨਾ ਹੀ ਉਦਮ ਕਰ ਲਈਏ ਕਿ ਮੀਂਹ ਆਵੇ, ਨ੍ਹੇਰੀ ਜਾਵੇ, ਪੰਜ ਸੱਤ ਕਿਲੋਮੀਟਰ ਤੁਰਨਾ ਹੀ ਤੁਰਨਾ ਹੈ। ਤੇ ਏਨਾ ਕੁ ਲੱਖ ਰੁਝੇਵਿਆਂ ਦੇ ਬਾਵਜੂਦ ਤੁਰਿਆ ਜਾ ਸਕਦੈ। ਬੰਦਾ ਮਨ 'ਚ ਧਾਰ ਲਵੇ ਕਿ ਬਿਨਾ ਖਾਸ ਕਾਰਨ ਦੇ ਐਵੇਂ ਹੀ ਕਾਰਾਂ, ਮੋਟਰ ਸਾਈਕਲਾਂ, ਰਿਕਸ਼ਿਆਂ-ਟੈਂਪੂਆਂ ਤੇ ਬੱਸਾਂ-ਗੱਡੀਆਂ 'ਤੇ ਚੜ੍ਹੀ ਜਾਣਾ ਗੁਨਾਹ ਹੈ, ਖੱਜਲ ਖੁਆਰੀ ਹੈ ਤੇ ਆਪ ਸਹੇੜੀ ਬਿਮਾਰੀ। ਮਨ 'ਚੋਂ ਕੱਢ ਦੇਈਏ ਕਿ ਲੋਕ ਕੀ ਆਖਦੇ ਹਨ? ਤੁਰਨਾ ਤੇ ਆਪਣੇ ਪੈਰੀਂ ਤੁਰਨਾ ਕੋਈ ਐਬ ਨਹੀਂ ਤੇ ਨਾ ਕੋਈ ਚੋਰੀ ਯਾਰੀ ਹੈ। ਫਿਰ ਤੁਰਦਿਆਂ ਨੂੰ ਕਾਹਦਾ ਮਿਹਣਾ?

ਜਿਹੜੇ ਟੋਲੀਆਂ ਬਣਾ ਕੇ ਤੁਰ ਸਕਦੇ ਹਨ, ਰਲ ਕੇ ਸੈਰਾਂ ਕਰ ਸਕਦੇ ਹਨ, ਪ੍ਰੇਮੀ ਤੁਰਦੇ ਹੋਏ ਪਿਆਰੀਆਂ ਗੱਲਾਂ ਕਰ ਸਕਦੇ ਹਨ-ਉਨ੍ਹਾਂ ਦਾ ਬਹਿਸ਼ਤ ਇਥੇ ਹੀ ਹੈ। ਬੁੱਢੇ-ਬੁੱਢੀਆਂ ਤੁਰਨ ਤਾਂ ਉਨ੍ਹਾਂ ਨੂੰ ਮੁੜ ਕੇ ਜੁਆਨੀ ਚੜ੍ਹ ਸਕਦੀ ਹੈ। ਇਕੱਲ ਵਿਚ ਤੁਰਦਿਆਂ ਕਲਪਨਾ ਦੇ ਉਹ ਹੁਲਾਰੇ ਲਏ ਜਾ ਸਕਦੇ ਹਨ ਜਿਹੜੇ ਸਿਰਫ ਕਵੀਆਂ ਦੀ ਅਮਾਨਤ ਸਮਝੇ ਗਏ ਹਨ। ਕੋਈ ਤੁਰ ਕੇ ਤਾਂ ਵੇਖੇ। ਵੇਖੇ ਕਿ ਪੈਰੀਂ ਤੁਰਨ ਦਾ ਕਿਹੋ ਜਿਹਾ ਨਸ਼ਾ ਹੈ, ਕਿਹੋ ਜਿਹਾ ਅਨੰਦ ਹੈ!

## ਸ਼ਾਇਰੀ

### ਜਾ ਕੇ ਵਿਚ ਕੈਨੇਡਾ ਦੇ

ਨੈਣਾਂ ਵਿਚੋਂ ਨੀਰ ਵਹਾਉਨੀ ਆਂ,
ਮੈਂ ਕੂੰਜ ਵਾਂਗ ਕੁਰਲਾਉਨੀ ਆਂ,
ਚੇਤੇ ਕਰ ਬੀਤੇ ਵੇਲੇ ਨੂੰ,
ਮੈਂ ਹੁਣ ਬੈਠੀ ਪਛਤਾਉਨੀ ਆਂ।
ਤੂੰ ਲਵ ਮੈਰਿਜ ਕਰਵਾ ਕੇ ਵੇ,
ਹਾਏ ਯਾਰਾ ਨਿਕਲ ਗੱਦਾਰ ਗਿਆ।
ਜਾ ਕੇ ਵਿਚ ਕੈਨੇਡਾ ਦੇ,
ਤੂੰ ਸਾਨੂੰ ਮਨੋਂ ਵਿਸਾਰ ਗਿਐਂ।
ਚੇਤੇ ਕਰ-ਕਰ ਰੋਨੀ ਆਂ,
ਜਦ 'ਕੱਠੇ ਕਾਲਜ ਪੜ੍ਹਦੇ ਸੀ।
ਲੋਕਾਂ ਦੀਆਂ ਗੱਲਾਂ ਸੁਣ-ਸੁਣ ਕੇ,
ਭੋਰਾ ਪਰਵਾਹ ਨਾ ਕਰਦੇ ਸੀ।
ਫਿਰ ਕਲੀਆਂ ਤੋਂ ਫੁੱਲ ਬਣ ਗਿਆ ਸੀ,
ਇਹ ਸਾਡਾ ਸੋਹਲ ਪਿਆਰ ਜਿਹਾ...।

ਛੱਡ ਕੇ ਪਰਵਾਹ ਇਸ ਦੁਨੀਆਂ ਦੀ,
ਆਪਾਂ ਨਵਾਂ ਜਹਾਨ ਵਸਾ ਲਿਆ ਸੀ।
ਕੋਰਟ ਦੇ ਵਿਚ ਜਾ ਕੇ,
ਆਪਾਂ ਲਵ ਮੈਰਿਜ ਕਰਵਾ ਲਿਆ ਸੀ।
ਆਪਾਂ ਪਿਆਰ ਦੀ ਬਾਜ਼ੀ ਜਿੱਤ ਗਏ ਸੀ,
ਇਹ ਹਾਰ ਭੈੜਾ ਸੰਸਾਰ ਗਿਆ...।

ਪਾਸਪੋਰਟ ਬਣਵਾ ਕੇ ਤੂੰ,
ਜਾ ਬੈਠਾ ਵਿਚ ਕੈਨੇਡਾ ਦੇ।
ਨਾ ਜਾ ਕੇ ਕੀਤੀ ਕਾਲ ਕੋਈ,
ਸਾਨੂੰ ਛੱਡ ਗਿਆ ਵਿਚ ਦਰੇਗਾਂ ਦੇ।
ਮੈਂ ਸੁਣਿਆ ਵਿਚ ਕੈਨੇਡਾ ਦੇ,
ਤੂੰ ਨਵਾਂ ਵਸਾ ਸੰਸਾਰ ਲਿਆ...।

ਮੈਂ ਤਾਂ ਸੀ ਕੁੜੀ ਗਰੀਬਾਂ ਦੀ,
ਪਰ ਤੂੰ ਸੀ ਪੁੱਤ ਸਰਦਾਰਾਂ ਦਾ।
ਤੂੰ ਕੀ ਜਾਣੇ ਬੇਕਦਰਾ,
ਇਹ ਮਹਿੰਗਾ ਵਣਜ ਪਿਆਰਾਂ ਦਾ।
ਪੈਸੇ ਵਾਲੀ ਤੱਕੜੀ ਵਿਚ,
ਹਾਏ ਤੂੰ ਤੋਲ ਪਿਆਰ ਗਿਆ...।

ਹੁਣ ਸਖੀਆਂ ਮਿਹਣੇ ਮਾਰਦੀਆਂ,
ਤੇ ਮੇਰਾ ਸੀਨਾ ਸਾੜਨ ਵੇ।
ਪੰਮੇ ਜੱਟਪੁਰੇ ਵਾਲੇ ਵਰਗੇ,
ਬਹਿ ਕੇ ਗੱਲ ਵਿਚਾਰਨ ਵੇ।
'ਮਾਹੀ ਲੰਮਿਆ ਵਾਲਾ' ਵੀ,
ਹੁਣ ਮੇਰਾ ਬਣ ਦਿਲਦਾਰ ਗਿਆ...।

*-ਚਰਨ ਸਿੰਘ ਮਾਹੀ, ਪਿੰਡ ਲੰਮਾ*
*ਫੋਨ: +91-99143-64728*

---

### ਹਾਰਾਂ ਅਤੇ ਜਿੱਤਾਂ

ਕਿੱਥੇ ਜੰਮੇ ਸਾਂ
ਕਿਵੇਂ ਬਚਪਨ ਗੁਜਰਿਆ।
ਕਰ ਮਸੀਬਤਾਂ ਨਾਲ ਟਾਕਰਾ
ਭੁੱਖੇ ਢਿੱਡ ਵਕਤ ਗੁਜ਼ਾਰਿਆ।
ਪੜ੍ਹਨਾ ਦੀਵਿਆਂ ਦੀ ਰੋਸ਼ਨੀ 'ਚ
ਪਰ ਕੁਝ ਸੰਜਮ ਰੱਖ ਕੇ
ਕਿਤੇ ਤੇਲ ਮੁੱਕ
ਲਾਟ ਨਾ ਝੁਲਸ ਜਾਵੇ।
ਹਨੇਰਾ ਘੁੱਪ ਜੇ ਹੋ ਗਿਆ
ਖੜਕੇ ਕੁੰਡਾ ਜੇ ਦਰ 'ਤੇ
ਨਹੀਂ ਭਾਪ ਸਕਦਾ ਕੌਣ ਹੈ ਆਇਆ।
ਕਰ ਮੁਕਾਬਲਾ ਹਕੀਕਤਾਂ ਨਾਲ
ਰੱਖ ਫਾਕੇ ਕਰ ਵਿਦਿਆ ਪੜ੍ਹਾਈ
ਥੋੜ੍ਹੀ ਸੋਚ ਹੋਰ ਕਾਰਗਰ ਹੋਈ।
ਕਿੰਜ ਕਰਨੀ ਬੰਦਖਲਾਸੀ
ਸਮਝ ਥੋੜ੍ਹੀ ਕੰਨੀ ਪਈ।
ਚੜ੍ਹਦੀ ਅਤੇ ਉਤਰਦੀ
ਲਹਿਰ ਅਨੁਭਵ ਹੋਇਆ।
ਘੱਤ ਵਹੀਰਾਂ ਦੇਸ਼ਾਂ ਵਿਚ
ਜਿਸ ਦਾ ਕਦੇ ਨਹੀਂ ਸੁਪਨਾ।
ਪਾਰ ਕਰ ਸਭ ਹੱਦਾਂ ਬੰਨੇ
ਕਿਥੋਂ ਸ਼ੁਰੂ ਕੀਤਾ ਸਫਰ 'ਬਾਈ ਰੋਡੇ' ਦਾ
ਕਿਤੇ ਪੁੱਜ ਗਏ
ਨਹੀਂ ਸੀ ਕਲਪਨਾ ਕੋਈ।
ਹਵਾਈ ਜਹਾਜ਼, ਗੱਡੀਆਂ
ਤੁਰ ਪੈਦਲ, ਬੈਠ ਬੇੜੀਆਂ 'ਚ
ਪਾਰ ਕਰ ਅਟਲਾਂਟਿਕ ਸਾਗਰ
ਆਖਿਰ ਦਸਤਕ ਕਿਤੇ
ਨਵੇਂ ਜਹਾਨ ਲੈ ਆਈ।
ਖਾ ਠੋਕਰਾਂ ਮਾਰ ਠਿੱਬੀਆਂ
ਅੰਤ ਮੰਜ਼ਿਲ
ਤੱਟ ਸਾਗਰ ਦੇ ਲੈ ਆਈ।
ਨਾ ਹੋਵੇ ਹੱਦਾਂ ਬੰਨੇ ਜੇ
ਜਿਥੇ ਚਾਹੇ ਜਾ ਆਵੇ।
ਅੱਗੇ ਨਹੀਂ ਭਾਸਦਾ ਕੁਝ
ਕਿਥੇ ਛੱਲ ਜਾਵੇ ਲੈ।
ਘੋਲ ਹੈ ਰਾਹ ਜ਼ਿੰਦਗੀ ਦਾ
ਜਿਥੇ ਹਾਰਾਂ ਅਤੇ ਜਿੱਤਾਂ।

*-ਦਰਸ਼ਨਪਾਲ ਦੋਸਾਂਝ*

---


### ਕੱਖ

ਜ਼ਮਾਨਾ ਵੀ ਉਹਦੇ ਪੱਖ ਹੋਇਆ।
ਉਹ ਜਦੋਂ ਦਾ ਸਾਥੋਂ ਵੱਖ ਹੋਇਆ।
ਕੋਈ ਸ਼ਿਕਵਾ ਨਹੀਂ ਸਾਨੂੰ ਨਾਲ ਉਹਦੇ,
ਉਹਨੂੰ ਹਰ ਗੱਲ 'ਤੇ ਹੀ ਸ਼ੱਕ ਹੋਇਆ।
ਬੇਦਖਲ ਕਰਕੇ ਕੀਤਾ ਬਦਨਾਮ ਸਾਨੂੰ,
ਉਹਦਾ ਹਰ ਚੀਜ਼ 'ਤੇ ਹੀ ਹੱਕ ਹੋਇਆ।
ਜ਼ਹਿਰ ਨਾਲੋਂ ਵੀ ਜ਼ਹਿਰੀਲੇ ਹੋਏ ਹਾਂ,
ਉਹ ਫੁੱਲਾਂ ਤੋਂ ਜਦੋਂ ਦਾ ਸੱਪ ਹੋਇਆ।
ਮਹਿਲ ਮੁਨਾਰੇ ਵੀ ਉਹਦੇ ਨਾਂ ਹੋਏ,
ਭੱਟੀ ਲੱਖਾਂ ਤੋਂ ਲੋਕੋ ਕੱਖ ਹੋਇਆ।

*-ਸਵਿੰਦਰ ਸਿੰਘ ਭੱਟੀ*
*ਫੋਨ: 91-98729-89193*

# ਐਸ.ਵਾਈ.ਐਲ.-2 ਦਾ ਰਾਹ ਫੜਨ 'ਚ ਕੀ ਹਰਜ !

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

ਸ਼ਬਦਾਂ ਦੀ ਚੋਣ ਕਰਦਿਆਂ ਅੱਜ-ਕੱਲ੍ਹ ਕਿਸੇ ਬੰਦੇ ਨੂੰ ਇਸ ਲਈ 'ਸਿਆਣਾ' ਕਹਿਣ ਤੋਂ ਝਿਜਕ ਹੁੰਦੀ ਹੈ ਕਿ ਪੰਜਾਬ ਦੇ ਦੋਆਬਾ ਖੇਤਰ ਵਿਚ 'ਸਿਆਣਾ' ਕਹਿਣ ਦਾ ਅਰਥ ਅਗਲੇ ਨੂੰ 'ਬੁੱਢਾ' ਕਹਿਣਾ ਸਮਝਿਆ ਜਾਂਦਾ ਹੈ। ਕੁਝ ਹੋਰ ਖੇਤਰਾਂ ਵਿਚ ਕਿਸੇ ਨੂੰ 'ਸਿਆਣਾ' ਕਹਿਣ ਦਾ ਭਾਵ ਹੈ ਕਿ ਉਹ 'ਉਪਰੀ ਸ਼ੈਅ' ਸਮਝੇ ਜਾਂਦੇ ਵਹਿਮਾਂ ਵਿਚ ਫਸੇ ਹੋਏ ਲੋਕਾਂ ਦਾ 'ਇਲਾਜ' ਕਰਨ ਵਾਲਾ ਹੋ ਸਕਦਾ ਹੈ। ਇਸ ਲਈ ਅਸੀਂ ਇਹ ਸ਼ਬਦ ਵਰਤਣ ਦੀ ਬਜਾਏ ਇਸ ਮੌਕੇ ਆਪਣੀ ਗੱਲ ਕਹਿਣ ਲਈ 'ਅਕਲਮੰਦ' ਸ਼ਬਦ ਵਰਤਣ ਦੀ ਲੋੜ ਸਮਝੀ ਹੈ, ਪਰ ਇਸ ਦਾ ਇਹ ਅਰਥ ਨਹੀਂ ਕਿ ਜਿਨ੍ਹਾਂ ਨੂੰ ਅਸੀਂ 'ਅਕਲਮੰਦ' ਕਹਿ ਦਿੱਤਾ, ਉਹ ਲੋਕ 'ਅਕਲਮੰਦ' ਵੀ ਹੋਣਗੇ!

ਕਾਰਨ ਇਹ ਹੈ ਕਿ ਪਿਛਲੇ ਕੁਝ ਸਮੇਂ ਤੋਂ ਅਸੀਂ ਕੁਝ ਇਸ ਤਰ੍ਹਾਂ ਦੇ ਲੋਕਾਂ ਨਾਲ ਪੰਜਾਬ ਤੇ ਹਰਿਆਣੇ ਦੀ ਪਾਣੀਆਂ ਦੀ ਲੜਾਈ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਉਨ੍ਹਾਂ ਵਿਚੋਂ ਥੋੜ੍ਹੇ ਹਨ, ਜਿਨ੍ਹਾਂ ਨੇ ਸੋਚਣ ਦੀ ਲੋੜ ਸਮਝੀ ਹੈ, ਬਹੁਤੇ ਸੁਣ ਕੇ ਹੱਸ ਛੱਡਦੇ ਹਨ। ਉਹ ਦੋਵਾਂ ਰਾਜਾਂ ਵਿਚ ਸਾਰੇ ਝੇੜੇ ਦੀ ਜੜ੍ਹ 'ਐਸ.ਵਾਈ.ਐਲ. ਨਹਿਰ' ਨੂੰ ਮੰਨ ਕੇ ਚੱਲਦੇ ਹਨ ਤੇ ਇਸ ਨੂੰ ਬਣਾਉਣ ਜਾਂ ਰੋਕਣ ਦੇ ਪੱਖ ਵਿਚ ਡਟੇ ਖੜੇ ਹਨ। ਅਸੀਂ ਉਨ੍ਹਾਂ ਨੂੰ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ 'ਐਸ.ਵਾਈ.ਐਲ.' ਵਾਲਾ ਰੱਟਾ ਮੁਕਾਉਣ ਦੇ ਲਈ 'ਐਸ.ਵਾਈ.ਐਲ.-2' ਦਾ ਫਾਰਮੂਲਾ ਵਰਤਿਆ ਜਾ ਸਕਦਾ ਹੈ। ਝਗੜੇ ਵਾਲੇ 'ਐਸ.ਵਾਈ.ਐਲ.' ਦਾ ਭਾਵ 'ਸਤਲੁਜ ਯਮਨਾ ਲਿੰਕ ਨਹਿਰ' ਹੈ ਅਤੇ ਇਸ ਮਾਮਲੇ ਨੂੰ ਮੁਕਾਉਣ ਲਈ 'ਐਸ.ਵਾਈ.ਐਲ.-2' ਦਾ ਅਰਥ 'ਸ਼ਾਰਦਾ ਯਮਨਾ ਲਿੰਕ' ਨਹਿਰ ਹੈ, ਜਿਹੜੀ ਬਣ ਜਾਵੇ ਤਾਂ ਸਤਲੁਜ ਯਮਨਾ ਲਿੰਕ ਨਹਿਰ ਦੀ ਸ਼ਾਇਦ ਲੋੜ ਹੀ ਨਹੀਂ ਰਹਿਣੀ। ਉਹ ਸੁਣਨਾ ਵੀ ਨਹੀਂ ਚਾਹੁੰਦੇ।

ਉਤਰਾ ਖੰਡ ਦੇ ਪਿਥੌਰਾਗੜ੍ਹ ਜ਼ਿਲ੍ਹੇ ਤੋਂ ਭਾਰਤ ਵਿਚ ਦਾਖਲ ਹੋਈ ਕਾਲੀ ਨਦੀ ਜਦੋਂ ਪੰਚੇਸ਼ਵਰ ਅਤੇ ਕਾਲੀ ਕੁਮਾਊਂ ਲੰਘ ਕੇ ਉਤਰ ਪ੍ਰਦੇਸ਼ ਵਿਚ ਦਾਖਲ ਹੁੰਦੀ ਹੈ ਤਾਂ ਇਸ ਦਾ ਨਾਂ ਬਦਲ ਜਾਂਦਾ ਤੇ ਇਹ 'ਸ਼ਾਰਦਾ ਨਦੀ' ਦੇ ਨਾਂ ਨਾਲ ਜਾਣੀ ਜਾਣ ਲੱਗਦੀ ਹੈ। ਇਸ ਨਦੀ ਨੂੰ ਯਮਨਾ ਨਦੀ ਦੇ ਨਾਲ ਜੋੜਨ ਦਾ ਇੱਕ ਬੜਾ ਅਹਿਮ ਪ੍ਰਾਜੈਕਟ ਸਾਰੀਆਂ ਵਿਚਾਰਾਂ ਦੀਆਂ ਪੌੜੀਆਂ ਚੜ੍ਹ ਕੇ ਕਈ ਸਾਲਾਂ ਤੋਂ ਅਟਕਿਆ ਪਿਆ ਹੈ।

ਰਾਜਨੀਤੀ ਨਾਲ ਜੋੜ ਕੇ ਹਰ ਸਮੱਸਿਆ ਨੂੰ ਸਮਝਣ ਦੇ ਯਤਨ ਕਰਨ ਵਾਲੇ ਅਸੀਂ ਲੋਕ ਇਸ ਦੇਸ਼ ਦੇ ਪਾਣੀ ਦੇ ਸਾਰੇ ਸੋਮਿਆਂ ਨੂੰ ਜੋੜਨ ਦਾ ਇਤਿਹਾਸ ਸਿਰਫ ਉਦੋਂ ਤੋਂ ਮੰਨ ਲੈਂਦੇ ਹਾਂ, ਜਦੋਂ ਪ੍ਰਧਾਨ ਮੰਤਰੀ ਵਾਜਪਾਈ ਨੇ ਭਾਰਤ ਦੇ ਸਭ ਦਰਿਆਵਾਂ ਨੂੰ ਆਪੋ ਵਿਚ ਜੋੜਨ ਦੀ ਸੋਚ ਦਾ ਪ੍ਰਚਾਰ ਕੀਤਾ ਸੀ। ਅਸਲ ਵਿਚ ਇਹ ਡੇਢ ਸਦੀ ਪਹਿਲਾਂ ਇੱਕ ਅੰਗਰੇਜ਼ ਇੰਜੀਨੀਅਰ ਆਰਥਰ ਕਾਟਨ ਤੋਂ ਸ਼ੁਰੂ ਹੁੰਦਾ ਹੈ, ਜਿਸ ਨੇ ਇਹ ਸੋਚ ਪੇਸ਼ ਕੀਤੀ ਸੀ ਕਿ ਭਾਰਤ ਦੇਸ਼ ਦੀ ਦਰਿਆਈ ਦੌਲਤ ਨੂੰ ਆਪਸ ਵਿਚ ਜੋੜ ਕੇ ਵਰਤਿਆ ਜਾਵੇ ਤਾਂ ਇਸ ਦੇ ਬਹੁਤ ਲਾਭ ਹੋਣਗੇ। ਐਮਰਜੈਂਸੀ ਦੀ ਸੱਟ ਖਾਣ ਪਿੱਛੋਂ ਮੁੜ ਕੇ ਹਾਕਮ ਬਣੀ ਇੰਦਰਾ ਗਾਂਧੀ ਨੇ ਵੀ ਦਰਿਆਵਾਂ ਨੂੰ ਆਪਸ ਵਿਚ ਜੋੜਨ ਦੀ ਸੋਚ ਲਈ ਸਰਵੇਖਣ ਅਰੰਭਿਆ ਸੀ ਜੋ ਬਾਅਦ ਵਿਚ ਠੱਪ ਹੋ ਗਿਆ। ਕਾਰਗਿਲ ਦੀ ਜੰਗ ਭੁਗਤਣ ਪਿੱਛੋਂ ਜਦੋਂ ਵਾਜਪਾਈ ਨੇ ਅਗਲੀ ਵਾਰੀ ਰਾਜ ਸਾਂਭਿਆ ਤਾਂ ਇਸ ਸੋਚ ਨੂੰ ਅੱਗੇ ਵਧਾਇਆ। ਉਦੋਂ ਕਈ ਇਸ ਤਰ੍ਹਾਂ ਦੇ ਪ੍ਰਾਜੈਕਟ ਇਕੱਠੇ ਪਾਸ ਕੀਤੇ ਗਏ ਸਨ, ਜਿਨ੍ਹਾਂ ਵਿਚੋਂ ਕੁਝ ਉਤੇ ਕੰਮ ਕੀਤਾ ਗਿਆ ਤੇ ਕੁਝ ਰੋਕ ਦਿੱਤੇ ਗਏ। ਪੰਜਾਬ ਤੇ ਹਰਿਆਣਾ ਦੇ ਨਾਲ ਦਿੱਲੀ ਸ਼ਹਿਰ ਦੇ ਭਲੇ ਵਾਲਾ 'ਸ਼ਾਰਦਾ ਯਮਨਾ ਪ੍ਰਾਜੈਕਟ' ਵੀ ਰੁਕ ਗਿਆ ਸੀ ਤੇ ਫਿਰ ਕਦੇ ਇਸ ਬਾਰੇ ਗੱਲ ਹੀ ਨਹੀਂ ਚਲਾਈ ਗਈ। ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਬਣ ਕੇ ਪਹਿਲੇ ਮਹੀਨੇ ਕਹਿ ਦਿੱਤਾ ਕਿ ਦਰਿਆਈ ਪਾਣੀਆਂ ਨੂੰ ਇੱਕ ਦੂਸਰੇ ਨਾਲ ਜੋੜਨ ਦੇ ਤੀਹ ਤੋਂ ਵੱਧ ਪ੍ਰਾਜੈਕਟ ਸਿਰੇ ਚਾੜ੍ਹਨ ਵਾਲੇ ਹਨ ਅਤੇ ਇਹ ਸ਼ਾਰਦਾ ਯਮਨਾ ਪ੍ਰਾਜੈਕਟ ਉਨ੍ਹਾਂ ਵਿਚ ਸ਼ਾਮਲ ਸੀ। ਸਿਰਫ ਛੇ ਮਹੀਨੇ ਬਾਅਦ ਟ੍ਰਿਬਿਊਨ ਅਖਬਾਰ ਨਾਲ ਗੱਲਬਾਤ ਵਿਚ ਕੇਂਦਰੀ ਮੰਤਰੀ ਉਮਾ ਭਾਰਤੀ ਨੇ ਇਸ ਪ੍ਰਾਜੈਕਟ ਦੀ ਗੱਲ ਛੋਹੀ, ਪਰ ਛੋਹ ਕੇ ਛੱਡ ਦਿੱਤੀ, ਅੱਗੇ ਨਹੀਂ ਸੀ ਵਧਾਈ।

ਵਾਜਪਾਈ ਸਰਕਾਰ ਵੇਲੇ ਜਦੋਂ ਸਾਰੇ ਦਰਿਆਵਾਂ ਨੂੰ ਜੋੜਨ ਦੀ ਗੱਲ ਚੱਲੀ, ਅਸੀਂ ਪੰਜਾਬ ਵਿਚ ਉਸ ਦੇ ਇੱਕ ਜਲਸੇ ਨੂੰ ਗੰਭੀਰ ਵਿਚਾਰ ਦਾ ਮੁੱਦਾ ਬਣਾਇਆ ਸੀ। ਉਸੇ ਮੰਚ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਇਹ ਕਿਹਾ ਕਿ ਪੰਜਾਬ ਦੇ ਪਾਣੀਆਂ ਵਿਚੋਂ ਕਿਸੇ ਹੋਰ ਲਈ ਇੱਕ ਬੂੰਦ ਨਹੀਂ ਦਿੱਤੀ ਜਾ ਸਕਦੀ ਤੇ ਉਸੇ ਮੰਚ ਤੋਂ ਇਹ ਗੱਲ ਪ੍ਰਧਾਨ ਮੰਤਰੀ ਵਾਜਪਾਈ ਨੇ ਬਾਦਲ ਦੇ ਬਾਅਦ ਆਖੀ ਕਿ ਅਸੀਂ ਸਾਰੇ ਦਰਿਆ ਸੁਰੰਗਾਂ ਨਾਲ ਜੋੜ ਦੇਣੇ ਹਨ। ਬਾਦਲ ਸਾਹਿਬ ਟੋਕ ਨਹੀਂ ਸੀ ਸਕੇ। ਉਦੋਂ ਅਸੀਂ ਇਹ ਕਿਹਾ ਸੀ ਕਿ ਸਾਰੇ ਦਰਿਆਵਾਂ ਨੂੰ ਜੋੜਨ ਦੀ ਨੀਤੀ ਪੰਜਾਬ ਨੂੰ ਘਾਟੇਵੰਦੀ ਹੋ ਸਕਦੀ ਹੈ, ਇਸ ਵਿਚ ਭਾਈਵਾਲੀ ਕਰਨ ਤੋਂ ਬਚਣਾ ਚਾਹੀਦਾ ਹੈ। ਇਸ ਨਾਲ ਪੰਜਾਬ ਦਾ ਪਾਣੀ ਨੀਵੇਂ ਰਾਜਾਂ ਵੱਲ ਜਾ ਸਕਦਾ ਹੈ, ਨੀਵੇਂ ਰਾਜਾਂ ਦਾ ਪਾਣੀ ਏਧਰ ਨਹੀਂ ਆ ਸਕਣਾ, ਪਰ ਨਾਲ ਇਹ ਗੱਲ ਵੀ ਅਸਾਂ ਕਹੀ ਸੀ ਕਿ ਬਾਕੀ ਦੇਸ਼ ਵਿਚ ਕਈ ਥਾਂ ਇਹ ਲਾਹੇਵੰਦਾ ਰਹਿ ਸਕਦਾ ਹੈ। ਸਾਡੀ ਰਾਏ ਵਿਚ ਜਦੋਂ ਇਸੇ ਸੋਚ ਹੇਠ ਸ਼ਾਰਦਾ ਯਮਨਾ ਲਿੰਕ ਸਿਰੇ ਚਾੜ੍ਹਿਆ ਜਾਂਦਾ ਤਾਂ ਇਸ ਦਾ ਪਾਣੀ ਪੰਜਾਬ ਨੂੰ ਨਹੀਂ ਸੀ ਮਿਲਣਾ, ਪਰ ਦਿੱਲੀ ਅਤੇ ਉਸ ਤੋਂ ਹੇਠਾਂ ਦੇ ਇਲਾਕਿਆਂ ਨੂੰ ਇਸ ਦਾ ਪਾਣੀ ਏਨਾ ਮਿਲ ਜਾਣਾ ਸੀ ਕਿ ਉਸ ਦੇ ਬਦਲੇ ਵਿਚ ਵਾਧੂ ਪਾਣੀ ਵਿਚੋਂ ਹਰਿਆਣੇ ਨੂੰ ਹੋਰ ਸੋਮਿਆਂ ਦਾ ਪਾਣੀ ਦੇ ਕੇ ਘਰ ਪੂਰਾ ਕਰਨ ਦਾ ਪ੍ਰਬੰਧ ਹੋ ਜਾਣਾ ਸੀ। ਫਿਰ ਪੰਜਾਬ ਨਾਲ ਸਤਲੁਜ ਯਮਨਾ ਲਿੰਕ ਨਹਿਰ ਦਾ ਰੇੜਕਾ ਜਾਰੀ ਰਹਿਣ ਦਾ ਕੋਈ ਕਾਰਨ ਹੀ ਨਹੀਂ ਸੀ ਬਚਣਾ।

ਜਿਹੜਾ ਪ੍ਰਾਜੈਕਟ ਅਟਲ ਬਿਹਾਰੀ ਵਾਜਪਾਈ ਦੀ ਤੀਸਰੀ ਸਰਕਾਰ ਦੇ ਪਹਿਲੇ ਸਾਲ ਵਿਚ ਬਹੁਤ ਗੰਭੀਰਤਾ ਨਾਲ ਵਿਚਾਰਨ ਦੇ ਬਾਅਦ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ ਸੀ, ਉਸ ਨਾਲ ਸ਼ਾਰਦਾ ਨਦੀ ਨੂੰ ਜਦੋਂ ਦਿੱਲੀ ਤੋਂ ਉਤਰੀ ਪਾਸੇ ਵੱਲ ਯਮਨਾ ਨਦੀ ਨਾਲ ਜੋੜਿਆ ਜਾਂਦਾ ਤਾਂ ਕਈ ਹੋਰ ਨਦੀਆਂ ਇਸ ਵਿਚ ਪੈਣ ਨਾਲ ਕਈ ਸਮੱਸਿਆਵਾਂ ਹੱਲ ਹੋ ਸਕਦੀਆਂ ਸਨ। ਹਾਲੇ ਬਹੁਤੇ ਸਾਲ ਨਹੀਂ ਗੁਜ਼ਰੇ, ਜਦੋਂ ਉਤਰਾ ਖੰਡ ਦੇ ਲੋਕਾਂ ਨੇ ਕੇਦਾਰ ਨਾਥ ਵਿਚ ਹੜ੍ਹਾਂ ਨਾਲ ਹੋਈ ਤਬਾਹੀ ਦੇਖੀ ਤੇ ਸਾਡੇ ਪੰਜਾਬ ਵਿਚੋਂ ਹੇਮਕੁੰਟ ਸਾਹਿਬ ਗਏ ਲੋਕ ਉਥੇ ਫਸ ਗਏ ਸਨ। ਜਿਹੜੀਆਂ ਨਦੀਆਂ ਨੇ ਉਥੇ ਤਬਾਹੀ ਮਚਾਈ ਤੇ ਉਨ੍ਹਾਂ ਨੂੰ ਅੱਗੇ ਲਾਂਘਾ ਨਹੀਂ ਮਿਲ ਰਿਹਾ, ਉਨ੍ਹਾਂ ਦੇ ਵਹਿਣ ਲਈ ਸ਼ਾਰਦਾ ਯਮਨਾ ਲਿੰਕ ਦੇ ਨਾਲ ਇੱਕ ਬਾਕਾਇਦਾ ਦਰਿਆਈ ਹਾਈਵੇ ਬਣਦਾ ਜਾਣਾ ਸੀ ਤੇ ਉਸ ਦਾ ਸਾਰਾ ਪਾਣੀ ਅੱਗੋਂ ਦਿੱਲੀ ਤੋਂ ਚੜ੍ਹਦੇ ਪਾਸੇ ਯਮਨਾ ਵਿਚ ਪੈ ਕੇ ਫਿਰ ਚੰਬਲ ਤੱਕ ਜਾਣਾ ਸੀ। ਏਦਾਂ ਦਾ ਲਿੰਕ ਸਿਰੇ ਚੜ੍ਹ ਗਿਆ ਹੁੰਦਾ ਤਾਂ ਠੀਕ ਸੀ, ਪਰ ਸਿਆਸਤ ਦੀ ਕੰਧ ਨੇ ਰੋਕ ਲਿਆ। ਕਾਂਗਰਸ ਦੇ ਮਨਮੋਹਨ ਸਿੰਘ ਦੀ ਸਰਕਾਰ ਆਈ ਤਾਂ ਪ੍ਰਧਾਨ ਮੰਤਰੀ ਸਿਰਫ ਫਾਈਲਾਂ ਵੇਖਣ ਜੋਗਾ ਸੀ। ਅਸਲੀ ਰਾਜ ਉਨ੍ਹਾਂ ਲੋਕਾਂ ਹੱਥ ਸੀ, ਜਿਨ੍ਹਾਂ ਨੂੰ ਇਹੋ ਨਸ਼ਾ ਸੀ ਕਿ ਅਸੀਂ ਸਰਕਾਰ ਚਲਾ ਰਹੇ ਹਾਂ। ਇਹ ਪਤਾ ਕਦੇ ਨਹੀਂ ਸੀ ਲੱਗਾ ਕਿ ਖੁਦ ਉਨ੍ਹਾਂ ਨੂੰ ਕੋਈ ਹੋਰ ਲੋਕ ਚਲਾ ਰਹੇ ਹਨ, ਕਿਉਂਕਿ ਉਹ ਰਾਜਨੀਤੀ ਦੇ ਅਨਾੜੀ ਆਗੂ ਸਨ। ਇਸ ਕਰ ਕੇ ਦਰਿਆਈ ਪਾਣੀਆਂ ਵਾਲੇ ਮੁੱਦਿਆਂ ਸਮੇਤ ਕਈ ਅਹਿਮ ਮੁੱਦੇ ਪਿੱਛੇ ਸੁੱਟ ਦਿੱਤੇ ਗਏ ਤੇ ਰਾਹੁਲ ਗਾਂਧੀ ਅੱਜ ਪ੍ਰਧਾਨ ਮੰਤਰੀ ਬਣੇ ਕਿ ਚਾਰ ਦਿਨ ਠਹਿਰ ਜਾਵੇ, ਇਸੇ ਖੇਡ ਵਿਚ ਦਸ ਸਾਲ ਗਰਕ ਕਰ ਦਿੱਤੇ ਗਏ ਸਨ।

ਹੁਣ ਪੰਜਾਬ ਅਤੇ ਹਰਿਆਣਾ ਦੇ ਪਾਣੀਆਂ ਦਾ ਝਗੜਾ ਇੱਕ ਖਾਸ ਮੋੜ ਉਤੇ ਆ ਚੁਕਾ ਹੈ, ਜਿੱਥੇ ਭਾਰਤ ਦੀ ਸੁਪਰੀਮ ਕੋਰਟ ਨੇ ਬਹੁਤਾ ਲਮਕਾਉਣ ਨਹੀਂ ਦੇਣਾ। ਪਿਛਲੀ ਸੁਣਵਾਈ ਮੌਕੇ ਪ੍ਰਧਾਨ ਮੰਤਰੀ ਦੇ ਕਹਿਣ 'ਤੇ ਕੇਂਦਰ ਦੇ ਵਕੀਲ ਨੇ ਇਹ ਕਹਿ ਕੇ ਸਮਾਂ ਲਿਆ ਸੀ ਕਿ ਦੋਵਾਂ ਰਾਜਾਂ ਦੀ ਸਹਿਮਤੀ ਦਾ ਰਾਹ ਕੱਢਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਹਫਤੇ ਯਤਨਾਂ ਦੀ ਇੱਕ ਲੜੀ ਲੰਘ ਗਈ ਹੈ। ਦੋਵੇਂ ਰਾਜ ਇਸ ਮੁੱਦੇ ਦੇ ਸਿਆਸੀ ਚਿੱਕੜ ਵਿਚ ਉਥੇ ਦੀ ਉਥੇ ਲੱਤ ਗੱਡੀ ਖੜੇ ਰਹੇ। ਦੋਵਾਂ ਧਿਰਾਂ ਵਿਚੋਂ ਕੋਈ ਪਿੱਛੇ ਨਹੀਂ ਹਟ ਸਕਦਾ। ਜਿਹੜਾ ਪਿੱਛੇ ਹਟ ਜਾਣ ਲਈ ਮਨ ਬਣਾਵੇਗਾ, ਉਸ ਦੀ ਸਿਆਸੀ ਜੜ੍ਹ ਟੁੱਕੀ ਜਾਵੇਗੀ। ਇਸ ਦਾ ਇੱਕੋ ਹੱਲ ਨਿਕਲ ਸਕਦਾ ਹੈ ਕਿ ਦੋਵਾਂ ਧਿਰਾਂ ਦੇ ਪੈਂਤੜਿਆਂ ਤੋਂ ਬਾਈਪਾਸ ਰਸਤਾ ਅਖਤਿਆਰ ਕਰਨ ਲਈ ਐਸ.ਵਾਈ.ਐਲ. ਦੀ ਬਜਾਏ ਹੁਣ ਐਸ.ਵਾਈ.ਐਲ.-2 ਦੇ ਨਾਂ ਹੇਠ ਫਿਰ ਉਸੇ ਸ਼ਾਰਦਾ ਯਮਨਾ ਲਿੰਕ ਉਤੇ ਕਾਰਵਾਈ ਲਈ ਮੰਗ ਕੀਤੀ ਜਾਵੇ, ਜਿਸ ਦੀ ਕਲਮ ਵਾਜਪਾਈ ਨੇ ਲਾਈ ਤੇ ਪ੍ਰਧਾਨ ਮੰਤਰੀ ਬਣ ਕੇ ਮੋਦੀ ਨੇ ਜਿਸ ਦਾ ਐਲਾਨ ਕੀਤਾ। ਇਸ ਦਰਿਆਈ ਲਿੰਕ ਦੇ ਅਮਲ ਨਾਲ ਓਨਾ ਖਰਚ ਨਹੀਂ ਹੋਣਾ, ਜਿੰਨਾ ਇਸ ਦਾ ਲਾਭ ਹੋਣਾ ਹੈ ਤੇ ਇੱਕੋ ਵਕਤ ਕਈ ਰਾਜਾਂ ਦੇ ਲੋਕਾਂ ਨੂੰ ਇਸ ਦਾ ਲਾਭ ਹੋ ਸਕਦਾ ਹੈ। ਕਿਤੇ ਪਾਣੀ ਮਿਲ ਜਾਵੇਗਾ ਤੇ ਕਿਧਰੇ ਹੜ੍ਹਾਂ ਦਾ ਖਤਰਾ ਟਲ ਜਾਵੇਗਾ। ਇਸ ਮਕਸਦ ਲਈ ਪੰਜਾਬ ਤੇ ਹਰਿਆਣੇ ਦੇ ਅਕਲਮੰਦਾਂ ਨੂੰ ਮਾਨਸਿਕ ਰੂਪ ਵਿਚ ਤਿਆਰ ਹੋਣਾ ਪਵੇਗਾ। ਦੋਵਾਂ ਰਾਜਾਂ ਵਿਚ ਰਾਜ ਕਰਦੀਆਂ ਧਿਰਾਂ ਨੂੰ ਇਸ ਖਾਤਰ ਇੱਛਾ ਸ਼ਕਤੀ ਵਿਖਾਉਣੀ ਪਵੇਗੀ ਤੇ ਦੋਵਾਂ ਰਾਜਾਂ ਦੀ ਵਿਰੋਧੀ ਧਿਰ ਨੂੰ ਕੌਮੀ ਹਿੱਤ ਧਿਆਨ ਵਿਚ ਰੱਖਦਿਆਂ ਇਸ ਕੰਮ ਲਈ ਸਹਿਮਤੀ ਦੇਣ ਦੀ ਲੋੜ ਪਵੇਗੀ। ਜ਼ਰੂਰੀ ਨਹੀਂ ਕਿ ਇਹੋ ਜਿਹੀ ਸੋਚ ਪੇਸ਼ ਕਰ ਕੇ ਅਸੀਂ ਸਿਰੇ ਦੀ ਗੱਲ ਕਹਿੰਦੇ ਹੋਈਏ, ਸਾਥੋਂ ਬਹੁਤ ਵੱਧ ਸੋਚ ਵਾਲੇ ਲੋਕ ਮੌਜੂਦ ਹਨ, ਜੋ ਗੱਲ ਨੂੰ ਅੱਗੇ ਵਧਾ ਸਕਦੇ ਹਨ, ਪਰ ਸੋਚਿਆ ਤਾਂ ਜਾਵੇ। ਪਤਾ ਨਹੀਂ ਇਸ ਤਰ੍ਹਾਂ ਕਦੇ ਹੋ ਸਕੇਗਾ ਕਿ ਨਹੀਂ!

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

COLDWELL BANKER VALLEY CENTRAL

EQUAL HOUSING OPPORTUNITY

REALTOR®



Gurbans Singh Gill
Realtor
BRE#01227109

18 Years Experiance in Real Estate

e-mail: gurbans@gotracy.com

Fax: 209-836-0706

www.gotracy.com

**Gurbans Gill**


**Office 209-835-4545**

**Direct 209-815-1869**

1486 W 11th Street, Tracy, CA 95376

**Diesel Mechanic Needed**

RS Transport is looking for a full-time truck mechanic in the Axton, VA area. This position performs repairs and maintenance on semi-tractor/trailers. Daily duties consist of routine maintenance and repairs of engines, chassis, driveline, hydraulic systems, brakes, A/C systems, electronic systems, and minor aluminum welding. Engine work too.



Free accommodation, must have own tools.

**Call: 540-632-3671 or 540-314-5556**

**ਡੀਜ਼ਲ ਮਕੈਨਿਕ ਦੀ ਲੋੜ ਹੈ**

ਆਰ.ਐਸ. ਟਰਾਂਸਪੋਰਟ ਕੰਪਨੀ ਨੂੰ ਐਕਸਟਨ, ਵਰਜੀਨੀਆ ਏਰੀਏ ਵਿਚ ਫੁੱਲ ਟਾਈਮ ਟਰੱਕ ਮਕੈਨਿਕ ਦੀ ਲੋੜ ਹੈ। ਮਕੈਨਿਕ ਸੈਮੀ ਟਰੈਕਟਰ/ਟਰੇਲਰ ਦੀ ਰਿਪੇਅਰ ਅਤੇ ਮੇਨਟੀਨੈਂਸ ਦੇ ਕੰਮ ਦਾ ਮਾਹਰ ਹੋਵੇ। ਮਕੈਨਿਕ ਦੀ ਰੋਜ਼ਾਨਾ ਡਿਊਟੀ ਵਿਚ ਇੰਜਣਾਂ, ਚੇਸੀਆਂ, ਡਰਾਈਵਲਾਈਨ, ਹਾਈਡਰੌਲਿਕ ਸਿਸਟਮ, ਬਰੇਕਾਂ, ਏ.ਸੀ. ਸਿਸਟਮ, ਇਲੈਕਟ੍ਰਾਨਿਕ ਸਿਸਟਮ, ਐਲਮੀਨੀਅਮ ਵੈਲਡਿੰਗ ਦਾ ਛੋਟਾ-ਮੋਟਾ ਕੰਮ ਅਤੇ ਇੰਜਣ ਦਾ ਕੰਮ ਕਰਨਾ ਸ਼ਾਮਲ ਹੋਵੇਗਾ।
ਮਕੈਨਿਕ ਪਾਸ ਆਪਣੇ ਟੂਲ ਹੋਣੇ ਚਾਹੀਦੇ ਹਨ।
*ਚੰਗੀ ਤਨਖਾਹ ਅਤੇ ਰਿਹਾਇਸ਼ ਕੰਪਨੀ ਵਲੋਂ ਮੁਫਤ।*

ਸੰਪਰਕ ਕਰੋ:

**ਫੋਨ: 540-632-3671, 540-314-5556**

17

# ਸਰਕਾਰ ਬਦਲੀ, ਪਰ ਹਾਲਾਤ ਨਹੀਂ

## ਪੰਜਾਬ 'ਚ ਲਾਕਾਨੂੰਨੀ ਨੇ ਹੱਦਾਂ ਟੱਪੀਆਂ





**ਚੰਡੀਗੜ੍ਹ:** ਸਰਕਾਰ ਬਦਲਣ ਪਿੱਛੋਂ ਵੀ ਲਾਕਾਨੂੰਨੀ ਨੇ ਪੰਜਾਬ ਨੂੰ ਘੇਰਿਆ ਹੋਇਆ ਹੈ। ਕਤਲੋ-ਗਾਰਤ ਰੁਕਣ ਦਾ ਨਾਮ ਨਹੀਂ ਲੈ ਰਹੀ। ਗੁਰਦਾਸਪੁਰ ਵਿਚ ਗੈਂਗਸਟਰ ਵਿੱਕੀ ਗੌਂਡਰ ਦੇ ਗਿਰੋਹ ਵੱਲੋਂ ਇਕ ਵਿਰੋਧੀ ਗੈਂਗ ਦੇ ਤਿੰਨ ਮੈਂਬਰਾਂ ਦੀਆਂ ਦਿਨ ਦਿਹਾੜੇ ਹੱਤਿਆਵਾਂ ਤੇ ਇਕ ਹੋਰ ਨੂੰ ਜ਼ਖ਼ਮੀ ਕਰਨ ਦੀ ਘਟਨਾ ਅਤੇ ਮਾਨਸਾ ਜ਼ਿਲ੍ਹੇ ਵਿਚ ਇਕ ਸਾਬਕਾ ਸਰਪੰਚ ਉਤੇ ਹਮਲਾ ਕਰ ਕੇ ਉਸ ਦੇ ਪੁੱਤਰ ਦੀ ਹੱਤਿਆ ਦੀ ਵਾਰਦਾਤ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਲੋਕਾਂ ਵੱਲੋਂ ਅਕਾਲੀ ਦਲ ਦੇ ਸੱਤਾ ਤੋਂ ਲਾਂਭੇ ਹੋਣ ਤੇ ਨਵੀਂ ਸਰਕਾਰ ਆਉਣ ਪਿੱਛੋਂ ਸੂਬੇ ਵਿਚ ਅਮਨ ਸ਼ਾਤੀ ਦੀਆਂ ਲਾਈਆਂ ਆਸਾਂ ਨੂੰ ਬੂਰ ਪੈਣ ਵਾਲਾ ਨਹੀਂ। ਕਾਂਗਰਸੀ ਆਗੂ ਜਿਸ ਕਿਸਮ ਦੀ ਬਦਅਮਨੀ ਲਈ ਪਿਛਲੀ ਅਕਾਲੀ-ਭਾਜਪਾ ਸਰਕਾਰ ਨੂੰ ਦੋਸ਼ੀ ਦੱਸਦੇ ਸਨ, ਉਸੇ ਕਿਸਮ ਦੀ ਬਦਅਮਨੀ ਹੁਣ ਉਨ੍ਹਾਂ ਦੀ ਸਰਕਾਰ ਨਾਲ ਜੁੜਨੀ ਸ਼ੁਰੂ ਹੋ ਗਈ ਹੈ।

ਨਵੀਂ ਸਰਕਾਰ ਦੇ ਹਲਫ ਲੈਣ ਤੋਂ ਬਾਅਦ ਸਵਾ ਮਹੀਨੇ ਤੋਂ ਘੱਟ ਸਮੇਂ ਵਿਚ ਗੈਂਗਵਾਰਾਂ ਜਾਂ ਰਾਜਸੀ ਬਦਲਾਖੋਰੀ ਦੇ ਮਾਮਲਿਆਂ ਵਿਚ 21 ਬੰਦੇ ਮਾਰੇ ਜਾ ਚੁੱਕੇ ਹਨ। ਨਵੀਂ ਸਰਕਾਰ ਨੇ ਪੁਲਿਸ ਪ੍ਰਬੰਧ ਨੂੰ ਪੁਰਾਣੇ ਜਥੇਦਾਰੀ ਢੱਰੇ ਵਿਚੋਂ ਕੱਢਣ ਤੇ ਚੁਸਤ-ਦਰੁਸਤ ਬਣਾਉਣ ਲਈ ਚੌਂਕੀ ਤੇ ਥਾਣਾ ਇੰਚਾਰਜਾਂ ਤੋਂ ਲੈ ਕੇ ਏ.ਡੀ.ਜੀ.ਪੀਜ਼. ਤੱਕ ਦੇ ਅਧਿਕਾਰੀਆਂ ਦੀਆਂ ਬਦਲੀਆਂ ਦੀ ਕਵਾਇਦ ਮੁਕੰਮਲ ਕਰ ਲਈ ਹੈ, ਪਰ ਇਹ ਕਵਾਇਦ ਕੋਈ ਨਿੱਗਰ ਨਤੀਜੇ ਸਾਹਮਣੇ ਨਹੀਂ ਲਿਆਈ। ਕੈਪਟਨ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਕਿਸੇ ਵੀ ਸਰਕਾਰ ਕੋਲ ਅਜਿਹੀ ਜਾਦੂਈ ਛੜੀ ਨਹੀਂ ਹੁੰਦੀ ਕਿ ਉਹ ਵਿਗੜੇ ਢਾਂਚੇ ਨੂੰ ਚੰਦ ਹਫਤਿਆਂ ਜਾਂ ਚੰਦ ਮਹੀਨਿਆਂ ਵਿਚ ਠੀਕ ਕਰ ਦੇਵੇ। ਗੁਰਦਾਸਪੁਰ ਵਾਲੀ ਘਟਨਾ, ਦਰਅਸਲ, ਪੁਲਿਸ ਪ੍ਰਬੰਧ ਦੀ ਢਿੱਲ-ਮੱਠ ਦੀ ਉਘੜਵੀਂ ਮਿਸਾਲ ਹੈ। ਅਪਰਾਧੀ ਸਰਗਨੇ ਵਿੱਕੀ ਗੌਂਡਰ ਦੀ ਨਾਭਾ ਜੇਲ੍ਹ-ਤੋੜ ਕਾਂਡ ਸਬੰਧੀ ਸੂਬਾਈ ਪੁਲਿਸ ਨੂੰ ਸਰਗਰਮੀ ਨਾਲ ਭਾਲ ਹੈ। ਉਸ ਦੇ ਕਈ ਹੋਰ ਸਾਥੀ ਪਹਿਲਾਂ ਹੀ ਕਾਬੂ ਕੀਤੇ ਜਾ ਚੁੱਕੇ ਹਨ। ਉਸ ਨੂੰ ਪੁਲਿਸ ਅਜੇ ਤੱਕ ਕਿਉਂ ਕਾਬੂ ਨਹੀਂ ਕਰ ਸਕੀ, ਇਹ ਆਪਣੇ ਆਪ ਵਿਚ ਵੱਡਾ ਭੇਤ ਹੈ। ਗੁਰਦਾਸਪੁਰ ਵਾਲੀ ਘਟਨਾ ਦੇ ਸਬੰਧ ਵਿਚ ਪੁਲਿਸ ਵੱਲੋਂ ਕੀਤੀਆਂ ਚਾਰ ਗ੍ਰਿਫਤਾਰੀਆਂ ਵਿਚ ਵਿੱਕੀ ਗੌਂਡਰ ਸ਼ਾਮਲ ਨਹੀਂ।

ਫਿਕਰਮੰਦੀ ਦੀ ਗੱਲ ਇਹ ਹੈ ਕਿ ਜਿਥੇ ਰਾਜ ਵਿਚ ਕਤਲਾਂ, ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ, ਉਥੇ ਗੈਂਗਸਟਰਾਂ ਵੱਲੋਂ ਦਿਨ-ਦਿਹਾੜੇ ਆਪਣੇ ਵਿਰੋਧੀਆਂ ਨੂੰ ਗੋਲੀਆਂ ਨਾਲ ਭੁੰਨਣਾ ਆਮ ਚਲਨ ਬਣਦਾ ਜਾ ਰਿਹਾ ਹੈ। ਪਿਛਲੇ ਦਿਨੀਂ ਚੰਡੀਗੜ੍ਹ 'ਚ ਭਰੇ ਬਾਜ਼ਾਰ ਵਿਚ ਜਿਸ ਤਰ੍ਹਾਂ ਇਕ ਸਰਪੰਚ ਨੂੰ ਮਾਰਿਆ ਗਿਆ ਤੇ ਬਾਅਦ 'ਚ ਜਿਸ ਤਰ੍ਹਾਂ ਉਸ ਨੂੰ ਮਾਰਨ ਦੀ ਵੀਡੀਓ ਜਾਰੀ ਕੀਤੀ ਗਈ, ਉਸ ਨੇ ਵੱਡੀ ਚਿੰਤਾ ਪੈਦਾ ਕੀਤੀ ਹੈ। ਅਪਰਾਧੀਆਂ ਦੇ ਹੌਸਲੇ ਇੰਨੇ ਵਧ ਗਏ ਹਨ ਕਿ ਪੁਲਿਸ ਦੀ ਸੁਰੱਖਿਆ 'ਚ ਵੀ ਇਕ-ਦੂਜੇ ਦੇ ਵਿਰੋਧੀ ਗਰੁੱਪਾਂ ਉਤੇ ਹਮਲੇ ਹੁੰਦੇ ਰਹਿੰਦੇ ਹਨ। ਸੁੱਖਾ ਕਾਹਲਵਾਂ ਦੀ ਹੱਤਿਆ ਇਸ ਦਾ ਸਬੂਤ ਹੈ। ਰੋਪੜ ਜ਼ਿਲ੍ਹੇ ਦੇ ਨੂਰਪੁਰ ਬੇਦੀ 'ਚ ਦਿਲਪ੍ਰੀਤ ਅਤੇ ਜੱਸੀ ਕਾਹਲਵਾਂ ਨਾਂ ਦੇ ਗੈਂਗਸਟਰਾਂ ਨੇ ਜਿਸ ਤਰ੍ਹਾਂ ਦੇਸ ਰਾਜ ਦੀ ਹੱਤਿਆ ਕੀਤੀ, ਉਸ ਨੇ ਪ੍ਰਸ਼ਾਸਨ ਦੇ ਪ੍ਰਭਾਵ ਨੂੰ ਕਾਫੀ ਸੱਟ ਮਾਰੀ ਹੈ। ਪੁਲਿਸ ਗੈਂਗਸਟਰ ਜੱਸੀ ਕਾਹਲਵਾਂ ਨੂੰ ਤਾਂ ਗ੍ਰਿਫਤਾਰ ਕਰਨ 'ਚ ਕਾਮਯਾਬ ਹੋ ਗਈ, ਪਰ ਜਿਸ ਤਰ੍ਹਾਂ ਇਹ ਵਰਤਾਰਾ ਵਧਦਾ ਜਾ ਰਿਹਾ ਹੈ, ਉਸ ਨੇ ਗੰਭੀਰ ਸਥਿਤੀ ਪੈਦਾ ਕਰ ਦਿੱਤੀ ਹੈ।

### ਬਾਦਲਾਂ ਨੇ ਕਾਂਗਰਸ ਸਰਕਾਰ ਨੂੰ ਪਾਇਆ ਘੇਰਾ




**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਸਰਕਾਰ 'ਤੇ ਬਦਲੇ ਦੀ ਭਾਵਨਾ ਤਹਿਤ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਦੋਸ਼ ਲਾਏ ਹਨ। ਬਾਦਲਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੱਤਾ ਸੰਭਾਲਦਿਆਂ ਹੀ ਕਾਂਗਰਸੀ ਆਗੂਆਂ ਨੇ ਸਰਕਾਰੀ ਸ਼ਹਿ 'ਤੇ ਵਿਰੋਧੀ ਆਗੂਆਂ ਖਾਸ ਕਰ ਅਕਾਲੀ ਦਲ ਦੇ ਨੇਤਾਵਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਹਾਕਮ ਪਾਰਟੀ ਦੀਆਂ ਗਤੀਵਿਧੀਆਂ ਸਬੰਧੀ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਰਾਜ ਵਿਆਪੀ ਸੰਘਰਸ਼ ਵਿੱਢਣ ਦੀ ਚਿਤਾਵਨੀ ਵੀ ਦਿੱਤੀ ਹੈ।

### ਕਾਂਗਰਸੀਆਂ ਵੱਲੋਂ ਸਾਬਕਾ ਅਕਾਲੀ ਸਰਪੰਚ ਦੇ ਪੁੱਤ ਦਾ ਕਤਲ

**ਮਾਨਸਾ:** ਪਿੰਡ ਖਿਆਲੀ ਚਹਿਲਾਂਵਾਲੀ ਵਿਚ ਸੋਲਰ ਪਾਵਰ ਪਲਾਂਟ ਦੀ ਸਫਾਈ ਦੇ ਠੇਕੇ ਨੂੰ ਲੈ ਕੇ ਕਾਂਗਰਸੀਆਂ ਵੱਲੋਂ ਕੀਤੀ ਗੋਲੀਬਾਰੀ 'ਚ ਅਕਾਲੀ ਦਲ ਨਾਲ ਸਬੰਧਤ ਸਾਬਕਾ ਸਰਪੰਚ ਦੇ ਪੁੱਤਰ ਦੀ ਮੌਤ ਹੋ ਗਈ। ਇਸ ਘਟਨਾ 'ਚ ਸਾਬਕਾ ਸਰਪੰਚ ਗੰਭੀਰ ਜ਼ਖ਼ਮੀ ਹੋ ਗਿਆ ਹੈ। ਉਪਰੋਕਤ ਮਾਮਲੇ ਨੂੰ ਲੈ ਕੇ ਦੋਵੇਂ ਧਿਰਾਂ 'ਚ ਕਈ ਦਿਨਾਂ ਤੋਂ ਕਸ਼ਮਕਸ਼ ਚੱਲ ਰਹੀ ਸੀ। ਇਸ ਸਮੇਂ ਸਫਾਈ ਦਾ ਠੇਕਾ ਪਿੰਡ ਦੇ ਸਾਬਕਾ ਸਰਪੰਚ ਪ੍ਰੇਮ ਸਿੰਘ ਤੇ ਸਾਥੀਆਂ ਕੋਲ ਸੀ, ਪਰ ਸੱਤਾ ਬਦਲਣ ਉਪਰੰਤ ਕਾਂਗਰਸੀ ਠੇਕਾ ਹਥਿਆਉਣਾ ਚਾਹੁੰਦੇ ਸਨ। ਦੋਵੇਂ ਧਿਰਾਂ 'ਚ ਹੋਈ ਤੂੰ-ਤੂੰ ਮੈਂ-ਮੈਂ ਗੋਲੀਬਾਰੀ ਤੱਕ ਜਾ ਪੁੱਜੀ। ਸਾਬਕਾ ਸਰਪੰਚ ਨੇ ਦੱਸਿਆ ਕਿ ਉਹ ਤੇ ਉਸ ਦਾ ਪੁੱਤਰ ਸੁਖਵਿੰਦਰ ਸਿੰਘ ਪਾਵਰ ਪਲਾਂਟ 'ਚੋਂ ਕੰਮ ਕਰ ਕੇ ਘਰ ਵਾਪਸ ਆ ਰਹੇ ਸਨ ਕਿ ਪਹਿਲਾਂ ਤੋਂ ਹੀ ਉਡੀਕ 'ਚ ਬਾਹਰ ਖੜ੍ਹੀਆਂ 3 ਗੱਡੀਆਂ ਸਵਾਰ ਵਿਅਕਤੀਆਂ ਨੇ ਉਨ੍ਹਾਂ ਦੀ ਇੰਡੀਕਾ ਕਾਰ ਨੂੰ ਟੱਕਰ ਮਾਰਨ ਉਪਰੰਤ ਅੰਨ੍ਹੇਵਾਹ ਗੋਲੀਬਾਰੀ ਕਰ ਦਿੱਤੀ ਅਤੇ ਮੌਕੇ ਤੋਂ ਫਰਾਰ ਹੋ ਗਏ। ਸੁਖਵਿੰਦਰ ਸਿੰਘ ਦੀ ਹਸਪਤਾਲ ਲਿਜਾਂਦਿਆਂ ਮੌਤ ਹੋ ਗਈ ਤੇ ਉਸ ਨੂੰ ਵੀ ਕਈ ਗੋਲੀਆਂ ਲੱਗੀਆਂ। ਉਨ੍ਹਾਂ ਦੋਸ਼ ਲਾਇਆ ਕਿ ਇਹ ਹਮਲਾ ਹਲਕੇ ਦੇ ਸਾਬਕਾ ਕਾਂਗਰਸੀ ਵਿਧਾਇਕ ਅਜੀਤਇੰਦਰ ਸਿੰਘ

### ਲਾਇਸੰਸੀ ਹਥਿਆਰ ਬਣੇ ਵੱਡੀ ਚੁਣੌਤੀ



**ਚੰਡੀਗੜ੍ਹ:** ਪੰਜਾਬ ਵਿਚ ਅੰਦਾਜ਼ੇ ਮੁਤਾਬਕ 3 ਲੱਖ ਦੇ ਕਰੀਬ ਲਾਇਸੰਸੀ ਹਥਿਆਰ ਹਨ ਤੇ ਇਸ ਤੋਂ ਕਿਤੇ ਵਧੇਰੇ ਗੈਰ-ਕਾਨੂੰਨੀ ਹਥਿਆਰ ਵੀ ਜੁਰਮਾਂ ਲਈ ਵਰਤੇ ਜਾ ਰਹੇ ਹਨ। ਲਾਇਸੰਸੀ ਹਥਿਆਰ ਰੱਖਣ ਦੇ ਮਾਮਲੇ ਵਿਚ ਪੰਜਾਬ ਦੂਜੇ ਨੰਬਰ 'ਤੇ ਆਉਂਦਾ ਹੈ। ਪਿਛਲੇ ਸਮੇਂ ਵਿਚ ਕੁਝ ਵੱਡੀਆਂ ਸ਼ਖਸੀਅਤਾਂ, ਜਿਨ੍ਹਾਂ 'ਚ ਮਾਤਾ ਚੰਦ ਕੌਰ ਤੇ ਜਗਦੀਸ਼ ਗਗਨੇਜਾ ਆਦਿ ਆਉਂਦੇ ਹਨ, ਦੇ ਕਾਤਲਾਂ ਦਾ ਅਜੇ ਤੱਕ ਥਹੁ ਪਤਾ ਨਹੀਂ ਲੱਗਿਆ।

# ਪੰਜਾਬ ਦੀਆਂ ਜੇਲ੍ਹਾਂ ਬਣੀਆਂ ਅਪਰਾਧਕ ਸਰਗਰਮੀਆਂ ਦਾ ਗੜ੍ਹ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਅਪਰਾਧਕ ਗਤੀਵਿਧੀਆਂ ਦਾ ਗੜ੍ਹ ਬਣਦੀਆਂ ਜਾ ਰਹੀਆਂ ਹਨ, ਜਿਥੇ ਜੇਲ੍ਹਾਂ ਦੇ ਬਾਹਰ ਗੈਂਗਸਟਰ ਪੰਜਾਬ ਪੁਲਿਸ ਲਈ ਸਿਰਦਰਦੀ ਬਣੇ ਹਨ, ਉਥੇ ਜੇਲ੍ਹਾਂ ਅੰਦਰ ਗੈਂਗਵਾਰਾਂ ਨੇ ਪੁਲਿਸ ਤੇ ਜੇਲ੍ਹ ਪ੍ਰਸ਼ਾਸਨ ਦੇ ਨੱਕ 'ਚ ਦਮ ਕਰ ਰੱਖਿਆ ਹੈ। ਜੇਲ੍ਹ ਵਿਭਾਗ ਵੱਲੋਂ ਭਾਵੇਂ ਪਿਛਲੇ ਸਾਲ ਦੇ ਨਵੰਬਰ ਮਹੀਨੇ ਵਾਪਰੇ ਨਾਭਾ ਜੇਲ੍ਹ ਕਾਂਡ ਮਗਰੋਂ ਜੇਲ੍ਹਾਂ 'ਚ ਸਖਤੀ ਕੀਤੇ ਜਾਣ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਇਸ ਦੇ ਬਾਵਜੂਦ ਜੇਲ੍ਹਾਂ 'ਚ ਪਿਛਲੇ 4 ਮਹੀਨਿਆਂ ਦੌਰਾਨ ਹੋਈਆਂ ਘਟਨਾਵਾਂ ਨੇ ਜੇਲ੍ਹ ਵਿਭਾਗ ਦੀ ਨੀਂਦ ਉਡਾਈ ਰੱਖੀ ਹੈ।

ਚੜ੍ਹਦੇ ਸਾਲ 19 ਜਨਵਰੀ ਨੂੰ ਜੇਲ੍ਹ ਵਿਭਾਗ ਤੇ ਪੰਜਾਬ ਪੁਲਿਸ ਨੂੰ ਵੰਗਾਰਦੇ ਹੋਏ ਫਰੀਦਕੋਟ ਜੇਲ੍ਹ ਦੇ ਬਾਹਰ ਇਕ ਪਰਚਾ ਚਿਪਕਾਇਆ ਗਿਆ, ਜਿਸ ਵਿਚ ਲਿਖਿਆ ਗਿਆ ਕਿ 'ਅਸੀਂ ਫਰੀਦਕੋਟ, ਮੁਕਤਸਰ ਤੇ ਫਿਰੋਜ਼ਪੁਰ ਦੀਆਂ ਜੇਲ੍ਹਾਂ 'ਚ ਬੰਦ ਸਾਥੀ 21 ਜਨਵਰੀ ਤੋਂ ਪਹਿਲਾਂ ਛੁਡਾ ਕੇ ਲੈ ਜਾਵਾਂਗੇ ਤੇ ਹੁਣ ਪੰਜਾਬ ਪੁਲਿਸ ਨੂੰ ਚੈਲੇਂਜ ਕਰਦੇ ਹਾਂ ਕਿ ਰੋਕ ਸਕੇ ਤਾਂ ਰੋਕ ਲਵੇ।' ਇਸ ਪਰਚੇ ਹੇਠਾਂ ਗੈਂਗਸਟਰ ਦੱਸੇ ਜਾਂਦੇ ਗੁਰਪ੍ਰੀਤ ਸੇਖੋਂ ਮੁੱਦਕੀ ਦਾ ਨਾਂ ਵੀ ਲਿਖਿਆ ਗਿਆ ਸੀ। ਦੂਜੀ ਘਟਨਾ ਵਿਚ 5 ਫਰਵਰੀ ਨੂੰ ਜੇਲ੍ਹ ਵਿਭਾਗ ਵੱਲੋਂ ਸੂਚਨਾ ਦੇ ਆਧਾਰ 'ਤੇ ਪਟਿਆਲਾ ਕੇਂਦਰੀ ਜੇਲ੍ਹ 'ਚ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਜੇਲ੍ਹ ਵਿਚੋਂ 8 ਮੋਬਾਈਲ ਬਰਾਮਦ ਕੀਤੇ ਗਏ। ਦੱਸਣਯੋਗ ਹੈ ਕਿ ਜੇਲ੍ਹਾਂ 'ਚ ਮੋਬਾਈਲ ਫੋਨਾਂ ਦੇ ਜ਼ਰੀਏ ਹੀ ਗੈਂਗਸਟਰ ਤੇ ਹੋਰ ਕੈਦੀ ਜੇਲ੍ਹ ਦੇ ਅੰਦਰ ਬੈਠ ਕੇ ਵੀ ਅਪਰਾਧਕ ਗਤੀਵਿਧੀਆਂ ਸਬੰਧੀ ਵਿਉਂਤਾਂ ਘੜਦੇ ਹਨ।

ਇਸ ਲਈ ਜੇਲ੍ਹਾਂ 'ਚ ਸਖਤੀ ਦੇ ਦਾਅਵਿਆਂ ਦੇ ਬਾਵਜੂਦ ਮੋਬਾਈਲ ਫੋਨਾਂ ਦੀ ਬਰਾਮਦਗੀ ਖਤਰੇ ਦੀ ਘੰਟੀ ਹੈ। ਇਸ ਦੇ ਕੁਝ ਦਿਨ ਮਗਰੋਂ ਹੀ 12 ਫਰਵਰੀ ਨੂੰ ਅੰਮ੍ਰਿਤਸਰ ਜੇਲ੍ਹ 'ਚ 17 ਮੋਬਾਈਲ ਫੋਨ ਤੇ 2 ਚਾਕੂ ਫੜੇ ਗਏ ਤੇ ਇਸ ਘਟਨਾ ਮਗਰੋਂ ਜੇਲ੍ਹ ਵਿਭਾਗ ਵੱਲੋਂ ਹੋਰ ਸਖਤੀ ਤੇ ਚੌਕਸੀ ਦੇ ਦਾਅਵੇ ਕੀਤੇ ਗਏ ਤੇ ਜੇਲ੍ਹਾਂ ਅੰਦਰ ਮੋਬਾਈਲਾਂ ਦੀ ਸਮਗਲਿੰਗ ਪੂਰੀ ਤਰ੍ਹਾਂ ਬੰਦ ਹੋਣ ਦੀ ਗੱਲ ਕਹਿ ਗਈ, ਪਰ ਮੁੜ 25 ਫਰਵਰੀ ਨੂੰ ਇਸੇ ਜੇਲ੍ਹ 'ਚੋਂ 14 ਮੋਬਾਈਲ ਬਰਾਮਦ ਕੀਤੇ ਗਏ। ਨਾਭਾ ਜੇਲ੍ਹ ਕਾਂਡ ਮਗਰੋਂ ਇਸ ਜੇਲ੍ਹ 'ਚ ਸਖਤ ਸੁਰੱਖਿਆ ਤੇ ਚੌਕਸੀ ਦੇ ਦਾਅਵੇ ਕੀਤੇ ਗਏ, ਪਰ ਇਸ ਜੇਲ੍ਹ 'ਚ ਵੀ 26 ਫਰਵਰੀ ਨੂੰ ਨਿਰੀਖਣ ਦੌਰਾਨ 4 ਮੋਬਾਈਲ ਫੋਨ ਬਰਾਮਦ ਕੀਤੇ ਗਏ। ਇਸ ਮਗਰੋਂ 20 ਮਾਰਚ, 23 ਮਾਰਚ ਤੇ 9 ਅਪਰੈਲ ਨੂੰ ਕਪੂਰਥਲਾ ਜੇਲ੍ਹ 'ਚ ਹੋਈਆਂ ਹਿੰਸਕ ਘਟਨਾਵਾਂ ਨੇ ਪੰਜਾਬ ਪੁਲਿਸ ਤੇ ਜੇਲ੍ਹ ਵਿਭਾਗ ਦੀ ਨੀਂਦ ਉਡਾ ਕੇ ਰੱਖ ਦਿੱਤੀ ਤੇ ਜੇਲ੍ਹਾਂ 'ਚ ਲਗਾਤਾਰ ਹੋ ਰਹੀਆਂ ਅਪਰਾਧਕ ਗਤੀਵਿਧੀਆਂ, ਗੈਂਗਵਾਰ ਤੇ ਜੇਲ੍ਹਾਂ ਤੋਂ ਬਾਹਰੀਆਂ ਹਿੰਸਕ ਘਟਨਾਵਾਂ ਪੰਜਾਬ ਪੁਲਿਸ ਤੇ ਜੇਲ੍ਹ ਵਿਭਾਗ ਲਈ ਚੁਣੌਤੀ ਬਣ ਗਈਆਂ ਹਨ।

### ਗੈਂਗਸਟਰ ਬਣੇ ਪੰਜਾਬ ਪੁਲਿਸ ਲਈ ਸਿਰਦਰਦੀ




### ਜੇਲ੍ਹਾਂ ਵਿਚ ਗੈਂਗਸਟਰਾਂ 'ਤੇ ਸਖਤੀ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਗੈਂਗਸਟਰਾਂ ਤੇ ਕੈਦੀਆਂ ਵਿਚਾਲੇ ਹੋਣ ਵਾਲੀਆਂ ਹਿੰਸਕ ਘਟਨਾਵਾਂ ਅਤੇ ਹੋਰ ਅਪਰਾਧਕ ਵਾਰਦਾਤਾਂ ਨੂੰ ਰੋਕਣ ਲਈ ਪੰਜਾਬ ਪੁਲਿਸ ਦੇ 300 ਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਤਾਇਨਾਤ ਕੀਤਾ ਗਿਆ ਹੈ। ਜੇਲ੍ਹਾਂ 'ਚ ਤਾਇਨਾਤ ਪੰਜਾਬ ਪੁਲਿਸ ਦੇ ਜਵਾਨ ਅਤਿਆਧੁਨਿਕ ਹਥਿਆਰਾਂ ਨਾਲ ਵੀ ਲੈਸ ਰਹਿਣਗੇ। ਆਈ.ਜੀ. (ਜੇਲ੍ਹ) ਰੂਪ ਕੁਮਾਰ ਅਰੋੜਾ ਨੇ ਦੱਸਿਆ ਕਿ ਇਸ ਦੇ ਇਲਾਵਾ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਪੱਤਰ ਲਿਖ ਕੇ ਜੇਲ੍ਹਾਂ ਵਿਚ ਬੰਦ ਮੌਜੂਦਾ ਕੈਦੀਆਂ ਦਾ ਪਿਛਲਾ ਰਿਕਾਰਡ ਤਲਬ ਕੀਤਾ ਗਿਆ ਹੈ ਤਾਂ ਕਿ ਕੈਦੀ ਬਾਰੇ ਸਹੀ ਜਾਣਕਾਰੀ ਪ੍ਰਾਪਤ ਹੋ ਸਕੇ ਕਿ ਉਸ ਨੂੰ ਆਮ ਕੈਦੀਆਂ ਦੇ ਸੈੱਲ 'ਚ ਰੱਖਿਆ ਜਾਵੇ ਜਾਂ ਗੈਂਗਸਟਰਾਂ ਲਈ ਬਣਾਏ ਵਿਸ਼ੇਸ਼ ਸੁਰੱਖਿਆ ਸੈੱਲ ਵਿਚ ਰੱਖਿਆ ਜਾਵੇ। ਜੇਲ੍ਹਾਂ ਵਿਚ ਗੈਂਗਸਟਰਾਂ ਦੀ ਦੇਖ-ਰੇਖ ਤੇ ਸੁਰੱਖਿਆ ਕਾਰਜ 'ਚ ਲੱਗੇ ਜੇਲ੍ਹ ਕਰਮੀਆਂ ਦੀ ਹੌਸਲਾ ਅਫਜ਼ਾਈ ਲਈ 300 ਤੋਂ ਜ਼ਿਆਦਾ ਜੇਲ੍ਹ ਕਰਮੀਆਂ ਨੂੰ ਪ੍ਰਸ਼ੰਸਾ ਪੱਤਰ ਤੇ ਨਕਦ ਇਨਾਮ ਦਿੱਤੇ ਜਾ ਚੁੱਕੇ ਹਨ।

# ਵਿਕਸਤ ਦੇਸ਼ਾਂ ਦੀ ਪਰਵਾਸੀਆਂ ਵੱਲ ਪਿੱਠ


**ਨਿਊ ਯਾਰਕ:** ਅਮਰੀਕਾ ਤੇ ਆਸਟਰੇਲੀਆ ਵੱਲੋਂ ਵੀਜ਼ਾ ਨਿਯਮਾਂ ਵਿਚ ਕੀਤੇ ਫੇਰਬਦਲ ਨੇ ਭਾਰਤੀ ਕਾਮਿਆਂ ਲਈ ਸਥਿਤੀ ਔਖੀ ਕਰ ਦਿੱਤੀ ਹੈ। ਯੂ.ਐਸ.ਏ. ਤੇ ਆਸਟਰੇਲੀਆ ਨੂੰ ਵੇਖਦੇ ਹੋਏ ਨਿਊਜ਼ੀਲੈਂਡ ਨੇ ਵੀ ਵੀਜ਼ਾ ਨਿਯਮਾਂ ਵਿਚ ਸਖਤੀ ਦਾ ਹੁਕਮ ਦਿੱਤਾ ਹੈ। ਇਨ੍ਹਾਂ ਵਿਕਸਤ ਦੇਸ਼ਾਂ ਦੀ ਸਖਤੀ ਨੇ ਪਰਵਾਸੀਆਂ ਵਿਚ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ। ਅਮਰੀਕਾ ਨੇ ਐਚ-1 ਬੀ ਵੀਜ਼ਾ ਨਿਯਮਾਂ ਵਿਚ ਫੇਰਬਦਲ ਕੀਤਾ ਹੈ ਜਦੋਂਕਿ ਆਸਟਰੇਲੀਆ ਨੇ ਵੀਜ਼ਾ ਕੈਟਾਗਰੀ 457 ਉਤੇ ਰੋਕ ਲਾ ਦਿੱਤੀ ਹੈ। ਅਮਰੀਕਾ ਤੇ ਆਸਟਰੇਲੀਆ ਵੱਲੋਂ ਲਾਈ ਗਈ ਇਸ ਪਾਬੰਦੀ ਨਾਲ ਵੱਡੀ ਗਿਣਤੀ ਵਿਚ ਭਾਰਤੀ ਪ੍ਰਭਾਵਿਤ ਹੋਣਗੇ। ਅਮਰੀਕਾ ਵੱਲੋਂ ਦਿੱਤੇ ਜਾਂਦਾ ਐਚ-1 ਬੀ ਵੀਜ਼ਾ ਦੀ ਨਿਯਮ ਪਹਿਲਾਂ ਦੇ ਮੁਕਾਬਲੇ ਸਖਤ ਕਰ ਦਿੱਤੇ ਹਨ। ਇਸ ਕਾਰਨ ਭਾਰਤੀ ਆਈ.ਟੀ. ਮਾਹਰ ਇਸ ਨਾਲ ਪ੍ਰਭਾਵਿਤ ਹੋਣਗੇ ਕਿਉਂਕਿ ਇਸੇ ਵੀਜ਼ਾ ਕੈਟਾਗਰੀ ਉਤੇ ਉਹ ਅਮਰੀਕਾ ਵਿਚ ਨੌਕਰੀ ਲਈ ਜਾਂਦੇ ਹਨ।

ਆਸਟਰੇਲੀਆ ਦੇ ਪ੍ਰਧਾਨ ਮੰਤਰੀ ਵੱਲੋਂ ਵੀਜ਼ਾ ਨਿਯਮ 457 ਵਿਚ ਬਦਲਾਅ ਕਰਨ ਤੋਂ ਬਾਅਦ ਹੁਣ ਨਾਗਰਿਕਤਾ ਲੈਣ ਸਬੰਧੀ ਨਿਯਮਾਂ ਵਿਚ ਵੀ ਬਦਲਾਅ ਕਰਨ ਦਾ ਐਲਾਨ ਕੀਤਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਐਚ-1ਬੀ ਵੀਜ਼ਿਆਂ ਦੇ ਮਾਮਲੇ ਵਿਚ ਫਰਾਖਦਿਲੀ ਵਾਲੀ ਨੀਤੀ ਖਤਮ ਕਰਨ ਦੇ ਆਪਣੇ ਚੁਣਾਵੀ ਵਾਅਦੇ ਨੂੰ ਅਮਲੀ ਦਿੱਤਾ ਹੈ। ਐਚ-1ਬੀ ਵੀਜ਼ੇ ਭਾਰਤੀ ਤਕਨੀਕੀ ਕਰਮੀਆਂ ਲਈ ਅਮਰੀਕਾ ਜਾਣ ਦਾ ਬਿਹਤਰੀਨ ਤੇ ਆਸਾਨ ਵਸੀਲਾ ਸਨ। ਇਨ੍ਹਾਂ ਵੀਜ਼ਿਆਂ ਦੀ ਬਦੌਲਤ ਸੂਚਨਾ ਟੈਕਨਾਲੋਜੀ (ਆਈ.ਟੀ.) ਸਨਅਤ ਨਾਲ ਜੁੜੇ ਭਾਰਤੀ ਕਰਮੀਆਂ ਤੇ ਮਾਹਿਰਾਂ (ਅਤੇ ਭਾਰਤੀ ਕੰਪਨੀਆਂ) ਨੇ ਅਮਰੀਕਾ ਵਿਚ ਪੈਰ ਜਮਾਏ ਅਤੇ ਫਿਰ ਸਿਲੀਕੋਨ ਵੈਲੀ ਦੇ ਨਵਾਬ ਬਣ ਉਭਰੇ। ਵਿਦੇਸ਼ਾਂ ਤੋਂ ਹੁਨਰਮੰਦ ਤੇ ਪ੍ਰਤਿਭਾਵਾਨ ਕਾਮੇ ਘੱਟ ਉਜਰਤ ਬਦਲੇ ਮੰਗਵਾਉਣੇ ਅਮਰੀਕੀ ਕੰਪਨੀਆਂ ਲਈ ਖੂਬ ਲਾਹੇ ਦਾ ਸੌਦਾ ਸੀ। ਅਜਿਹੀ ਸਥਿਤੀ ਅਤੇ ਨਾਲ ਹੀ ਆਰਥਿਕ ਮੰਦੀ ਦੀ ਵਿਆਪਕਤਾ ਕਾਰਨ ਬੇਰੁਜ਼ਗਾਰੀ ਵਿਚ ਵਾਧੇ ਨੇ ਅਮਰੀਕੀਆਂ ਅੰਦਰ ਰੋਹ ਤੇ ਵਿਦਰੋਹ ਪੈਦਾ ਕੀਤਾ ਜਿਸ ਦਾ ਲਾਭ ਡੋਨਲਡ ਟਰੰਪ ਨੇ ਪ੍ਰਧਾਨਗੀ ਚੋਣਾਂ ਵਿਚ ਖੂਬ ਲਿਆ।

ਵਿਰੋਧ ਦੇ ਬਾਵਜੂਦ ਅਮਰੀਕਾ ਵਿਚ ਇਹ ਤੱਥ ਸਵੀਕਾਰਿਆ ਜਾਂਦਾ ਹੈ ਕਿ ਐਚ-1ਬੀ ਵੀਜ਼ਾ ਪ੍ਰਣਾਲੀ ਅਮਰੀਕੀ ਆਈਟੀ ਉਦਯੋਗ ਵਿਚ ਰੂਹ ਫੂਕਣ ਪੱਖੋਂ ਲਾਹੇਵੰਦੀ ਰਹੀ ਹੈ। ਅਮਰੀਕੀ ਨਾਗਰਿਕਤਾ ਤੇ ਆਵਾਸ ਸੇਵਾ ਨੇ ਹਾਲ ਹੀ ਕੁਝ ਨਿਰਦੇਸ਼ ਜਾਰੀ ਕਰ ਕੇ ਵੀਜ਼ਿਆਂ ਨਾਲ ਜੁੜੀਆਂ ਸ਼ਰਤਾਂ ਨੂੰ ਸਖਤ ਬਣਾਇਆ ਹੈ। ਇਨ੍ਹਾਂ ਨਿਰਦੇਸ਼ਾਂ ਦੇ ਤਹਿਤ ਕੰਪਿਊਟਰ ਪ੍ਰੋਗਰਾਮਰਾਂ, ਜੋ ਆਈ.ਟੀ. ਉਦਯੋਗ ਵਿਚ ਸਭ ਤੋਂ ਹੇਠਲੀ ਪੌੜੀ ਵਾਲੇ ਕਰਮੀ ਮੰਨੇ ਜਾਂਦੇ ਹਨ, ਨੂੰ ਵੀਜ਼ੇ ਦੇ ਕਾਬਲ ਨਹੀਂ ਮੰਨਿਆ ਜਾਵੇਗਾ। ਇਸ ਤੋਂ ਭਾਵ ਹੈ ਕਿ ਕੰਪਨੀਆਂ ਵਿਦੇਸ਼ਾਂ ਤੋਂ ਪ੍ਰੋਗਰਾਮਰਾਂ ਨੂੰ ਨਹੀਂ ਮੰਗਵਾ ਸਕਣਗੀਆਂ। ਅਮਰੀਕਾ ਹੀ ਨਹੀਂ, ਆਸਟਰੇਲੀਆ ਨੇ ਵੀ ਆਪਣੀ ਵੀਜ਼ਾ ਪ੍ਰਣਾਲੀ ਵਿਚ ਤਬਦੀਲੀਆਂ ਦਾ ਐਲਾਨ ਕੀਤਾ ਹੈ, ਜਿਨ੍ਹਾਂ ਦਾ ਸਿੱਧਾ ਅਸਰ ਉਸ ਮੁਲਕ ਵਿਚ ਜਾ ਵਸਣ ਦੀ ਲਾਲਸਾ ਰੱਖਣ ਵਾਲੇ ਭਾਰਤੀਆਂ ਉਤੇ ਪਵੇਗਾ।

## ਆਸਟਰੇਲੀਆ ਵੱਲੋਂ ਤਬਦੀਲੀਆਂ...

* ਹੁਣ ਪੱਕੀ ਨਾਗਰਿਕਤਾ ਲੈਣ ਲਈ ਅਰਜ਼ੀ ਕਰਤਾ ਨੂੰ ਚਾਰ ਸਾਲ ਤੱਕ ਆਸਟਰੇਲੀਆ ਵਿਚ ਰਹਿਣਾ ਹੋਵੇਗਾ



* ਆਸਟਰੇਲੀਆ ਦੀਆਂ ਕਦਰਾਂ ਕੀਮਤਾਂ ਦੀ ਪਾਲਣਾ ਵੀ ਨਵੇਂ ਅਰਜ਼ੀ ਕਰਤਾਵਾਂ ਨੂੰ ਕਰਨੀ ਹੋਵੇਗੀ
* ਆਸਟਰੇਲੀਆ ਦੀ ਨਾਗਰਿਕਤਾ ਲੈਣ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਵੀ ਪਾਸ ਕਰਨੀ ਹੋਵੇਗੀ
* ਇਸ ਵਿਚ ਬਾਲ ਵਿਆਹ ਤੇ ਘਰੇਲੂ ਹਿੰਸਾ ਵਰਗੇ ਮਾਮਲੇ ਸ਼ਾਮਲ ਹੋਣਗੇ
* ਨਾਗਰਿਕਤਾ ਪ੍ਰੀਖਿਆ ਲਈ ਅਰਜ਼ੀ ਕਰਤਾਵਾਂ ਨੂੰ ਹੁਣ ਸਿਰਫ ਤਿੰਨ ਮੌਕੇ ਹੀ ਦਿੱਤੇ ਜਾਣਗੇ
* ਨਾਗਰਿਕਤਾ ਪ੍ਰੀਖਿਆ ਵਿਚ ਨਕਲ ਜਾਂ ਕੋਈ ਹੋਰ ਫਰਜ਼ੀਵਾੜਾ ਕਰਨ ਵਾਲੇ ਵਿਦਿਆਰਥੀਆਂ ਖਿਲਾਫ਼ ਸਖਤ ਕਾਰਵਾਈ ਕੀਤੇ ਜਾਣ ਦੀ ਵਿਵਸਥਾ ਹੈ

## ਭਾਰਤ ਦਾ ਅਮਰੀਕਾ ਕੋਲ ਇਤਰਾਜ਼...

**ਨਵੀਂ ਦਿੱਲੀ:** ਟਰੰਪ ਪ੍ਰਸ਼ਾਸਨ ਵੱਲੋਂ ਐਚ-1ਬੀ ਵੀਜ਼ਾ ਪ੍ਰਬੰਧ ਨੂੰ ਸਖਤ ਕੀਤੇ ਜਾਣ ਉਤੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਅਮਰੀਕਾ ਦੇ ਵਣਜ ਮੰਤਰੀ ਵਿਲਬਰ ਰੌਸ ਕੋਲ ਸਖਤ ਰੋਸ ਜ਼ਾਹਰ ਕੀਤਾ ਹੈ। ਉਨ੍ਹਾਂ ਭਾਰਤੀ ਪੇਸ਼ੇਵਰਾਂ ਵੱਲੋਂ ਅਮਰੀਕੀ ਅਰਥਚਾਰੇ ਨੂੰ ਹੁਲਾਰਾ ਦੇਣ ਵਿਚ ਨਿਭਾਏ ਜਾ ਰਹੇ ਅਹਿਮ ਕਿਰਦਾਰ ਦਾ ਵੀ ਜ਼ਿਕਰ ਕੀਤਾ ਹੈ। ਸ੍ਰੀ ਜੇਤਲੀ ਨੇ ਉਮੀਦ ਜ਼ਾਹਰ ਕੀਤੀ ਕਿ ਇਸ ਸਬੰਧੀ ਕੋਈ ਫੈਸਲਾ ਲੈਂਦਿਆਂ ਅਮਰੀਕੀ ਪ੍ਰਸ਼ਾਸਨ ਵੱਲੋਂ ਮੁਲਕ ਦੇ ਅਰਥਚਾਰੇ ਵਿਚ ਹੁਨਰਮੰਦ ਭਾਰਤੀਆਂ ਦੇ ਯੋਗਦਾਨ ਨੂੰ ਚੇਤੇ ਰੱਖਿਆ ਜਾਵੇਗਾ।

## ਐਚ-1ਬੀ ਉਤੇ ਇੰਨਾ ਰੱਫੜ ਕਿਉਂ?

**ਨਿਊ ਯਾਰਕ:** ਦਰਅਸਲ, ਅਮਰੀਕਾ ਵਿਚ ਵਧਦੀ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਐਚ-1ਬੀ ਦੇ ਨਿਯਮ ਨੂੰ ਸਖਤ ਬਣਾਉਣ ਦੀ ਗੱਲ ਕਹੀ ਜਾਂਦੀ ਰਹੀ ਹੈ। ਇਲਜ਼ਾਮ ਹੈ ਕਿ ਕਈ ਕੰਪਨੀਆਂ ਦੂਸਰੇ ਦੇਸ਼ਾਂ ਤੋਂ ਘੱਟ ਤਨਖਾਹ ਉਤੇ ਕਾਮਿਆਂ ਨੂੰ ਲੈ ਕੇ ਆਉਂਦੀਆਂ ਹਨ। ਇਸ ਵਿਚ ਅਮਰੀਕੀਆਂ ਨੂੰ ਨੌਕਰੀ ਮਿਲਣ ਦੇ ਮੌਕੇ ਘੱਟ ਜਾਂਦੇ ਹਨ ਤੇ ਬੇਰੁਜ਼ਗਾਰੀ ਵਧਦੀ ਹੈ। ਟਰੰਪ ਪ੍ਰਸ਼ਾਸਨ ਦੇ ਇਕ ਅਫਸਰ ਨੇ ਕਿਹਾ ਸਾਡੇ ਦੇਸ਼ ਵਿਚ ਵੀ ਯੋਗ ਪ੍ਰੋਫੈਸ਼ਨਲ ਹਨ, ਜਿਹੜੇ ਕੰਪਨੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਦੇ ਹਨ।




## 'ਆਪ' ਛੱਡ ਚੁੱਕੇ ਚੰਗੇ ਬੰਦੇ ਵਾਪਸ ਆਉਣਗੇ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਸ ਨੂੰ ਵਿਸ਼ਵਾਸ ਹੈ ਕਿ ਆਮ ਆਦਮੀ ਪਾਰਟੀ ਛੱਡ ਚੁੱਕੇ ਚੰਗੇ ਲੋਕ ਛੇਤੀ ਹੀ ਪਾਰਟੀ 'ਚ ਵਾਪਸ ਸ਼ਾਮਲ ਹੋਣਗੇ। ਜ਼ਿਕਰਯੋਗ ਹੈ ਕਿ 'ਆਪ' ਛੱਡ ਚੁੱਕੇ ਯੋਗਿੰਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਣ ਨੇ ਆਪਣੀ ਨਵੀਂ ਪਾਰਟੀ ਸਵਰਾਜ ਇੰਡੀਆ ਬਣਾ ਲਈ ਹੈ ਤੇ ਇਹ ਪਾਰਟੀ ਦਿੱਲੀ ਨਗਰ ਨਿਗਮ ਚੋਣਾਂ ਲੜ ਰਹੀ ਹੈ।

## ਮਹਾਰਾਣੀ ਐਲਿਜ਼ਾਬੈਥ ਹੋਈ 91 ਸਾਲ ਦੀ

**ਲੰਡਨ:** ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ 91 ਸਾਲ ਦੀ ਹੋ ਗਈ ਹੈ, ਪਰ ਮਹਾਰਾਣੀ ਦੇ ਜਨਮ ਦਿਨ ਮੌਕੇ ਕੋਈ ਵੀ ਸਮਾਰੋਹ ਨਹੀਂ ਕੀਤਾ ਜਾਂਦਾ।



ਦਰਅਸਲ, ਬਰਤਾਨੀਆ ਵਿਚ ਰਾਜਾ ਤੇ ਰਾਣੀ ਦੇ ਜਨਮ ਦਿਨ ਸਰਕਾਰੀ ਤੌਰ 'ਤੇ ਅਸਲੀ ਜਨਮ ਦਿਨ ਮੌਕੇ ਨਹੀਂ ਮਨਾਏ ਜਾਂਦੇ, ਬਲਕਿ ਜਨਮ ਦਿਨ ਸਬੰਧੀ ਹੋਣ ਵਾਲੀ ਪਰੇਡ ਅਧਿਕਾਰਕ ਜਨਮ ਦਿਨ ਮੌਕੇ ਕੀਤੀ ਜਾਂਦੀ ਹੈ।

ਬਰਤਾਨੀਆ ਵਿਚ ਆਮ ਤੌਰ 'ਤੇ ਰਾਜੇ-ਰਾਣੀਆਂ ਦਾ ਜਨਮ ਦਿਨ ਜੂਨ ਵਿਚ ਮਨਾਇਆ ਜਾਂਦਾ ਹੈ, ਕਿਉਂਕਿ ਜੂਨ ਮਹੀਨੇ ਮੌਸਮ ਵਧੀਆ ਹੁੰਦਾ ਹੈ।


**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**Anu Peshawaria**
Attorney at Law
Licensed to practice Immigration in all 50 states.
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** (Only In WA)
*Divorce *Annulment
*International Custody

**INCORPORATIONS** (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



# ਕੂਦਰਜ਼ ਦੇ ਵਿਸਾਖੀ ਮੇਲੇ 'ਚ ਚਮਕਿਆ ਪੰਜਾਬੀਅਤ ਦਾ ਰੰਗ

**ਫਰਿਜ਼ਨੋ (ਬਿਊਰੋ):** ਨਜ਼ਦੀਕੀ ਸ਼ਹਿਰ ਕੂਦਰਜ਼ ਦੇ ਗੁਰੂਘਰ ਦੀਆਂ ਖੁੱਲ੍ਹੀਆਂ ਗਰਾਊਂਡਾਂ ਵਿਚ 24ਵਾਂ ਵਿਸਾਖੀ ਮੇਲਾ ਕਰਵਾਇਆ ਗਿਆ ਜਿਸ ਦੌਰਾਨ ਨਾ ਸਿਰਫ ਬੱਚਿਆਂ ਤੇ ਬਜ਼ੁਰਗਾਂ ਦੀਆਂ ਦੌੜਾਂ ਦੇ ਮੁਕਾਬਲੇ ਹੋਏ, ਬੱਚਿਆਂ ਦੇ ਬਾਸਕਿਟਬਾਲ ਮੈਚ ਹੀ ਹੋਏ ਸਗੋਂ ਗੀਤ-ਸੰਗੀਤ ਅਤੇ ਗਿੱਧੇ-ਭੰਗੜੇ ਦੇ ਵੀ ਖੂਬ ਰੰਗ ਬੱਝੇ। ਦਰਸ਼ਕਾਂ ਲਈ ਵੱਖ ਵੱਖ ਖਾਣਿਆਂ ਅਤੇ ਖੇਡਾਂ ਦੇ ਸਟਾਲ ਲੱਗੇ ਹੋਏ ਸਨ।

ਮੇਲੇ ਵਿਚ ਦੇਸੀ ਪੰਜਾਬੀ ਘਰ 'ਸੁੱਖ ਆਲ੍ਹਣਾ' ਦੀ ਪ੍ਰਦਰਸ਼ਨੀ ਅਤੇ ਮੁਫਤ ਡਾਕਟਰੀ ਕੈਂਪ ਵਿਚ ਵੀ ਦਰਸ਼ਕਾਂ ਦੀ ਭੀੜ ਜੁੜੀ ਰਹੀ। ਚੰਡੋਲ ਅਤੇ ਰਾਈਡਾਂ ਨਾਲ ਬੱਚੇ ਮਨੋਰੰਜਨ ਕਰ ਰਹੇ ਸਨ। ਦਸਤਾਰ ਸਜਾਉਣ ਅਤੇ ਲੰਮੇ ਕੇਸ ਦੇ ਮੁਕਾਬਲੇ ਵੀ ਹੋਏ। ਇਸ ਤੋਂ ਇਲਾਵਾ ਸੋਹਣੀਆਂ ਦਸਤਾਰਾਂ ਤੇ ਚੁੰਨੀਆਂ ਨਾਲ ਰੰਗਦਾਰ ਪੁਸ਼ਾਕਾਂ ਵਿਚ ਸਜੇ ਲੋਕ ਮੇਲੇ ਦਾ ਰੰਗ ਪੂਰੀ ਤਰ੍ਹਾਂ ਨਿਖਾਰ ਰਹੇ ਸਨ।

ਮੇਲੇ ਦੌਰਾਨ ਗੀਤ-ਸੰਗੀਤ ਦੇ ਦੌਰ ਦੀ ਸ਼ੁਰੂਆਤ ਯਮਲਾ ਜੱਟ ਦੇ ਸ਼ਾਗਿਰਦ ਗਾਇਕ ਰਾਜ ਬਰਾੜ ਦੇ ਗੀਤ ਨਾਲ ਹੋਈ। ਉਪਰੰਤ ਸਾਹੋਕੇ ਵਾਲੇ ਕਵੀਸ਼ਰੀ ਜਥੇ ਅਤੇ ਜਗਦੇਵ ਸਿੰਘ ਧੰਜਲ ਨੇ ਬੀਰ ਰਸੀ ਵਾਰਾਂ ਪੇਸ਼ ਕਰ ਕੇ ਦਰਸ਼ਕਾਂ ਵਿਚ ਜੋਸ਼ ਭਰਿਆ। ਉਚੀ ਹੇਕ ਦੀ ਮਲਕਾ ਬੀਬੀ ਜੋਤ ਰਣਜੀਤ ਨੇ ਸਿੱਖਾਂ ਦੀ ਬਹਾਦਰੀ ਦਾ ਇਤਿਹਾਸ ਸਾਂਝਾ ਕੀਤਾ। ਪਿਸ਼ੌਰਾ ਸਿੰਘ ਢਿੱਲੋਂ ਨੇ ਕਵਿਤਾ ਪੇਸ਼ ਕੀਤੀ ਅਤੇ ਨੌਜਵਾਨ ਗਾਇਕ ਪਵਨ ਸਿੰਘ ਨੇ ਗੀਤ ਗਾਏ। ਗੀਤਕਾਰ ਤੇ ਗਾਇਕ ਧਰਮਵੀਰ ਥਾਂਦੀ ਨੇ ਆਪਣੀ ਬੁਲੰਦ ਆਵਾਜ਼ ਰਾਹੀ ਹਾਜ਼ਰੀਨ ਦਾ ਖੂਬ ਮਨੋਰੰਜਨ ਕੀਤਾ।





ਸਨਮਾਨ ਪ੍ਰਾਪਤ ਕਰਨ ਉਪਰੰਤ ਬੱਚੇ ਪ੍ਰਬੰਧਕਾਂ ਨਾਲ

ਇਸ ਮੌਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੀਆਂ ਸ਼ਖਸੀਅਤਾਂ ਸ਼ਾਇਰ ਹਰਜਿੰਦਰ ਕੰਗ, ਗੀਤਕਾਰ ਸੁਖੀ ਧਾਲੀਵਾਲ, ਪਿਸ਼ੌਰਾ ਸਿੰਘ ਢਿੱਲੋਂ ਅਤੇ ਧਰਮਵੀਰ ਥਾਂਦੀ ਦਾ ਸਨਮਾਨ ਕੀਤਾ ਗਿਆ। ਮੇਲੇ ਦੇ ਪ੍ਰਬੰਧਕਾਂ ਵਲੋਂ ਵੱਖ ਵੱਖ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਗਿਆ।

ਕੂਦਰਜ਼ ਦੀਆਂ ਕੁੜੀਆਂ ਨੇ ਗਿੱਧਾ, ਸਾਡਾ ਵਿਰਸਾ ਗਰੁਪ, ਜੀ. ਐਚ. ਜੀ. ਡਾਂਸ ਅਕੈਡਮੀ ਅਤੇ ਹੋਰ ਬਹੁਤ ਸਾਰੀਆਂ ਗਿੱਧੇ-ਭੰਗੜੇ ਦੀਆਂ ਟੀਮਾਂ ਨੇ ਸ਼ਿਰਕਤ ਕਰਕੇ ਪੰਜਾਬੀਅਤ ਦਾ ਰੰਗ ਬੰਨ੍ਹਿਆ। ਮੰਚ ਸੰਚਾਲਨ ਆਸ਼ਾ ਸ਼ਰਮਾ ਤੇ ਬਲਵੀਰ ਸਿੰਘ ਢਿੱਲੋਂ ਨੇ ਸ਼ਾਇਰਾਨਾ ਅੰਦਾਜ਼ ਵਿਚ ਕੀਤਾ।

ਮੇਲੇ ਦੌਰਾਨ ਚਾਹ-ਪਕੌੜੇ, ਲੱਡੂ, ਜਲੇਬੀਆਂ, ਮਠਿਆਈਆਂ ਅਤੇ ਲੰਗਰਾਂ ਦੇ ਪ੍ਰਬੰਧ ਸਲਾਹੁਣਯੋਗ ਸਨ। ਖਾਣੇ ਦੇ ਸਟਾਲਾਂ ਵਾਲਿਆਂ ਨੇ ਵੀ ਆਪਣੀ ਦੁਕਾਨਦਾਰੀ ਰਾਹੀਂ ਖੂਬ ਕਮਾਈ ਕੀਤੀ। ਅਵਤਾਰ ਸਿੰਘ ਗਿੱਲ, ਜਸਵਿੰਦਰ ਸਿੰਘ ਗਰੇਵਾਲ, ਡਾ. ਸ਼ਰਨਜੀਤ ਸਿੰਘ ਪੁਰੇਵਾਲ, ਸੁਖਦੇਵ ਸਿੰਘ ਚੀਮਾ, ਬਲਰਾਜ ਸਿੰਘ ਬਰਾੜ, ਜੋਗਿੰਦਰ ਸਿੰਘ ਧਾਲੀਵਾਲ ਆਦਿਕ ਨੇ ਪ੍ਰਬੰਧਕਾਂ ਅਤੇ ਮੇਲੀਆਂ ਦਾ ਧੰਨਵਾਦ ਕੀਤਾ।

## ਐਸ.ਪੀ. ਸਲਵਿੰਦਰ ਸਿੰਘ ਵੱਲੋਂ ਅਦਾਲਤ 'ਚ ਆਤਮ ਸਮਰਪਣ

**ਗੁਰਦਾਸਪੁਰ:** ਪਠਾਨਕੋਟ ਏਅਰਬੇਸ ਉਤੇ ਦਹਿਸ਼ਤੀ ਹਮਲੇ ਦੌਰਾਨ ਸੁਰਖੀਆਂ ਵਿਚ ਰਹੇ ਐਸ.ਪੀ. ਸਲਵਿੰਦਰ ਸਿੰਘ ਵੱਲੋਂ ਜਬਰ ਜਨਾਹ ਦੇ ਇਕ ਮਾਮਲੇ ਵਿਚ ਗੁਰਦਾਸਪੁਰ ਦੀ ਸੀ.ਜੇ.ਐਮ. ਦੀ ਅਦਾਲਤ ਵਿਚ ਆਤਮ ਸਮਰਪਣ



ਕਰ ਦਿੱਤਾ ਗਿਆ। ਅਦਾਲਤ ਨੇ ਉਸ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਉਤੇ ਕੇਂਦਰੀ ਜੇਲ੍ਹ ਗੁਰਦਾਸਪੁਰ ਭੇਜ ਦਿੱਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਗੀਤਾ ਭਵਨ ਰੋਡ (ਗੁਰਦਾਸਪੁਰ) ਵਾਸੀ ਰਜਨੀਸ਼ ਕੁਮਾਰ ਖਿਲਾਫ਼ ਥਾਣਾ ਧਾਰੀਵਾਲ ਵਿਚ 2 ਮਾਰਚ 2014 ਨੂੰ ਧਾਰਾ 376, 506 ਅਤੇ 34 ਤਹਿਤ ਕੇਸ ਦਰਜ ਹੋਇਆ ਸੀ। ਮੁਲਜ਼ਮ ਦੀ ਪਤਨੀ ਰਿਤੂ ਬਾਲਾ ਨੇ ਆਪਣੇ ਪਤੀ ਨੂੰ ਬੇਕਸੂਰ ਦੱਸਦਿਆਂ ਐਸ.ਐਸ.ਪੀ. ਗੁਰਦਾਸਪੁਰ ਨੂੰ ਪੱਤਰ ਸੌਂਪ ਕੇ ਜਾਂਚ ਕਰਾਉਣ ਦੀ ਮੰਗ ਕੀਤੀ ਸੀ ਜਿਸ 'ਤੇ ਕਾਰਵਾਈ ਕਰਦਿਆਂ ਐਸ.ਐਸ.ਪੀ. ਵੱਲੋਂ ਮਾਮਲੇ ਦੀ ਜਾਂਚ ਦਾ ਕੰਮ ਤਤਕਾਲੀ ਐਸ.ਪੀ. (ਐਚ) ਸਲਵਿੰਦਰ ਸਿੰਘ ਨੂੰ ਸੌਂਪ ਦਿੱਤਾ ਗਿਆ ਸੀ। ਇਸ ਤੋਂ ਬਾਅਦ ਰਜਨੀਸ਼ ਕੁਮਾਰ ਨੇ ਹੀ ਮੁੱਖ ਮੰਤਰੀ ਨੂੰ ਦਰਖਾਸਤ ਦੇ ਕੇ ਐਸ.ਪੀ. ਸਲਵਿੰਦਰ ਸਿੰਘ ਉਤੇ ਜਾਂਚ ਹੱਕ ਵਿਚ ਕਰਨ ਲਈ ਉਸ ਦੀ ਪਤਨੀ ਦਾ ਸਰੀਰਕ ਸ਼ੋਸ਼ਣ ਕਰਨ ਤੋਂ ਇਲਾਵਾ 50 ਹਜ਼ਾਰ ਰੁਪਏ ਰਿਸ਼ਵਤ ਲੈਣ ਦਾ ਗੰਭੀਰ ਦੋਸ਼ ਲਾਇਆ ਸੀ, ਜਿਸ ਪਿਛੋਂ ਐਸ.ਪੀ. (ਐਚ) ਪਠਾਨਕੋਟ ਗੁਰਨੀਤ ਸਿੰਘ ਦੀ ਜਾਂਚ ਰਿਪੋਰਟ ਦੇ ਆਧਾਰ ਉਤੇ ਐਸ.ਪੀ. ਸਲਵਿੰਦਰ ਸਿੰਘ ਖਿਲਾਫ਼ ਕੇਸ ਦਰਜ ਕਰ ਲਿਆ ਸੀ।

# ਰੇਤ ਦੀ ਕਾਲਾਬਾਜ਼ਾਰੀ 'ਚ ਕਾਂਗਰਸੀ ਵੀ ਹੱਥ ਰੰਗਣ ਲਈ ਹੋਏ ਕਾਹਲੇ

**ਚੰਡੀਗੜ੍ਹ:** ਪੰਜਾਬ ਵਿਚ ਰੇਤ ਦੀਆਂ ਕੀਮਤਾਂ ਨੂੰ ਕਾਬੂ ਹੇਠ ਲਿਆਉਣਾ ਕੈਪਟਨ ਸਰਕਾਰ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ 117 ਖੱਡਾਂ ਦੀ ਨਿਲਾਮੀ ਨੇਪਰੇ ਨਾ ਚੜ੍ਹਨ ਤੱਕ ਰੇਤ ਦੀ ਕਮੀ ਕਾਰਨ ਭਾਅ ਵਿਚ ਤੇਜ਼ੀ ਦੇ ਆਸਾਰ ਹਨ। ਸਰਕਾਰ ਨੇ 59 ਖੱਡਾਂ ਦੀ ਨਿਲਾਮੀ ਤਾਂ ਆਉਂਦੇ ਦਿਨਾਂ ਦੌਰਾਨ ਕਰਨ ਦਾ ਫੈਸਲਾ ਕੀਤਾ ਹੈ, ਜਦੋਂ ਕਿ 58 ਹੋਰ ਖੱਡਾਂ ਦੀ ਨਿਲਾਮੀ ਲਈ ਕੇਂਦਰੀ ਵਾਤਾਵਰਨ ਮੰਤਰਾਲੇ ਦੀਆਂ ਮਨਜ਼ੂਰੀਆਂ ਨਾ ਹੋਣ ਕਾਰਨ ਨੌਂ ਮਹੀਨੇ ਤੱਕ ਦਾ ਸਮਾਂ ਲੱਗ ਸਕਦਾ ਹੈ। ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਾਲ ਦੀ ਘੜੀ ਰੇਤ ਦੀ ਗੈਰਕਾਨੂੰਨੀ ਨਿਕਾਸੀ ਨੂੰ ਹਰੀ ਝੰਡੀ ਦੇਣ ਦੇ ਰੌਂਅ ਵਿਚ ਨਹੀਂ ਹੈ। ਮੁੱਖ ਮੰਤਰੀ ਦਾ ਇਹ ਰੁਖ ਮੰਤਰੀ ਮੰਡਲ ਦੀ ਹੋਈ ਮੀਟਿੰਗ ਦੌਰਾਨ ਸਾਹਮਣੇ ਆਇਆ।

ਸੂਤਰਾਂ ਦਾ ਦੱਸਣਾ ਹੈ ਕਿ ਤਿੰਨ ਮੰਤਰੀਆਂ ਨੇ ਅਕਾਲੀਆਂ ਦੀ ਤਰਜ਼ 'ਤੇ ਰੇਤ ਦੀ ਗੈਰਕਾਨੂੰਨੀ ਨਿਕਾਸੀ ਦੀ ਤਰਫਦਾਰੀ ਕਰਦਿਆਂ ਕਿਹਾ ਕਿ ਬਾਦਲ ਸਰਕਾਰ ਦੌਰਾਨ ਅਕਾਲੀ ਦਲ ਦੇ ਬੰਦਿਆਂ ਨੇ ਰੇਤ ਤੋਂ ਮੋਟੀ ਕਮਾਈ ਕੀਤੀ। ਇਨ੍ਹਾਂ ਮੰਤਰੀਆਂ ਨੇ ਕਾਂਗਰਸੀ ਆਗੂਆਂ ਨੂੰ ਰੇਤ ਦੀ ਨਿਕਾਸੀ ਦੀ ਪ੍ਰਵਾਨਗੀ ਦੇਣ ਦੀ ਗੱਲ ਅਸਿੱਧੇ ਤੌਰ 'ਤੇ ਕਹੀ। ਪ੍ਰਤੱਖਦਰਸ਼ੀ ਅਧਿਕਾਰੀਆਂ ਦਾ ਦੱਸਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੀਟਿੰਗ ਦੌਰਾਨ ਸਪੱਸ਼ਟ ਕੀਤਾ ਕਿ ਗੈਰਕਾਨੂੰਨੀ ਨਿਕਾਸੀ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੁੱਖ ਮੰਤਰੀ ਦੇ ਸਟੈਂਡ ਦੀ ਹਮਾਇਤ ਕੀਤੀ।

ਕੈਪਟਨ ਅਮਰਿੰਦਰ ਸਿੰਘ ਦੇ ਰੁਖ ਕਾਰਨ ਗੈਰਕਾਨੂੰਨੀ ਮਾਈਨਿੰਗ ਦੀ ਝਾਕ ਵਿਚ ਬੈਠੇ ਕਾਂਗਰਸੀਆਂ ਨੂੰ ਵੱਡਾ ਝਟਕਾ ਲੱਗਿਆ ਹੈ। ਸੂਤਰਾਂ ਮੁਤਾਬਕ ਨਵਜੋਤ ਸਿੰਘ ਸਿੱਧੂ ਨੇ ਰੇਤ ਅਤੇ ਬਜਰੀ ਤੋਂ ਸਰਕਾਰ ਦਾ ਮਾਲੀਆ ਵਧਾਉਣ ਦੇ ਕੁਝ ਸੁਝਾਅ ਵੀ ਰੱਖੇ। ਕੈਪਟਨ ਅਮਰਿੰਦਰ ਸਿੰਘ ਨੇ ਸਥਾਨਕ ਸਰਕਾਰ ਬਾਰੇ ਵਿਭਾਗ ਦੇ ਮੰਤਰੀ ਵੱਲੋਂ ਰੱਖੇ ਪ੍ਰਸਤਾਵ ਨੂੰ ਮੰਤਰੀ ਮੰਡਲ ਦੀ ਅਗਲੀ ਮੀਟਿੰਗ ਵਿਚ ਵਿਚਾਰਨ ਦੀ ਗੱਲ ਕਹੀ। ਸਿਆਸੀ ਵਿਅਕਤੀਆਂ ਨੇ ਮੁੱਖ ਮੰਤਰੀ ਨੂੰ ਇਹ ਵੀ ਕਿਹਾ ਕਿ ਗੈਰਕਾਨੂੰਨੀ ਨਿਕਾਸੀ ਨਾ ਹੋਣ ਕਾਰਨ ਰੇਤ ਦੀ ਕਮੀ ਰਹੇਗੀ ਅਤੇ ਭਾਅ ਤੇਜ਼ ਰਹਿਣ ਨਾਲ ਸਰਕਾਰ ਨੂੰ ਬਦਨਾਮੀ ਝੱਲਣੀ ਪਵੇਗੀ ਜਦੋਂ ਕਿ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਸਾਰੀਆਂ ਖੱਡਾਂ ਸਹੀ ਤਰੀਕੇ ਨਾਲ ਨਿਲਾਮ ਕਰ ਦਿੱਤੀਆਂ ਜਾਣ ਤਾਂ ਰੇਤ ਦੀ ਕਮੀ ਵੀ ਕੁਝ ਮਹੀਨਿਆਂ ਤੱਕ ਦੂਰ ਹੋ ਜਾਵੇਗੀ। ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਬਾਦਲ ਸਰਕਾਰ ਸਮੇਂ ਖੱਡਾਂ ਦੀ ਨਿਲਾਮੀ ਮਹਿਜ਼ ਖਾਨਾਪੂਰਤੀ ਹੀ ਹੁੰਦੀ ਸੀ ਤੇ ਗੈਰ ਕਾਨੂੰਨੀ ਨਿਕਾਸੀ ਹੀ ਵੱਧ ਹੁੰਦੀ ਸੀ। ਪੰਜਾਬ ਵਿਚ ਰੇਤ ਦੀ ਕਾਲਾਬਾਜ਼ਾਰੀ ਖਤਮ ਕਰਨ ਲਈ ਸਾਲਾਨਾ 2 ਕਰੋੜ ਟਨ ਰੇਤ ਦੀ ਲੋੜ ਹੈ। ਇਸ ਨਾਲ ਕੀਮਤਾਂ ਵਿਚ ਵੀ ਕਮੀ ਆਵੇਗੀ ਤੇ ਸਰਕਾਰ ਦੇ ਮਾਲੀਏ ਵਿਚ ਵੀ ਵਾਧਾ ਹੋ ਸਕਦਾ ਹੈ।

## ਨਾਜਾਇਜ਼ ਬੱਸਾਂ ਰੋਕਣ ਬਾਰੇ ਹਾਈ ਕੋਰਟ ਸਖਤ

**ਚੰਡੀਗੜ੍ਹ:** ਸੂਬਾ ਸਰਕਾਰ ਵੱਲੋਂ ਨਾਜਾਇਜ਼ ਚੱਲ ਰਹੀਆਂ ਬੱਸਾਂ ਖ਼ਿਲਾਫ਼ ਵਿੱਢੀ ਕਾਰਵਾਈ ਦਾ ਨੋਟਿਸ ਲੈਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹੁਕਮ ਦਿੱਤਾ ਹੈ ਕਿ ਇਸ ਮਾਮਲੇ 'ਤੇ ਟਰਾਂਸਪੋਰਟ ਵਿਭਾਗ ਵੱਲੋਂ ਘੱਟੋ-ਘੱਟ ਜੁਆਇੰਟ ਸਕੱਤਰ ਰੈਂਕ ਦਾ ਅਧਿਕਾਰੀ ਅਤੇ ਪੁਲਿਸ ਵਿਭਾਗ ਤੋਂ ਡਿਪਟੀ ਇੰਸਪੈਕਟਰ ਜਨਰਲ ਰੈਂਕ ਦਾ ਅਧਿਕਾਰੀ ਅਦਾਲਤ ਨੂੰ ਸਹਿਯੋਗ ਦੇਵੇਗਾ।

ਦੱਸਣਯੋਗ ਹੈ ਕਿ ਪੰਜਾਬ 'ਚ ਨਿਯਮਾਂ ਨੂੰ ਛਿੱਕੇ ਟੰਗ ਬਿਨਾਂ ਜਾਇਜ਼ ਰੂਟ ਪਰਮਿਟ ਤੇ ਸਮਾਂ ਸਾਰਣੀ ਤੋਂ ਚੱਲ ਰਹੀਆਂ ਬੱਸਾਂ ਵਿਰੁੱਧ ਕਾਰਵਾਈ ਕਰਨ ਲਈ ਸੂਬਾ ਸਰਕਾਰ ਪੁਲਿਸ ਦੀ ਮਦਦ ਲੈਣ ਸਬੰਧੀ ਵਿਚਾਰ ਕਰ ਰਹੀ ਹੈ।

# ਹਰਸੰਗਤ ਕੌਰ ਦੇ ਸਿਰੜ ਨੂੰ ਸਲਾਮ

## ਗੈਰ ਸਿੱਖ ਪਰਿਵਾਰ ਦੀ ਕੁੜੀ ਨੇ ਧਾਰਿਆ ਨਿਹੰਗ ਸਿੰਘਾਂ ਦਾ ਬਾਣਾ



**ਆਸਟਿਨ:** ਈਸਾਈ ਮਾਂ ਅਤੇ ਮੁਸਲਮਾਨ ਪਿਉ ਦੇ ਘਰ ਜੰਮੀ ਹਰਸੰਗਤ ਰਾਜ ਕੌਰ ਦੁਨੀਆਂ ਦੇ ਚੋਣਵੇਂ ਗੋਰਿਆਂ ਵਿਚੋਂ ਇਕ ਹੈ, ਜਿਨ੍ਹਾਂ ਨੇ ਨਿਹੰਗ ਸਿੰਘ ਦਾ ਬਾਣਾ ਅਪਨਾਇਆ। ਅਮਰੀਕਾ ਦੇ ਟੈਕਸਾਸ ਸੂਬੇ ਨਾਲ ਸਬੰਧਤ ਹਰਸੰਗਤ ਰਾਜ ਕੌਰ ਆਪਣੇ ਆਪ ਨੂੰ ਪਰਸ਼ੀਅਨ-ਸਕੈਂਡੇਨੇਵੀਅਨ ਸਿੰਘਣੀ ਅਖਵਾ ਕੇ ਮਾਣ ਮਹਿਸੂਸ ਕਰਦੀ ਹੈ। ਹਰਸੰਗਤ ਰਾਜ ਕੌਰ ਨੇ ਸਿਰਫ ਨਿਹੰਗ ਬਾਣਾ ਹੀ ਨਹੀਂ ਅਪਨਾਇਆ, ਸਗੋਂ ਪੂਰਨ ਗੁਰਮਰਿਆਦਾ ਅਨੁਸਾਰ ਅੰਮ੍ਰਿਤ ਛਕਿਆ ਹੈ। ਉਸ ਨੇ 2012 ਵਿਚ ਆਪਣੀ ਪਹਿਲੀ ਬਰਤਾਨੀਆ ਫੇਰੀ ਦੌਰਾਨ ਬਾਬਾ ਬੁੱਢਾ ਦਲ ਦੇ ਜਥੇਦਾਰ ਜੋਗਿੰਦਰ ਸਿੰਘ ਤੋਂ ਅੰਮ੍ਰਿਤ ਛਕਿਆ ਸੀ।

ਤੀਰਅੰਦਾਜ਼ੀ ਅਤੇ ਘੋੜਸਵਾਰੀ ਵਿਚ ਪੂਰੀ ਤਰ੍ਹਾਂ ਮਾਹਰ ਹਰਸੰਗਤ ਰਾਜ ਕੌਰ ਨੇ ਦੱਸਿਆ ਕਿ ਉਸ ਨੂੰ ਨਿਹੰਗਾਂ ਦਾ ਬਾਣਾ ਅਤੇ ਰਹਿਣ-ਸਹਿਣ ਕੁਦਰਤ ਦੇ ਨੇੜੇ ਜਾਪਿਆ। ਤਖਤ ਦਮਦਮਾ ਸਾਹਿਬ ਵਿਖੇ ਗੁਰਮੁਖੀ ਵਿਚ ਮੁਹਾਰਤ ਹਾਸਲ ਕਰਨ ਪਿੱਛੋਂ ਉਹ ਗੁਰਬਾਣੀ ਉਚਾਰਨ ਵੀ ਕਰ ਲੈਂਦੀ ਹੈ। ਹਰਸੰਗਤ ਨੇ ਦੱਸਿਆ ਕਿ ਨਿਹੰਗ ਸਿੰਘ ਦੀ ਜ਼ਿੰਦਗੀ ਅਪਣਾਉਣ ਮਗਰੋਂ ਉਸ ਦੀ ਜ਼ਿੰਦਗੀ ਵਿਚ ਕਈ ਤਬਦੀਲੀਆਂ ਆਈਆਂ ਹਨ। ਉਹ ਪੰਜ ਸਾਲ ਦੀ ਉਮਰ ਤੋਂ ਘੋੜਸਵਾਰੀ ਕਰ ਰਹੀ ਹੈ। ਹਰਸੰਗਤ ਰਾਜ ਕੌਰ ਮੁਤਾਬਕ ਉਸ ਦੇ ਪਿਤਾ ਈਰਾਨੀ ਮੂਲ ਦੇ ਹਨ ਅਤੇ ਉਨ੍ਹਾਂ ਨੂੰ ਫਾਰਸੀ ਆਉਂਦੀ ਹੋਣ ਕਾਰਨ ਗੁਰਮੁਖੀ ਸਿੱਖਣ ਵਿਚ ਜ਼ਿਆਦਾ ਦਿੱਕਤ ਨਹੀਂ ਆਈ। ਅਮਰੀਕਾ ਵਿਚ ਸਿੱਖਾਂ 'ਤੇ ਹਮਲੇ ਦੀਆਂ ਘਟਨਾਵਾਂ ਬਾਰੇ ਸੁਣ ਕੇ ਉਸ ਨੂੰ ਹੈਰਾਨੀ ਨਹੀਂ ਹੁੰਦੀ ਕਿਉਂਕਿ ਉਹ ਜਾਣਦੀ ਹੈ ਕਿ ਸਿੱਖ ਪਹਿਰਾਵੇ ਨੂੰ ਲੋਕ ਗਲਤ ਸਮਝ ਲੈਂਦੇ ਹਨ।

# ਭਗਤ ਸਿੰਘ ਦਾ ਪਿਸਤੌਲ ਪੰਜਾਬ ਪਰਤਿਆ

**ਚੰਡੀਗੜ੍ਹ:** ਬਰਤਾਨਵੀ ਪੁਲਿਸ ਅਧਿਕਾਰੀ ਜੇ.ਪੀ. ਸਾਂਡਰਸ ਦੀ ਹੱਤਿਆ ਲਈ ਵਰਤਿਆ ਸ਼ਹੀਦ ਭਗਤ ਸਿੰਘ ਦਾ ਪਿਸਤੌਲ ਸਾਢੇ 47 ਸਾਲਾਂ ਦੇ ਵਕਫੇ ਮਗਰੋਂ ਪੰਜਾਬ ਵਾਪਸ ਆ ਗਿਆ ਹੈ। ਇਸ ਨੂੰ ਛੇਤੀ ਸ਼ਹੀਦ ਦੀ ਯਾਦਗਾਰ ਹੁਸੈਨੀਵਾਲਾ ਵਿਚ ਦਿਖਾਇਆ ਜਾਵੇਗਾ। ਸਰਕਾਰ ਤੇ ਮੀਡੀਆ ਦੀ ਮੰਗ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਨ ਹਿੱਤ ਪਟੀਸ਼ਨ ਦਾਖਲ ਹੋਣ ਮਗਰੋਂ ਬੀ.ਐਸ.ਐਫ. ਦੇ 'ਸੈਂਟਰਲ ਸਕੂਲ ਆਫ ਵੈਪਨਜ਼ ਐਂਡ ਟੈਕਟਿਕਸ, ਇੰਦੌਰ' (ਸੀ.ਐਸ.ਡਬਲਯੂ.ਟੀ.) ਨੇ ਇਹ ਪਿਸਤੌਲ ਜਲੰਧਰ ਵਿਚ ਬੀ.ਐਸ.ਐਫ. ਹੈੱਡਕੁਆਰਟਰਜ਼ ਨੂੰ ਤਬਦੀਲ ਕਰ ਦਿੱਤਾ ਹੈ। ਅਮਰੀਕਾ ਦਾ ਬਣਿਆ .32 ਕੋਲਟ ਪਿਸਤੌਲ ਆਖਰੀ ਵਾਰ 7 ਅਕਤੂਬਰ 1969 ਨੂੰ ਪੁਲਿਸ ਅਕੈਡਮੀ ਫਿਲੌਰ ਵਿਚ ਦੇਖਿਆ ਗਿਆ ਸੀ। ਰਾਸ਼ਟਰਪਤੀ ਦੇ ਹੁਕਮਾਂ



ਉਤੇ ਅੱਠ ਪਿਸਤੌਲਾਂ ਇੰਦੌਰ ਦੇ ਸੀ.ਐਸ. ਡਬਲਯੂ.ਟੀ. ਨੂੰ ਭੇਜੀਆਂ ਗਈਆਂ ਸਨ, ਜਿਨ੍ਹਾਂ ਵਿਚ ਇਹ ਪਿਸਤੌਲ ਸ਼ਾਮਲ ਸੀ। ਸੀ.ਐਸ.ਡਬਲਯੂ.ਟੀ. ਨੂੰ ਬੀ.ਐਸ.ਐਫ. ਦੇ ਨਵੇਂ ਰੰਗਰੂਟਾਂ ਨੂੰ ਹਥਿਆਰ ਤਕਨਾਲੋਜੀ ਦੇ ਵਿਕਾਸ ਬਾਰੇ ਜਾਣਕਾਰੀ ਦੇਣ ਲਈ ਪੁਰਾਣੇ ਹਥਿਆਰਾਂ ਦੀ ਲੋੜ ਸੀ।

ਵਕੀਲ ਐਚ.ਸੀ. ਅਰੋੜਾ ਨੇ ਪਿਸਤੌਲ ਵਾਪਸੀ ਲਈ ਜਨ ਹਿੱਤ ਪਟੀਸ਼ਨ ਦਾਖਲ ਕੀਤੀ। ਪੰਜਾਬ ਦੇ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਨੇ ਇਹ ਪਿਸਤੌਲ ਸ਼ਹੀਦ ਦੇ ਜੱਦੀ ਪਿੰਡ ਖਟਕੜ ਕਲਾਂ (ਨਵਾਂ ਸ਼ਹਿਰ) ਦੇ ਅਜਾਇਬਘਰ ਵਿਚ ਰੱਖਣ ਦੀ ਮੰਗ ਕੀਤੀ। ਬੀ.ਐਸ.ਐਫ. ਅਧਿਕਾਰੀਆਂ ਨੇ ਪਿਸਤੌਲ ਦਿਖਾਉਣ ਲਈ ਪੰਜਾਬ ਤਬਦੀਲ ਕਰ ਦਿੱਤਾ ਹੈ, ਪਰ ਜਦੋਂ ਤੱਕ ਹਾਈ ਕੋਰਟ ਇਸ ਜਨ ਹਿੱਤ ਪਟੀਸ਼ਨ ਦਾ ਨਿਬੇੜਾ ਨਹੀਂ ਕਰ ਦਿੰਦੀ, ਉਦੋਂ ਤੱਕ ਬੀ.ਐਸ.ਐਫ. ਹੀ ਇਸ ਦੀ ਮਾਲਕ ਰਹੇਗੀ।

ਬੀ.ਐਸ.ਐਫ. ਦੇ ਤਰਜਮਾਨ ਨੇ ਕਿਹਾ ਕਿ ਸੀ.ਐਸ.ਡਬਲਯੂ.ਟੀ. ਇੰਦੌਰ ਦੇ ਡਾਇਰੈਕਟਰ ਆਈ.ਜੀ. ਪੰਕਜ ਨੇ ਬੀ.ਐਸ.ਐਫ. ਜਵਾਨਾਂ ਦੀ ਇਕ ਟੀਮ ਹੱਥ ਇਹ ਪਿਸਤੌਲ ਭੇਜਿਆ ਹੈ, ਜਿਸ ਨੂੰ ਪੰਜਾਬ ਵਿਚ ਪ੍ਰਾਪਤ ਕਰ ਲਿਆ ਗਿਆ ਹੈ। ਇਥੇ ਬੀ.ਐਸ.ਐਫ. ਬੁਲਾਰੇ ਨੇ ਕਿਹਾ ਕਿ ਉਹ ਪਿਸਤੌਲ ਦੇ ਪ੍ਰਦਰਸ਼ਨ ਦੇ ਤੌਰ-ਤਰੀਕੇ ਬਾਰੇ ਚਰਚਾ ਕਰ ਰਹੇ ਹਨ।

28ਵਾਂ

# PCS SACRAMENTO

Presents

Non Profit

Since 1990

(USA)

# ਵਿਸਾਖੀ ਮੇਲਾ

# Visakhi Mela





**Featuring : Songs, Gidha & Bhangra, Dances, Skits and Much More**

Celebration On

## Saturday 29th April 2017

at 3:00 P.M.

Performing Art Centre

## Sheldon High School

8333 Kingsbridge Drive, Sacramento CA 95829

Spcl. Appearance

Bhangra & Gidda

ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਹਰਕਿੰਦਰ ਬਾਸੀ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੀਹਲ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੌਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਮਨੋਹਰ ਲਾਲ ਰੱਤੀ, ਮਨਜੀਤ ਢਿਲੋਂ (ਮੈਡੈਸਟੋ), ਦਲਜੀਤ ਸਿੰਘ ਲੋਪੋਂ, ਭੀਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਬੱਗਾ ਪੈਲੇਸ, ਇੰਡੀਆ ਹਾਊਸ ਆਫ਼ ਗਰੋਸਰੀ, ਦੇਸੀ ਬਾਜ਼ਾਰ, ਸਟਾਰ ਆਫ ਇੰਡੀਆ, ਗੁਰਨੇਕ ਸਿੰਘ ਫੈਟਡੱਕ ਪੀਜ਼ਾ), ਅਵਤਾਰ ਅਟਵਾਲ, ਚਰਨ ਬਡਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਪਵਿੱਤਰ ਨਾਹਲ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਸੁਰਿੰਦਰ ਬਿੰਦਰਾ।

*For More Information Please Contact :* *Participation:* **Rashpal Pharwala (916) 880-0531,** *Stalls:* **Tirath Sahota (916) 271-8382, Amrik Parhar (916) 502-0064,** *Host by:* **Jaswant S. Shad (209) 992-7185**

## ADMISSION FREE

Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

Website : www.sacpcs.com

Printer : Barapind Printing Press (E-mail: barapindpress@gmail.com)

# ਹੁੱਲੜ ਗਾਇਕੀ ਦੀ ਤਾਕੀ 'ਚੋਂ ਦਿਸਦਾ ਭਵਿਖ



## ਕਲਾ ਪਰਿਕਰਮਾ

ਪ੍ਰੋ. ਰਮਨ

ਰੂਸ ਦੀ ਸਮਾਜਵਾਦੀ ਕ੍ਰਾਂਤੀ ਦੇ ਮਹਾਨਾਇਕ ਵਲਾਦੀਮੀਰ ਇਲੀਇਚ ਲੈਨਿਨ ਨੇ ਗਾਇਕੀ ਬਾਰੇ ਜੋ ਟਿਪਣੀ ਕੀਤੀ ਸੀ, ਅੱਜ ਦੀ ਪੰਜਾਬੀ ਹੁੱਲੜ ਗਾਇਕੀ ਇਸ ਟਿਪਣੀ ਦੀ ਪ੍ਰੋੜ੍ਹਤਾ ਕਰਦੀ ਜਾਪਦੀ ਹੈ। ਲੈਨਿਨ ਨੇ ਕਿਹਾ ਸੀ ਕਿ ਤੁਸੀਂ ਮੈਨੂੰ ਆਪਣੇ ਦੇਸ਼ ਦੇ ਨੌਜਵਾਨਾਂ ਵਿਚ ਪ੍ਰਚਲਿਤ ਗਾਇਕੀ ਬਾਰੇ ਦੱਸ ਦਿਓ, ਮੈਂ ਤੁਹਾਨੂੰ ਦੇਸ਼ ਦਾ ਭਵਿਖ ਦੱਸ ਦੇਵਾਂਗਾ। ਸੱਚਮੁੱਚ, ਸਮਕਾਲੀ ਪੰਜਾਬੀ ਗਾਇਕੀ ਦਾ ਵੱਡਾ ਹਿੱਸਾ ਦੇਸ਼, ਖਾਸ ਕਰ ਕੇ ਪੰਜਾਬੀ ਨੌਜਵਾਨਾਂ ਦੇ ਭਵਿਖ ਬਾਰੇ ਬੜੇ ਖਤਰਨਾਕ ਸੰਕੇਤ ਦੇ ਰਿਹਾ ਹੈ। ਇੰਨਾ ਬਾਰੂਦ ਇਸ ਗਾਇਕੀ ਵਿਚ ਭਰਿਆ ਜਾ ਰਿਹਾ ਹੈ ਕਿ ਇਸ ਦੁਆਰਾ ਮਚਣ ਵਾਲੀ ਤਬਾਹੀ ਦਾ ਕੋਈ ਸ਼ੁਮਾਰ ਨਹੀਂ ਹੋਵੇਗਾ। ਮਨੁੱਖੀ ਕਦਰਾਂ-ਕੀਮਤਾਂ ਦੇ ਚੀਥੜੇ ਜੋ ਹੁਣ ਉਡਦੇ ਦਿਖਾਈ ਦੇ ਰਹੇ ਹਨ, ਉਸ ਤੋਂ ਕਿਤੇ ਜ਼ਿਆਦਾ ਭਵਿਖ ਵਿਚ ਉਡਣਗੇ। ਹੁੱਲੜ ਗਾਇਕੀ ਵਿਚ ਸਮਾਜ ਅਤੇ ਸਾਮਜ ਵਿਚ ਨੌਜਵਾਨ ਦੀ ਭੂਮਿਕਾ ਦਾ ਜੋ ਖਾਕਾ ਪੇਸ਼ ਹੈ, ਉਹ ਇਹੋ ਜਿਹੀਆਂ ਸੰਭਾਵਨਾਵਾਂ ਹੀ ਪੇਸ਼ ਕਰ ਰਿਹਾ ਹੈ।

ਪੰਜਾਬੀ ਦੀ ਹੁੱਲੜ ਗਾਇਕੀ ਹਰ ਤਰ੍ਹਾਂ ਦਾ ਐਬ ਬੜੇ ਧੂਮ-ਧੜੱਕੇ ਨਾਲ ਉਛਾਲ ਰਹੀ ਹੈ। ਕੋਈ ਵੀ ਅਜਿਹਾ ਨਸ਼ਾ ਨਹੀਂ ਜਿਸ ਦਾ ਜ਼ਿਕਰ ਇਸ ਗਾਇਕੀ ਵਿਚ ਬੜੇ ਮਾਣ ਨਾਲ ਕੀਤਾ ਜਾਂਦਾ ਹੋਵੇ। ਹਿੰਸਕ ਰੁਚੀਆਂ ਦੇ ਪ੍ਰਗਟਾਵੇ ਵਿਚ ਤਾਂ ਇਹ ਗਾਇਕੀ ਸਭ ਹੱਦ-ਬੰਨੇ ਟਪ ਗਈ ਹੈ। ਇਸ ਗਾਇਕੀ ਵਿਚ ਪਰੰਪਰਕ ਮਾਨਵੀ ਰਿਸ਼ਤਿਆ ਦਾ ਤ੍ਰਿਸਕਾਰ, ਅਸ਼ਲੀਲਤਾ ਅਤੇ ਗੁੰਡਾਗਰਦੀ ਦਾ ਵੀ ਖੁੱਲ੍ਹ ਕੇ ਪ੍ਰਗਟਾਵਾ ਕੀਤਾ ਜਾਂਦਾ ਹੈ। ਇਹ ਸਾਰੇ ਐਬ ਅਜੋਕੇ ਵਿਗੜੈਲ ਗਾਇਕਾਂ ਦੇ ਹਥਿਆਰ ਹਨ ਜਿਨ੍ਹਾਂ ਨਾਲ ਲੈਸ ਹੋ ਕੇ ਉਹ ਪਿਛਲੇ ਲਗਭਗ ਇਕ ਦਹਾਕੇ ਤੋਂ ਮਾਰੂ ਹਮਲੇ ਪੰਜਾਬੀ ਸਭਿਆਚਾਰ ਉਪਰ ਕਰਦੇ ਆ ਰਹੇ ਹਨ। ਇਸ ਗਾਇਕੀ ਨੇ ਪੰਜਾਬੀ ਨੌਜਵਾਨ ਦੀ ਸੋਚ, ਉਸ ਦੇ ਤੌਰ-ਤਰੀਕਿਆਂ ਅਤੇ ਉਸ ਦੀ ਜੀਵਨ ਸ਼ੈਲੀ ਨੂੰ ਨਾਕਾਰਾਤਕ ਰੂਪ ਵਿਚ ਪ੍ਰਭਾਵਿਤ ਕੀਤਾ ਹੈ। ਹੁੱਲੜ ਗਾਇਕ ਜਿਥੇ ਮਾਰ -ਧਾੜ ਵਾਲੇ ਗੀਤ ਹਥਿਆਰਾਂ ਦੇ ਪ੍ਰਦਰਸ਼ਨ ਵਾਲੀਆਂ ਵੀਡੀਓਜ਼ ਜ਼ਰੀਏ 'ਗਾ' ਕੇ ਖੂਬ ਕਮਾਈ ਕਰ ਰਹੇ ਹਨ, ਉਥੇ ਪੰਜਾਬੀ ਨੌਜਵਾਨ ਇਨ੍ਹਾਂ ਗੀਤਾਂ ਨੂੰ 'ਜੀਅ' ਕੇ ਤ੍ਰਾਸਦਿਕ ਹੋਣੀ ਭੋਗ ਰਹੇ ਹਨ।

ਕੀ ਹੋਰ ਭਾਸ਼ਾਵਾਂ ਦੀ ਗਾਇਕੀ ਵਿਚ ਵੀ ਹੁੱਲੜਬਾਜ਼ੀ ਦਾ ਰੁਝਾਨ ਪੰਜਾਬੀ ਦੀ ਹੁੱਲੜ ਗਾਇਕੀ ਜਿੰਨਾ ਹੀ ਹੈ? ਇਹ ਸਵਾਲ ਖੋਜ ਦਾ ਵਿਸ਼ਾ ਹੈ, ਪਰ ਜਿਥੋਂ ਤਕ ਹੋਰ ਭਾਸ਼ਾਵਾਂ ਦੀ ਗਾਇਕੀ ਸਬੰਧੀ ਆਮ ਜਾਣਕਾਰੀ ਹੈ, ਉਹ ਗਾਇਕੀ ਪੰਜਾਬੀ ਜਿੰਨੀ ਲੱਠਮਾਰ ਨਹੀਂ ਹੈ। ਉਸ ਵਿਚ ਰਾਮੁਕ ਹਰਕਤਾਂ ਦੀ ਬਹੁਤਾਤ ਤਾਂ ਹੈ, ਪਰ ਹਥਿਆਰਬੰਦ ਕਸਰਤਾਂ ਤੋਂ ਉਹ ਹਾਲ ਹੀ ਘੜੀ ਮੁਕਤ ਹੈ। ਪੰਜਾਬੀ ਦੀ ਹੁੱਲੜ ਗਾਇਕੀ ਕਤਲ ਕਰਨ ਲਈ ਉਕਸਾਉਂਦੀ, ਖਰੂਦ ਮਚਾਉਣ ਲਈ ਚਮਲਾਉਂਦੀ ਅਤੇ ਕਾਨੂੰਨ ਤੋਂ ਉਪਰ ਹੋਣ 'ਤੇ ਆਪਣਾ ਹੱਕ ਜਤਾਉਂਦੀ ਹੈ। ਵੀਡੀਓਜ਼ ਵਿਚ ਗਾਇਕ ਅਜੀਬੋ ਗਰੀਬ ਬਾਣਿਆਂ ਵਿਚ ਹੱਥਾਂ ਵਿਚ ਸਾਜ਼ਾਂ ਦੀ ਥਾਂ ਹਥਿਆਰ ਲੈ ਕੇ ਘੁੰਮਦੇ ਤੇ ਧਮੱਚੜ ਪਾਉਂਦੇ ਦਿਖਾਈ ਦਿੰਦੇ ਹਨ। ਅਜਿਹਾ ਕਰਦਿਆਂ ਉਨ੍ਹਾਂ ਦਾ ਹੰਕਾਰ ਆਪਣੀ ਚਰਮ ਸੀਮਾ ਉਪਰ ਹੁੰਦਾ ਹੈ। ਉਹ ਅਜਿਹਾ ਪ੍ਰਭਾਵ ਦੇਣ ਲਈ ਹਰ ਹੀਲਾ ਕਰਦੇ ਹਨ, ਜਿਵੇਂ ਦੁਨੀਆਂ ਦੀ ਕੁਲ ਤਾਕਤ ਉਨ੍ਹਾਂ ਦੇ ਹੱਥਾਂ ਵਿਚ ਹੀ ਕੇਂਦ੍ਰਿਤ ਹੋਵੇ। ਉਹ ਸਭ ਕੁਝ ਕਰ ਸਕਦੇ ਹਨ, ਮੰਦਾ-ਚੰਗਾ ਬੋਲ ਸਕਦੇ ਹਨ, ਪਰ ਕੋਈ ਵੀ ਉਨ੍ਹਾਂ ਨੂੰ ਕੁਝ ਨਹੀਂ ਕਹਿ ਸਕਦਾ। ਦਲੀਲ ਦੀ ਥਾਂ ਹਥਿਆਰ ਦਾ ਸਹਾਰਾ ਲੈਣ ਵਾਲੇ ਬੰਦੇ ਕੋਲੋਂ ਅਜਿਹੇ ਵਿਹਾਰ ਦੀ ਆਸ ਹੀ ਕੀਤੀ ਜਾ ਸਕਦੀ ਹੈ। ਅਜਿਹਾ ਬੰਦਾ ਲਚੀਲਾ ਵੀ ਨਹੀਂ ਹੁੰਦਾ, ਸੁਰੀਲਾ ਹੋਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਔਰਤ ਜਾਤ ਦੀ ਨਿਰਾਦਰੀ ਕਰਨ ਦੇ ਮਾਮਲੇ ਵਿਚ ਹੁੱਲੜ ਗਾਇਕੀ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਇਸ ਗਾਇਕੀ ਦਾ ਗਾਇਕ ਜਿਥੇ ਆਪਣੇ ਆਪ ਨੂੰ ਬਲਾਤਕਾਰੀ ਕਹਿਣ ਵਿਚ ਫਖਰ ਮਹਿਸੂਸ ਕਰਦਾ ਹੈ, ਉਥੇ ਆਪਣੀ ਸਹਿ ਗਾਇਕਾ ਨੂੰ 'ਚਪੇੜ ਮਾਰੂੰ' ਕਹਿਣ ਵਿਚ ਵੀ ਗੁਰੇਜ਼ ਨਹੀਂ ਕਰਦਾ। ਕੁਝ ਸਮਾਂ ਪਹਿਲਾਂ ਇਕ ਇੰਜਨੀਅਰਿੰਗ ਕਾਲਜ ਵਿਚ ਜਾਣਾ ਦਾ ਸਬੱਬ ਬਣਿਆ। ਉਥੇ ਕਿਸੇ ਗਾਣੇ ਦੀ ਸ਼ੂਟਿੰਗ ਦੀ ਤਿਆਰੀ ਕੀਤੀ ਜਾ ਰਹੀ ਸੀ। ਨਾਂਹ-ਮਾਤਰ ਕੱਪੜਿਆਂ ਵਾਲੀ ਇਕ ਲੜਕੀ ਮੁੰਡੇ-ਕੁੜੀਆਂ ਦੀ ਟੋਲੀ ਦੇ ਵਿਚਕਾਰ ਬੈਠੀ ਸੀ। ਉਸ ਦੀਆਂ ਹਰਕਤਾਂ ਤੋਂ ਸਾਫ ਪਤਾ ਲਗਦਾ ਸੀ ਕਿ ਉਹ ਆਪਣੇ ਨੰਗੇਜ਼ ਤੋਂ ਕਾਫੀ ਪ੍ਰੇਸ਼ਾਨ ਸੀ। ਉਹਦੇ ਹਾਵ-ਭਾਵ ਦਰਸਾ ਰਹੇ ਸਨ ਕਿ ਉਸ ਨੂੰ ਮਜਬੂਰਨ ਨੰਗੇ ਹੋਣਾ ਪੈ ਰਿਹਾ ਸੀ।



ਔਰਤ ਦਾ ਗਲੈਮਰ ਦੇ ਨਾਂ 'ਤੇ ਹੋ ਰਿਹਾ ਜਜ਼ਬਾਤੀ ਸ਼ੋਸ਼ਣ ਹੁੱਲੜ ਗਾਇਕੀ ਦੀਆਂ ਵੀਡੀਓਜ਼ ਵਿਚ ਆਮ ਹੋ ਗਿਆ ਹੈ। ਮੈਂ ਪ੍ਰਬੰਧਕਾਂ ਤੋਂ ਜ਼ਰਾ ਤਨਜ਼ੀਆ ਲਹਿਜ਼ੇ ਵਿਚ ਪੁੱਛਦਾ ਹਾਂ- 'ਕਿਉਂ ਬਈ, ਕਾਲਜ ਵਿਚ ਸੈਕਸ-ਇੰਜਨੀਅਰਿੰਗ ਦਾ ਕੋਈ ਕੋਰਸ ਸ਼ੁਰੂ ਕਰਨ ਜਾ ਰਹੇ ਹੋ?' ਪ੍ਰਬੰਧਕਾਂ ਵਿਚੋਂ ਇਕ ਛਿੱਥਾ ਜਿਹਾ ਪੈ ਕੇ ਕਹਿਣ ਲੱਗਾ- 'ਨਹੀਂ ਜੀ, ਇਹ ਤਾਂ ਸਭ ਕਾਲਜ ਦੀ ਮਸ਼ਹੂਰੀ ਲਈ ਕੀਤਾ ਜਾ ਰਿਹਾ ਹੈ।' ਲਾਹਨਤ ਹੈ ਸਾਡੇ ਸਮਾਜਿਕ ਪ੍ਰਬੰਧ ਦੇ, ਜਿਸ ਵਿਚ ਵਿਦਿਅਕ ਅਦਾਰੇ ਦੀ ਮਸ਼ਹੂਰੀ ਵੀ ਸਾਬਣ ਤੇਲ ਦੀ ਮਸ਼ਹੂਰੀ ਵਾਂਗ ਕੀਤੀ ਜਾਣ ਲੱਗ ਪਈ ਹੈ। ਫਿਰ ਜਦੋਂ ਗਾਣੇ ਦੀ ਸ਼ੂਟਿੰਗ ਸ਼ੁਰੂ ਹੋਈ ਤਾਂ ਉਹ ਹੜਦੁੰਗ ਮਚਿਆ ਕਿ ਮੇਰੇ ਲਈ ਉਥੋਂ ਛੇਤੀ ਨਾਲ ਨੱਠ ਆਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਬਚਿਆ। ਮੁੰਡੇ ਕੁੜੀਆਂ ਨਾਲ ਜੋ ਹਰਕਤਾਂ ਕਰ ਰਹੇ ਸਨ, ਉਹ ਉਨ੍ਹਾਂ ਦੀ ਬੇਇਜ਼ਤੀ ਹੀ ਤਾਂ ਸੀ, ਤੇ ਕੁੜੀਆਂ ਇਸ ਬੇਇਜ਼ਤੀ ਨੂੰ ਸਵੀਕਾਰ ਕਰ ਰਹੀਆਂ ਹਨ। ਦਰਅਸਲ, ਸਦੀਆਂ ਤੋਂ ਮਰਦ ਦੇ ਦਾਬੇ ਥੱਲੇ ਰਹੀ ਔਰਤ ਇਸ ਬੇਇਜ਼ਤੀ ਦੇ ਅਰਥਾਂ ਨੂੰ ਨਾ ਤਾਂ ਸਮਝਦੀ ਹੈ ਤੇ ਨਾ ਹੀ ਮਹਿਸੂਸ ਕਰਦੀ ਹੈ।

ਹੁੱਲੜ ਗਾਇਕੀ ਜੇ ਮੰਚ ਪੇਸ਼ਕਾਰੀ ਭੂਤਰੇ ਹੋਏ ਸਾਨ੍ਹ ਵਾਂਗ ਨਾ ਕਰਨ ਤਾਂ ਫਿਰ ਹੁੱਲੜਬਾਜ਼ ਕਾਹਦੇ ਹੋਏ! ਅਜਿਹੇ ਗਾਇਕ ਦਾ ਇਕ ਪ੍ਰੋਗਰਾਮ ਦੇਖਣਾ ਪਿਆ। ਮੰਚ ਦੇ ਆਲੇ-ਦੁਆਲੇ ਸਕਿਉਰਿਟੀ ਗਾਰਡ ਲੱਗੇ ਦੇਖ ਕੇ ਮੇਰਾ ਸਾਥੀ ਕਹਿਣ ਲੱਗਾ, "ਇਹ ਸ਼ਾਇਦ ਇਸ ਕਰ ਕੇ ਲਾਏ ਗਏ ਹਨ ਤਾਂ ਕਿ ਭੂਤਰਿਆ ਗਾਇਕ ਦਰਸ਼ਕਾਂ ਵਿਚ ਨਾ ਵੜੇ... ਕਿਤੇ ਕੋਈ ਨੁਕਸਾਨਿਆਂ ਹੀ ਨਾ ਜਾਵੇ...।" ਇਸ ਗਾਇਕ ਦੀ ਸਰੀਰਕ ਭਾਸ਼ਾ ਅਜਿਹੀ ਸੀ ਜਿਵੇਂ ਕਿਸੇ ਦੇ ਢੁੱਡ ਮਾਰਨੀ ਹੋਵੇ, ਜਾਂ ਕਿਸੇ ਨੂੰ ਢਾਹ ਲੈਣਾ ਹੋਵੇ। ਮੰਚ ਸੰਚਾਲਨ ਨੇ ਇਸ ਗਾਇਕ ਦੀ ਤਾਰੀਫ਼ ਦੇ ਪੁਲ ਬੰਨ੍ਹਦਿਆਂ ਇਸ ਨੂੰ ਕਈ ਸੰਸਥਾਵਾਂ ਤੋਂ ਗੋਲਡ ਮੈਡਲ ਹਾਸਲ ਕਰ ਚੁੱਕਾ ਗਾਇਕ ਐਲਾਨਿਆ ਸੀ।

ਗਾਇਕੀ ਤਹਿਜ਼ੀਬ ਦਾ ਅਤਿ ਕੋਮਲ ਪਹਿਲੂ ਹੈ। ਇਸ ਦੀਆਂ ਅੰਤਰ-ਪ੍ਰੇਰਨਾਵਾਂ ਬਹੁਤ ਸੂਖਮ ਅਤੇ ਗਹਿਰੀਆਂ ਹੁੰਦੀਆਂ ਹਨ। ਸੰਗੀਤ ਇਸ ਦਾ ਆਧਾਰ ਹੈ ਜਿਸ ਦੀ ਆਪਣੀ ਨਿਆਰੀ ਭਾਸ਼ਾ ਹੁੰਦੀ ਹੈ। ਇਸ ਪੱਖੋਂ ਹੁੱਲੜ ਗਾਇਕ, ਗਾਇਕੀ ਦੇ ਨੇੜੇ-ਤੇੜੇ ਵੀ ਨਹੀਂ ਢੁਕਦੇ। ਤਹਿਜ਼ੀਬ ਬਾਰੇ ਇਕ ਇੰਟਰਵਿਊ ਦੌਰਾਨ ਕਿਸੇ ਹੁੱਲੜ ਗਾਇਕ ਕੋਲੋਂ ਸਵਾਲ ਪੁੱਛਿਆ ਗਿਆ, "ਕੀ ਤੁਹਾਡੇ ਘਰ ਕੋਈ ਮਾਂ ਭੈਣ ਨਹੀਂ ਹੈ?" ਗਾਇਕ ਨੇ ਤੁਰੰਤ ਜਵਾਬ ਦਿੱਤਾ, "ਕਿਉਂ ਨਹੀਂ, ਉਨ੍ਹਾਂ ਦੀ ਪ੍ਰੇਰਨਾ ਨਾਲ ਤਾਂ ਮੈਂ ਇਸ ਲਾਈਨ ਵਿਚ ਆਇਆਂ, ਉਹ ਵੀ ਗਾਇਕੀ ਦੇ ਪਿੜ ਵਿਚ ਹਨ।" ਆਵਾ ਊਤ ਗਿਆ ਹੈ ਤੇ ਹੁੱਲੜ ਗਾਇਕੀ ਦੀ ਤਾਕੀ ਵਿਚੋਂ ਦਿਖਦਾ ਭਵਿਖ ਬੜਾ ਅਟਪਟਾ ਤੇ ਬੇਤੁਕਾ ਹੈ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਮਈ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-271




*ਤੇਰਾ ਬੋਲਣਾ ਕੋਇਲ ਨੂੰ ਮਾਤ ਪਾਵੇ, ਜਸ ਵਧੇ ਤੇ ਮਿਲਣ ਸਨਮਾਨ ਤੈਨੂੰ।*
*ਸੁਰ-ਸਾਧਨਾ ਵਿਚ ਪਰਪੱਕ ਹੋਵੇਂ, ਸਰਸਵਤੀ ਦਾ ਮਿਲੇ ਵਰਦਾਨ ਤੈਨੂੰ।*

## ਕੈਪਸ਼ਨ ਮੁਕਾਬਲਾ-269



ਦਿਨ ਖੁਸ਼ੀਆਂ ਦਾ ਆਇਆ ਯਾਰੋ
ਅੱਜ ਪੂਰੀ ਛਹਿਬਰ ਲਾਵਾਂਗੇ।
ਅੰਦਰੋਂ ਹਾਸੇ ਮੁੱਖ 'ਤੇ ਆਵਣ
ਰੰਗਾਂ ਵਿਚ ਰੰਗੇ ਜਾਵਾਂਗੇ।
ਤੋਹਫੇ ਦੇ ਵਿਚ ਮਿਲੀ ਢੋਲਕੀ
ਤਾਲ ਨਾਲ ਤਾਲ ਮਿਲਾਵਾਂਗੇ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਨਾਨਕੇ ਪਹਿਲੇ ਜਨਮ ਦਿਨ 'ਤੇ
ਕੱਪੜੇ ਤੇ ਢੋਲਕੀ ਲਿਆਏ।
ਤੱਕ ਕਾਕੇ ਨੂੰ ਚਾਅ ਚੜ੍ਹ ਗਿਆ
ਪਾ ਕੇ ਬੈਠਾ ਲੁੱਡੀਆਂ ਪਾਏ।
ਬਿਠਾ ਕੇ ਸੋਫੇ 'ਤੇ ਪੋਜ਼ ਬਣਾਇਆ
ਦੇਖੋ ਲੱਗਦਾ ਕਿੰਨਾ ਪਿਆਰਾ।
ਬਾਬੇ ਦੇ ਵਿਹੜੇ ਦਾ ਚੰਨ ਹੈ
ਮਾਪਿਆਂ ਦੀਆਂ ਅੱਖਾਂ ਦਾ ਤਾਰਾ।

*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*
*ਫੋਨ: 408-912-3438*

---

ਭੋਲੂ ਨੂੰ ਮਿਲ ਗਿਆ ਜਨਮ ਦਿਨ 'ਤੇ
ਉਹਦੇ ਜਿੱਡਾ ਹੀ ਢੋਲ।
ਲੱਤਾਂ 'ਤੇ ਰੱਖ ਕੇ ਖਿੜ ਗਿਆ ਸਾਰਾ
ਸਾਰੀਆਂ ਖੁਸ਼ੀਆਂ ਉਹਦੇ ਕੋਲ।
ਢੋਲ ਦਾ ਡਗਾ ਨੱਚਣ ਲਾਵੇ ਸਭ ਨੂੰ
ਵਿਸਾਖੀ ਦਾ ਇਹ ਤੋਹਫਾ ਅਨਮੋਲ।

*-ਦਵਿੰਦਰ ਕੌਰ*

---

ਢੋਲ ਵੱਜਦੇ ਵਿਸਾਖੀ 'ਤੇ
ਪਰ ਬੱਚੇ ਨੂੰ ਮਿਲਿਆ
ਇਹ ਜਨਮ ਦਿਨ ਦਾ ਉਪਹਾਰ।
ਤਿਓਹਾਰ ਤੋਂ ਅਣਜਾਣ ਬੱਚਾ
ਰੰਗ-ਬਰੰਗਾ ਤੋਹਫਾ ਮਿਲਣ 'ਤੇ
ਕਰਦਾ ਖੁਸ਼ੀਆਂ ਦਾ ਇਜ਼ਹਾਰ।
ਨੰਨ੍ਹੇ ਮੁੰਨੇ ਦੀ ਮੁਸਕ੍ਰਾਹਟ 'ਚੋਂ
ਰੂਹਾਨੀ ਨੂਰ ਜਦੋਂ ਝਲਕਦਾ
ਲੈਂਦਾ ਸਾਰੇ ਟੱਬਰ ਦਾ ਪਿਆਰ।

*-ਅਮਰਜੀਤ ਸਿੰਘ ਤੂਰ*
*ਕੁਲਬੁਰਛਿਆਂ ਵਾਲਾ।*
*ਫੋਨ: 91-98784-69639*

---

ਦਾਦੀ-ਬਾਬੇ ਨੂੰ ਚੜ੍ਹਿਆ ਚਾਅ
ਕਾਮਨਾ ਹੋਈ ਪੂਰੀ
ਬੱਚਾ ਸਾਹਵੇਂ ਕਿਲਕਿਲੀਆਂ ਪਾਉਂਦਾ।
ਲੈ ਆਂਦੀ ਰੰਗ-ਬਰੰਗੀ ਢੋਲਕੀ।
ਠੋਰੇ ਜਦ ਪੋਤਾ ਨਰਮ ਨਰਮ ਪੋਟੇ
ਤਾਲ ਸੁਰ ਉਠਦੀ
ਖਿੜਦੇ ਬਜ਼ੁਰਗ ਸਰੋਂ ਦੇ ਫੁੱਲ ਵਾਂਗ।
ਖੇੜਾ ਆ ਜਾਂਦਾ ਚਮਨ 'ਚ ਜਿਵੇਂ
ਜਦ ਮਾਲੀ ਦੇਖ ਸਾਹਵੇਂ
ਖਿੜੀ ਦੁਪਹਿਰ ਫੁੱਲਾਂ ਦੀ
ਰਹਿ ਨਾ ਸਕਦਾ ਨੱਚਣ ਤੋਂ
ਦੇਖ ਹਕੀਕਤ ਸਾਹਵੇਂ।

*-ਦਰਸ਼ਨਪਾਲ ਦੋਸਾਂਝ*

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*

# ਲਘੂ ਫਿਲਮ 'ਓਸੇ ਪੈਂਡੇ' ਦਾ ਦੋ ਐਵਾਰਡਾਂ ਨਾਲ ਸਨਮਾਨ


**ਸ਼ਿਕਾਗੋ:** ਹਰਿਆਣਾ ਦੇ 50 ਸਾਲ ਪੂਰੇ ਹੋਣ 'ਤੇ ਗੋਲਡਨ ਜੁਬਲੀ ਸਮਾਗਮ ਦੀ ਲੜੀ ਵਿਚ ਕੁਰੂਕਸ਼ੇਤਰ ਵਿਚ ਲਘੂ ਫਿਲਮਾਂ ਦਾ ਮੇਲਾ ਲਾਇਆ ਗਿਆ ਜਿਸ ਵਿਚ ਖੇਤਰੀ ਫਿਲਮਾਂ ਤੋਂ ਇਲਾਵਾ 12 ਦੇਸ਼ਾਂ ਦੀਆਂ 17 ਭਾਸ਼ਾਵਾਂ ਦੀਆਂ 65 ਫਿਲਮਾਂ ਦਿਖਾਈਆਂ ਗਈਆਂ। ਇਸ ਮੇਲੇ



*ਇੰਦਰਮੋਹਨ ਸਿੰਘ ਛਾਬੜਾ*

ਵਿਚ ਪੰਜਾਬੀ ਫਿਲਮ 'ਓਸੇ ਪੈਂਡੇ' ਵੀ ਨਾਮਜ਼ਦ ਕੀਤੀ ਗਈ ਸੀ ਜੋ ਵਿਸਾਖੀ ਵਾਲੇ ਦਿਨ 13 ਅਪਰੈਲ ਨੂੰ ਦਿਖਾਈ ਗਈ। ਫਿਲਮ ਵੱਡੀ ਗਿਣਤੀ ਦਰਸ਼ਕਾਂ ਨੇ ਵੇਖੀ ਅਤੇ ਪਸੰਦ ਕੀਤਾ।

ਲਘੂ ਫਿਲਮਾਂ ਦੇ ਮੁਕਾਬਲੇ ਵਿਚ 'ਓਸੇ ਪੈਂਡੇ' ਨੂੰ 2 ਐਵਾਰਡ ਮਿਲੇ। ਪਹਿਲਾ ਵਧੀਆ ਫਿਲਮ ਅਤੇ ਦੂਜਾ ਵਧੀਆ ਕਹਾਣੀ ਦੇ ਅਵਾਰਡ ਇਸ ਦੀ ਝੋਲੀ ਪਏ। 'ਓਸੇ ਪੈਂਡੇ' ਦੀ ਕਹਾਣੀ ਬੀਬੀ ਅਨਮੋਲ ਕੌਰ ਦੀ ਲਿਖੀ ਹੋਈ ਹੈ ਜਦੋਂਕਿ ਇਸ ਦੇ ਨਿਰਮਾਤਾ ਇੰਦਰਮੋਹਨ ਸਿੰਘ ਛਾਬੜਾ ਹਨ। ਸ. ਛਾਬੜਾ ਨੇ ਕਿਹਾ ਕਿ ਫਿਲਮ ਨੂੰ ਮਿਲੇ ਐਵਾਰਡ ਪੰਜਾਬੀ ਸਭਿਆਚਾਰ ਲਈ ਇਕ ਮਾਣ ਵਾਲੀ ਗੱਲ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਹਰ ਸਾਲ ਪੰਜਾਬੀ ਲਘੂ




ਫਿਲਮਾਂ ਦਾ ਮੇਲਾ ਲਾਇਆ ਜਾਵੇ ਜਿਸ ਨਾਲ ਫਿਲਮ ਉਦਯੋਗ ਨੂੰ ਉਤਸ਼ਾਹ ਮਿਲੇਗਾ ਅਤੇ ਲਘੂ ਫਿਲਮਾਂ ਨੌਜਵਾਨ ਪੀੜ੍ਹੀ ਨੂੰ ਵਧੀਆ ਸੰਸਕਾਰ ਦੇ ਸਕਦੀਆਂ ਹਨ।

ਇਸ ਤੋਂ ਪਹਿਲਾਂ ਫਿਲਮ 'ਓਸੇ ਪੈਂਡੇ' ਮਿਆਮੀ (ਫਲੋਰੀਡਾ), ਨਿਊ ਯਾਰਕ, ਮਿਸ਼ੀਗਨ, ਇੰਗਲੈਂਡ, ਚਾਇਨਾ, ਅਤੇ ਦਖਣੀ ਕੋਰੀਆ ਵਿਚ ਦਿਖਾਈ ਜਾ ਚੁਕੀ ਹੈ। ਸ. ਛਾਬੜਾ ਨੇ ਕਿਹਾ ਕਿ ਇਸ ਫਿਲਮ ਦੀ ਕਾਮਯਾਬੀ ਦਾ ਸਿਹਰਾ ਪ੍ਰੋਡਕਸ਼ਨ ਦੀ ਸਾਰੀ ਟੀਮ ਖਾਸ ਕਰ ਜੁਗਲੀ ਸੁਗਲੀ ਅਤੇ ਸੰਦਲ ਕੌਰ ਸਿੰਘ ਨੂੰ ਜਾਂਦਾ ਹੈ।

## ਹੁਣ ਹਿੰਦੀ 'ਚ ਆਨਲਾਈਨ ਅਪਲਾਈ ਕਰੋ ਪਾਸਪੋਰਟ

**ਨਵੀਂ ਦਿੱਲੀ:** ਪਾਸਪੋਰਟ ਲਈ ਹੁਣ ਹਿੰਦੀ 'ਚ ਵੀ ਅਪਲਾਈ ਕੀਤਾ ਜਾ ਸਕਦਾ ਹੈ। ਵਿਦੇਸ਼ ਮੰਤਰਾਲੇ ਨੇ ਇਕ ਬਿੱਲ ਜਾਰੀ ਕੀਤਾ ਹੈ ਜਿਸ ਨਾਲ ਪਾਸਪੋਰਟ ਲਈ ਹੁਣ ਹਿੰਦੀ ਵਿਚ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ।

# 'ਖਾਲਸਾ ਡੇਅ ਪਰੇਡ' ਵਿਚ ਸ਼ਰਧਾ ਦਾ ਸੈਲਾਬ

**ਸਰੀ:** ਖਾਲਸਾ ਸਾਜਨਾ ਦਿਵਸ ਮਨਾਉਂਦਿਆਂ ਪੰਜਾਬ ਤੋਂ ਬਾਹਰ ਸਿੱਖਾਂ ਦੇ ਸਭ ਤੋਂ ਵੱਡੇ ਇਕੱਠ ਵਜੋਂ ਸਜਾਈ ਜਾਂਦੀ ਸਰੀ ਦੀ 'ਖਾਲਸਾ ਡੇਅ ਪਰੇਡ' ਵਿਚ ਸੰਗਤਾਂ ਦਾ ਬੇਮਿਸਾਲ ਉਤਸ਼ਾਹ ਵੇਖਣ ਨੂੰ ਮਿਲਿਆ, ਜਿਸ ਵਿਚ ਖਰਾਬ ਮੌਸਮ ਦੇ ਬਾਵਜੂਦ 4 ਲੱਖ ਤੋਂ ਉਤੇ ਸੰਗਤ ਸ਼ਾਮਲ ਹੋਈ। ਇਥੋਂ ਦੇ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਸਾਹਿਬ ਤੋਂ ਆਰੰਭ ਹੋਏ ਇਸ ਨਗਰ ਕੀਰਤਨ 'ਚ ਸਿੱਖਾਂ ਤੋਂ ਇਲਾਵਾ ਕੈਨੇਡਾ ਦੇ ਹੋਰ ਭਾਈਚਾਰਿਆਂ ਨੇ ਵੀ ਭਰਵੀਂ ਹਾਜ਼ਰੀ ਲੁਆਈ।

ਨਗਰ ਕੀਰਤਨ ਦੀ ਆਰੰਭਤਾ ਕੈਨੇਡੀਅਨ ਫੌਜ ਵੱਲੋਂ ਦਿੱਤੀ ਗਈ ਸਲਾਮੀ ਨਾਲ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਲੋਟ ਅੱਗੇ ਪੰਜ ਪਿਆਰਿਆਂ, ਗਤਕੇ ਦੀਆਂ ਵੱਖ-ਵੱਖ ਟੀਮਾਂ ਅਤੇ ਮੋਟਰਸਾਈਕਲ ਸਵਾਰ ਸਿੱਖ ਨੌਜਵਾਨਾਂ ਅਤੇ ਮੁੱਖ ਫਲੋਟ ਪਿੱਛੇ ਕਈ ਸਿੱਖ ਜਥੇਬੰਦੀਆਂ, ਸਮਾਜਿਕ ਸੰਸਥਾਵਾਂ ਤੇ ਪੰਜਾਬ ਹਿਤੈਸ਼ੀ ਸੰਗਠਨਾਂ ਨੇ ਵੀ ਪ੍ਰਭਾਵਸ਼ਾਲੀ ਝਾਕੀਆਂ ਪੇਸ਼ ਕੀਤੀਆਂ। ਮੁੱਖ ਸਟੇਜ ਤੋਂ ਕਵੀਸ਼ਰਾਂ, ਢਾਡੀਆਂ ਤੇ ਪੰਥਕ ਬੁਲਾਰਿਆਂ ਦੇ ਪ੍ਰਚਾਰ 'ਚ ਖਾਲਿਸਤਾਨ ਪੱਖੀ ਸੁਰ ਭਾਰੂ ਰਹੀ। ਸਿੱਖ ਸੰਘਰਸ਼ ਦੇ ਸ਼ਹੀਦਾਂ ਨੂੰ ਸਮਰਪਤ ਫਲੋਟ ਅਤੇ ਰਸਤੇ 'ਚ ਲੱਗੀਆਂ ਸਟੇਜਾਂ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਸ੍ਰੀ ਅਕਾਲ ਤਖਤ ਤੋਂ ਬਰਤਰਫ ਕੀਤੇ ਗਏ ਅੰਮ੍ਰਿਤ ਸੰਚਾਰ ਕਰਦੇ ਪੰਜ ਪਿਆਰਿਆਂ ਵਿਚੋਂ ਚਾਰ ਨੇ ਨਗਰ ਕੀਰਤਨ ਵਿਚ ਹਾਜ਼ਰੀ ਲਵਾਈ। ਬ੍ਰਿਟਿਸ਼ ਕੋਲੰਬੀਆ ਦੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਆਪਣੇ ਮੰਤਰੀਆਂ ਤੇ ਵਿਧਾਇਕਾਂ ਸਮੇਤ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਸਰੀ ਦੀ ਮੁੱਖ ਸਟੇਜ ਤੋਂ ਸਿੱਖਾਂ ਨੂੰ ਖਾਲਸਾ ਸਾਜਨਾ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੁੱਖ ਸਟੇਜ ਤੋਂ ਸਿੱਖ ਸੰਗਤਾਂ ਲਈ ਭੇਜੇ ਸੰਦੇਸ਼ ਨੂੰ ਸਰੀ ਸੈਂਟਰਲ ਤੋਂ ਐਮ.ਪੀ. ਰਣਦੀਪ ਸਿੰਘ ਸਰਾਏ, ਸਰੀ-ਨਿਊਟਨ ਤੋਂ ਲਿਬਰਲ ਐਮ.ਪੀ. ਸੁੱਖ ਧਾਲੀਵਾਲ ਅਤੇ ਸਾਥੀ ਸੰਸਦ ਮੈਂਬਰਾਂ ਨੇ ਜਿਉਂ ਹੀ ਪੇਸ਼ ਕੀਤਾ। ਬੀ.ਸੀ. ਦੀ ਪ੍ਰਮੁੱਖ ਵਿਰੋਧੀ ਧਿਰ ਐਨ.ਡੀ.ਪੀ. ਦੇ ਆਗੂ ਜੌਹਨ



ਹੌਰੇਗਨ ਨੇ ਵੀ ਆਪਣੇ ਸਾਥੀਆਂ ਸਮੇਤ ਮੁੱਖ ਸਟੇਜ ਤੋਂ ਸੰਗਤ ਨੂੰ ਸੰਬੋਧਨ ਕੀਤਾ। ਇਸ ਮੌਕੇ ਕੌਮੀ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਬਲਜੀਤ ਸਿੰਘ ਬੱਬਰ (ਜਲੰਧਰ) ਅਤੇ ਸਾਕਾ ਨਕੋਦਰ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਵੱਲੋਂ ਸਨਮਾਨਤ ਕੀਤਾ ਗਿਆ। ਵੱਖ-ਵੱਖ ਸੰਸਥਾਵਾਂ ਵੱਲੋਂ ਦਸਤਾਰਾਂ ਸਜਾਉਣ ਦੀ ਸੇਵਾ ਅਤੇ ਸਿੱਖ ਵਿਦਿਅਕ ਸੰਸਥਾਵਾਂ ਵੱਲੋਂ ਜਾਗਰੂਕਤਾ ਲਈ ਉਤਸ਼ਾਹ ਦਿਖਾਇਆ ਗਿਆ।

# ਮੁਤਵਾਜ਼ੀ ਜਥੇਦਾਰਾਂ ਵੱਲੋਂ ਝੀਂਡਾ ਬਾਰੇ ਹੁਕਮਨਾਮਾ ਰੱਦ

**ਅੰਮ੍ਰਿਤਸਰ:** ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਨੇ ਵਿਧਾਨ ਸਭਾ ਚੋਣਾਂ ਦੌਰਾਨ ਵੋਟਾਂ ਖਾਤਰ ਡੇਰਾ ਸਿਰਸਾ ਜਾਣ ਵਾਲੇ ਸਿਆਸੀ ਆਗੂਆਂ ਬਾਰੇ ਫੈਸਲਾ ਅੱਠ ਮਈ ਨੂੰ ਸੁਣਾਏ ਜਾਣ ਦਾ ਐਲਾਨ ਕੀਤਾ ਹੈ।

ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਈ ਇਕੱਤਰਤਾ, ਜਿਸ 'ਚ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਜਗਮੀਤ ਸਿੰਘ ਅਤੇ ਭਾਈ ਮੇਜਰ ਸਿੰਘ ਸ਼ਾਮਲ ਸਨ, ਨੇ ਕਿਹਾ ਕਿ ਅਜੇ ਤੱਕ ਉਨ੍ਹਾਂ ਨਾਲ ਕਿਸੇ ਵੀ ਸਬੰਧਤ ਸਿਆਸੀ ਆਗੂ ਨੇ ਸਪੱਸ਼ਟੀਕਰਨ ਲਈ ਸੰਪਰਕ ਨਹੀਂ ਕੀਤਾ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਜਗਦੀਸ਼ ਸਿੰਘ ਝੀਂਡਾ ਵੱਲੋਂ ਦਿੱਤੀ ਦਰਖਾਸਤ ਅਤੇ ਸਪੱਸ਼ਟੀਕਰਨ 'ਤੇ ਵਿਚਾਰ ਕਰਦਿਆਂ ਜਥੇਦਾਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ 16 ਜੁਲਾਈ, 2014 ਦਾ ਉਹ ਹੁਕਮਨਾਮਾ ਹੀ ਰੱਦ ਕਰਨ ਦਾ ਐਲਾਨ ਕੀਤਾ, ਜਿਸ ਤਹਿਤ ਹਰਿਆਣਾ ਦੇ ਸਿੱਖ ਆਗੂਆਂ ਸ. ਝੀਂਡਾ, ਹਰਮੋਹਿੰਦਰ ਸਿੰਘ ਚੱਠਾ ਅਤੇ ਦੀਦਾਰ ਸਿੰਘ ਨਲਵੀ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ।

ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਨੇ ਕਿਹਾ ਕਿ ਜਥੇਦਾਰ ਝੀਂਡਾ ਲੰਬੇ ਸਮੇਂ ਤੋਂ ਵੱਖਰੀ ਹਰਿਆਣਾ ਗੁਰਦੁਆਰਾ ਕਮੇਟੀ ਦੀ ਸਥਾਪਨਾ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਸਨ, ਪਰ ਬਾਦਲ ਪਰਿਵਾਰ ਦੇ ਇਸ਼ਾਰਿਆਂ 'ਤੇ ਜਥੇਦਾਰਾਂ ਨੇ ਝੀਂਡਾ ਤੇ ਬਾਕੀ ਦੋ ਆਗੂਆਂ ਨੂੰ ਸਿਆਸੀ 'ਤੇ ਨਿਜੀ ਰੰਜਿਸ਼ ਤਹਿਤ ਪੰਥ 'ਚੋਂ ਹੀ ਛੇਕ ਦਿੱਤਾ।


# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

ਸੰਪਰਕ ਕਰੋ:
ਪਾਲ ਫੋਨ 1-800-705-3863



**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc. Minneapolis, MN 55426**

# ਸ੍ਰੀ ਹਰਿਮੰਦਰ ਸਾਹਿਬ ਦੀ ਨਵੀਂ ਦਿੱਖ ਤੇ ਦਿਖਾਵਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸ੍ਰੀ ਹਰਿਮੰਦਰ ਸਾਹਿਬ ਦੀ ਨਵੀਂ ਦਿੱਖ ਸ਼ਰਧਾਵਾਨ ਤੇ ਟੂਰਿਸਟਾਂ ਦਾ ਧਿਆਨ ਖਿੱਚਦੀ ਹੈ, ਵਿਸਾਖੀ ਉਤਸਵ ਦੇ ਨੇੜੇ-ਤੇੜੇ ਖਾਸ ਕਰਕੇ। ਗੁਰੂ ਅਰਜਨ ਦੇਵ ਜੀ ਵਲੋਂ ਅੰਮ੍ਰਿਤ ਸਰੋਵਰ ਦੇ ਵਿਚਕਾਰ ਰਚੇ ਹਰਿਮੰਦਰ ਨੂੰ ਅਹਿਮਦ ਸ਼ਾਹ ਦੁਰਾਨੀ ਨੇ ਬਾਰੂਦ ਨਾਲ ਉਡਵਾ ਕੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਸੀ ਪਰ ਇਸ ਤੋਂ ਤਿੰਨ ਸਾਲ ਦੇ ਅੰਦਰ ਜੱਸਾ ਸਿੰਘ ਆਹਲੂਵਾਲੀਆਂ ਨੇ 11 ਵਿਸਾਖ ਵਾਲੇ ਦਿਨ ਇਸ ਦੀ ਸੇਵਾ ਅਰੰਭ ਕੇ ਪਹਿਲਾਂ ਵਾਂਗ ਮੁੜ ਸਥਾਪਤ ਕਰ ਦਿੱਤਾ।

ਇਸ ਸਾਲ ਦੀ ਵਿਸਾਖੀ ਵਾਲੇ ਦਿਨ ਇਸ ਦੀ ਨਵੀਂ ਦਿੱਖ ਨੂੰ ਵੇਖਣ ਵਾਲੇ ਸ਼ਰਧਾਲੂਆਂ ਤੇ ਟੂਰਿਸਟਾਂ ਦੀ ਭੀੜ ਦਾ ਕੋਈ ਅੰਤ ਨਹੀਂ ਸੀ। ਪੁਰਾਣੀਆਂ ਦੁਕਾਨਾਂ ਨੂੰ ਢਾਹ ਕੇ ਜਾਂ ਪਿੱਛੇ ਧਕ ਕੇ ਉਸਾਰੀ ਹੈਰੀਟੇਜ ਵਾਕ (ਵਿਰਾਸਤੀ ਚਹਿਲ ਕਦਮੀ) ਦੇ ਸੱਜੇ ਖੱਬੇ ਵਾਲੀਆਂ ਉਚੀਆਂ ਕੰਧਾਂ 'ਪਿੰਕ ਸਿਟੀ' ਵਜੋਂ ਜਾਣੇ ਜਾਂਦੇ ਜੈਪੁਰ ਸ਼ਹਿਰ ਦੀ ਯਾਦ ਦਿਵਾਉਂਦੀਆਂ ਹਨ।

ਚਹਿਲ ਕਦਮੀ ਵਾਲੇ ਇਸ ਭਾਗ ਦੀ ਵੱਡੀ ਖੂਬੀ ਇਹ ਹੈ ਕਿ ਇਥੇ ਮੋਟਰ ਕਾਰ ਜਾਂ ਤਾਂਗਾ ਤਾਂ ਕੀ ਰਿਕਸ਼ਾ ਵੀ ਦਾਖਲ ਨਹੀਂ ਹੋ ਸਕਦਾ। ਖੱਬੇ ਸੱਜੇ ਦੀਆਂ ਦੁਕਾਨਾਂ ਦਾ ਮੱਥਾ ਵੀ ਗੁਲਾਬੀ ਰੰਗ ਵਾਲਾ ਹੈ। ਦੁਕਾਨਾਂ ਦੀ ਵਿਸ਼ੇਸ਼ਤਾ ਦਰਸਾਉਣ ਵਾਲੇ ਫੱਟੇ ਵੀ, ਭਾਂਤ ਸੁਭਾਂਤੇ ਹੋਣ ਦੀ ਥਾਂ ਉਨਾਭੀ ਦਿੱਖ ਵਾਲੇ ਵਿਖਾਈ ਦਿੰਦੇ ਹਨ। ਚਹਿਲ ਕਦਮੀ ਲਈ ਨਿਕਲੀ ਲੁਕਾਈ ਖੱਬੇ ਸੱਜੇ ਵੇਖਦੀ ਤੁਰੀ ਜਾਂਦੀ ਹੈ। ਦੁਕਾਨਾਂ ਪਹਿਲਾਂ ਨਾਲੋਂ ਸਜੀਆਂ ਸਜਾਈਆਂ ਹੋਣ ਦੇ ਬਾਵਜੂਦ, ਜਾਂ ਸ਼ਾਇਦ ਇਸੇ ਕਾਰਨ, ਲੋਕ ਉਨ੍ਹਾਂ ਵਿਚ ਦਾਖਲ ਹੋਣ ਤੋਂ ਝਿਜਕਦੇ ਹਨ।

ਵਡੇਰੀ ਉਮਰ ਜਾਂ ਬਾਲ ਬੱਚੇਦਾਰ ਯਾਤਰੀ ਬੈਟਰੀ ਵਾਲਾ ਰਿਕਸ਼ਾ ਲੈ ਕੇ ਸੁਲਤਾਨਵਿੰਡ ਗੇਟ ਰਾਹੀਂ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਤੱਕ ਆ ਸਕਦੇ ਹਨ ਪਰ ਉਨ੍ਹਾਂ ਨੂੰ ਜਿਸ ਰਸਤੇ ਵਿਚੋਂ ਲੰਘਣਾ ਪੈਂਦਾ ਹੈ, ਉਸ ਦੀਆਂ ਉਚਾਣਾਂ-ਨਿਵਾਣਾਂ ਤੇ ਠਿੱਬਲ-ਠੋਲੇ ਸਵਾਰੀਆਂ ਦਾ ਲੱਕ ਤੋੜ ਦਿੰਦੇ ਹਨ, ਖਾਸ ਕਰਕੇ ਇਸ ਲਈ ਕਿ ਈ-ਰਿਕਸ਼ਾ




ਵਜੋਂ ਜਾਣੀ ਜਾਂਦੀ ਇਹ ਸਵਾਰੀ ਸ਼ੌਕਰ ਮੁਕਤ ਹੈ ਤੇ ਇਸ ਦੇ ਪਹੀਏ ਟਾਇਰ ਟਿਊਬ ਵਾਲੇ ਹੋਣ ਦੀ ਥਾਂ ਲੱਕੜ ਰੂਪੀ ਰਬੜ ਵਾਲੇ ਹਨ। ਮੈਂ ਵੀ ਜਾਂਦੇ ਸਮੇਂ ਤਾਂ ਇਸ ਦੀ ਸਵਾਰੀ ਕੀਤੀ ਪਰ ਵਾਪਸੀ ਉਤੇ ਚਹਿਲ ਕਦਮੀ ਵਾਲੇ ਭਾਗ ਰਾਹੀਂ ਤੁਰ ਕੇ ਮੁੜਨਾ ਯੋਗ ਸਮਝਿਆ। ਥਕਾਵਟ ਤਾਂ ਹੋਈ ਪਰ ਠੀਕ ਹੀ ਰਿਹਾ। ਕੁਝ ਇਸ ਲਈ ਕਿ ਰਸਤੇ ਵਿਚ ਮਹਾਰਾਜਾ ਰਣਜੀਤ ਸਿੰਘ, ਭੰਗੜਾ ਪਾਉਂਦੇ ਯੁਵਕਾਂ ਤੇ ਗਤਕਾ ਖੇਡਣ ਵਾਲਿਆਂ ਦੇ ਮਨਮੋਹਣੇ ਬੁੱਤ ਬਣੇ ਹੋਏ ਹਨ।

ਹੋ ਸਕਦਾ ਹੈ ਆਮ ਦਿਨਾਂ ਵਿਚ ਯਾਤਰੀਆਂ ਦੀ ਗਿਣਤੀ ਘੱਟ ਹੋਵੇ ਪਰ ਹੁਣ ਵਿਰਾਸਤੀ ਚਹਿਲ ਕਦਮੀ ਜਾਂ ਈ-ਰਿਕਸ਼ਾ ਮਾਰਗ ਦਾ ਬਦਲ ਕੋਈ ਨਹੀਂ। ਪਹਿਲੇ ਸਮਿਆਂ ਵਾਲੇ ਛੋਟੇ ਰਸਤੇ ਬੰਦ ਕਰ ਦਿੱਤੇ ਗਏ ਹਨ। ਹੁਣ ਜਦ ਕਿ ਨਵੀਂ ਦਿੱਖ ਦੀ ਮਹਿਮਾ ਮਹਿੰਗੇ ਵਿਗਿਆਨ ਰਾਹੀਂ ਦੇਸ਼-ਦੇਸ਼ਾਤਰਾਂ ਤੱਕ ਪਹੁੰਚਾਈ ਜਾ ਚੁਕੀ ਹੈ, ਯਾਤਰੀਆਂ ਦੀ ਗਿਣਤੀ ਵਧਣੀ ਕੁਦਰਤੀ ਹੈ। ਭਾਰਤ ਦੇ ਵੱਡੇ ਸ਼ਹਿਰਾਂ ਦੀ ਦੂਰੀ ਦਾ ਹਵਾਲਾ ਦੇਣਾ ਹੋਵੇ ਤਾਂ ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨਕੋਸ਼ ਵਿਚ ਝਾਤੀ ਮਾਰਨੀ ਯੋਗ ਹੋਵੇਗੀ। ਅੰਮ੍ਰਿਤਸਰ ਤੋਂ ਲਾਹੌਰ 33 ਮੀਲ ਹੈ, ਕਲਕੱਤਾ 1232, ਮੁੰਬਈ 1260 ਤੇ ਕਰਾਚੀ 816 ਮੀਲ। ਹਰਿਮੰਦਰ ਸਾਹਿਬ ਦੇ ਸ਼ਰਧਾਲੂ ਹਜ਼ਾਰਾਂ ਮੀਲ ਦੀ ਦੂਰੀ ਤੋਂ ਵੀ ਆਉਂਦੇ ਹਨ, ਹਵਾਈ ਉਡਾਣਾਂ ਭਰ ਕੇ। ਹੁਣ ਜਦ ਕਿ ਨਵੀਂ ਦਿੱਖ ਦੇਣ ਵਾਲੇ ਮਹਿਮਾ ਕਰਵਾ ਕੇ ਤੁਰ ਗਏ ਹਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਆਲੇ ਦੁਆਲੇ ਦੀਆਂ ਟੋਏ ਟਿੱਬੇ ਵਾਲੀਆਂ ਸੜਕਾਂ ਤੇ ਗਲੀਆਂ ਨੂੰ ਇਕਸਾਰ ਕਰਵਾ ਕੇ ਜੱਸ ਖੱਟੇ। ਕਮੇਟੀ ਦੀ ਇਸ ਦੇਣ ਦਾ ਸਵਾਗਤ ਸਰਕਾਰੀ ਮਾਇਆ ਰੋੜ੍ਹਨ ਨਾਲੋਂ ਵਧ ਹੋ ਸਕਦਾ ਹੈ। ਇਹ ਮੇਰਾ ਵਿਸ਼ਵਾਸ ਹੈ।

ਹਰਿਮੰਦਰ ਸਾਹਿਬ ਦੀ ਸੇਵਾ ਪਹਿਲੀ ਵਾਰ ਨਹੀਂ ਹੋਈ, ਜੱਸਾ ਸਿੰਘ ਆਹਲੂਵਾਲੀਆ ਤੋਂ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਢੰਗ ਨਾਲ ਕਰਵਾਈ ਸੀ ਜਿਸ ਸਦਕਾ ਅੰਗਰੇਜ਼ੀ ਵਿਚ ਇਸ ਦਾ ਨਾਂ ਗੋਲਡਨ ਟੈਂਪਲ ਪੈ ਗਿਆ। ਕਿਸੇ ਨੇ ਵੀ ਉਨ੍ਹਾਂ ਵਪਾਰੀਆਂ ਤੇ ਕਿਰਤੀਆਂ ਦੇ ਵਾਰਸਾਂ ਨੂੰ ਨਾ ਹੀ ਪੁੱਟਿਆ ਤੇ ਨਾ ਹੀ ਪਿੱਛੇ ਧੱਕਿਆ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਦੂਰੋਂ ਦੂਰੋਂ ਸੱਦ ਕੇ ਇਥੇ ਬਿਠਾਇਆ ਸੀ। ਸਰਕਾਰ ਨੇ ਕਰੋੜਾਂ ਰੁਪਏ ਦੇ ਇਸ ਕੰਮ ਦਾ ਠੇਕਾ ਜੈਪੁਰ ਦੇ ਭਵਨ ਉਸਾਰੀ ਮਾਹਿਰਾਂ ਨੂੰ ਕਿਉਂ ਦਿੱਤਾ, ਇਸ ਉਤੇ ਕਿੰਤੂ ਪ੍ਰੰਤੂ ਹੋਣਾ ਵੀ ਕੁਦਰਤੀ ਹੈ। ਹੋ ਸਕਦਾ ਹੈ ਸਥਾਨਕ ਮਾਹਿਰ ਇਸ ਨੂੰ ਗੁਲਾਬੀ ਦਿੱਖ ਦੇਣ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਵਾਲੀ ਸੁਨਹਿਰੀ ਸ਼ਾਨ ਪ੍ਰਦਾਨ ਕਰਦੇ, ਹੋਰ ਨਹੀਂ ਤਾਂ ਨੀਲੇ, ਹਰੇ ਤੇ ਲਾਲ ਰੰਗਾਂ ਦੀ ਵਰਤੋਂ ਪੰਥਕ ਪਰੰਪਰਾ ਉਤੇ ਮੋਹਰ ਲਾ ਸਕਦੀ ਸੀ। ਖਰਚਾ ਘੱਟ ਤੇ ਮਹਿਮਾ ਬਹੁਤੀ।

ਹੁਣ ਮੇਰੇ ਵਰਗੇ ਪਰੰਪਰਾ ਪ੍ਰੇਮੀਆਂ ਨੂੰ ਤਾਂ ਹਰਿਮੰਦਰ ਸਾਹਿਬ ਦੇ ਐਨ ਸਾਹਮਣੇ ਖਲੋ ਕੇ ਉਦੋਂ ਸੁਖ ਦਾ ਸਾਹ ਆਉਂਦਾ ਹੈ ਜਦੋਂ ਉਹ ਦਰਸ਼ਨੀ ਡਿਉੜੀ ਦੇ ਐਨ ਉਤੇ ਵਾਲੀ ਦੁੱਧ ਚਿੱਟੀ ਤੇ ਕਿੰਗਰੇਦਾਰ ਉਸਾਰੀ ਵਲ ਤਕਦੇ ਹਨ। ਇਹ ਵਾਲੀ ਝਾਕੀ ਬਿਜਲੀ ਦੀਆਂ ਬੱਤੀਆਂ ਦੇ ਚਾਨਣ ਵਿਚ ਹੋਰ ਮਨਮੋਹਣੀ ਤੇ ਸੁਖਦਾਈ ਹੋ ਜਾਂਦੀ ਹੈ।

ਮੈਂ ਆਪਣੀ ਹਰਿਮੰਦਰ ਸਾਹਿਬ ਵਾਲੀ ਸੱਜਰੀ ਫੇਰੀ ਲਈ ਪੱਤਰਕਾਰ ਮਨਮੋਹਨ ਸਿੰਘ ਢਿੱਲੋਂ ਤੇ ਪੁਸਤਕਾਂ ਵਾਲੇ ਫਕੀਰ ਸਿੰਘ ਐਂਡ ਸਨਜ਼ ਦੇ ਪੋਤਰੇ ਕੁਲਜੀਤ ਸਿੰਘ ਡੌਨੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਅੰਤਾਂ ਦੀ ਭੀੜ ਵਾਲੇ ਦਿਨ ਇਨਫਰਮੇਸ਼ਨ ਸੈਂਟਰ ਦੇ ਨੌਜਵਾਨ ਕਰਮਚਾਰੀ ਸਾਡੀ ਬਜ਼ੁਰਗ ਟੋਲੀ ਦੇ ਨਾਲ ਤੋਰੇ ਤੇ ਸਾਰਿਆਂ ਨੂੰ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੇ ਯੋਗ ਬਣਾਇਆ। ਮੇਰੇ ਧਿਆਨ ਵਿਚ ਇਹ ਗਲ ਵੀ ਆਈ ਕਿ ਫਕੀਰ ਸਿੰਘ ਦੇ ਵਾਰਿਸ ਹੁਣ ਕਿਤਾਬਾਂ ਦੀ ਥਾਂ ਕਿਰਪਾਨਾਂ ਤੇ ਕਾਫੀ ਹਾਊਸ ਦਾ ਧੰਦਾ ਕਰਦੇ ਹਨ। ਮੇਰੀ ਇਸ ਫੇਰੀ ਦਾ ਤੱਤ ਸਾਰ ਇਹ ਹੈ:

ਹਰਿ ਜੱਪ ਹਰਿਮੰਦਰ ਸਾਜਿਆ
ਸੰਤ ਭਗਤ ਗੁਣ ਗਾਵਹਿ ਰਾਮ॥

**ਅੰਤਿਕਾ:** ਚਰਨ ਸਿੰਘ ਸ਼ਹੀਦ 'ਸੁਥਰਾ'
ਮੇਰਾ ਵੱਸ ਚੱਲੇ ਤਾਂ ਰੱਬ ਨੂੰ
ਇੱਕ ਵਾਰੀ ਤਾਂ ਆਖਦਿਆਂ,
ਸੁੰਦਰ ਸ਼ਕਲਾਂ ਰਚ ਕੇ
ਆਪੇ ਮੇਟੀ ਜਾਣਾ ਠੀਕ ਨਹੀਂ।

# ਸਿੱਖਾਂ ਦੀਆਂ ਕੁਰਬਾਨੀਆਂ ਦਾ ਮੁੜ ਲਿਖਿਆ ਜਾਵੇਗਾ ਇਤਿਹਾਸ

## ਇਤਿਹਾਸ ਨਾਲ ਛੇੜਖਾਨੀ ਦਰੁਸਤ ਕਰੇਗੀ ਸ਼੍ਰੋਮਣੀ ਕਮੇਟੀ

**ਚੰਡੀਗੜ੍ਹ:** ਆਜ਼ਾਦੀ ਅੰਦੋਲਨ ਵਿਚ ਸਿੱਖਾਂ ਦੇ ਯੋਗਦਾਨ ਨੂੰ ਕੁਝ ਇਤਿਹਾਸਕਾਰਾਂ ਵੱਲੋਂ ਘਟਾ ਕੇ ਪੇਸ਼ ਕਰਨ ਅਤੇ ਸਿੱਖ ਇਤਿਹਾਸ ਵਿਚ ਕੀਤੀਆਂ ਛੇੜਖਾਨੀਆਂ ਨੂੰ ਦਰੁਸਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਢੁਕਵੇਂ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਕਮੇਟੀ ਦਾ ਵਫਦ ਇਸ ਹਫਤੇ ਸੈਲੂਲਰ ਜੇਲ੍ਹ ਅੰਡੇਮਾਨ ਨਿਕੋਬਾਰ ਜਾਵੇਗਾ ਅਤੇ ਉਥੇ ਸਿੱਖ ਆਜ਼ਾਦੀ ਘੁਲਾਟੀਆਂ ਵੱਲੋਂ ਕੱਟੀਆਂ ਸਜ਼ਾਵਾਂ ਸਬੰਧੀ ਅੰਕੜੇ ਇਕੱਠੇ ਕਰੇਗਾ।

ਵਫਦ ਇਹ ਪਤਾ ਕਰੇਗਾ ਕਿ ਕਿਹੜੇ-ਕਿਹੜੇ ਕਾਰਨਾਂ ਕਰ ਕੇ ਜੇਲ੍ਹ ਵਿਚ ਪੰਜਾਬੀਆਂ ਦੇ ਨਾਵਾਂ ਨੂੰ ਲਾਂਭੇ ਕੀਤਾ ਗਿਆ ਹੈ। ਸ. ਬਡੂੰਗਰ ਨੇ ਕਿਹਾ ਕਿ ਅਸਲ ਵਿਚ ਸਿੱਖਾਂ ਨੇ ਹੀ 1849 ਵਿਚ ਆਜ਼ਾਦੀ ਲਈ ਪਹਿਲੀ ਲੜਾਈ ਸ਼ੁਰੂ ਕੀਤੀ ਸੀ ਅਤੇ ਇਸ ਸੰਘਰਸ਼ ਦਾ ਪਹਿਲਾ ਸ਼ਹੀਦ ਮਹਿਰਾਜ ਸਿੰਘ ਸੀ। ਇਹ ਕਹਿਣਾ ਵਾਜਬ ਨਹੀਂ



ਹੈ ਕਿ ਜੰਗ-ਏ-ਆਜ਼ਾਦੀ ਦਾ ਪਹਿਲਾ ਸੰਘਰਸ਼ 1857 ਵਿਚ ਸ਼ੁਰੂ ਹੋਇਆ, ਸਗੋਂ ਸੰਘਰਸ਼ ਉਸ ਤੋਂ ਅੱਠ ਸਾਲ ਪਹਿਲਾਂ ਸ਼ੁਰੂ ਹੋ ਚੁੱਕਾ ਸੀ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਇਤਿਹਾਸਕਾਰਾਂ ਨੇ ਇਨ੍ਹਾਂ ਤੱਥਾਂ ਨੂੰ ਅੱਖੋਂ ਉਹਲੇ ਕਰ ਕੇ ਸਿੱਖਾਂ ਨੂੰ ਆਜ਼ਾਦੀ ਦੇ ਸੰਘਰਸ਼ ਵਿਚੋਂ ਮਨਫੀ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਆਜ਼ਾਦੀ ਸੰਘਰਸ਼ ਵਿਚ ਯੋਗਦਾਨ ਸਬੰਧੀ ਪੁਸਤਕ ਛਾਪੀ ਜਾਵੇਗੀ, ਜਿਸ ਵਿਚ ਆਜ਼ਾਦੀ ਘੁਲਾਟੀਆਂ ਬਾਰੇ ਮੁਢਲੀ ਜਾਣਕਾਰੀ ਹੋਵੇਗੀ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸੈਲੂਲਰ ਜੇਲ੍ਹ ਦੀ ਗਾਥਾ ਵਿਚ ਪੰਜਾਬੀਆਂ ਤੇ ਖਾਸ ਕਰ ਕੇ ਸਿੱਖਾਂ ਦੇ ਰੋਲ ਨੂੰ ਅਣਗੌਲਿਆ ਕਰਨ ਦਾ ਮਾਮਲਾ ਪ੍ਰਧਾਨ ਮੰਤਰੀ ਅਤੇ ਸਬੰਧਤ ਮੰਤਰੀਆਂ ਤੇ ਅਧਿਕਾਰੀਆਂ ਨਾਲ ਮਿਲ ਕੇ ਹੱਲ ਕਰਾਉਣਗੇ। ਸੈਲੂਲਰ ਜੇਲ੍ਹ ਦੇ ਆਈ.ਜੀ. ਰਹੇ ਅਤੇ ਜੇਲ੍ਹ ਦੇ ਹਾਲਾਤ ਬਾਰੇ ਕਿਤਾਬ ਲਿਖਣ ਵਾਲੇ ਜਸਟਿਸ (ਰਿਟਾ.) ਐਸ.ਐਨ. ਅਗਰਵਾਲ ਨੇ ਕਿਹਾ ਕਿ ਦੇਸ਼ ਭਗਤਾਂ, ਜਿਨ੍ਹਾਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਸੀ, ਦਾ ਸੈਲੂਲਰ ਜੇਲ੍ਹ ਅਤੇ ਇਸ ਦੀ ਹਰ ਰੋਜ਼ ਵਿਖਾਈ ਜਾਂਦੀ ਗਾਥਾ ਵਿਚ ਢੁਕਵਾਂ ਜ਼ਿਕਰ ਜ਼ਰੂਰੀ ਹੈ।

ਸੈਲੂਲਰ ਜੇਲ੍ਹ ਵਿਚ ਪੰਜਾਬੀਆਂ ਨੂੰ ਅੱਖੋਂ-ਪਰੋਖੇ ਕਰਨ ਦਾ ਮਾਮਲਾ ਮੀਡੀਆ ਵਿਚ ਉਠਾਉਣ ਵਾਲੇ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੇ ਕਿਹਾ ਕਿ ਸਿੱਖਾਂ ਨੇ ਜਿੰਨਾ ਵੱਡਾ ਯੋਗਦਾਨ ਮੁਲਕ ਦੀ ਆਜ਼ਾਦੀ ਵਿਚ ਪਾਇਆ ਹੈ, ਉਸ ਮੁਤਾਬਕ ਉਨ੍ਹਾਂ ਨੂੰ ਕੌਮੀ ਇਤਿਹਾਸ ਵਿਚ ਥਾਂ ਨਹੀਂ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਅਤੇ ਐਜੂਕੇਸ਼ਨ ਡਾਇਰੈਕਟਰ ਡਾ. ਧਰਮਿੰਦਰ ਸਿੰਘ ਉਭਾ ਨੇ ਵੀ ਆਪਣੇ ਵਿਚਾਰ ਰੱਖੇ।

## ਕਾਂਗਰਸ ਆਗੂ ਬਰਖਾ ਸਿੰਘ ਭਾਜਪਾ ਨਾਲ ਰਲੀ

**ਨਵੀਂ ਦਿੱਲੀ:** ਕਾਂਗਰਸ ਵਿਚੋਂ ਕੱਢੀ ਬਰਖਾ ਸਿੰਘ ਭਾਜਪਾ ਨਾਲ ਜਾ ਰਲੀ। ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਅਤੇ ਦਿੱਲੀ ਸੂਬਾ ਪ੍ਰਧਾਨ ਅਜੈ ਮਾਕਨ ਖਿਲਾਫ਼ ਤਿੱਖੀਆਂ ਟਿੱਪਣੀਆਂ ਤੋਂ ਬਾਅਦ ਉਸ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ ਸੀ।

ਭਾਜਪਾ ਦੇ ਉਪ ਪ੍ਰਧਾਨ ਸ਼ਿਆਮ ਜਾਜੂ, ਕੇਂਦਰੀ ਮੰਤਰੀ ਵਿਜੈ ਗੋਇਲ ਅਤੇ ਹੋਰ ਆਗੂਆਂ ਦੀ ਹਾਜ਼ਰੀ ਵਿਚ ਬਰਖਾ ਸਿੰਘ ਪਾਰਟੀ 'ਚ ਸ਼ਾਮਲ ਹੋਈ।

## ਵੀਜ਼ੇ ਦੀ ਉਲੰਘਣਾ ਦੇ ਦੋਸ਼ ਵਿਚ 38 ਭਾਰਤੀ ਕਾਬੂ

**ਲੰਡਨ (ਬਿਊਰੋ):** ਬਰਤਾਨੀਆ ਦੇ ਇੰਮੀਗ੍ਰੇਸ਼ਨ ਅਧਿਕਾਰੀਆਂ ਨੇ 9 ਔਰਤਾਂ ਸਮੇਤ 38 ਭਾਰਤੀਆਂ ਨੂੰ ਲੈਸਟਰ ਦੇ ਕੱਪੜਾ ਉਦਯੋਗਾਂ 'ਚੋਂ ਹਿਰਾਸਤ ਵਿਚ ਲਿਆ ਹੈ ਜੋ ਵੀਜ਼ਾ ਖਤਮ ਹੋਣ ਜਾਂ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰ ਰਹੇ ਸਨ।

ਯੂ.ਕੇ. ਦੀ ਹੋਮ ਆਫਿਸ ਇੰਮੀਗ੍ਰੇਸ਼ਨ ਇਨਫੋਰਸਮੈਂਟ ਦੀ ਟੀਮ ਵੱਲੋਂ ਇੰਗਲੈਂਡ ਦੇ ਈਸਟ ਮਿਡਲੈਂਡ ਖੇਤਰ 'ਚ ਕੀਤੀ ਛਾਪੇਮਾਰੀ ਦੌਰਾਨ 38 ਭਾਰਤੀ ਤੇ ਇਕ ਅਫਗਾਨ ਨਾਗਰਿਕ ਨੂੰ ਹਿਰਾਸਤ 'ਚ ਲਿਆ ਗਿਆ ਸੀ।

ਲੈਸਟਰ ਮਰਕਰੀ ਦੀ ਰਿਪੋਰਟ ਮੁਤਾਬਕ ਫੜੇ ਗਏ ਇਨ੍ਹਾਂ ਲੋਕਾਂ 'ਚੋਂ 31ਦਾ ਵੀਜ਼ੇ ਖਤਮ ਹੋ ਚੁੱਕਾ ਸੀ, 7 ਦੇਸ਼ 'ਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਏ ਸਨ ਤੇ ਇਕ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰ ਕੇ ਕੰਮ ਕਰ ਰਿਹਾ ਸੀ। ਅਧਿਕਾਰੀਆਂ ਨੇ ਇਨ੍ਹਾਂ 'ਚ 19 ਨੂੰ ਯੂ.ਕੇ. 'ਚੋਂ ਵਾਪਸ ਭੇਜਣ ਤੱਕ ਆਪਣੀ ਹਿਰਾਸਤ 'ਚ ਰੱਖ ਲਿਆ ਹੈ।




ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

# ਨਵਉਦਾਰਵਾਦ ਅਤੇ ਪੰਜਾਬ 'ਵਰਸਿਟੀ ਦਾ ਸੰਕਟ

*ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਵਿਦਿਆਰਥੀਆਂ ਵੱਲੋਂ ਵਿੱਢੇ ਘੋਲ ਨੇ ਸਭ ਦਾ ਧਿਆਨ ਖਿਚਿਆ ਹੈ। ਤਤਕਾਲੀ ਮਸਲਾ ਫੀਸਾਂ ਵਿਚ ਵਾਧੇ ਦਾ ਸੀ ਜਿਸ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਨੇ ਬਹੁਤ ਕੱਚੇ ਜਿਹੇ ਢੰਗ ਨਾਲ ਨਜਿਠਣਾ ਚਾਹਿਆ; ਜਦਕਿ ਅਸਲ ਮਸਲਾ ਕੇਂਦਰ ਅਤੇ ਪੰਜਾਬ ਸਰਕਾਰਾਂ ਵੱਲੋਂ ਫੰਡਾਂ ਤੋਂ ਹੱਥ ਖਿੱਚਣਾ ਹੈ। ਇੰਗਲੈਂਡ ਦੀ ਆਕਸਫੋਰਡ ਬਰੁਕਸ ਯੂਨੀਵਰਸਿਟੀ ਦੇ ਪ੍ਰੋਫੈਸਰ ਪ੍ਰੀਤਮ ਸਿੰਘ ਨੇ ਇਸ ਮਸਲੇ ਨੂੰ ਨਵ-ਉਦਾਰਵਾਦੀ ਨੀਤੀਆਂ ਨਾਲ ਜੋੜਿਆ ਹੈ ਜੋ ਨਿਜੀਕਰਨ ਦਾ ਰਾਹ ਮੋਕਲਾ ਕਰ ਰਹੀਆਂ ਹਨ। -ਸੰਪਾਦਕ*

**ਪ੍ਰੋ. ਪ੍ਰੀਤਮ ਸਿੰਘ**
**ਆਕਸਫੋਰਡ ਬਰੁਕਸ 'ਵਰਸਿਟੀ, ਯੂ.ਕੇ.**

ਆਮ ਤੌਰ 'ਤੇ ਆਪਣੀ ਸੁੰਦਰਤਾ ਤੇ ਵਿਸ਼ਾਲਤਾ ਕਰ ਕੇ ਜਾਣੀ ਜਾਂਦੀ ਪੰਜਾਬ ਯੂਨੀਵਰਸਿਟੀ ਵਿਚ ਫੀਸਾਂ 'ਚ ਅਚਨਚੇਤ ਅਤੇ ਅਸਾਧਾਰਨ ਵਾਧੇ ਕਾਰਨ ਵਿਦਿਆਰਥੀਆਂ ਵਿਚ ਫੈਲੀ ਬੇਚੈਨੀ ਨੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਸਭ ਦਾ ਧਿਆਨ ਖਿੱਚਿਆ ਹੈ। ਇਸ ਸੰਕਟ ਨਾਲ ਜੁੜੇ ਮੁੱਦਿਆਂ ਦੀਆਂ ਦੋ ਵੱਖ ਵੱਖ ਪਰਤਾਂ ਹਨ ਜੋ ਆਪਸ ਵਿਚ ਜੁੜੀਆਂ ਹੋਈਆਂ ਹਨ। ਮੌਜੂਦਾ ਖੜੋਤ ਨੂੰ ਸਮਝਣ ਲਈ ਇਨ੍ਹਾਂ ਪਰਤਾਂ ਨੂੰ ਖੋਲ੍ਹਣ ਦੀ ਲੋੜ ਹੈ।

ਪਹਿਲੀ ਪਰਤ ਭਾਰਤ ਵਿਚ ਨਵ-ਉਦਾਰਵਾਦੀ ਨਜ਼ਰੀਏ ਤੋਂ ਉਚ ਸਿਖਿਆ ਨੂੰ ਨਵਾਂ ਰੂਪ ਦੇਣ ਅਤੇ ਸਿਖਿਆ, ਖ਼ਾਸਕਰ ਉਚ ਸਿੱਖਿਆ ਦੇ ਵਧ ਰਹੇ ਕੇਂਦਰੀਕਰਨ ਦੇ ਵੱਡੇ ਮੁੱਦਿਆਂ ਨਾਲ ਸਬੰਧਿਤ ਹੈ। ਦੂਜੀ ਪਰਤ ਇਸ ਸੂਖ਼ਮ ਮੁੱਦੇ ਨਾਲ ਸਬੰਧਿਤ ਹੈ ਕਿ ਯੂਨੀਵਰਸਿਟੀ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਇਸ ਸਮੱਸਿਆ ਨਾਲ ਕਿਵੇਂ ਨਜਿਠਿਆ। ਇਸ ਸੂਖ਼ਮ ਮੁੱਦੇ ਨੇ ਮੀਡੀਆ ਦਾ ਧਿਆਨ ਖਿੱਚਿਆ। ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨ ਨੂੰ ਦਬਾਉਣ ਸਮੇਂ ਹੋਈ ਹਿੰਸਾ ਕਾਰਨ ਮੀਡੀਆ ਦਾ ਇਸ ਵੱਲ ਧਿਆਨ ਆਉਣਾ ਵਾਜਬ ਵੀ ਸੀ। ਸੋ, ਇਸ ਹਿੰਸਕ ਝੜਪ ਪਿਛਲੇ ਵਿਆਪਕ ਮੁੱਦਿਆਂ ਨੂੰ ਸਮਝਣ ਦੀ ਜ਼ਰੂਰਤ ਹੈ।

ਜੁਲਾਈ 1991 ਵਿਚ ਅਖੌਤੀ ਆਰਥਿਕ ਸੁਧਾਰ ਲਾਗੂ ਹੋਣ ਨਾਲ ਭਾਰਤ ਵਿਚ ਨਵ-ਉਦਾਰਵਾਦ ਨੇ ਪੈਰ ਪਸਾਰੇ। ਅਦਾਇਗੀਆਂ ਦੇ ਬਕਾਇਆਂ ਸਬੰਧੀ ਸੰਕਟ ਕਾਰਨ ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ.) ਤੋਂ ਕਰਜ਼ਾ ਲੈਣ ਦੀਆਂ ਸ਼ਰਤਾਂ ਤਹਿਤ ਨਵ-ਉਦਾਰਵਾਦੀ ਆਰਥਿਕ ਸੁਧਾਰ ਲਾਗੂ ਕੀਤੇ ਗਏ ਜੋ ਫ਼ੈਸਲੇ ਕਰਨ ਵਿਚ ਬਾਜ਼ਾਰ ਨੂੰ ਪ੍ਰਮੁੱਖਤਾ ਦੇਣ ਦੇ ਕੇਂਦਰੀ ਮੁੱਦੇ ਦੁਆਲੇ ਘੁੰਮਦੇ ਹਨ। ਸਰਕਾਰ ਦੀ ਭੂਮਿਕਾ ਬਾਜ਼ਾਰ ਦੀ ਪ੍ਰਕਿਰਿਆ ਨਿਰਵਿਘਨ ਚਲਾਉਣ ਲਈ ਲਾਜ਼ਮੀ ਕਾਨੂੰਨੀ ਅਤੇ ਸੰਸਥਾਗਤ ਬਦਲਾਓ ਕਰ ਕੇ ਬਾਜ਼ਾਰ ਦਾ ਦਾਖ਼ਲਾ ਸੁਖਾਲਾ ਬਣਾਉਣ ਤਕ ਸਿਮਟ ਗਈ ਹੈ। ਇਹ ਸਮਝਣਾ ਵੀ ਮਹੱਤਵਪੂਰਨ ਹੈ ਕਿ ਆਈ.ਐਮ.ਐਫ. ਅਤੇ ਵਰਲਡ ਬੈਂਕ ਦੀਆਂ ਨੀਤੀਆਂ ਅਤੇ ਯੋਜਨਾਵਾਂ ਵਿਚ ਬਾਜ਼ਾਰ ਮਹਿਜ਼ ਆਰਥਿਕ ਸਾਧਨ ਨਹੀਂ ਹੈ। ਸਾਂਝੇ ਯਤਨਾਂ ਅਤੇ ਜਨਤਕ ਤੌਰ 'ਤੇ ਸਾਂਝੇ ਉਦਮਾਂ ਦੀ ਕਦਰ ਵਾਲੇ ਨਜ਼ਰੀਏ ਦੇ ਉਲਟ ਇਹ ਨਿੱਜਵਾਦ ਅਤੇ ਨਿੱਜੀ ਮੁਫ਼ਾਦਾਂ ਦੀ ਵਿਚਾਰਧਾਰਾ ਦਾ ਪ੍ਰਤੀਕ ਹੈ।

ਨਵ-ਉਦਾਰਵਾਦੀ ਆਰਥਿਕ ਸੁਧਾਰਾਂ ਦੇ ਸਿੱਟਿਆਂ ਵਿਚੋਂ ਇਕ ਸਿਖਿਆ ਨੂੰ ਜਨਤਕ ਵਸਤ ਦੀ ਥਾਂ ਵੇਚੀ, ਖ਼ਰੀਦੀ ਅਤੇ ਵਰਤੀ ਜਾਣ ਵਾਲੀ ਵਸਤ ਬਣਾਉਣਾ ਹੈ। ਦਰਅਸਲ, ਇਕੋ ਹੱਲੇ ਹੀ ਸਿਖਿਆ ਜਨਤਕ ਵਸਤ ਤੋਂ ਨਿੱਜੀ ਵਸਤ ਨਹੀਂ ਬਣਦੀ, ਸਗੋਂ ਇਹ ਪ੍ਰਕਿਰਿਆ ਵੱਖ ਵੱਖ ਰੂਪ ਲੈਂਦੀ ਹੋਈ ਲਗਾਤਾਰ ਵਾਪਰਦੀ ਹੈ। ਇਸ ਤਹਿਤ ਸਰਕਾਰੀ ਸਹਾਇਤਾ ਪ੍ਰਾਪਤ ਯੂਨੀਵਰਸਿਟੀਆਂ ਦਾ ਥੋੜ੍ਹੇ ਥੋੜ੍ਹੇ ਹਿਸਿਆਂ ਵਿਚ ਨਿੱਜੀਕਰਨ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੇ ਮੁਕਾਬਲੇਬਾਜ਼ਾਂ ਵਲੋਂ ਪੂਰਨ ਤੌਰ 'ਤੇ ਨਿੱਜੀ ਸੰਸਥਾਵਾਂ ਖੋਲ੍ਹੀਆਂ ਜਾਂਦੀਆਂ ਹਨ। ਦਰਅਸਲ, ਸਰਕਾਰੀ ਸਹਾਇਤਾ ਪ੍ਰਾਪਤ ਯੂਨੀਵਰਸਿਟੀਆਂ ਦਾ ਅੰਸ਼ਕ ਨਿੱਜੀਕਰਨ ਕਰਨ ਲਈ ਦਬਾਅ ਪਾਉਣਾ ਸਰਕਾਰ ਵੱਲੋਂ ਯੂਨੀਵਰਸਿਟੀਆਂ ਨੂੰ ਫੰਡ ਦੇਣ ਤੋਂ ਹੌਲੀ ਹੌਲੀ ਪੈਰ ਪਿਛਾਂਹ ਖਿੱਚਣਾ ਹੈ। ਇਸ ਦਬਾਅ ਨੇ ਪੰਜਾਬ ਯੂਨੀਵਰਸਿਟੀ ਨੂੰ ਹੁਣ ਨਾਟਕੀ ਢੰਗ ਨਾਲ ਪ੍ਰਭਾਵਿਤ ਕੀਤਾ ਹੈ।

ਇਸ ਦੇ ਨਾਲ-ਨਾਲ ਮੌਜੂਦਾ ਹਾਲਾਤ ਉਪਰ ਵਿਆਪਕ ਪ੍ਰਭਾਵ ਵੀ ਨਜ਼ਰ ਆ ਰਹੇ ਹਨ। ਭਾਰਤ ਵਿਚ ਸਿਖਿਆ, ਖ਼ਾਸਕਰ ਉਚ ਸਿੱਖਿਆ ਉਪਰ ਲੰਬੇ ਸਮੇਂ ਤੋਂ ਵਧ ਰਿਹਾ ਹੈ। ਪਹਿਲਾਂ-ਪਹਿਲ ਅਜਿਹਾ ਰੁਝਾਨ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਾਈ ਐਮਰਜੈਂਸੀ (1975-77) ਦੌਰਾਨ ਨਜ਼ਰ ਆਇਆ। ਉਨ੍ਹਾਂ ਨੇ 1976 ਵਿਚ 42ਵੀਂ ਸੰਵਿਧਾਨਿਕ ਸੋਧ ਰਾਹੀਂ ਸੰਵਿਧਾਨ ਦੀ ਰਾਜ ਸੂਚੀ ਵਿਚ 11ਵੀਂ ਮੱਦ ਵਜੋਂ ਸ਼ਾਮਲ 'ਸਿੱਖਿਆ' ਨੂੰ ਬਾਹਰ ਕੱਢ ਕੇ ਸਮਵਰਤੀ ਸੂਚੀ 25ਵੀਂ ਮੱਦ ਵਜੋਂ ਸ਼ਾਮਲ ਕਰ ਦਿੱਤਾ। ਜਿਵੇਂ ਨਾਂ ਤੋਂ ਸਪਸ਼ਟ ਹੈ ਕਿ ਸਮਵਰਤੀ ਸੂਚੀ ਵਿਚ ਸ਼ਾਮਲ ਆਈਟਮ, ਕੇਂਦਰ ਤੇ ਰਾਜ ਦਰਮਿਆਨ ਸ਼ਕਤੀ ਦੀ ਵੰਡ ਨਾਲ ਜੁੜਦੀ ਹੈ। ਦਰਅਸਲ ਇਸ ਤਰ੍ਹਾਂ ਕੇਂਦਰ ਸਰਕਾਰ ਦੀ ਸ਼ਕਤੀ ਵਧ ਜਾਂਦੀ ਹੈ, ਕਿਉਂਕਿ ਸੰਵਿਧਾਨ ਦੀ ਧਾਰਾ 254 ਤਹਿਤ ਸਮਵਰਤੀ ਸੂਚੀ ਵਿਚ ਸ਼ਾਮਲ ਕਿਸੇ ਮਾਮਲੇ ਉਪਰ ਕੇਂਦਰ ਤੇ ਰਾਜ ਵਿਚ ਵਿਵਾਦ ਵਾਲੀ ਹਾਲਤ ਵਿਚ ਕੇਂਦਰ ਸਰਕਾਰ, ਰਾਜ ਉਪਰ




ਭਾਰੂ ਹੋ ਨਿਬੜਦੀ ਹੈ। ਐਮਰਜੈਂਸੀ ਵੇਲੇ ਕੀਤੇ ਨੁਕਸਾਨ ਦੀ ਭਰਪਾਈ ਐਮਰਜੈਂਸੀ ਤੋਂ ਬਾਅਦ ਦੀ ਕਿਸੇ ਵੀ ਕੇਂਦਰ ਸਰਕਾਰ ਨੇ ਨਹੀਂ ਕੀਤੀ।

ਕੇਂਦਰੀ ਅਫ਼ਸਰਸ਼ਾਹੀ ਜਿਹੜੀ ਕੁਝ ਮਾਮਲਿਆਂ ਵਿਚ ਸਿਆਸੀ ਲੀਡਰਸ਼ਿਪ ਨਾਲੋਂ ਵੱਧ ਪ੍ਰਭਾਵੀ ਤਾਕਤਾਂ ਰੱਖਦੀ ਹੈ, ਨਿੱਜੀ ਹਿਤਾਂ ਲਈ ਇਨ੍ਹਾਂ ਤਾਕਤਾਂ ਨੂੰ ਆਪਣੇ ਤਕ ਹੀ ਸੀਮਿਤ ਰੱਖਦੀ ਹੈ। ਵੱਖ ਵੱਖ ਰਾਜਾਂ ਵਿਚ ਕੇਂਦਰੀ ਯੂਨੀਵਰਸਿਟੀਆਂ ਖੁੱਲ੍ਹਣ ਨਾਲ ਕੇਂਦਰੀਕਰਨ ਦੀ ਪ੍ਰਕਿਰਿਆ ਹੋਰ ਤੇਜ਼ ਹੋ ਗਈ ਹੈ। ਇਹ ਬਹੁਤ ਖਾਮੀਆਂ ਭਰਿਆ ਪ੍ਰੋਜੈਕਟ ਹੈ। ਕੇਂਦਰੀ ਯੂਨੀਵਰਸਿਟੀਆਂ ਨੂੰ ਮੁਹੱਈਆ ਕਰਾਏ ਜਾਂਦੇ ਫੰਡਾਂ ਦਾ ਉਨ੍ਹਾਂ ਨੇੜਲੀਆਂ ਸੂਬਾਈ ਯੂਨੀਵਰਸਿਟੀਆਂ ਵਿਚ ਸਟਾਫ ਦੀ ਗਿਣਤੀ, ਗੁਣਵੱਤਾ ਤੇ ਵਿਦਿਆਰਥੀਆਂ ਦੇ ਦਾਖਲਿਆਂ ਉਪਰ ਮਾਰੂ ਪ੍ਰਭਾਵ ਪੈਂਦਾ ਹੈ। ਸਿੱਟੇ ਵਜੋਂ ਰਾਜਾਂ ਦੀ ਉਚ ਸਿਖਿਆ ਦੀ ਔਸਤਨ ਗੁਣਵੱਤਾ ਘਟ ਜਾਂਦੀ ਹੈ। ਜੇ ਕੇਂਦਰ ਦੀ ਮੌਜੂਦਾ ਭਾਜਪਾ ਸਰਕਾਰ, ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਲਈ ਇਸ ਅੱਗੇ ਫੰਡਾਂ ਦਾ ਸੰਕਟ ਖੜ੍ਹਾ ਕਰ ਰਹੀ ਹੈ ਤਾਂ ਇਹ ਪਹਿਲੀ ਯੂ.ਪੀ.ਏ. ਸਰਕਾਰ ਨਾਲੋਂ ਕਿਤੇ ਵੱਧ ਤੇਜ਼ੀ ਨਾਲ ਸਿਖਿਆ ਦੇ ਖਾਮੀਆਂ ਭਰਪੂਰ ਕੇਂਦਰੀਕਰਨ ਮਾਡਲ ਨੂੰ ਅਪਣਾ ਰਹੀ ਹੋਵੇਗੀ।

ਇਸ ਲਈ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਨੈਤਿਕ ਜ਼ਿੰਮੇਵਾਰੀ ਸਮਝ ਕੇ ਫੰਡਾਂ ਦਾ ਆਪਣਾ ਹਿਸਾ ਮੁਹੱਈਆ ਕਰੇ ਤਾਂ ਜੋ ਨਵ-ਉਦਾਰ ਨਿੱਜੀਕਰਨ ਅਤੇ ਸਿੱਖਿਆ ਦੇ ਕੇਂਦਰੀਕਰਨ ਦੇ ਖਾਮੀਆਂ ਭਰਪੂਰ ਪ੍ਰੋਜੈਕਟਾਂ ਨੂੰ ਨਾਕਾਮ ਕੀਤਾ ਜਾ ਸਕੇ। ਅਜਿਹਾ ਕਰਨਾ ਰਾਜ ਅੰਦਰ ਸਾਰੀਆਂ ਸੂਬਾਈ ਫੰਡਾਂ ਨਾਲ ਚੱਲ ਰਹੀਆਂ ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਵਿਚ ਪੜ੍ਹਾਈ ਦਾ ਮਿਆਰ ਵਧਾਉਣ ਦੀ ਸਮੁੱਚੀ ਯੋਜਨਾਬੰਦੀ ਦਾ ਹਿੱਸਾ ਬਣਨਾ ਚਾਹੀਦਾ ਹੈ। ਜ਼ਿਆਦਾਤਰ ਵਿਦਿਆਰਥੀ ਗ਼ਰੀਬ ਹੁੰਦੇ ਹਨ ਜਿਨ੍ਹਾਂ ਦੀ ਪੜ੍ਹਾਈ ਸਰਕਾਰੀ ਸਹਾਇਤਾ ਨਾਲ ਚੱਲ ਰਹੀਆਂ ਵਿਦਿਅਕ ਸੰਸਥਾਵਾਂ ਉਪਰ ਨਿਰਭਰ ਹੁੰਦੀ ਹੈ। ਸਮਾਜ ਵਿਚ ਹਿਸੇਦਾਰੀ ਵਧਾਉਣ ਅਤੇ ਖੇਤਰ ਵਿਚ ਟਿਕਾਊ ਵਿਕਾਸ ਲਈ ਮਨੁੱਖੀ ਵਸੀਲੇ ਪੈਦਾ ਕਰਨ ਲਈ ਸਰਕਾਰੀ ਸਹਾਇਤਾ ਵਾਲੀ ਸਿਖਿਆ ਬੁਨਿਆਦੀ ਮਹੱਤਵ ਰੱਖਦੀ ਹੈ। ਪੂਰਬੀ ਏਸ਼ੀਆ ਦਾ ਤਥਾ-ਕਥਿਤ ਕ੍ਰਿਸ਼ਮਾ- ਦੱਖਣੀ ਕੋਰੀਆ, ਤਾਇਵਾਨ, ਸਿੰਗਾਪੁਰ, ਚੀਨ ਦਾ ਹੁਣ ਹਿੱਸਾ ਬਣੇ ਹਾਂਗ-ਕਾਂਗ ਦਾ ਵਿਕਾਸ ਇਸ ਕਰ ਕੇ ਸੰਭਵ ਹੋਇਆ ਕਿ ਉਥੇ ਸਿੱਖਿਆ ਉਪਰ ਸਰਕਾਰੀ ਪੈਸਾ ਨਿਵੇਸ਼ ਕੀਤਾ ਜਾਂਦਾ ਹੈ।

ਵਿਦਿਆਰਥੀ ਪ੍ਰਦਰਸ਼ਨ ਨਾਲ ਨਜਿਠਣ ਦੇ ਸੂਖਮ ਪੱਖ ਤੋਂ ਲੱਗਦਾ ਹੈ ਕਿ ਯੂਨੀਵਰਸਿਟੀ ਤੇ ਚੰਡੀਗੜ੍ਹ ਪੁਲਿਸ ਇਹ ਅੰਦਾਜ਼ਾ ਲਾ ਕੇ ਵੱਡੀ ਗ਼ਲਤੀ ਕਰ ਬੈਠੀ ਕਿ ਸਰਗਰਮ ਵਿਦਿਆਰਥੀ ਕਾਰਕੁਨਾਂ ਉਪਰ ਲਾਠੀਚਾਰਜ ਕਰ ਕੇ ਅੰਦੋਲਨ ਦਬਾਇਆ ਜਾ ਸਕਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਵਿਦਿਆਰਥੀ ਲਹਿਰਾਂ ਦੇ ਸਿਆਸੀ ਸਭਿਆਚਾਰ ਦਾ ਉਨ੍ਹਾਂ ਨੂੰ ਗਿਆਨ ਨਹੀਂ ਸੀ। ਦਰਅਸਲ ਵਿਦਿਆਰਥੀ ਲਹਿਰਾਂ ਨੇ 1960ਵਿਆਂ ਵਿਚ ਦਰਸ਼ਨ ਸਿੰਘ ਬਾਗੀ, 1970ਵਿਆਂ ਵਿਚ ਪ੍ਰਿਥੀਪਾਲ ਸਿੰਘ ਰੰਧਾਵਾ ਤੇ ਪੰਜਾਬ ਯੂਨੀਵਰਸਿਟੀ ਕੈਂਪਸ 'ਚ ਅਨੁਪਮ ਗੁਪਤਾ ਅਤੇ 1980ਵਿਆਂ ਵਿਚ ਅਸ਼ਵਨੀ ਹਾਂਡਾ ਵਰਗੇ ਉਘੇ ਵਿਦਿਆਰਥੀ ਆਗੂ ਪੈਦਾ ਕੀਤੇ ਸਨ।

ਅਖੀਰ 'ਤੇ, ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੂੰ ਹੇਠਲੇ ਪਧਰ ਦੇ ਪੁਲਿਸ ਅਫਸਰਾਂ ਜੋ ਗ਼ਰੀਬ ਤੇ ਮੱਧਵਰਗੀ ਪਿਛੋਕੜ ਵਾਲੇ ਪਰਿਵਾਰਾਂ ਵਿਚੋਂ ਆਏ ਹੁੰਦੇ ਹਨ, ਨੂੰ ਆਪਣੇ ਸਾਥੀ ਸਮਝਣਾ ਚਾਹੀਦਾ ਹੈ, ਵੈਰੀ ਨਹੀਂ। ਉਨ੍ਹਾਂ ਨੂੰ ਚਿੱਲੀ ਦੇ ਵਿਦਿਆਰਥੀਆਂ ਦੀ ਸਫਲਤਾ ਤੋਂ ਸਬਕ ਲੈਣਾ ਚਾਹੀਦਾ ਹੈ ਜਿਨ੍ਹਾਂ ਨੇ ਉਥੋਂ ਦੀ ਸਰਕਾਰ ਨੂੰ ਨਿੱਜੀਕਰਨ ਦਾ ਨਵ-ਉਦਾਰ ਏਜੰਡਾ ਤੇ ਯੂਨੀਵਰਸਿਟੀ ਫੀਸਾਂ ਵਿਚ ਭਾਰੀ ਵਾਧਾ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ। ਇਹ ਲਹਿਰ ਉਸ ਹਾਲਤ ਵਿਚ ਵਧੇਰੇ ਸਫਲ ਹੋ ਸਕਦੀ ਹੈ ਜੇ ਉਨ੍ਹਾਂ ਜਿਨ੍ਹਾਂ ਨੂੰ ਅੰਦੋਲਨ ਦਬਾਉਣ ਲਈ ਵਰਤਿਆ ਜਾ ਰਿਹਾ ਹੈ, ਦੀ ਹਮਦਰਦੀ ਹਾਸਲ ਕਰ ਲੈਂਦਾ ਹੈ। ਆਪਣੀਆਂ ਮੰਗਾਂ ਮਨਵਾਉਣ ਲਈ ਸਮਾਜ ਦੇ ਵੱਧ ਤੋਂ ਵੱਧ ਵਰਗਾਂ ਨੂੰ ਨਾਲ ਜੋੜਨਾ ਪੈਂਦਾ ਹੈ, ਕਿਉਂਕਿ ਖੇਤਰ ਦੀ ਇਸ ਅਹਿਮ ਸਿਖਿਆ ਸੰਸਥਾ ਦੇ ਭਵਿਖ ਨਾਲ ਬਹੁਤ ਸਾਰੇ ਜੁੜੇ ਹੋਏ ਹਨ।

# ਕੈਪਟਨ ਦੀ ਅਨੋਖੀ 'ਸੱਜਣਤਾਈ'

**ਅਮਨਦੀਪ ਸਿੰਘ ਸੰਧੂ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੇ 'ਸਟੈਂਡ' ਲਈ ਜਾਣਿਆ ਜਾਂਦਾ ਹੈ। ਕਦੇ ਉਹ ਕਪੂਰੀ ਵਿਚ ਪੰਜਾਬ ਦੇ ਹੱਕਾਂ ਉਤੇ ਚਾਂਦੀ ਦੀ ਕਹੀ ਨਾਲ ਟੱਕ ਮਾਰਨ ਵਾਲਿਆਂ ਨਾਲ ਜਾ ਖੜ੍ਹਦੇ ਹਨ ਅਤੇ ਕਦੇ ਸੂਬੇ ਦੇ ਦਰਿਆਈ ਪਾਣੀ ਦੇ ਰਾਖੇ ਬਣ ਕੇ ਪਾਣੀ ਬਾਰੇ ਸਾਰੇ ਸਮਝੌਤੇ ਰੱਦ ਕਰ ਦਿੰਦੇ ਹਨ। ਹਾਲ ਹੀ ਵਿਚ ਉਨ੍ਹਾਂ ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ 'ਖ਼ਾਲਿਸਤਾਨ ਦਾ ਹਮਦਰਦ' ਗਰਦਾਨਦਿਆਂ ਮੁਲਾਕਾਤ ਤੋਂ ਇਨਕਾਰ ਕਰ ਕੇ ਇਕ ਅਲੋਕਾਰਾ ਸਟੈਂਡ ਲਿਆ ਹੈ। ਕੈਪਟਨ ਨੇ ਆਪਣੇ ਇਸ ਸਟੈਂਡ ਦੀ ਤਈਦ ਲਈ ਅਜੇ ਤਕ ਕੋਈ ਸਬੂਤ ਤਾਂ ਨਹੀਂ ਦਿੱਤਾ, ਪਰ ਕੁਝ ਬੁੱਧੀਜੀਵੀਆਂ ਵੱਲੋਂ ਇਸ ਫ਼ੈਸਲੇ ਨੂੰ 'ਸਿਧਾਂਤਕ' ਕਰਾਰ ਦੇ ਕੇ ਮੁੱਖ ਮੰਤਰੀ ਦੀ ਪਿਠ ਥਾਪੜੀ ਗਈ ਹੈ।

ਥਾਪੀਆਂ ਦੇਣ ਦੀ ਬਜਾਏ ਇਸ ਗੱਲ ਦੀ ਪੜਚੋਲ ਕਰਨ ਦੀ ਲੋੜ ਵਧੇਰੇ ਹੈ ਕਿ ਕੈਪਟਨ ਨੇ ਇਹ 'ਸਿਧਾਂਤਕ' ਫ਼ੈਸਲਾ ਕਿਤੇ ਕਿਸੇ ਰੰਜਿਸ਼ ਤਹਿਤ ਤਾਂ ਨਹੀਂ ਕੀਤਾ? ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਣ ਕਾਰਨ 2016 ਦੇ ਅਪਰੈਲ ਮਹੀਨੇ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਦੀ ਤਰਜ਼ ਉਤੇ ਐਨ.ਆਰ.ਆਈਜ਼ ਨੂੰ ਕਾਂਗਰਸ ਦੇ 'ਹੱਥ' ਉਤੇ ਚਾੜ੍ਹਨ ਲਈ ਵਿਦੇਸ਼ ਫੇਰੀ ਪਾਈ ਸੀ। ਕੈਲੀਫੋਰਨੀਆ (ਅਮਰੀਕਾ) ਵਿਚ ਉਨ੍ਹਾਂ ਦਾ ਵੱਡੇ ਪੱਧਰ ਉਤੇ ਵਿਰੋਧ ਹੋਇਆ ਸੀ। ਕੈਪਟਨ ਦੀ ਗੱਡੀ ਉਤੇ ਕਥਿਤ ਤੌਰ 'ਤੇ ਬੋਤਲਾਂ ਤੇ ਜੁੱਤੀਆਂ ਸੁੱਟੀਆਂ ਗਈਆਂ ਸਨ। ਇਸ ਦੀ ਵੀਡੀਓ ਵੀ ਵਾਇਰਲ ਹੋਈ ਸੀ। ਇਸ ਤੋਂ ਬਾਅਦ ਕੈਨੇਡਾ ਵਿਚ ਕਿਸੇ ਹੋਰ ਮੁਲਕ ਦੇ ਨੁਮਾਇੰਦੇ ਜਾਂ ਸਿਆਸੀ ਧਿਰ ਦੇ ਆਗੂ ਦੇ ਜਨਤਕ ਚੋਣ ਰੈਲੀ ਕਰਨ ਸਬੰਧੀ ਵਿਰੋਧੀ ਨਿਯਮਾਂ ਅਤੇ ਜਥੇਬੰਦੀ 'ਸਿੱਖਜ਼ ਫਾਰ ਜਸਟਿਸ' ਵੱਲੋਂ ਕੈਨੇਡਾ ਦੀ ਅਦਾਲਤ ਵਿਚ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਦਾਇਰ ਕੀਤੇ ਕੇਸ ਕਾਰਨ ਉਨ੍ਹਾਂ ਨੂੰ ਆਪਣਾ ਦੌਰਾ ਰੱਦ ਕਰਨਾ ਪਿਆ ਸੀ। ਇਸ ਤੋਂ ਭਖੇ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਪੱਤਰ ਲਿਖ ਕੇ ਸ਼ਿਕਵਾ ਕੀਤਾ ਸੀ ਅਤੇ ਜਨਤਕ ਬੈਠਕ ਲਈ ਆਗਿਆ ਨਾ ਦੇਣ ਨੂੰ 'ਸੰਘੀ ਘੁੱਟਣ' ਵਾਲਾ ਹੁਕਮ ਕਰਾਰ ਦਿੱਤਾ ਸੀ।

ਇਸ ਪੱਤਰ ਨੂੰ ਉਨ੍ਹਾਂ ਨੇ ਆਪਣੇ ਟਵਿਟਰ ਅਕਾਊਂਟ ਉਤੇ ਵੀ ਸਾਂਝਾ ਕੀਤਾ ਸੀ। ਇਸ ਰੋਸ ਪੱਤਰ ਵਿਚ ਕੈਪਟਨ ਨੇ ਟਰੂਡੋ ਨੂੰ ਆਪਣਾ ਤੁਆਰਫ਼ ਕਰਾਉਂਦਿਆਂ ਲਿਖਿਆ ਸੀ, 'ਮੈਂ ਸਿੱਖਾਂ ਦੇ ਮੱਕੇ, ਪਾਵਨ ਸ਼ਹਿਰ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਹਾਂ; ਉਹੀਂ ਸਿੱਖ ਜਿਨ੍ਹਾਂ ਵਿਚੋਂ ਕੁਝ ਨੂੰ ਤੁਸੀਂ ਮੰਤਰੀ ਵਜੋਂ ਆਪਣੀ ਵਜ਼ਾਰਤ ਵਿਚ ਸ਼ਾਮਲ ਕੀਤਾ ਹੈ।' ਹੈਰਾਨੀ ਦੀ ਗੱਲ ਹੈ ਕਿ ਹੁਣ ਕੈਪਟਨ ਨੂੰ ਟਰੂਡੋ ਸਰਕਾਰ ਦਾ ਸਿੱਖ ਮੰਤਰੀ ਹਰਜੀਤ ਸਿੰਘ ਸੱਜਣ 'ਖ਼ਾਲਿਸਤਾਨ ਦਾ ਹਮਦਰਦ' ਲੱਗਣ ਲੱਗ ਪਿਆ ਹੈ। ਇਨ੍ਹਾਂ ਮੁਲਕਾਂ ਵਿਚ ਹੀ ਕਾਲੀਆਂ ਸੂਚੀਆਂ ਵਾਲੇ ਪੰਜਾਬੀ ਵਸਦੇ ਹਨ। ਵੱਖ ਵੱਖ ਰਾਜਸੀ ਧਿਰਾਂ ਵੱਲੋਂ ਉਨ੍ਹਾਂ ਨੂੰ ਕਦੇ ਕਾਲੀ ਸੂਚੀ ਵਿਚੋਂ ਕਢਵਾਉਣ, ਕਦੇ ਵੱਖਰੇ ਸਿੱਖ ਰਾਜ, ਕਦੇ ਉਨ੍ਹਾਂ ਨੂੰ ਘਰ-ਬਾਰ ਛੱਡ ਕੇ ਭੱਜਣ ਲਈ ਮਜਬੂਰ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਅਤੇ ਕਦੇ ਉਨ੍ਹਾਂ ਦੀਆਂ ਪੰਜਾਬ ਵਿੱਚ ਜ਼ੋਰਾਵਰਾਂ ਵੱਲੋਂ ਨੱਪੀਆਂ ਜਾਇਦਾਦਾਂ ਛੁਡਵਾਉਣ ਲਈ ਲੱਕੜ ਦੇ ਮੁੰਡੇ ਦਿੱਤੇ ਜਾਂਦੇ ਹਨ। ਪਰਵਾਸੀਆਂ ਵੱਲੋਂ ਸਿੱਖੀ ਤੇ ਪੰਜਾਬ ਨੂੰ ਬਚਾਉਣ ਦਾ ਹੋਕਾ ਦੇਣ ਵਾਲਿਆਂ ਉਤੇ ਅੰਨ੍ਹੇਵਾਹ ਡਾਲਰਾਂ ਦਾ ਮੀਂਹ ਵਰ੍ਹਾਇਆ ਜਾਂਦਾ ਹੈ ਜਿਸ ਕਾਰਨ ਸਿਆਸੀ ਆਗੂਆਂ ਨੂੰ ਪੰਜਾਬ ਨੂੰ ਸਮੱਸਿਆਵਾਂ ਦੀ ਮੰਝਧਾਰ ਵਿਚੋਂ ਕੱਢਣ ਲਈ ਵਿਦੇਸ਼ ਵਿਚ ਜਾ ਕੇ ਪਰਵਾਸੀਆਂ ਨਾਲ ਸੰਵਾਦ ਰਚਾਉਣਾ ਪੈਂਦਾ ਹੈ।



ਕੈਨੇਡਾ ਸਰਕਾਰ ਨੇ ਕਾਮਾਗਾਟਾ ਮਾਰੂ ਕਾਂਡ ਲਈ ਮੁਆਫ਼ੀ ਮੰਗ ਲਈ ਹੈ। ਹੋ ਸਕਦਾ ਹੈ ਕਿ ਐਨੇ ਦਹਾਕਿਆਂ ਬਾਅਦ ਇਹ ਸਭ ਹਰਜੀਤ ਸਿੰਘ ਸੱਜਣ ਵਰਗੇ ਮੰਤਰੀਆਂ ਦੇ ਪ੍ਰਭਾਵ ਕਾਰਨ ਸੰਭਵ ਹੋਇਆ ਹੋਵੇ, ਪਰ ਕਾਂਗਰਸ ਦਾ ਪ੍ਰਭਾਵਸ਼ਾਲੀ ਆਗੂ ਹੋਣ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਹਾਲੇ ਤਕ 1984 ਦੇ ਸਿੱਖ ਕਤਲੇਆਮ ਲਈ ਕਾਂਗਰਸ ਪ੍ਰਧਾਨ ਜਾਂ ਮੀਤ ਪ੍ਰਧਾਨ ਤੋਂ ਮੁਆਫ਼ੀ ਨਹੀਂ ਮੰਗਵਾ ਸਕਿਆ। ਵੈਸੇ ਉਨ੍ਹਾਂ ਵੱਲੋਂ ਆਪਣੇ ਮੁਫ਼ਾਦਾਂ, ਭਾਵੇਂ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਹੋਵੇ ਜਾਂ ਮੁੱਖ ਮੰਤਰੀ ਦੀ ਕੁਰਸੀ ਹੋਵੇ, ਲਈ ਹਾਈ ਕਮਾਂਡ ਖ਼ਿਲਾਫ਼ ਮੋਰਚਾ ਜ਼ਰੂਰ ਲਾ ਲਿਆ ਜਾਂਦਾ ਹੈ। ਪਿਛਲੇ ਦਿਨੀਂ ਕੈਨੇਡਾ ਦੀ ਓਂਟਾਰੀਓ ਅਸੈਂਬਲੀ ਨੇ 1984 ਵਿੱਚ ਸਿੱਖਾਂ ਦੇ ਕੀਤੇ ਗਏ ਕਤਲੇਆਮ ਨੂੰ ਨਸਲਕੁਸ਼ੀ ਕਰਾਰ ਦੇਣ ਬਾਰੇ ਮਤਾ ਪਾਸ ਕੀਤਾ ਹੈ ਜਿਸ ਦਾ ਭਾਰਤ ਸਰਕਾਰ ਵੱਲੋਂ ਵਿਰੋਧ ਕੀਤਾ ਗਿਆ। ਕੇਂਦਰ 'ਚ ਵਿਰੋਧੀ ਧਿਰ ਵਿਚ ਹੋਣ ਦੇ ਬਾਵਜੂਦ ਇਸ ਬਾਰੇ ਕੈਪਟਨ ਤੋਂ ਦੋ ਸ਼ਬਦ ਨਹੀਂ ਸਰੇ, ਕਿਉਂਕਿ ਇਹ ਖ਼ੂਨੀ ਖੇਡ ਕਾਂਗਰਸ ਦੇ ਰਾਜ ਸਮੇਂ ਖੇਡੀ ਗਈ ਸੀ।

ਸੱਜਰਾ ਸਿਧਾਂਤਕ ਸਟੈਂਡ ਲੈਣ ਵੇਲੇ ਕੈਪਟਨ ਸ਼ਾਇਦ ਆਪਣੀ ਕਿਤਾਬ 'ਦਿ ਪੀਪਲਜ਼ ਮਹਾਰਾਜਾ' ਵਿਚਲੇ ਹਵਾਲਿਆਂ ਨੂੰ ਹੀ ਭੁੱਲ ਗਏ ਹੋਣਗੇ ਜਿਸ ਮੁਤਾਬਕ ਉਨ੍ਹਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਰਾਜੀਵ ਗਾਂਧੀ ਵਿਚਾਲੇ ਮੀਟਿੰਗ ਕਰਾਉਣ ਲਈ ਕਾਫ਼ੀ ਜੱਦੋ-ਜਹਿਦ ਕੀਤੀ ਸੀ ਜੋ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਵੱਲੋਂ ਅੜਿਕਾ ਪਾਉਣ ਕਾਰਨ ਸਿਰੇ ਨਹੀਂ ਲੱਗ ਸਕੀ ਸੀ। ਇਸ ਕਿਤਾਬ ਮੁਤਾਬਕ ਹਾਈ ਕਮਾਂਡ (ਇੰਦਰਾ ਗਾਂਧੀ) ਦੀਆਂ ਹਦਾਇਤਾਂ ਉਤੇ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦਾ ਭਰਾ ਮਾਲਵਿੰਦਰ ਸਿੰਘ ਮੀਟਿੰਗ ਬਾਰੇ ਗੱਲਬਾਤ ਲਈ ਸੰਤ ਭਿੰਡਰਾਂਵਾਲੇ ਦੇ ਪਿੰਡ ਰੋਡੇ ਗਏ ਸਨ। ਹੁਣ ਵੀ ਕੈਪਟਨ ਅਮਰਿੰਦਰ ਸਿੰਘ ਨੇ ਹਰਜੀਤ ਸਿੰਘ ਸੱਜਣ ਖ਼ਿਲਾਫ਼ 'ਫਾਇਰ' ਪਾਰਟੀ ਹਾਈ ਕਮਾਂਡ ਦੇ ਹੁਕਮ ਉਤੇ ਤਾਂ ਨਹੀਂ ਕੀਤਾ?

ਅਫ਼ਗਾਨਿਸਤਾਨ ਵਿਚ ਤਾਲਿਬਾਨ ਖ਼ਿਲਾਫ਼ ਲੜਨ ਬਦਲੇ 'ਮੈਰੀਟੋਰੀਅਸ ਸਰਵਿਸ ਮੈਡਲ' ਹਾਸਲ ਕਰਨ ਵਾਲੇ ਹਰਜੀਤ ਸਿੰਘ ਸੱਜਣ ਨਾਲ ਮੁਲਾਕਾਤ ਵੇਲੇ ਸਿਧਾਂਤ ਦਾ ਢਿੰਡੋਰਾ ਪਿੱਟਣ ਵਾਲਾ ਪੰਜਾਬ ਦਾ ਮੁੱਖ ਮੰਤਰੀ ਸੂਬੇ ਵਿੱਚ ਕਾਲੇ ਦੌਰ ਦੌਰਾਨ ਕਥਿਤ ਤੌਰ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਅਤੇ ਮਹਿਲਾ ਆਈ.ਏ.ਐਸ. ਅਫ਼ਸਰ ਨਾਲ ਛੇੜਛਾੜ ਕਰਨ ਵਾਲੇ ਪੁਲਿਸ ਅਧਿਕਾਰੀ ਨਾਲ ਮੁਲਾਕਾਤ ਕਰਨ ਵੇਲੇ ਸਭ 'ਸਿਧਾਂਤ' ਖੂੰਜੇ ਲਗਾ ਦਿੰਦਾ ਹੈ। ਲੋਕਾਂ ਉਤੇ ਖ਼ਾਲਿਸਤਾਨੀ ਤੇ ਗ਼ੈਰ-ਖ਼ਾਲਿਸਤਾਨੀ ਹੋਣ ਦੇ ਠੱਪੇ ਲਗਾਉਣ ਦੀ ਬਜਾਏ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਵਿਚ ਕਾਲੇ ਦੌਰ ਦੌਰਾਨ ਪੁੱਤ ਅਤੇ ਪੱਤ ਗੁਆਉਣ ਵਾਲਿਆਂ ਦੀ ਬਾਂਹ ਫੜਨ ਦੀ ਲੋੜ ਹੈ।

# ਬਾਬਰੀ ਕਾਂਡ: ਮੁਕੱਦਮੇ, ਮਿਲੀਭੁਗਤ ਤੇ ਕੋਤਾਹੀਆਂ

ਮੈਨੇਜਮੈਂਟ ਕੰਸਲਟੈਂਟ ਸੈਂਡਰਾ ਨਵੀਦੀ ਆਪਣੀ ਪੁਸਤਕ 'ਸੁਪਰ ਹੱਬਜ਼' ਵਿਚ ਲਿਖਦੀ ਹੈ ਕਿ ਫ਼ੈਸਲੇ ਲੈਣ ਵਾਲਾ ਸ੍ਰੇਸ਼ਠ ਵਰਗ ਜਿਵੇਂ ਕਿ ਬਹੁਕੌਮੀ ਕੰਪਨੀਆਂ ਦੇ ਸੀਈਓ'ਜ਼, ਫੰਡ ਮੈਨੇਜਰ ਅਤੇ ਨੀਤੀ ਘਾੜੇ, ਵਿਤੀ ਪ੍ਰਬੰਧ ਨੂੰ ਆਪਣੇ ਲਾਹੇ ਲਈ ਵਰਤਣ ਵਾਸਤੇ ਅਕਸਰ ਨੈਟਵਰਕ ਕਾਇਮ ਕਰ ਲੈਂਦੇ ਹਨ। ਭਾਜਪਾ ਦੇ ਸੀਨੀਅਰ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਉਮਾ ਭਾਰਤੀ, ਕਲਿਆਣ ਸਿੰਘ ਤੇ ਹੋਰਾਂ ਨੂੰ 25 ਸਾਲ ਪਹਿਲਾਂ

**ਨਿਰਮਲ ਸੰਧੂ**

ਬਾਬਰੀ ਮਸਜਿਦ ਢਾਹੁਣ ਦੀ ਸਾਜ਼ਿਸ਼ ਦੇ ਮੁਕੱਦਮੇ ਵਿਚੋਂ ਬਚ ਨਿਕਲਣ ਦੀ ਜਿਸ ਤਰ੍ਹਾਂ ਨਾਲ ਖੁੱਲ੍ਹ ਦਿੱਤੀ ਗਈ, ਉਸ ਤੋਂ ਸਿਆਸੀ ਪੱਧਰ ਉਪਰ ਵੀ ਇਸ ਕਿਸਮ ਦੀ ਨੈਟਵਰਕਿੰਗ ਵੱਲ ਇਸ਼ਾਰਾ ਮਿਲਦਾ ਹੈ। ਇੰਡੀਅਨ ਨੈਸ਼ਨਲ ਲੋਕ ਦਲ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਤੇ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੂੰ ਛੱਡ ਕੇ, ਜ਼ਿਆਦਾਤਰ ਸਿਆਸੀ ਆਗੂ ਵੱਡੇ-ਵੱਡੇ ਮਾਮਲਿਆਂ ਵਿਚੋਂ ਸੁੱਕੇ ਬਚ ਨਿਕਲੇ ਹਨ, ਹਾਲਾਂਕਿ ਦੇਸ਼ ਅੰਦਰ ਵੱਖ-ਵੱਖ ਪੱਧਰਾਂ ਉਪਰ ਸਮੂਹਿਕ ਹੱਤਿਆਵਾਂ, ਫ਼ਿਰਕੂ ਦੰਗਿਆਂ ਅਤੇ ਭ੍ਰਿਸ਼ਟਾਚਾਰ ਦੇ ਬਹੁਤ ਸਾਰੇ ਕੇਸ ਸਾਹਮਣੇ ਆਏ ਹਨ। ਅਜਿਹਾ ਸਾਜ਼ਿਸ਼ ਜਾਂ ਮਿਲੀਭੁਗਤ ਦੇ ਬਗ਼ੈਰ ਸੰਭਵ ਨਹੀਂ ਹੋ ਸਕਦਾ।

ਰਵਾਇਤੀ ਸਿਆਸਤਦਾਨਾਂ ਤੇ ਪੱਖਪਾਤੀ ਮੀਡੀਆ ਵੱਲੋਂ ਮਿਲ ਕੇ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਵੀ ਮਿਲੀਭੁਗਤ ਹੋਣ ਵੱਲ ਇਸ਼ਾਰਾ ਕਰਦਾ ਹੈ। ਰਵਾਇਤੀ ਸਿਆਸਤਦਾਨਾਂ ਤੇ ਪੱਖਪਾਤੀ ਮੀਡੀਆ ਨੇ ਜਿਸ ਢੰਗ ਨਾਲ ਕੇਜਰੀਵਾਲ ਨੂੰ ਨਿਸ਼ਾਨਾ ਬਣਾਇਆ, ਉਹ ਵੀ ਕਿਸੇ ਮਿਲੀਭੁਗਤ ਤੇ ਸਾਂਝੀ ਸਾਜ਼ਿਸ਼ ਦੀ ਮਿਸਾਲ ਹੈ। ਕੇਜਰੀਵਾਲ ਰਵਾਇਤੀ ਸਿਆਸਤ ਦਾ ਹਿੱਸਾ ਨਹੀਂ। ਉਹ ਸਿਆਸਤ ਤੇ ਕਾਰੋਬਾਰ ਦਰਮਿਆਨ ਨਿਘੀ ਸਾਂਝ ਉਪਰ ਹਮਲੇ ਕਰਦਾ ਆਇਆ ਹੈ। ਇਸੇ ਲਈ ਉਸ ਨੂੰ ਰਵਾਇਤੀ ਤੇ ਆਰਾਮਦੇਹ ਸਿਆਸੀ ਪ੍ਰਬੰਧ ਲਈ ਵਿਘਨਕਾਰੀ ਮੰਨਿਆ ਜਾ ਰਿਹਾ ਹੈ।

ਜੇ ਅਜਿਹਾ ਹੀ ਹੈ ਤਾਂ ਲਾਲ ਕ੍ਰਿਸ਼ਨ ਅਡਵਾਨੀ ਤੇ ਹੋਰਾਂ ਵਿਰੁਧ ਹੁਣ ਮੁਕੱਦਮਾ ਕਿਉਂ; ਸ਼ਾਇਦ ਉਹ ਹੁਣ ਸਿਆਸੀ ਪੱਖੋਂ ਲਾਹੇਵੰਦ ਨਹੀਂ ਰਹੇ। ਦਰਅਸਲ, ਉਨ੍ਹਾਂ ਨੂੰ ਪਹਿਲਾਂ ਹੀ ਸਿਆਸੀ ਪੱਖੋਂ ਬੇਲੋੜਾ ਬਣਾ ਦਿਤਾ ਗਿਆ ਸੀ, ਜਾਂ ਸ਼ਾਇਦ ਬਲਸ਼ਾਲੀਆਂ ਨੇ ਇਹ ਕਿਆਸ ਤਕ ਹੀ ਨਹੀਂ ਸੀ ਕੀਤਾ ਕਿ ਸੀ.ਬੀ.ਆਈ. ਦੀ ਸਾਧਾਰਨ ਜਿਹੀ ਪਟੀਸ਼ਨ ਇਸ ਕਿਸਮ ਦਾ ਝਟਕੇਦਾਰ ਨਤੀਜਾ ਸਾਹਮਣੇ ਲਿਆਏਗੀ। ਜਿਹੜੇ ਮੁਕੱਦਮਾ ਚੱਲਣ ਵਿਚ 25 ਸਾਲ ਦੇਰੀ ਹੋਣ ਕਾਰਨ ਸਦਮਾ ਪਹੁੰਚਣ ਦਾ ਢੌਂਗ ਕਰ ਰਹੇ ਹਨ, ਉਨ੍ਹਾਂ ਨੂੰ ਦਿੱਲੀ ਵਿਚ 1984 ਦੇ ਸਿੱਖ ਕਤਲੇਆਮ ਅਤੇ 2002 'ਚ ਗੁਜਰਾਤ ਦੇ ਮੁਸਲਿਮ ਕਤਲੇਆਮ ਸਬੰਧੀ ਹੁਣ ਤਕ ਇਨਸਾਫ਼ ਨਾ ਮਿਲਣ ਨੂੰ ਵੀ ਯਾਦ ਰੱਖਣ ਦੀ ਲੋੜ ਹੈ। ਕਾਂਗਰਸ ਅਤੇ ਭਾਜਪਾ, ਦੋਵਾਂ ਪਾਰਟੀਆਂ ਦੇ ਆਗੂਆਂ ਦੇ ਹੱਥ ਖ਼ੂਨ ਨਾਲ ਰੰਗੇ ਹੋਏ ਹਨ। ਇਸ ਦੇ ਬਾਵਜੂਦ ਕਾਨੂੰਨ ਦੇ ਹੱਥ ਉਨ੍ਹਾਂ ਤਕ ਪਹੁੰਚਣ ਵਿਚ ਨਾਕਾਮ ਰਹੇ ਹਨ। ਅਕਾਦਮਿਕ ਖੋਜਕਾਰਾਂ ਨੂੰ ਪਤਾ ਲਾਉਣਾ ਚਾਹੀਦਾ ਹੈ ਕਿ ਕੇਂਦਰੀ ਅਤੇ ਸੂਬਾਈ ਪੱਧਰਾਂ ਉਤੇ ਵੱਖ-ਵੱਖ ਸਰਕਾਰਾਂ ਵਿਚ ਸ਼ਾਮਲ ਸਿਆਸਤਦਾਨਾਂ ਨੇ ਆਪਸੀ ਮਿਲੀਭੁਗਤ ਰਾਹੀਂ ਨਿਆਂ ਪ੍ਰਬੰਧ ਨੂੰ ਕਿਵੇਂ ਗੁੱਠੇ ਲਾਇਆ।

ਬਾਬਰੀ ਸਾਜ਼ਿਸ਼ ਕੇਸ ਵਿਚ ਦੇਰੀ ਹੋਣ ਦਾ ਵਰਣਨ ਕਰਦਿਆਂ ਸੁਪਰੀਮ ਕੋਰਟ ਦੇ ਜਸਟਿਸ ਪੀ.ਸੀ. ਘੋਸ਼ ਅਤੇ ਜਸਟਿਸ ਰੋਹਿੰਟਨ ਐਫ. ਨਰੀਮਨ 'ਤੇ ਆਧਾਰਿਤ ਬੈਂਚ ਨੇ ਲਿਖਿਆ ਹੈ, "ਮੁਲਜ਼ਮਾਂ ਨੂੰ ਇਸ ਕਰ ਕੇ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਨਹੀਂ ਕੀਤਾ ਜਾ ਸਕਿਆ, ਕਿਉਂਕਿ ਸੀ.ਬੀ.ਆਈ. ਇਨ੍ਹਾਂ ਮੁਲਜ਼ਮਾਂ ਉਪਰ ਸਾਂਝਾ ਕੇਸ ਚਲਾਉਣ ਲਈ ਪੈਰਵਾਈ ਨਹੀਂ ਕਰ ਰਹੀ ਸੀ ਅਤੇ ਤਕਨੀਕੀ ਨੁਕਸ ਜਿਹੜੇ ਆਸਾਨੀ ਨਾਲ ਦੂਰ ਕੀਤੇ ਜਾ ਸਕਦੇ ਸਨ, ਨੂੰ ਰਾਜ ਸਰਕਾਰ ਨੇ ਦੂਰ ਨਹੀਂ ਕੀਤਾ।"

ਇਸ ਤਰ੍ਹਾਂ ਸੁਪਰੀਮ ਕੋਰਟ ਨੇ ਮੁਕੱਦਮੇ ਵਿਚ ਦੇਰੀ ਹੋਣ ਲਈ ਸੀ.ਬੀ.ਆਈ. ਅਤੇ ਯੂ.ਪੀ. ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਜ਼ਾਹਿਰ ਹੈ ਕਿ ਸਿਆਸੀ ਆਗੂਆਂ ਨੂੰ ਬਚਾਉਣ ਲਈ ਸੋਚ ਸਮਝ ਕੇ ਯੋਜਨਾ ਉਲੀਕੀ ਗਈ ਸੀ। ਬਾਬਰੀ ਮਸਜਿਦ ਨੂੰ ਢਾਹੁਣਾ ਅਤੇ ਇਸ ਵਾਸਤੇ ਸਾਜ਼ਿਸ਼ ਘੜਨਾ ਕਾਨੂੰਨੀ ਅਪਰਾਧ ਹੈ, ਫਿਰ ਵੀ ਦੋ ਐਫ.ਆਈ.ਆਰ. ਦਰਜ ਹਨ- ਇਕ ਮਸਜਿਦ ਨੂੰ ਢਾਹੁਣ ਵਿਚ ਸ਼ਾਮਲ ਅਣਪਛਾਤੇ ਕਾਰ ਸੇਵਕਾਂ ਖ਼ਿਲਾਫ਼ ਅਤੇ ਦੂਜੀ ਕਾਰਸੇਵਕਾਂ ਨੂੰ ਮਸਜਿਦ ਨੂੰ ਢਾਹੁਣ ਲਈ ਭੜਕਾਉਣ ਵਾਲੇ ਸਿਆਸੀ



ਆਗੂਆਂ ਖ਼ਿਲਾਫ਼। ਯੂ.ਪੀ. ਵਿਚ ਕਲਿਆਣ ਸਿੰਘ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਜਿਸ ਨੇ ਸੁਪਰੀਮ ਕੋਰਟ ਨੂੰ ਵਿਵਾਦਗ੍ਰਸਤ ਢਾਂਚੇ ਦੀ ਪੂਰੀ ਸੁਰੱਖਿਆ ਦਾ ਭਰੋਸਾ ਦਿਤਾ ਹੋਇਆ ਸੀ, ਨੇ ਕਰੀਬ ਡੇਢ ਲੱਖ ਕਾਰ ਸੇਵਕਾਂ ਨੂੰ ਢਾਂਚਾ ਗਿਰਾਏ ਜਾਣ ਵਾਲੇ ਦਿਨ ਇਕੱਠਾ ਹੋਣ ਦੀ ਇਜਾਜ਼ਤ ਦਿਤੀ ਸੀ। ਇਨ੍ਹਾਂ ਕੇਸਾਂ ਨੂੰ ਆਪਸ ਵਿਚ ਜੋੜਨ ਉਪਰ ਬਹੁਤ ਸਾਰਾ ਸਮਾਂ ਨਸ਼ਟ ਕੀਤਾ ਗਿਆ। ਸੁਪਰੀਮ ਕੋਰਟ ਨੇ ਸਾਜ਼ਿਸ਼ ਦੇ ਦੋਸ਼ ਹਟਾਉਣ ਲਈ ਅਲਾਹਾਬਾਦ ਹਾਈ ਕੋਰਟ ਦੇ ਹੁਕਮਾਂ ਨੂੰ ਵੀ ਨੁਕਸਦਾਰ ਦੱਸਿਆ ਹੈ।

ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਬਾਬਰੀ ਮਸਜਿਦ ਢਾਹੇ ਜਾਣ ਵਿਚ ਆਪਣਾ ਕੋਈ ਰੋਲ ਹੋਣ ਤੋਂ ਹਮੇਸ਼ਾ ਨਾਂਹ ਕੀਤੀ ਹੈ। ਉਨ੍ਹਾਂ ਨੇ ਤਾਂ ਇਥੋਂ ਤਕ ਕਿਹਾ ਸੀ, "ਬਾਬਰੀ ਮਸਜਿਦ ਢਹਿਣਾ ਮੇਰੀ ਜ਼ਿੰਦਗੀ ਦਾ ਸਭ ਤੋਂ ਉਦਾਸ ਦਿਨ ਸੀ।" ਫਿਰ ਵੀ 1992 ਦੀਆਂ ਇਨ੍ਹਾਂ ਘਟਨਾਵਾਂ ਦੀ ਜਾਂਚ ਕਰ ਰਹੇ ਐਮ.ਐਸ. ਲਿਬਰਹਾਨ ਕਮਿਸ਼ਨ ਨੇ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਨੂੰ 'ਜਾਅਲੀ ਨਰਮਖਿਆਲੀਏ' ਕਰਾਰ ਦਿੰਦਿਆਂ ਦੋਸ਼ੀ ਠਹਿਰਾਇਆ ਸੀ। ਇਸ ਕਮਿਸ਼ਨ ਦਾ ਗਠਨ 16 ਦਸੰਬਰ 1992 ਨੂੰ ਹੋਇਆ ਅਤੇ ਇਸ ਦੇ ਕਾਰਜਕਾਲ ਵਿਚ 48 ਵਾਰ ਵਾਧਾ ਹੋਇਆ। ਇਸ ਨੂੰ ਰਿਪੋਰਟ ਤਿਆਰ ਕਰਨ ਵਿਚ 17 ਸਾਲ ਲੱਗ ਗਏ ਜਿਹੜੀ ਨਵੰਬਰ 2009 ਨੂੰ ਸੰਸਦ ਵਿਚ ਪੇਸ਼ ਕੀਤੀ ਗਈ। ਇਸ ਰਿਪੋਰਟ ਵਿਚ 68 ਵਿਅਕਤੀ ਦੰਡਯੋਗ ਕਰਾਰ ਦਿਤੇ ਗਏ ਜਿਨ੍ਹਾਂ ਵਿਚ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਕਲਿਆਣ ਸਿੰਘ ਵੀ ਸ਼ਾਮਲ ਸਨ। ਕਮਿਸ਼ਨ ਨੇ 'ਬਾਬਰੀ ਮਸਜਿਦ ਢਾਹੁਣ ਦੀ ਮੁਖ ਸਾਜ਼ਿਸ਼ੀ' ਆਰ.ਐਸ.ਐਸ. ਨੂੰ ਕਰਾਰ ਦਿਤਾ।

ਮੁਕੱਦਮੇ ਵਿਚ ਦੇਰੀ ਅਣਸੁਖਾਵੇਂ ਸਵਾਲਾਂ ਤੇ ਮਿਲੀਭੁਗਤ ਦੇ ਦੋਸ਼ਾਂ ਨੂੰ ਉਭਾਰ ਰਹੀ ਹੈ। ਕਾਂਗਰਸ ਸਰਕਾਰ ਦੇ ਲਿਬਰਹਾਨ ਕਮਿਸ਼ਨ ਦੀਆਂ ਲੱਭਤਾਂ ਉਪਰ ਕਾਰਵਾਈ ਕਿਉਂ ਨਹੀਂ ਕੀਤੀ, ਜਾਂ ਸੀ.ਬੀ.ਆਈ. ਨੂੰ ਮੁਕੱਦਮਾ ਚਲਾਉਣ ਲਈ ਕਿਉਂ ਨਹੀਂ ਕਿਹਾ? ਉਤਰ ਪ੍ਰਦੇਸ਼ ਦੀਆਂ ਵੱਖ-ਵੱਖ, ਭਾਵ ਮੁਲਾਇਮ ਸਿੰਘ ਯਾਦਵ, ਮਾਇਆਵਤੀ ਤੇ ਅਖਿਲੇਸ਼ ਯਾਦਵ ਸਰਕਾਰਾਂ ਨੇ ਆਪੋ-ਆਪਣੇ ਕਾਰਜਕਾਲ ਦੌਰਾਨ ਕੇਸ ਵਿਚ ਆਈ ਖੜੋਤ ਕਿਉਂ ਨਹੀਂ ਤੋੜੀ ਅਤੇ ਅਦਾਲਤਾਂ ਦੀ ਤਸੱਲੀ ਲਈ ਕਾਰਵਾਈ ਕਿਉਂ ਨਹੀਂ ਕੀਤੀ?

6 ਦਸੰਬਰ 1992 ਨੂੰ ਬਾਬਰੀ ਮਸਜਿਦ ਢਹਿਣ ਬਾਅਦ ਇਕ ਨਵੀਂ ਪੀੜ੍ਹੀ ਜਵਾਨ ਹੋ ਗਈ ਹੈ। ਇੰਜ ਹੀ ਫ਼ਿਰਕੂ ਰਾਜਨੀਤੀ ਦੀ ਵੀ ਇਕ ਨਵੀਂ ਨਸਲ ਉਭਰ ਕੇ ਸਾਹਮਣੇ ਆ ਗਈ ਹੈ। ਜੇ ਅੱਜ ਵੀ ਭਾਰਤ ਵਿਚ ਗਊ, ਲਵ ਜਹਾਦ ਜਾਂ ਭਾਰਤ ਮਾਤਾ ਦੇ ਨਾਂ ਉਪਰ ਫ਼ਿਰਕੂ ਦੰਗੇ ਭੜਕਾਉਣ ਦੀਆਂ ਸੰਭਾਵਨਾਵਾਂ ਕਾਇਮ ਹਨ, ਤਾਂ 'ਅਡਵਾਨੀ ਤੇ ਕੰਪਨੀ' ਦੇ ਰੋਲ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਉਹ ਇਤਿਹਾਸਕ ਰੱਥ ਯਾਤਰਾ ਨੂੰ 25 ਸਤੰਬਰ 1990 ਨੂੰ ਗੁਜਰਾਤ ਦੇ ਸੋਮਨਾਥ ਮੰਦਰ ਤੋਂ ਲੈ ਕੇ ਅਯੁੱਧਿਆ ਲਈ ਚੱਲੇ ਸਨ। ਇਸ ਯਾਤਰਾ ਨੇ ਸਮੁੱਚੇ ਦੇਸ਼ ਵਿਚ 166 ਦੰਗੇ ਕਰਵਾਏ। ਬਾਬਰੀ ਮਸਜਿਦ ਢਹਿਣ ਬਾਅਦ ਹੋਏ ਦੰਗਿਆਂ ਵਿਚ 2000 ਬੰਦੇ ਮਾਰੇ ਗਏ। ਮੁੰਬਈ ਵਿਚ ਲੜੀਵਾਰ ਬੰਬ ਧਮਾਕੇ ਹੋਏ ਜਿਨ੍ਹਾਂ ਕਾਰਨ 250 ਜਾਨਾਂ ਗਈਆਂ। ਗੋਧਰਾ ਰੇਲ ਅਗਨੀ ਕਾਂਡ ਵਿਚ 59 ਕਾਰ ਸੇਵਕ ਮਾਰੇ ਗਏ। ਗੁਜਰਾਤ ਵਿਚ ਹੋਏ ਦੰਗਿਆਂ ਦੌਰਾਨ ਕਰੀਬ 1000 ਮੌਤਾਂ ਹੋਈਆਂ। ਉਸ ਸਮੇਂ ਤੋਂ ਹੀ ਫ਼ਿਰਕੂ ਸਫਬੰਦੀ ਦੀ ਸਿਆਸਤ ਬਾਦਸਤੂਰ ਜਾਰੀ ਹੈ। ਜ਼ਾਹਿਰ ਹੈ ਕਿ ਬੀਤੇ ਸਮੇਂ ਵਿਚ ਹੋਏ ਦੰਗਿਆਂ ਅਤੇ ਮੌਤਾਂ ਤੋਂ ਕੋਈ ਸਬਕ ਨਹੀਂ ਸਿੱਖਿਆ ਗਿਆ।

# ਵਿਰੋਧੀ ਧਿਰਾਂ ਤੇ ਮਾਇਆਵਤੀ

14 ਅਪਰੈਲ ਦਾ ਦਿਨ ਅੰਬੇਡਕਰਵਾਦੀ ਪਾਰਟੀ ਮੰਨੀ ਜਾਣ ਵਾਲੀ ਬਹੁਜਨ ਸਮਾਜ ਪਾਰਟੀ (ਬਸਪਾ), ਦੀਨ ਦਯਾਲ ਉਪਾਧਿਆਏ ਵੱਲੋਂ ਬਣਾਈ 'ਏਕਾਤਮ ਮਾਨਵਵਾਦ' ਦੇ ਤਹਿਤ ਰਾਜਨੀਤੀ ਕਰਨ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਉਸ ਦੀ ਕੇਂਦਰ ਸਰਕਾਰ ਜਾਂ ਫਿਰ ਮਾਰਕਸਵਾਦ-ਲੈਨਿਨਵਾਦ ਦਾ ਝੰਡਾ ਬੁਲੰਦ ਕਰਨ ਵਾਲੀਆਂ ਕਮਿਊਨਿਸਟ ਪਾਰਟੀਆਂ ਨੇ ਪੂਰਾ ਦਿਨ ਅੰਬੇਡਕਰ ਜੈਅੰਤੀ ਸਮਾਰੋਹਾਂ ਵਿਚ ਗੁਜ਼ਾਰਿਆ। ਇਨ੍ਹਾਂ ਵਿਚ ਤਾਂ ਹਰ ਇਕ ਨੇ ਅੰਬੇਡਕਰ ਦੀ ਆਪਣੇ-ਆਪਣੇ ਹਿਸਾਬ ਨਾਲ ਵਿਆਖਿਆ ਕੀਤੀ। ਦੇਖਣ ਵਾਲੀ ਗੱਲ ਇਹ ਹੈ ਕਿ ਆਪੋ-ਆਪਣੀ ਰਾਜਨੀਤੀ ਦੇ ਹਿਸਾਬ ਨਾਲ ਕੀਤੀਆਂ ਗਈਆਂ ਇਨ੍ਹਾਂ ਵਿਆਖਿਆਵਾਂ ਵਿਚ

**ਅਭੈ ਕੁਮਾਰ ਦੂਬੇ**

ਅਸਲੀ ਅੰਬੇਡਕਰ ਕਿਸ ਸੀਮਾ ਤੱਕ ਮੌਜੂਦ ਸਨ ਅਤੇ ਕਿਸ ਸੀਮਾ ਤੱਕ ਉਨ੍ਹਾਂ ਦਾ ਇਸਤੇਮਾਲ ਉਨ੍ਹਾਂ ਦੀਆਂ ਵਿਚਾਰਧਾਰਕ ਅਤੇ ਰਾਜਨੀਤਕ ਹਦਾਇਤਾਂ ਦੇ ਖ਼ਿਲਾਫ਼ ਕੀਤਾ ਜਾ ਰਿਹਾ ਸੀ। ਅੰਬੇਡਕਰ ਦੀ ਵਿਰਾਸਤ ਉਤੇ ਸਭ ਤੋਂ ਬਹੁਤਾ ਦਾਅਵਾ ਕਰਨ ਵਾਲੀ ਬਸਪਾ ਜਾਤੀਆਂ ਦਾ ਸਮੁੱਚਾ ਖ਼ਾਤਮਾ ਕਰਨ ਵਾਲੇ ਅੰਬੇਡਕਰ ਦੇ ਸਿਧਾਂਤ ਨੂੰ ਨਹੀਂ ਮੰਨਦੀ। ਬਸਪਾ ਦੇ ਸੰਸਥਾਪਕ ਕਾਂਸ਼ੀ ਰਾਮ ਅੰਬੇਡਕਰ ਦੇ ਸੰਦੇਸ਼ 'ਏਨਾਹਿਲੇਸ਼ਨ ਆਫ਼ ਕਾਸਟ' ਨਾਲ ਸਹਿਮਤ ਨਹੀਂ ਸਨ। ਉਹ ਜਾਤੀਆਂ ਨੂੰ ਕਮਜ਼ੋਰ ਕਰਨ ਦੀ ਬਜਾਏ ਜਾਤੀਆਂ ਨੂੰ ਮਜ਼ਬੂਤ ਕਰਨ ਦੇ ਪੱਖ ਵਿਚ ਸਨ। ਇਸ ਲਿਹਾਜ਼ ਨਾਲ ਬਾਬਾ ਸਾਹਿਬ ਦੀਆਂ ਮੂਰਤੀਆਂ ਲਗਵਾਉਣ ਅਤੇ ਉਨ੍ਹਾਂ ਦੇ ਨਾਂ 'ਤੇ ਗਰਾਮ ਵਿਕਾਸ ਯੋਜਨਾ ਬਣਾਉਣ ਤੋਂ ਜ਼ਿਆਦਾ ਬਸਪਾ ਨੂੰ ਅੰਬੇਡਕਰ ਦਾ ਸਾਥੀ ਨਹੀਂ ਮੰਨਿਆ ਜਾ ਸਕਦਾ। ਜਿਥੋਂ ਤੱਕ ਭਾਜਪਾ ਦੀ ਗੱਲ ਹੈ, ਉਸ ਦਾ ਬਸ ਚੱਲੇ ਤਾਂ ਅੰਬੇਡਕਰ ਦੇ ਵਿਸ਼ਾਲ ਵਾਂਗਮਏ ਦੇ ਘੱਟ ਤੋਂ ਘੱਟ ਅੱਧੇ ਹਿੱਸੇ ਨੂੰ ਰੱਦ ਕਰ ਦੇਵੇ, ਕਿਉਂਕਿ ਉਸ ਵਿਚ 'ਰਾਮ ਰਾਜ' ਦੀ ਅਸਲੀਅਤ ਅਤੇ ਬ੍ਰਾਹਮਣਾਂ ਦੇ ਗਊ ਮਾਸ ਖਾਣ ਸਬੰਧੀ ਖੋਜ ਪੂਰਨ ਅਤੇ ਪ੍ਰਮਾਣਿਕ ਚਰਚਾ ਹੈ।... ਤੇ ਕਮਿਊਨਿਸਟ? ਉਹ ਤਾਂ ਹਮੇਸ਼ਾ ਹੀ ਆਪਣੀ 'ਕ੍ਰਾਂਤੀ' ਲਈ ਅੰਬੇਡਕਰ ਦੇ ਵਿਚਾਰਾਂ ਨੂੰ ਖ਼ਤਰਾ ਮੰਨਦੇ ਰਹੇ ਹਨ ਅਤੇ ਜਵਾਬ ਵਿਚ ਅੰਬੇਡਕਰ ਨੇ ਉਨ੍ਹਾਂ ਦੇ ਨੇਤਾਵਾਂ ਨੂੰ ਹਮੇਸ਼ਾ 'ਬ੍ਰਾਹਮਣ ਨੌਜਵਾਨਾਂ ਦੀ ਭੀੜ' ਦੇ ਤੌਰ 'ਤੇ ਹੀ ਵੇਖਿਆ ਹੈ।

ਦਰਅਸਲ, ਕੋਈ 30-35 ਸਾਲ ਪਹਿਲਾਂ ਨਜ਼ਾਰਾ ਕੁਝ ਹੋਰ ਸੀ ਅਤੇ ਅੰਬੇਡਕਰ ਦੀ ਜੈਅੰਤੀ ਮਨਾਉਣ ਲਈ ਇਸ ਤਰ੍ਹਾਂ ਦੀ ਅਫ਼ਰਾ-ਤਫ਼ਰੀ ਨਹੀਂ ਮਚਦੀ ਸੀ। ਉਨ੍ਹਾਂ ਦਿਨਾਂ ਵਿਚ ਬਹਿਸ ਇਸ ਪ੍ਰਸ਼ਨ ਦੇ ਆਲੇ-ਦੁਆਲੇ ਹੁੰਦੀ ਸੀ- ਕੀ ਅੰਬੇਡਕਰ ਸਿਰਫ ਮਹਾਰਾਂ (ਮਹਾਰਾਸ਼ਟਰ ਦਾ ਸਭ ਤੋਂ ਵੱਡਾ ਦਲਿਤ ਵਰਗ ਜਿਸ ਵਿਚ ਅੰਬੇਡਕਰ ਨੇ ਜਨਮ ਲਿਆ ਸੀ) ਦੇ ਨੇਤਾ ਹਨ? ਦਰਅਸਲ, ਉਸ ਸਮੇਂ ਦਲਿਤ ਵੋਟਾਂ ਦੀ ਤਾਕਤ ਏਨੀ ਜ਼ਿਆਦਾ ਮਜ਼ਬੂਤ ਨਹੀਂ ਸੀ ਕਿ ਉਸ ਨੂੰ ਕਿਸੇ ਪਾਰਟੀ ਦੀ ਚੋਣਾਵੀ ਕਿਸਮਤ ਦਾ ਫ਼ੈਸਲਾ ਕਰਨ ਵਾਲਾ ਸਮਝਿਆ ਜਾ ਸਕਦਾ ਹੋਵੇ। ਮੰਨਿਆ ਜਾਂਦਾ ਸੀ ਕਿ ਦਲਿਤ ਵੋਟ ਕਾਂਗਰਸ ਦੀ ਜੇਬ ਵਿਚ ਹਨ ਅਤੇ ਉਨ੍ਹਾਂ ਦੀ ਭੂਮਿਕਾ ਕੁਲ ਮਿਲਾ ਕੇ ਰਾਜਨੀਤੀ 'ਤੇ ਬ੍ਰਾਹਮਣਾਂ ਦੇ ਪ੍ਰਭਾਵ ਨੂੰ ਕਾਇਮ ਰੱਖਣ ਵਾਲੇ ਔਜ਼ਾਰ ਦੀ ਹੈ। ਕਾਂਗਰਸ ਨੇ ਅੰਬੇਡਕਰਵਾਦੀ ਰਿਪਬਲਿਕਨ ਪਾਰਟੀ ਦੇ ਨੇਤਾਵਾਂ ਨੂੰ ਇਕ-ਇਕ ਕਰ ਕੇ ਹੜੱਪ ਲਿਆ ਸੀ।

ਇਸ ਸਥਿਤੀ ਨੂੰ 80 ਦੇ ਦਹਾਕੇ ਵਿਚ ਕਾਂਸ਼ੀ ਰਾਮ ਦੀ ਅਗਵਾਈ ਵਿਚ ਕੀਤੀ ਗਈ ਰਾਜਨੀਤੀ ਨੇ ਬਦਲਿਆ। ਪੰਜਾਬ (ਜਿਥੇ ਦਲਿਤਾਂ ਦੀ ਆਬਾਦੀ 35 ਫ਼ੀਸਦੀ ਦੇ ਲਗਪਗ ਸੀ) ਨਾਲ ਇਹ ਸਿਲਸਿਲਾ ਸ਼ੁਰੂ ਹੋਇਆ ਅਤੇ ਵੇਖਦਿਆਂ-ਵੇਖਦਿਆਂ ਦਲਿਤਾਂ ਨੇ ਉਤਰ ਪ੍ਰਦੇਸ਼ ਅਤੇ ਬਿਹਾਰ ਵਿਚ ਵੀ ਕਾਂਗਰਸ ਦਾ ਪੱਲਾ ਛੱਡਣਾ ਸ਼ੁਰੂ ਕਰ ਦਿੱਤਾ। ਬਾਮਸੇਫ ਅਤੇ ਡੀ.ਐਸ.-ਫੋਰ ਦੇ ਰਸਤੇ ਬਸਪਾ ਬਣੀ ਅਤੇ ਉਸ ਨੇ ਗਠਜੋੜਾਂ ਰਾਹੀਂ 90 ਦੇ ਦਹਾਕੇ ਵਿਚ ਉਤਰ ਪ੍ਰਦੇਸ਼ ਦੀ ਸੱਤਾ ਹਾਸਲ ਕਰ ਕੇ ਦਲਿਤ ਰਾਜਨੀਤਕ ਭਾਈਚਾਰਾ ਬਣਾ ਕੇ ਵਿਖਾ ਦਿਤਾ। ਦਲਿਤਾਂ ਨੂੰ ਲੱਗਾ ਕਿ ਉਨ੍ਹਾਂ ਨੂੰ ਬ੍ਰਾਹਮਣਾਂ ਦੀ ਮਰਜੀ ਅਤੇ ਦਇਆ ਦੇ ਬਿਨਾਂ ਸਿੱਧੇ-ਸਿੱਧੇ ਸੱਤਾ ਮਿਲ ਸਕਦੀ ਹੈ। ਦਲਿਤ ਭਾਈਚਾਰੇ ਦੀ ਇਸ ਰਾਜਨੀਤਕ ਇੱਛਾ ਨੇ ਅੰਬੇਡਕਰ ਨੂੰ ਆਦਰਸ਼ਵਾਦੀ ਵਿਚਾਰਕ ਦੇ ਵਾਹਕ ਦੀ ਸੀਮਤ ਹੈਸੀਅਤ ਨਾਲ ਰਾਜਨੀਤਕ ਲਾਭ ਲੈਣ ਵਾਲੇ ਪ੍ਰਤੀਕ ਵਿਚ ਬਦਲ ਦਿਤਾ। ਇਸ ਤੋਂ ਬਾਅਦ ਸਾਰੀਆਂ ਪਾਰਟੀਆਂ ਉਨ੍ਹਾਂ ਨੂੰ ਆਪੋ-ਆਪਣੇ ਮਕਸਦਾਂ ਲਈ ਵਰਤਣ ਦੀ ਯੋਜਨਾ ਬਣਾਉਣ ਲੱਗੀਆਂ।

ਅੰਬੇਡਕਰ ਦੇ ਨਾਂ 'ਤੇ ਰਾਜਨੀਤੀ ਕਰਨ ਵਾਲੀ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਬਾਬਾ ਸਾਹਿਬ ਦੀ 126ਵੀਂ



ਜੈਅੰਤੀ 'ਤੇ ਕੀ ਸੋਚਿਆ ਅਤੇ ਕੀ ਸੰਕਲਪ ਲਿਆ? ਉਤਰ ਪ੍ਰਦੇਸ਼ ਦੀਆਂ ਚੋਣਾਂ ਵਿਚ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ 14 ਅਪਰੈਲ ਨੂੰ ਮਾਇਆਵਤੀ ਨੇ ਤੈਅ ਕੀਤਾ ਕਿ ਉਹ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਨਾਲ ਜੁੜੇ ਵਿਵਾਦ 'ਤੇ ਗ਼ੈਰ-ਭਾਜਪਾ ਪਾਰਟੀਆਂ ਨਾਲ ਗਠਜੋੜ ਕਰਨ ਲਈ ਤਿਆਰ ਹੈ। ਸਪਸ਼ਟ ਹੈ ਕਿ ਵੱਡੀ ਹਾਰ ਨੇ ਉਨ੍ਹਾਂ ਨੂੰ ਇਕੱਲੇ ਚੱਲਣ ਦੀ ਰਣਨੀਤੀ ਬਦਲਣ 'ਤੇ ਮਜਬੂਰ ਕਰ ਦਿੱਤਾ ਹੈ। ਕਾਂਗਰਸ ਨੂੰ ਲੱਗ ਰਿਹਾ ਹੈ ਕਿ ਮਾਇਆਵਤੀ ਦੇ ਰਵੱਈਏ ਵਿਚ ਆਈ ਇਸ ਤਬਦੀਲੀ ਨਾਲ ਭਾਜਪਾ ਵਿਰੋਧੀ ਗਠਜੋੜ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ।

ਇਥੇ ਇਹ ਵੀ ਸਮਝਣ ਦੀ ਲੋੜ ਹੈ ਕਿ ਮਾਇਆਵਤੀ ਨੂੰ ਜਿਹੜੇ 22.2 ਫ਼ੀਸਦੀ ਤੋਂ ਜ਼ਿਆਦਾ ਵੋਟ ਮਿਲੇ ਹਨ, ਉਨ੍ਹਾਂ ਵਿਚੋਂ ਉਨ੍ਹਾਂ ਦੇ ਸਥਾਈ ਵੋਟ ਕਿੰਨੇ ਹਨ? ਇਨ੍ਹਾਂ ਅੰਕੜਿਆਂ ਵਿਚ ਸ਼ਾਮਿਲ ਮੁਸਲਿਮ ਵੋਟਾਂ ਨੂੰ ਉਨ੍ਹਾਂ ਦੀ ਸਥਾਈ ਵੋਟ ਨਹੀਂ ਮੰਨਿਆ ਜਾ ਸਕਦਾ ਅਤੇ ਨਾ ਹੀ ਉਚੀਆਂ ਜਾਤੀਆਂ ਅਤੇ ਪਛੜੇ ਵਰਗ ਵੋਟਾਂ ਨੂੰ। ਇਹ ਵੋਟ ਤਾਂ ਹਾਲਾਤ ਦੇ ਮੁਤਾਬਕ ਆਉਂਦੇ-ਜਾਂਦੇ ਰਹਿੰਦੇ ਹਨ। ਹਾਂ, ਦਲਿਤ ਵੋਟ ਜ਼ਰੂਰ ਇਸ ਸ਼੍ਰੇਣੀ ਵਿਚ ਆ ਸਕਦੇ ਹਨ ਪਰ ਉਨ੍ਹਾਂ ਵਿਚ ਵੀ ਮਾਇਆਵਤੀ ਨੂੰ ਲੋਕ ਸਭਾ ਅਤੇ ਵਿਧਾਨ ਸਭਾ ਵਿਚ ਜ਼ਿਆਦਾਤਰ ਜਾਟਵ (ਉਤਰ ਪ੍ਰਦੇਸ਼ ਦੀ 21.6 ਫ਼ੀਸਦੀ ਦਲਿਤ ਆਬਾਦੀ ਦਾ 55 ਫ਼ੀਸਦੀ ਹਿੱਸਾ) ਵੋਟ ਹੀ ਦੋਵੀਂ ਵਾਰ ਮਿਲੇ ਹਨ। ਗ਼ੈਰ-ਜਾਟਵ ਦਲਿਤਾਂ ਨੇ ਮੋਟੇ ਤੌਰ 'ਤੇ ਉਨ੍ਹਾਂ ਦਾ ਸਾਥ ਛੱਡ ਦਿੱਤਾ ਹੈ। ਤਿੰਨ ਸਾਲ ਦੇ ਅੰਤਰ ਨਾਲ ਹੋਈਆਂ ਦੋ ਚੋਣਾਂ ਵਿਚ ਜ਼ਮੀਨੀ ਹਾਲਤ ਇਹੀ ਰਹੇ ਹਨ, ਇਸ ਲਈ ਹੁਣ ਇਹ ਮੰਨ ਲੈਣਾ ਚਾਹੀਦਾ ਹੈ ਕਿ ਮਾਇਆਵਤੀ ਮੁੱਖ ਤੌਰ 'ਤੇ ਦਲਿਤ ਨੇਤਾ ਵਜੋਂ ਸਾਰੀਆਂ 65 ਦਲਿਤ ਜਾਤੀਆਂ ਦੀ ਨਹੀਂ, ਸਗੋਂ ਜਾਟਵਾਂ ਦੀ ਹੀ ਨੇਤਾ ਰਹਿ ਗਈ ਹੈ।

ਮੇਰੇ ਵਰਗੇ ਲੋਕ ਇਹ ਮੰਨਦੇ ਰਹੇ ਹਨ ਕਿ ਕਾਂਸ਼ੀ ਰਾਮ ਦੀਆਂ ਕੋਸ਼ਿਸ਼ਾਂ ਨਾਲ ਉਤਰ ਪ੍ਰਦੇਸ਼ ਵਿਚ ਦਲਿਤ ਰਾਜਨੀਤਕ ਭਾਈਚਾਰਾ ਬਣਿਆ ਸੀ; ਭਾਵ ਦਲਿਤ ਜਾਤੀਆਂ ਆਪਣੇ ਸਮਾਜਿਕ ਭੇਦਾਂ ਨੂੰ ਭੁੱਲ ਕੇ ਹਾਥੀ ਨੂੰ ਆਪਣੀ ਰਾਜਨੀਤਕ ਪਸੰਦ ਮੰਨਣ ਲੱਗੀਆਂ ਸਨ। ਇਸ ਗੱਲ ਨੂੰ ਸੌਖੇ ਢੰਗ ਨਾਲ ਇੰਜ ਵੀ ਕਿਹਾ ਜਾਂਦਾ ਸੀ ਕਿ ਜੇ 100 ਦਲਿਤ ਵੋਟ ਪੈਂਦੇ ਹਨ ਤਾਂ ਉਸ ਵਿਚੋਂ 80 ਬਸਪਾ ਨੂੰ ਮਿਲਦੇ ਹਨ। 2007 ਦੀਆਂ ਚੋਣਾਂ ਵਿਚ ਇਹ ਦਲਿਤ ਚੋਣਾਵੀ ਏਕਤਾ ਆਪਣੇ ਸਿਖਰ 'ਤੇ ਸੀ; ਪਰ ਕੀ ਇਹ ਸੋਚ ਸਹੀ ਹੈ ਅਤੇ ਸੀ? ਕੀ ਦਲਿਤ ਵੋਟਾਂ 'ਤੇ ਮਾਇਆਵਤੀ ਅਤੇ ਬਸਪਾ ਦੀ ਇਜਾਰੇਦਾਰੀ ਮੰਨਣਾ ਠੀਕ ਸੀ? ਜੇ 1985 ਤੋਂ ਬਾਅਦ ਪਿਛਲੇ 30 ਸਾਲ ਦੇ ਚੋਣਾਵੀ ਅੰਕੜੇ ਵੇਖੇ ਜਾਣ ਤਾਂ ਉਤਰ ਪ੍ਰਦੇਸ਼ ਦੀ ਹਰ ਚੋਣ ਵਿਚ ਔਸਤਨ 48 ਫ਼ੀਸਦੀ ਦਲਿਤ ਹੀ ਵੋਟ ਪਾਉਂਦੇ ਹਨ। ਇਹ 52 ਫ਼ੀਸਦੀ ਵੋਟ ਨਾ ਪਾਉਣ ਵਾਲੇ ਦਲਿਤ ਕੌਣ ਹਨ? ਇਹ ਹਨ ਛੋਟੀਆਂ-ਛੋਟੀਆਂ 55 ਦਲਿਤ ਜਾਤੀਆਂ ਦੇ ਵੋਟਰ ਜੋ ਪੂਰੇ ਸੂਬੇ ਵਿਚ ਇਧਰ-ਉਧਰ ਬਿਖਰੇ ਹੋਏ ਹਨ। ਉਨ੍ਹਾਂ ਦੀ ਕੋਈ ਰਾਜਨੀਤਕ ਤਾਕਤ ਨਹੀਂ ਹੈ, ਨਾ ਹੀ ਉਨ੍ਹਾਂ ਦੀ ਕੋਈ ਨੁਮਾਇੰਦਗੀ ਕਰਦਾ ਹੈ। ਮੋਟੇ ਤੌਰ 'ਤੇ ਨੁਮਾਇੰਦਗੀ ਜਾਟਵਾਂ, ਪਾਸੀਆਂ, ਧੋਬੀਆਂ, ਕੋਰੀਆਂ, ਖਟੀਕਾਂ ਅਤੇ ਵਾਲਮੀਕੀਆਂ ਨੂੰ ਹੀ ਮਿਲਦੀ ਹੈ, ਉਨ੍ਹਾਂ ਵਿਚ ਵੀ ਜ਼ਿਆਦਾਤਰ ਨੁਮਾਇੰਦਗੀ ਜਾਟਵ ਲੈ ਜਾਂਦੇ ਹਨ। ਬਸੋੜ, ਸਪੇਰਾ, ਕੁਚਬਧਿਆ, ਮੁਸਹਰ, ਤੰਤਵਾ, ਰੰਗਰੇਜ ਅਤੇ ਸਾਰਵਣ ਵਰਗੀਆਂ ਛੋਟੀਆਂ ਦਲਿਤ ਜਾਤੀਆਂ ਦੀ ਕੋਈ ਪੁੱਛਗਿੱਛ ਨਹੀਂ ਹੈ। ਅੰਬੇਡਕਰਵਾਦ ਹੋਵੇ, ਬਹੁਜਨਵਾਦ ਹੋਵੇ ਜਾਂ ਫਿਰ ਸਰਵਜਨਵਾਦ ਹੋਵੇ, ਲੋਕਤੰਤਰਿਕ ਰਾਜਨੀਤੀਕਰਨ ਦਾ ਕੋਈ ਵੀ ਮਾਧਿਅਮ ਹੁਣ ਤੱਕ ਇਨ੍ਹਾਂ ਭਾਈਚਾਰਿਆਂ ਕੋਲ ਅਪੜਿਆ ਨਹੀਂ ਹੈ।

ਇਨ੍ਹਾਂ ਗ਼ੈਰ-ਜਾਟਵ ਦਲਿਤ ਜਾਤੀਆਂ ਦੇ ਰਾਜਨੀਤਕ ਮਹੱਤਵ ਨੂੰ ਅੰਬੇਡਕਰਵਾਦੀ ਰਾਜਨੀਤੀ ਦੇ ਮੁਕਾਬਲੇ ਕਿਤੇ ਅੱਗੇ ਵਧ ਕੇ ਹਿੰਦੂਤਵਵਾਦੀ ਭਾਜਪਾ ਨੇ ਸਮਝਿਆ ਹੈ। ਬਸਪਾ ਜਾਟਵਾਂ ਨੂੰ ਤਰਜੀਹ ਦਿੰਦੀ ਹੈ ਪਰ ਭਾਜਪਾ ਨੇ ਗ਼ੈਰ-ਜਾਟਵਾਂ ਨੂੰ ਤਰਜੀਹ ਦਿਤੀ ਹੈ। ਉਸ ਨੇ ਸਿਰਫ 21 ਟਿਕਟ ਹੀ ਜਾਟਵਾਂ ਨੂੰ ਦਿੱਤੇ ਅਤੇ ਬਾਕੀ 49 ਸੀਟਾਂ ਗ਼ੈਰ-ਜਾਟਵ ਦਲਿਤ ਭਾਈਚਾਰਿਆਂ ਨੂੰ ਦਿੱਤੀਆਂ। ਧਰਮ ਨਿਰਪੱਖ ਮਾਹਿਰਾਂ ਨੂੰ ਲਗਦਾ ਸੀ ਕਿ ਇਨ੍ਹਾਂ ਛੋਟੀਆਂ ਅਤੇ ਬਿਖਰੀਆਂ ਜਾਤੀਆਂ ਨੂੰ ਕਿਸੇ ਇਕ ਮੰਚ 'ਤੇ ਜਮ੍ਹਾਂ ਕਰਨਾ ਮੁਸ਼ਕਿਲ ਹੈ, ਪਰ ਭਾਜਪਾ ਨੇ ਇਹ ਕਰ ਵਿਖਾਇਆ। ਉਹ ਅਜਿਹਾ ਕਰ ਸਕੀ, ਇਸ ਪਿੱਛੇ ਰਾਸ਼ਟਰੀ ਸੋਇਮ ਸੇਵਕ ਸੰਘ ਵੱਲੋਂ ਉਤਰ ਪ੍ਰਦੇਸ਼ ਦੇ ਕੁਝ ਖੇਤਰਾਂ ਵਿਚ ਦਲਿਤ ਵਰਗਾਂ 'ਚ ਕੀਤਾ ਜਾਣ ਵਾਲਾ ਕੰਮ ਸੀ। ਦਲਿਤ ਬਸਤੀਆਂ ਦੀ ਸਫ਼ਾਈ, ਸਮਾਨ ਭੋਜਨ ਦਾ ਪ੍ਰਬੰਧ ਅਤੇ ਮੁਢਲੇ ਵਿਦਿਆਲਿਆਂ ਦਾ ਸੰਚਾਲਨ ਇਨ੍ਹਾਂ ਯੋਜਨਾਵਾਂ ਦਾ ਹਿੱਸਾ ਰਹੇ ਹਨ। ਸੰਘ ਨੂੰ ਮਹਿਜ਼ ਬ੍ਰਾਹਮਣਵਾਦੀ ਸਮਝਣ ਵਾਲੇ ਵਿਚਾਰ 'ਤੇ ਵੀ ਇਸ ਹਕੀਕਤ ਦੇ ਆਈਨੇ ਵਿਚ ਮੁੜ ਵਿਚਾਰ ਕਰਨ ਦੀ ਲੋੜ ਹੈ।

# ਸੁਰਮਾ ਪੰਜ ਰੱਤੀਆਂ

**ਸੁਰਮੇ ਅਤੇ ਕੱਜਲ ਦਾ ਪੰਜਾਬੀ ਜੀਵਨ-ਵਿਹਾਰ ਵਿਚ ਆਪਣਾ ਮਹੱਤਵ ਹੈ। ਇਸ ਨਾਲ ਕਈ ਰੀਤਾਂ-ਰਸਮਾਂ ਬਹੁਤ ਡੂੰਘੀਆਂ ਜੁੜੀਆਂ ਹੋਈਆਂ ਹਨ। ਪੰਜਾਬੀ ਕਹਾਣੀਕਾਰ ਜਸਬੀਰ ਭੁੱਲਰ ਨੇ ਸੁਰਮੇ ਨਾਲ ਜੁੜੀਆਂ ਇਨ੍ਹਾਂ ਰੀਤਾਂ-ਰਸਮਾਂ ਤੋਂ ਇਲਾਵਾ ਸੁਰਮੇ ਦੇ ਪਿਛੋਕੜ ਬਾਰੇ ਜ਼ਿਕਰ ਵੀ ਆਪਣੇ ਇਸ ਲੇਖ ਵਿਚ ਕੀਤਾ ਹੈ। ਸੁਰਮੇ ਦੇ ਪਿਛੋਕੜ ਬਾਰੇ ਚਰਚਾ ਜਿੰਨੀ ਦਿਲਚਸਪ ਹੈ, ਉਤਨੀ ਹੀ ਦਿਲਚਸਪ ਇਸ ਲੇਖ ਦੀ ਤੋਰ ਹੈ। -ਸੰਪਾਦਕ**

ਕੱਜਲ ਅਤੇ ਸੁਰਮੇ ਦਾ ਮਹੱਤਵ ਸਿਰਫ਼ ਔਰਤ ਦੇ ਸ਼ਿੰਗਾਰ ਦਾ ਹਿੱਸਾ ਹੋਣ ਵਿਚ ਨਹੀਂ, ਸਾਡੇ ਰਹਿਣ-ਸਹਿਣ ਅਤੇ ਜਿਉਣ ਨਾਲ ਜੁੜੇ ਹੋਣ ਵਿਚ ਹੈ। ਜੇ ਪੰਜਾਬੀ ਜੀਵਨ ਵਿਚੋਂ ਸੁਰਮਾ ਤੇ ਕੱਜਲ ਮਨਫ਼ੀ ਹੋ ਜਾਵੇ ਤਾਂ ਸਾਡੇ ਬਹੁਤ ਸਾਰੇ ਲੋਕ ਗੀਤ, ਰੀਤਾਂ, ਰਸਮਾਂ, ਸ਼ਗਨ-ਸਾਰਥ, ਕੁਝ ਅਖਾਣ, ਬੁਝਾਰਤਾਂ, ਅੜਾਉਣੀਆਂ ਅਤੇ ਬਹੁਤ ਸਾਰੇ ਵਿਸ਼ਵਾਸ ਵੀ ਮਨਫ਼ੀ ਹੋ ਜਾਂਦੇ ਹਨ।

ਸੁਰਮੇ ਦਾ ਹਵਾਲਾ ਦਿੰਦੇ ਅਣਗਿਣਤ ਗੀਤਾਂ ਵਿਚੋਂ ਵੰਨਗੀ ਮਾਤਰ ਕੁਝ ਗੀਤ ਇਉਂ ਹਨ:

*ਸੁਰਮਾ ਪੰਜ ਰੱਤੀਆਂ
ਕਿਹੜੇ ਸ਼ੌਕ ਨੂੰ ਪਾਇਆ।
*ਸੁਰਮੇ ਦਾ ਕੀ ਪਾਉਣਾ
ਤੇਰੀ ਅੱਖ ਨੀ ਕਬੂਤਰ ਵਰਗੀ।
*ਬਾਰੀ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦੇ ਪਾਵੇ,
ਨੀ ਸੁਰਮਾ ਤਾਂ ਪਾਈਏ
ਜੇ ਮਟਕਾਉਣਾ ਆਵੇ।

ਸੁਰਮੇ ਬਾਰੇ ਵਿਸ਼ਵਕੋਸ਼ ਵਿਚ ਮੁਸਲਮਾਨਾਂ ਵਿਚ ਪ੍ਰਚਲਿਤ ਮਿੱਥ ਦਾ ਹਵਾਲਾ ਮਿਲਦਾ ਹੈ। ਕਹਿੰਦੇ ਹਨ, ਪਹਿਲਾਂ ਇਸ ਸੰਸਾਰ ਵਿਚ ਸੁਰਮੇ ਦੀ ਹੋਂਦ ਨਹੀਂ ਸੀ। ਪੈਗੰਬਰ ਮੂਸਾ ਖ਼ੁਦਾ ਦੇ ਦੀਦਾਰ ਹਿਤ ਕੋਹਿਤੂਰ ਪਹਾੜ ਵੱਲ ਤੁਰ ਪਿਆ। ਉਥੇ ਪਹੁੰਚਿਆ ਤਾਂ



**ਜਸਬੀਰ ਭੁੱਲਰ**

ਆਵਾਜ਼ ਆਈ ਕਿ ਖ਼ੁਦਾ ਦੇ ਨੂਰ ਦੀ ਤਾਬ ਕੋਈ ਮਨੁੱਖੀ ਅੱਖ ਨਹੀਂ ਝੱਲ ਸਕਦੀ, ਇਸ ਲਈ ਮੂਸਾ ਨੂੰ ਅੱਲ੍ਹਾ ਦੇ ਨੂਰ ਦੀ ਕੇਵਲ ਇਕੋ ਕਿਰਨ ਦੇ ਦਰਸ਼ਨ ਹੋ ਸਕਦੇ ਹਨ। ਮੂਸਾ ਨੇ ਇਹ ਗੱਲ ਮੰਨ ਲਈ। ਜਦੋਂ ਨੂਰ ਦੀ ਕਿਰਨ ਉਜਾਗਰ ਹੋਈ ਤਾਂ ਚੱਟਾਨ ਨਾਲ ਜਾ ਟਕਰਾਈ। ਚੱਟਾਨ ਉਸੇ ਵੇਲੇ ਹੀ ਕਿਰਨ ਦੇ ਸੇਕ ਨਾਲ ਕਾਲੀ ਹੋ ਗਈ। ਇਸੇ ਕਾਲੇ ਪੱਥਰ ਤੋਂ ਸੰਸਾਰ ਦਾ ਪਹਿਲਾ ਸੁਰਮਾ ਬਣਿਆ ਸੀ।

ਪੰਜਾਬ ਦੀਆਂ ਲੋਕ ਕਹਾਣੀਆਂ ਵਿਚ ਅਜਿਹੇ ਸੁਲੇਮਾਨੀ ਸੁਰਮੇ ਦਾ ਵਰਣਨ ਵੀ ਮਿਲਦਾ ਹੈ ਜਿਸ ਨੂੰ ਅੱਖਾਂ ਵਿਚ ਪਾਉਣ ਨਾਲ ਪ੍ਰਾਣੀ ਦਿਸਣੋਂ ਬੰਦ ਹੋ ਜਾਂਦਾ ਸੀ, ਪਰ ਉਹ ਦੂਜਿਆਂ ਨੂੰ ਵੇਖ ਸਕਦਾ ਸੀ। ਪੰਜਾਬ ਵਿਚ ਸੁਰਮੇ ਦੀ ਵਰਤੋਂ ਸਭ ਘਰਾਂ ਵਿਚ ਹੁੰਦੀ ਸੀ, ਪਰ ਸੁਰਮਾ ਰਗੜਨ ਲਈ ਖਰਲ-ਵੱਟਾ ਸਿਰਫ਼ ਸਰਦੇ-ਪੁੱਜਦੇ ਘਰਾਂ ਵਿਚ ਹੀ ਮਿਲਦਾ ਸੀ। ਆਮ ਘਰ ਲੋੜ ਵੇਲੇ ਖਰਲ-ਵੱਟਾ ਉਨ੍ਹਾਂ ਘਰਾਂ ਤੋਂ ਮੰਗ ਲਿਆਉਂਦੇ ਸਨ।

ਸੁਰਮਾ ਤਿਆਰ ਕਰਨ ਲਈ ਵਿਸ਼ੇਸ਼ ਤਰੀਕਾ ਅਪਣਾਇਆ ਜਾਂਦਾ ਸੀ। ਬਾਜ਼ਾਰੋਂ ਸੁਰਮੇ ਦੀਆਂ ਡਲੀਆਂ ਲਿਆ ਕੇ ਖਰਲ ਵਿਚ ਤੋੜ ਲਈਆਂ ਜਾਂਦੀਆਂ ਹਨ। ਜਦੋਂ ਸੁਰਮਾ ਪੀਸਣਾ ਹੁੰਦਾ ਹੈ ਤਾਂ ਚਾਨਣਾ ਪੱਖ ਜ਼ਰੂਰੀ ਸਮਝਿਆ ਜਾਂਦਾ ਹੈ ਤਾਂ ਕਿ ਸੁਰਮੇ ਦੀ ਰਗੜਾਈ ਵੇਲੇ ਚੰਨ ਦੀਆਂ ਰਿਸ਼ਮਾਂ ਵੀ ਸੁਰਮੇ ਵਿਚ ਰਚ ਜਾਣ। ਆਮ ਤੌਰ 'ਤੇ ਔਰਤਾਂ ਮੱਸਿਆ ਤੋਂ ਦੋ ਦਿਨ ਬਾਅਦ ਸੁਰਮਾ ਪੀਸਣਾ ਪਾਉਂਦੀਆਂ ਹਨ ਤੇ ਪੂਰਨਮਾਸ਼ੀ ਤਕ ਪੰਜ-ਦਸ ਮਿੰਟ ਹਰ ਰੋਜ਼ ਰਗੜਦੀਆਂ ਹਨ। ਅੱਧੀ ਰਗੜਾਈ ਪਿੱਛੋਂ ਸੁਰਮੇ ਵਿਚ ਗੁਲਾਬ ਦਾ ਅਰਕ ਪਾ ਲਿਆ ਜਾਂਦਾ ਹੈ। ਲਗਾਤਾਰ ਰਗੜਾਈ ਨਾਲ ਅਰਕ ਸੁਰਮੇ ਵਿਚ ਹੀ ਰਚ ਕੇ ਸੁੱਕ ਜਾਂਦਾ ਹੈ। ਸੁਰਮਾ ਤਿਆਰ ਹੋਣ ਪਿੱਛੋਂ ਸਿਆਣੀ ਔਰਤ ਸੁਰਮੇ ਦੀ ਸਲਾਈ ਅੱਖਾਂ ਵਿਚ ਪਾ ਕੇ ਵੇਖਦੀ ਹੈ ਕਿ ਕਿਤੇ ਰੜਕਦਾ ਤਾਂ ਨਹੀਂ। ਸੁਰਮੇ ਦੇ ਠੀਕ ਤਿਆਰ ਹੋਣ ਦੀ ਤਸੱਲੀ ਕਰਨ ਪਿੱਛੋਂ ਇਸ ਨੂੰ ਸਾਫ਼ ਕੱਪੜੇ ਨਾਲ ਕੱਪੜ-ਛਾਣ ਕਰ ਕੇ ਸੁਰਮੇਦਾਨੀ ਵਿਚ ਪਾ ਲਿਆ ਜਾਂਦਾ ਹੈ।

ਕੁਝ ਲੋਕ ਸੁਰਮੇ ਦੀ ਬਜਾਏ ਕੱਜਲ ਦੀ ਵਰਤੋਂ ਅੱਖਾਂ ਲਈ ਜ਼ਿਆਦਾ ਨਰੋਈ ਸਮਝਦੇ ਹਨ। ਕੱਜਲ ਤਿਆਰ ਕਰਨ ਦਾ ਤਰੀਕਾ ਹੋਰ ਵੀ ਵਿਲੱਖਣ ਹੈ। ਨਿੰਮ ਦੇ ਤਣੇ ਵਿਚ ਪਾੜ ਪਾ ਕੇ ਉਹਦੇ ਵਿਚ ਰੂੰ ਦਾ ਫੰਬਾ ਰੱਖ ਦਿੱਤਾ ਜਾਂਦਾ ਹੈ। ਰੂੰ ਇਕੀ ਦਿਨ ਲਗਾਤਾਰ ਨਿੰਮ ਦਾ ਅਸਰ ਸੋਖਦਾ ਰਹਿੰਦਾ ਹੈ। ਇਕੀ ਦਿਨਾਂ ਬਾਅਦ ਰੂੰ ਕੱਢ ਕੇ ਉਹਦੀਆਂ ਵੱਟੀਆਂ ਵੱਟ ਲਈਆਂ ਜਾਂਦੀਆਂ ਹਨ। ਦੀਵਾ ਤੇ ਡੋਡਰੂ ਵਾਲੀ ਚੱਪਣੀ ਧੋ ਕੇ ਚੰਗੀ ਤਰ੍ਹਾਂ ਸੁਕਾ ਲਈ ਜਾਂਦੀ ਹੈ। ਦੀਵੇ ਵਿਚ ਪਾਉਣ ਲਈ ਸਰ੍ਹੋਂ ਦਾ ਤੇਲ ਵੀ ਕੋਹਲੂ 'ਤੇ ਆਪਣੇ ਸਾਹਮਣੇ ਬੈਠ ਕੇ ਕਢਵਾਇਆ ਹੁੰਦਾ ਹੈ ਤਾਂ ਕਿ ਤੇਲ ਵਿਚ ਕਿਸੇ ਤਰ੍ਹਾਂ ਦਾ ਰਲਾ ਨਾ ਪਵੇ। ਦੀਵਾ ਬਾਲ ਕੇ ਦੁਆਲੇ ਦੋ ਇੱਟਾਂ ਖੜ੍ਹੀਆਂ ਕਰ ਦਿੱਤੀਆਂ ਜਾਂਦੀਆਂ ਹਨ ਤੇ ਉਤੇ ਡੋਡਰੂ ਵਾਲੀ ਚੱਪਣੀ ਮੂਧੀ ਮਾਰ ਦਿੱਤੀ ਜਾਂਦੀ ਹੈ। ਚੱਪਣੀ ਉਤੇ ਸ਼ਾਮ ਤਕ ਕੱਜਲ ਦਾ ਗੁਲ ਬਣ ਜਾਂਦਾ ਹੈ। ਉਹ ਗੁਲ ਲਾਹ ਕੇ ਖਰਲ-ਵੱਟੇ ਨਾਲ ਪੀਹ ਲਿਆ ਜਾਂਦਾ ਹੈ ਤੇ ਵਰਤੋਂ ਲਈ ਸ਼ੀਸ਼ੀ ਵਿਚ ਪਾ ਲਿਆ ਜਾਂਦਾ ਹੈ।

ਕੱਜਲ ਨੂੰ ਅੱਖਾਂ ਲਈ ਨਰੋਆ ਸਮਝਿਆ ਜਾਂਦਾ ਹੈ। ਜੋ ਔਰਤ ਸ਼ਿਲੇ ਵਿਚ ਹੁੰਦੀ ਹੈ, ਉਹ ਆਪਣੇ ਤੇ ਨਵਜੰਮੇ ਬੱਚੇ ਦੀਆਂ ਅੱਖਾਂ ਵਿਚ ਲਗਾਤਾਰ ਚਾਲੀ ਦਿਨ ਤਕ ਰੋਜ਼ ਕੱਜਲ ਪਾਉਂਦੀ ਹੈ। ਵਿਸ਼ਵਾਸ ਹੈ ਕਿ ਕੱਜਲ ਨਾਲ ਜੱਚਾ ਤੇ ਬੱਚਾ, ਦੋਵਾਂ ਦੀਆਂ ਅੱਖਾਂ ਪੱਕੀਆਂ ਹੋ ਜਾਂਦੀਆਂ ਹਨ। ਨਾ ਨਜ਼ਰ ਕਮਜ਼ੋਰ ਹੁੰਦੀ ਹੈ ਤੇ ਨਾ ਅੱਖਾਂ ਹੀ ਦੁਖਣੀਆਂ ਆਉਂਦੀਆਂ ਹਨ। ਆਪਣੇ ਆਲੇ ਭੋਲੇ ਬਾਲ ਨੂੰ ਨੁਹਾ-ਧੁਆ ਕੇ ਤਿਆਰ ਕਰਦਿਆਂ ਮਾਂ ਦੇ ਬੁੱਲ੍ਹਾਂ 'ਤੇ ਅਕਸਰ ਲੋਰੀ ਦੇ ਬੋਲ ਜਾਗ ਪੈਂਦੇ ਹਨ:

ਤੋ ਵੇ ਤੋਤੜਿਆ
ਤੋਤਾ ਸ਼ਹਿਰ ਸਕੰਦਰ ਦਾ
ਪਾਣੀ ਭਰਦਾ ਮੰਦਰ ਦਾ
ਕੰਮ ਕਰੇ ਦੁਪਹਿਰਾਂ ਦਾ
ਕੱਜਲ ਪਾਵੇ ਲਹਿਰਾਂ ਦਾ।

ਮਮਤਾਵਾਨ ਹੋਈ ਮਾਂ ਨੂੰ ਅਚਾਨਕ ਨਜ਼ਰ ਟਪਾਰ ਕਰਨੀ ਯਾਦ ਆਉਂਦੀ ਹੈ, ਉਹ ਕਾਹਲੀ ਨਾਲ ਬੱਚੇ ਦੇ ਕੰਨ ਪਿੱਛੇ ਜਾਂ ਮੱਥੇ ਦੇ ਇਕ ਪਾਸੇ ਕੱਜਲ ਜਾਂ ਸੁਰਮੇ ਦਾ ਕਾਲਾ ਟਿੱਕਾ ਲਾ ਦਿੰਦੀ ਹੈ। ਧਾਰਨਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਸੁੰਦਰਤਾ ਦੀ ਇਕਸਾਰਤਾ ਟੁੱਟਦੀ ਹੈ ਤੇ ਬੱਚੇ ਨੂੰ ਚੰਦਰੀ ਨਜ਼ਰ ਨਹੀਂ ਲੱਗਦੀ।

ਸੁਰਮੇ ਨਾਲ ਬੱਚੇ ਦੇ ਭਰਵੱਟੇ ਬਣਾਉਣ ਦੀ ਪਿਰਤ ਵੀ ਪ੍ਰਚਲਿਤ ਸੀ। ਬਜ਼ੁਰਗ ਔਰਤਾਂ ਕਹਿੰਦੀਆਂ ਸਨ ਕਿ ਬੁਢਾਪੇ ਵਿਚ ਵਾਲ ਭਾਵੇਂ ਸਾਰੇ ਹੀ ਚਿੱਟੇ ਹੋ ਜਾਣ, ਭਰਵੱਟਿਆਂ ਵਿਚ ਧੌਲਾ ਨਹੀਂ ਆਉਂਦਾ। ਕੁਝ ਸ਼ੌਕੀਨ ਕਿਸਮ ਦੇ ਆਦਮੀ ਵੀ ਸੁਰਮੇ ਦੀ ਵਰਤੋਂ ਕਰਦੇ ਸਨ। ਆਦਮੀ ਕੁਝ ਖ਼ਾਸ ਮੌਕਿਆਂ 'ਤੇ ਹੀ ਸੁਰਮਾ ਪਾਉਂਦੇ ਸਨ, ਜਿਵੇਂ ਮੇਲੇ ਜਾਂ ਵਿਆਹ ਜਾਣ ਵੇਲੇ, ਪਰ ਸੁਰਮਾ ਪਾਉਣ ਵਾਲੇ ਆਦਮੀਆਂ ਨੂੰ ਚੰਗੀ ਨਜ਼ਰੇ ਨਹੀਂ ਸੀ ਵੇਖਿਆ ਜਾਂਦਾ। ਲੋਕ ਉਨ੍ਹਾਂ ਨੂੰ ਚਰਿਤਰਵਾਨ ਨਹੀਂ ਸਨ ਸਮਝਦੇ।

ਕੰਜ ਕੁਆਰੀ ਨੂੰ ਸਾਡਾ ਸਮਾਜ ਬਹੁਤਾ ਹਾਰ ਸ਼ਿੰਗਾਰ ਕਰਨ ਦੀ ਖੁੱਲ੍ਹ ਨਹੀਂ ਦਿੰਦਾ। ਕੁਆਰੀ ਕੁੜੀ ਦਾ ਸੁਰਮਾ ਪਾਉਣਾ ਉਹਦੇ ਸ਼ੋਖ ਹੋਣ ਦੀ ਬਿਰਤੀ ਦਾ ਸੂਚਕ ਸਮਝਿਆ ਜਾਂਦਾ ਸੀ। ਕੁਆਰੀ ਕੁੜੀ ਤੋਂ ਮਾਪਿਆਂ ਦੇ ਪਿੰਡ ਗੰਭੀਰ ਤੇ ਸਾਦ-ਮੁਰਾਦਾ ਹੋਣ ਦੀ ਆਸ ਕੀਤੀ ਜਾਂਦੀ ਸੀ। ਵੇਖੋ:

ਧਾਰੀ ਬੰਨ੍ਹ ਸੁਰਮਾ ਨਾ ਪਾਈਏ,
ਧੀਏ ਘਰ ਮਾਪਿਆਂ ਦੇ।
ਜਾਂ
ਸੁਰਮਾ ਨੌਂ ਰੱਤੀਆਂ
ਪਾਉਂਦੀ 'ਤੇ ਆ ਗਿਆ ਤਾਇਆ।
ਰੋ ਰੋ ਕੱਢ ਸੁੱਟਿਆ
ਕਿਹੜੇ ਸ਼ੌਕ ਨੂੰ ਪਾਇਆ।

ਪਰ ਸੁਰਮੇ ਵਾਲੀਆਂ ਅੱਖਾਂ ਦੀ ਸੁਪਨਮਈ ਉਡਾਰੀ ਰੋਕਾਂ ਦੀਆਂ ਕੰਧਾਂ ਤੋਂ ਪਰਲੇ ਪਾਰ ਵੀ ਪਹੁੰਚ ਜਾਂਦੀ ਹੈ ਤੇ ਗੀਤ ਦੇ ਬੋਲ ਮੱਧਮ ਸੁਰ ਵਿਚ ਹਵਾ ਵਿਚ ਘੁਲ ਜਾਂਦੇ ਹਨ:

ਜੇ ਤੂੰ ਘੋੜਾ ਬੀੜਿਆ
ਮੇਰੇ ਸਾਲੂ ਦੀ ਕਰੀਂ ਵੇ ਤਿਆਰੀ
ਵੇ ਬੀਬਾ, ਮੇਰੇ ਸਾਲੂ ਦੀ ਕਰੀਂ ਵੇ ਤਿਆਰੀ
---
ਮਾਹੀ ਛੈਲਾ, ਗਹਿਰੀਆਂ ਅੱਖਾਂ
ਅੱਖਾਂ ਗਹਿਰਮ ਗਹਿਰੀਆਂ
ਵਿਚ ਕਜਲੇ ਦੀ ਧਾਰੀ
ਵੇ ਬੀਬਾ, ਵਿਚ ਕਜਲੇ ਦਾ ਡੋਰਾ
ਮਾਹੀ ਛੈਲਾ, ਅੱਖਾਂ ਗਹਿਰੀਆਂ।

ਸ਼ਗਨਾਂ ਦੀ ਮਹਿੰਦੀ ਲਗਾਈ ਜਾਂਦੀ ਹੈ। ਸੁਰਮੇ ਦੀ ਧਾਰੀ ਸੁਪਨਿਆਂ ਦਾ ਰੰਗ ਹੋਰ ਗੂੜ੍ਹਾ ਕਰ ਦਿੰਦੀ ਹੈ। ਤਾਰਿਆਂ ਦੀ ਲੋਅ ਵਿਚ ਗਏ ਸੁਹਾਗ ਗੀਤ ਮਾਪਿਆਂ ਦੇ ਘਰ ਤੋਂ ਸਦੀਵੀ ਵਿਛੋੜੇ ਦੀ ਉਦਾਸੀ ਦੇ ਦਿੰਦੇ ਹਨ। ਢੋਲਕ ਦੇ ਗੀਤ ਉਦਾਸੀ ਦੇ ਕੱਜਲ ਨੂੰ ਫਿੱਕਿਆਂ ਕਰਨ ਦੀ ਕੋਸ਼ਿਸ਼ ਕਰਦੇ ਹਨ:

ਸੁਰਮਾ ਵਿਕਣਾ ਆਇਆ
ਕਿ ਇਕ ਲੱਪ ਸੁਰਮੇ ਦੀ
ਸ਼ਾਵਾ ਇਕ ਲੱਪ ਸੁਰਮੇ ਦੀ।
ਹੋਰਾਂ ਨੇ ਲੀਤਾ ਪੈਸੇ ਧੇਲੇ,
ਸੱਸ ਨੇ ਟਕਾ ਭਨਾਇਆ
ਕਿ ਇਕ ਲੱਪ ਸੁਰਮੇ ਦੀ।
ਹੋਰਾਂ ਪੀਠਾ ਸਿਲ-ਪੱਥਰਾਂ ਨਾਲ
ਸੱਸ ਨੇ ਚੱਕੀ ਪਿਹਾਇਆ
ਕਿ ਇਕ ਲੱਪ ਸੁਰਮੇ ਦੀ।
ਹੋਰਾਂ ਪਾਇਆ ਸ਼ੀਸ਼ੀ ਬੋਤਲ,
ਸੱਸ ਨੇ ਮੱਟ ਭਰਾਇਆ
ਕਿ ਇਕ ਲੱਪ ਸੁਰਮੇ ਦੀ।
ਹੋਰਾਂ ਪਾਈ ਇਕ ਸਿਲਾਈ
ਸੱਸ ਨੇ ਲੱਪ ਭਰ ਪਾਇਆ
ਕਿ ਇਕ ਲੱਪ ਸੁਰਮੇ ਦੀ।



ਇਸੇ ਤਰ੍ਹਾਂ ਵਿਆਹ ਨਾਲ ਸਬੰਧਿਤ ਇਕ ਰਸਮ 'ਸੁਰਮਾ ਪਵਾਈ' ਦੀ ਹੈ। ਜਦੋਂ ਲਾੜਾ ਬਣ-ਫੱਬ ਕੇ ਘੋੜੀ ਚੜ੍ਹਦਾ ਹੈ ਤਾਂ ਉਸ ਦੀ ਵੱਡੀ ਭਰਜਾਈ ਜਾਂ ਸਾਰੀਆਂ ਭਰਜਾਈਆਂ ਵਾਰੋ-ਵਾਰੀ ਉਸ ਦੀ ਅੱਖ ਵਿਚ ਸੁਰਮਾ ਪਾਉਂਦੀਆਂ ਹਨ ਤਾਂ ਜੋ ਲਾੜੇ ਦਾ ਰੂਪ ਨਿਖਰੇ ਤੇ ਚੰਦਰੀਆਂ ਰੂਹਾਂ ਵੀ ਉਸ ਤੋਂ ਪਰ੍ਹਾਂ ਰਹਿਣ। ਇਸ ਰੀਤ ਸਮੇਂ ਕੁਝ ਗੀਤ ਗਾਏ ਜਾਂਦੇ ਹਨ:

ਪਹਿਲੀ ਸਲਾਈ ਵੇ ਦਿਓਰਾ ਰਸ ਭਰੀ
ਦੂਜੀ ਗੁਲਨਾਰ
ਤੀਜੀ ਸਲਾਈ ਤਾਂ ਪਾਵਾਂ ਦਿਓਰਾ
ਜੇ ਮੁਹਰਾਂ ਦੇਵੇਂ ਚਾਰ।
ਜਾਂ
ਕਿੰਨ ਪਾਈਆਂ ਤੈਨੂੰ ਸੁਰਮੇ ਸਲਾਈਆਂ
ਕਿੰਨ ਗੁੰਦੀ ਤੇਰੀ ਵਾਗ ਵੇ।
ਭਾਬੋ ਪਾਈਆਂ ਤੈਨੂੰ ਸੁਰਮੇ ਸਲਾਈਆਂ
ਭੈਣ ਗੁੰਦੀ ਤੇਰੀ ਵਾਗ ਵੇ
ਪੰਜ ਰੁਪਈਏ ਭਾਬੋ ਸੁਰਮਾ ਪਵਾਈ
ਬੂਰੀ ਝੋਟੀ ਭੈਣ ਦੀ ਵਾਗ ਵੇ।

ਇਸ ਮੌਕੇ ਦਾ ਇਕ ਹੋਰ ਗੀਤ ਹੈ:

ਸ਼ੀਸ਼ਾ ਸੁਰਮਾ ਦੋ ਜਣੇ ਵੇ ਦਿਓਰਾ
ਦੋਵੇਂ ਸਕੇ ਭਰਾ
ਇਕ ਪਾਈਏ, ਇਕ ਵੇਖੀਏ
ਤੈਨੂੰ ਨਵੀਂ ਬੰਨੀ ਦਾ ਚਾਅ
ਅੰਦਰ ਵਿਛਾਵਾਂ ਮਖਮਲ ਦਿਓਰਾ
ਬਾਹਰ ਕਰਾਂ ਛਿੜਕਾਅ
ਮੱਥਾ ਟੇਕਣਾ ਭੁੱਲ ਗਿਆ,
ਤੈਨੂੰ ਨਵੀਂ ਬੰਨੀ ਦਾ ਚਾਅ।

ਸੁਰਮਾ ਪਵਾਈ ਦੀ ਰੀਤ ਵੇਲੇ ਆਪਸ 'ਚ ਹਾਸਾ-ਠੱਠਾ ਵੀ ਹੁੰਦਾ ਹੈ, ਲਾੜਾ ਭਰਜਾਈਆਂ ਨੂੰ ਸ਼ਗਨ ਵਜੋਂ ਕੁਝ ਰੁਪਏ ਵੀ ਦਿੰਦਾ ਹੈ।

ਲੋਕਾਂ ਦਾ ਨਿਸ਼ਚਾ ਹੈ ਕਿ ਸੁਰਮਾ ਭੂਤ-ਪ੍ਰੇਤ ਤੇ ਚੰਦਰੀਆਂ ਰੂਹਾਂ ਨੂੰ ਦੂਰ ਰੱਖਦਾ ਹੈ। ਘੋੜੀ ਚੜ੍ਹਨ ਮਗਰੋਂ ਲਾੜੇ ਦੀਆਂ ਅੱਖਾਂ ਵਿਚ ਸੁਰਮਾ ਪਾਉਣ ਦੀ ਰੀਤ ਦਰਅਸਲ ਟੂਣਾ-ਚਿੰਤਨ ਉਪਰ ਹੀ ਆਧਾਰਿਤ ਹੈ। ਇਸ ਟੂਣੇ ਅਨੁਸਾਰ ਸੁਰਮਾ ਚੰਦਰੀਆਂ ਰੂਹਾਂ ਤੋਂ ਲਾੜੇ ਦੀ ਉਦੋਂ ਤਕ ਰਾਖੀ ਕਰਦਾ ਹੈ ਜਦੋਂ ਤਕ ਉਹ ਡੋਲੀ ਲੈ ਕੇ ਘਰ ਨਹੀਂ ਮੁੜ ਆਉਂਦਾ।

ਨੌਕਰ ਮਾਹੀ ਦਾ ਅਸਲੀ ਟਿਕਾਣਾ ਤਾਂ ਪਰਦੇਸ ਹੀ ਹੁੰਦਾ ਹੈ। ਉਹਦੇ ਸੰਸੇ ਗੀਤ ਵਿਚ ਬੋਲਦੇ ਹਨ:

ਸੁਰਮਾ ਨਾ ਪਾਈਂ ਲਾਜੋ,
ਸੁਰਮਾ ਨਾ ਪਾਈਂ ਨੀ
ਵਿਚ ਫੌਜਾਂ ਦੇ ਵੱਸਣਾ,
ਅਸਾਂ ਮਿਰਣਾ ਨਾ ਲਾਈਂ ਨੀ।

ਮਰਿਆਦਾ ਦੀ ਮੂਰਤ ਦਾ ਅੱਗਿਉਂ ਉਹੀ ਜੁਆਬ ਹੁੰਦਾ ਹੈ ਜੋ ਘਰ ਦੀ ਲਾਜ ਪਾਲਣ ਵਾਲੀ ਸੁਆਣੀ ਦਾ ਹੋ ਸਕਦਾ ਹੈ:

ਭਰੀਓ ਸਲਾਈ ਜੀ,
ਮੈਂ ਨੈਣੀਂ ਨਾ ਲਾਈ ਜੀ,
ਤੈਥੋਂ ਤਾਂ ਡਰਦੀ ਨੇ ਸਿੰਘ ਜੀ,
ਡੋਲ੍ਹ ਗਵਾਈ ਜੀ।

ਜਿਸ ਔਰਤ ਦਾ ਕੰਤ ਪਰਦੇਸੀ ਹੋਵੇ, ਉਸ ਦੇ ਮਨ ਨੂੰ ਸੰਨ੍ਹ ਲੱਗਣ ਦਾ ਖ਼ਤਰਾ ਤਾਂ ਬਣਿਆ ਹੀ ਰਹਿੰਦਾ ਹੈ। ਕੋਈ ਇਹੋ ਜਿਹੀ ਗੱਲ ਕਹਿਣ ਵਾਲਾ ਵੀ ਮਿਲ ਜਾਂਦਾ ਹੈ:

ਸੁਣ ਕੁੜੀਏ,
ਤੇਰੀ ਰਹਿਤ ਮਲੂਕ
ਤੇਰੇ ਬੋਲ ਮਲੂਕ
ਆਖੇਂ ਤਾਂ ਨੈਣੀਂ ਤੈਨੂੰ ਪਾ ਨੀ ਲਈਏ।

ਕੰਤ ਦੇ ਪਿਆਰ ਵਿਚ ਰੱਤੀ ਦਾ ਅੱਗਿਉਂ ਇਹੀ ਜੁਆਬ ਹੋ ਸਕਦਾ ਹੈ:

ਸੁਣ ਮੁੰਡਿਆ ਵੇ,
ਨੈਣ-ਸ਼ੀਸ਼ੇ ਦਾ ਜੋੜ
ਸ਼ੀਸ਼ੇ ਸੁਰਮੇ ਦਾ ਜੋੜ
ਨਾਰ ਬਿਗਾਨੀ ਨੈਣੀਂ ਨਾ ਵੇ ਪਵੇ।

ਸੁਰਮੇ ਨਾਲ ਕੁਝ ਸਮਾਜਿਕ ਰੀਤਾਂ ਵੀ ਸਬੰਧਿਤ ਹਨ। ਫ਼ਾਜ਼ਿਲਕਾ ਦੇ ਹਿੰਦੂ ਅਰੋੜਿਆਂ ਵਿਚ 'ਅੱਖ ਸਲਾਈ' ਦੀ ਰੀਤ ਪ੍ਰਚਲਿਤ ਹੈ। ਉਨ੍ਹਾਂ ਵਿਚ ਜਦੋਂ ਕਿਸੇ ਔਰਤ ਨੂੰ ਪਹਿਲੇ ਬੱਚੇ ਦੇ ਪੈਦਾ ਹੋਣ ਦੀ ਸੰਭਾਵਨਾ ਬਣਦੀ ਹੈ ਤਾਂ ਉਸ ਔਰਤ ਦੀ ਨਨਾਣ ਤੀਜੇ ਮਹੀਨੇ ਉਸ ਦੀਆਂ ਅੱਖਾਂ ਵਿਚ ਸੁਰਮਚੂ ਨਾਲ ਸੁਰਮਾ ਪਾਉਣ ਦੀ ਰੀਤ ਕਰਦੀ ਹੈ। ਇਸ ਰੀਤ ਸਮੇਂ ਗਰਭਵਤੀ ਤੀਵੀਂ ਦੇ ਮਾਪੇ ਕੁਝ ਚੌਲ ਭੇਜਦੇ ਹਨ ਜੋ ਪਕਾ ਕੇ ਸਾਕ-ਸਬੰਧੀਆਂ ਵਿਚ ਵਰਤਾਏ ਜਾਂਦੇ ਹਨ। ਇਸ ਰੀਤ ਪਿੱਛੋਂ ਗਰਭਵਤੀ ਬੱਚੇ ਦੇ ਜੰਮਣ ਤਕ ਸੁਰਮਾ ਨਹੀਂ ਪਾਉਂਦੀ। ਇਸ ਰੀਤ ਰਾਹੀਂ ਉਸ ਔਰਤ ਦੇ ਪਤੀ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਸ ਨੂੰ ਆਉਣ ਵਾਲੇ ਜੀਅ ਨੂੰ ਨਿਰਵਿਘਨ ਪਲਣ ਦੇਣਾ ਚਾਹੀਦਾ ਹੈ ਅਤੇ ਓਨੇ ਚਿਰ ਤਕ ਆਪਣੀ ਪਤਨੀ ਦੀ ਨੇੜਤਾ ਕਰਨ ਦੀ ਇੱਛਾ ਤਿਆਗ ਦੇਣੀ ਚਾਹੀਦੀ ਹੈ।

ਸੁਰਮਾ ਨਿੱਕੇ ਬੱਚਿਆਂ ਦੀਆਂ ਖੇਡਾਂ ਦਾ ਹਿੱਸਾ ਵੀ ਬਣਦਾ ਹੈ। ਬੱਚੇ ਮੌਖਿਕ ਅੜਾਉਣੀਆਂ ਤੇ ਬੁਝਾਰਤਾਂ ਵਿਚ ਇਕ-ਦੂਜੇ ਨੂੰ ਉਲਝਾ ਲੈਂਦੇ ਹਨ। ਇਸ ਪ੍ਰਕਾਰ ਦੀ ਇਕ ਅੜਾਉਣੀ ਹੈ:

ਇਕ ਰੱਤੀ ਸੁਰਮਾ ਨੌਂ ਜਣੀਆਂ
ਤੇ ਨੌਂ ਮਣ ਸੁਰਮਾ ਕੈ ਜਣੀਆਂ?

ਬੱਚੇ ਜੁਆਬ ਲੱਭਣ ਲਈ ਅੰਕਾਂ ਨੂੰ ਗੁਣਾਂ ਕਰਨ ਵਿਚ ਰੁਝ ਜਾਂਦੇ ਹਨ ਤੇ ਅਕਸਰ ਥੱਕ-ਹਾਰ ਕੇ ਸਲੇਟਾਂ ਪਰ੍ਹਾਂ ਰੱਖ ਦਿੰਦੇ ਹਨ। ਸੁਰਮੇ ਨਾਲ ਸਬੰਧਿਤ ਅਣਗਿਣਤ ਬੁਝਾਰਤਾਂ ਵਿਚੋਂ ਵੰਨਗੀ ਮਾਤਰ ਇਕ ਬੁਝਾਰਤ ਵੀ ਵੇਖੋ:


ਪਿੱਤਲ ਦੀ ਮੈਂ ਖੂਹੀ ਬਣਾਈ
ਲੱਪ ਕੁ ਪਾਣੀ ਡੋਲ੍ਹੇ
ਖੋਤਾ ਮੇਰਾ ਡੁੱਬਣ ਲੱਗਾ
ਪੂਛਲ ਪਈ ਹਿੱਲੇ।
(ਜੁਆਬ: ਸੁਰਮੇਦਾਨੀ)

ਸੁਰਮਾ ਪਾ ਤਾਂ ਹਰ ਕੋਈ ਲੈਂਦਾ ਹੈ, ਪਰ ਮਟਕਾਉਣਾ ਕਿਸੇ ਕਿਸੇ ਨੂੰ ਆਉਂਦਾ ਹੈ। ਸੁਰਮੇ ਦੇ ਹਵਾਲੇ ਨਾਲ ਇਸ ਤਰ੍ਹਾਂ ਦੇ ਜੀਵਨ-ਸੱਚ ਨੂੰ ਪ੍ਰਗਟ ਕਰਨ ਵਾਲੇ ਅਨੇਕਾਂ ਅਖਾਣ-ਮੁਹਾਵਰੇ ਵੀ ਪ੍ਰਚਲਿਤ ਹਨ। ਸੁਰਮੇ ਦੀ ਵਰਤੋਂ ਵਾਂਗ ਇਨ੍ਹਾਂ ਅਖਾਣਾਂ-ਮੁਹਾਵਰਿਆਂ ਦੀ ਵਰਤੋਂ ਵੀ ਸਾਡੀ ਨਿਤਾਪ੍ਰਤੀ ਦਾ ਹਿੱਸਾ ਹੋ ਗਈ ਹੈ।

ਪੰਜਾਬ ਵਿਚ ਕਈ ਤੀਵੀਆਂ ਆਪਣੇ ਚਿਹਰੇ ਉਤੇ ਸੁਰਮੇ ਨਾਲ ਕਾਲਾ ਤਿਲ ਬਣਾ ਲੈਂਦੀਆਂ ਹਨ। ਇਕ ਤਾਂ ਇਹ ਚਿਹਰੇ ਦੀ ਆਭਾ ਨੂੰ ਵਧਾਉਂਦਾ ਹੈ ਤੇ ਦੂਜਾ ਭੈੜੀ ਨਜ਼ਰ ਤੋਂ ਰੱਖਿਆ ਕਰਦਾ ਹੈ, ਪਰ ਵਿਧਵਾ ਔਰਤਾਂ ਲਈ ਸੁਰਮੇ ਦੀ ਵਰਤੋਂ ਵਰਜਿਤ ਹੈ। ਵਿਧਵਾ ਦਾ ਸੁਰਮਾ ਨਾ ਪਾਉਣਾ ਹੀ ਇਸ ਗੱਲ ਦਾ ਇਸ਼ਾਰਾ ਹੈ ਕਿ ਉਹ ਜ਼ਿੰਦਗੀ ਦੀਆਂ ਖ਼ੁਸ਼ੀਆਂ ਤੇ ਸੁੱਖਾਂ ਤੋਂ ਮਹਿਰੂਮ ਹੋ ਗਈ ਹੈ।

ਖ਼ੁਸ਼ੀਆਂ ਤੇ ਸ਼ਗਨਾਂ-ਸਾਰਥਾਂ ਦੇ ਅਵਸਰ 'ਤੇ ਸੁਰਮੇ ਦੀ ਵਰਤੋਂ ਜ਼ਰੂਰ ਹੁੰਦੀ ਹੈ, ਪਰ ਸੁਰਮੇ ਦੀ ਸਾਂਝ ਇਕ ਉਦਾਸ ਰਸਮ ਨਾਲ ਵੀ ਹੈ। ਜਦੋਂ ਕੋਈ ਪੰਜਾਬਣ ਸੁਹਾਗਣ-ਭਾਗਣ ਮਰਦੀ ਹੈ ਤਾਂ ਉਹਦੀਆਂ ਅੱਖਾਂ ਵਿਚ ਮਿਰਚਾਂ ਧੂੜ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਮਰਨ ਵਾਲੀ ਦੀ ਭਟਕਦੀ ਹੋਈ ਰੂਹ ਵਾਪਸ ਘਰ ਪਹੁੰਚਣਾ ਚਾਹੇ ਤਾਂ ਉਸ ਨੂੰ ਘਰ ਦਾ ਰਾਹ ਨਾ ਲੱਭੇ ਤੇ ਉਹ ਭੂਤ ਬਣ ਕੇ ਪਤੀ ਨੂੰ ਤੰਗ ਨਾ ਕਰੇ। ਇਸ ਰੀਤ ਤੋਂ ਇਲਾਵਾ ਉਸ ਨੂੰ ਸੁਹਾਗਣ ਹੋਣ ਦਾ ਪੂਰਾ ਮਾਣ ਵੀ ਦਿੱਤਾ ਜਾਂਦਾ ਹੈ। ਉਸ ਦੀ ਦੇਹ ਦਾ ਪੂਰਾ ਹਾਰ-ਸ਼ਿੰਗਾਰ ਕੀਤਾ ਜਾਂਦਾ ਹੈ। ਉਸ ਦੇ ਹੱਥਾਂ ਨੂੰ ਮਹਿੰਦੀ ਲਾਉਂਦੇ ਹਨ। ਵਿੱਤ ਮੁਤਾਬਕ ਉਹਦੇ ਕੰਨ ਜਾਂ ਨੱਕ ਵਿਚ ਕੋਈ ਚਾਂਦੀ ਜਾਂ ਸੋਨੇ ਦਾ ਗਹਿਣਾ ਵੀ ਪਾਉਂਦੇ ਹਨ। ਗ਼ਰੀਬ ਲੋਕ ਸੋਨੇ ਦੀ ਥਾਂ ਚਾਂਦੀ ਦੀ ਪਤਲੀ ਜਿਹੀ ਤਾਰ ਨੱਕ ਜਾਂ ਕੰਨ ਵਿਚ ਪਾ ਕੇ ਰਸਮ ਪੂਰਤੀ ਕਰ ਲੈਂਦੇ ਹਨ। ਉਸ ਦੀ ਦੇਹ ਉਤੇ ਓਢਣਾ (ਦੋ ਲੀੜੇ, ਫੁਲਕਾਰੀ ਤੇ ਦੁਪੱਟਾ) ਪਾਇਆ ਜਾਂਦਾ ਹੈ। ਸੁਰਮੇ ਦਾ ਮਹੱਤਵ ਇਸ ਵੇਲੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾਂਦਾ। ਮ੍ਰਿਤਕ ਸੁਹਾਗਣ ਦੀਆਂ ਬੰਦ ਅੱਖਾਂ ਵਿਚ ਸੁਰਮਾ ਵੀ ਪਾਇਆ ਜਾਂਦਾ ਹੈ। ਇਸ ਰੀਤ ਦੀ ਪੂਰਤੀ ਪਿੱਛੋਂ ਸੁਰਮੇਦਾਨੀ ਨੂੰ ਵਾਪਸ ਘਰ ਲੈ ਕੇ ਨਹੀਂ ਜਾਂਦੇ। ਉਸ ਸੁਰਮੇਦਾਨੀ ਨੂੰ ਸੁਹਾਗਣ ਦੀ ਬਲਦੀ ਚਿਤਾ ਵਿਚ ਹੀ ਸੁੱਟ ਦਿੱਤਾ ਜਾਂਦਾ ਹੈ। ਮ੍ਰਿਤਕ ਸੁਹਾਗਣ ਦੀਆਂ ਅੱਖਾਂ ਵਿਚ ਸੁਰਮਾ ਪਾਉਣ ਦੀ ਰੀਤ ਕਦੋਂ ਦੀ ਮੁੱਕ ਚੁੱਕੀ ਹੈ, ਪਰ ਸੁਰਮੇ ਦੀ ਕਾਲੀ ਧਾਰੀ ਨੇ ਪੰਜਾਬੀਆਂ ਦੇ ਜੀਵਨ ਤੇ ਸਭਿਆਚਾਰ ਵਿਚ ਆਪਣੀ ਵੱਖਰੀ ਤੇ ਵਿਸ਼ੇਸ਼ ਥਾਂ ਮੱਲੀ ਹੋਈ ਹੈ। ਨਿੱਕੇ ਬਾਲ ਦੀ 'ਨਜ਼ਰ ਟਪਾਰ' ਦੀ ਰੀਤ ਤੋਂ ਲੈ ਕੇ, ਘੋੜੀ ਚੜ੍ਹੇ ਲਾੜੇ ਨੂੰ ਭਾਬੀਆਂ ਦੇ ਸੁਰਮਾ ਪਾਉਣ ਦੀ ਰਸਮ ਤਕ ਸੁਰਮੇ ਦੀ ਵਰਤੋਂ ਰੀਝਾਂ ਤੇ ਸ਼ਗਨਾਂ-ਸਾਰਥਾਂ ਵਿਚ ਆਮ ਤੌਰ 'ਤੇ ਖ਼ੁਸ਼ੀਆਂ ਦਾ ਸਾਧਨ ਬਣਦੀ ਹੈ।

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਗੁਰਮੁਖਿ ਸੁਖ ਫਲੁ ਅਲਖੁ ਲਖਾਇਆ

ਪਿਛਲੇ ਲੇਖਾਂ ਵਿਚ ਭਾਈ ਗੁਰਦਾਸ ਦੀ ਚੌਥੀ ਵਾਰ ਦਾ ਸੰਖੇਪ ਅਧਿਐਨ ਕੀਤਾ ਗਿਆ ਕਿ ਕਿਸ ਤਰ੍ਹਾਂ ਰੋਜ਼ਾਨਾ ਜੀਵਨ ਵਿਚੋਂ ਦ੍ਰਿਸ਼ਟਾਂਤਾਂ ਰਾਹੀਂ ਭਾਈ ਗੁਰਦਾਸ ਨੇ ਗੁਰਮਤਿ ਅਨੁਸਾਰ ਹਲੀਮੀ ਦੇ ਗੁਣ ਦਾ ਗੁਰਸਿੱਖ ਜਾਂ ਗੁਰਮੁਖਿ ਵਿਚ ਲਾਜ਼ਮੀ ਹੋਣਾ ਦੱਸਿਆ ਹੈ। ਇਹ ਇਸ ਵਾਰ ਦੀ ਆਖਰੀ ਅਤੇ ਇੱਕੀਵੀਂ ਪਉੜੀ ਹੈ ਜਿਸ ਵਿਚ ਹਲੀਮੀ ਦੇ ਇਸੇ ਗੁਣ ਦੀ ਮਹੱਤਤਾ ਪੁਰਾਣਕ ਕਥਾਵਾਂ ਵਿਚੋਂ ਧਰੂ ਜਾਂ ਧਰੁਵ ਭਗਤ ਦੇ ਹਵਾਲੇ ਨਾਲ ਭਾਈ ਗੁਰਦਾਸ ਦੱਸਦੇ ਹਨ ਕਿ ਧਰੂ ਭਗਤ ਆਪਣੇ ਅੰਦਰ ਹਲੀਮੀ ਦਾ ਗੁਣ ਧਾਰਨ ਕਰਕੇ ਹੀ ਪਰਮਾਤਮਾ ਦੇ ਦਰਸ਼ਨ ਪਾਉਣ ਦੇ ਯੋਗ ਹੋ ਸਕਿਆ, ਉਸ ਨੇ ਗੁਰਮੁਖਿ ਦੇ ਮਾਰਗ 'ਤੇ ਚੱਲ ਕੇ, ਹਲੀਮੀ ਜਿਸ ਦਾ ਲਾਜ਼ਮੀ ਗੁਣ ਹੈ, ਵਾਹਿਗੁਰੂ ਨੂੰ ਪ੍ਰਾਪਤ ਕੀਤਾ। ਅਕਾਲ ਪੁਰਖ ਹਮੇਸ਼ਾ ਆਪਣੇ ਭਗਤਾਂ ਨੂੰ ਪ੍ਰੇਮ ਕਰਦਾ ਹੈ ਅਤੇ ਉਸ ਨੇ ਧਰੂ ਭਗਤ 'ਤੇ ਵੀ ਆਪਣੇ ਇਸ ਪ੍ਰੇਮ ਨੂੰ ਵਰਸਾਇਆ ਅਤੇ ਧਰੂ ਨੇ ਆਪਣੇ ਅੰਦਰੋਂ ਹਉਮੈ ਨੂੰ ਖਤਮ ਕਰਕੇ ਅਕਾਲ ਪੁਰਖ ਪਾਸੋਂ ਉਚੇ ਮਾਣ ਦੀ ਬਖਸ਼ਿਸ਼ ਪਾਈ, ਅਕਾਲ ਪੁਰਖ ਨੇ ਉਸ ਨੂੰ ਨਿਮਾਣੇ ਤੋਂ ਮਾਣ ਵਾਲਾ ਕੀਤਾ। ਉਸ ਨੇ ਇਸ ਸੰਸਾਰ 'ਤੇ ਰਹਿੰਦਿਆਂ ਹੀ ਮੁਕਤੀ ਪ੍ਰਾਪਤ ਕਰ ਲਈ ਅਤੇ ਉਚੇ ਅਰਸ਼ਾਂ ਵਿਚ ਇੱਕ ਅਟੱਲ ਸਥਾਨ ਪ੍ਰਾਪਤ ਕਰ ਲਿਆ, ਉਸ ਦਾ ਨਿਵਾਸ ਸਦਾ ਲਈ ਅਕਾਸ਼ ਵਿਚ ਸਥਾਪਤ ਹੋ ਗਿਆ (ਪੁਰਾਣਕ ਮਿਥ ਅਨੁਸਾਰ ਧਰੂ ਇੱਕ ਤਾਰੇ ਦੇ ਰੂਪ ਵਿਚ ਹਮੇਸ਼ਾ ਅਕਾਸ਼ ਵਿਚ ਇੱਕ ਸਥਿਰ ਥਾਂ ਚਮਕਦਾ ਰਹਿੰਦਾ ਹੈ)। ਅਕਾਸ਼ ਵਿਚ ਚੰਦਰਮਾ, ਸੂਰਜ ਅਤੇ ਤੇਤੀ ਕਰੋੜ ਦੇਵਤੇ (ਹਿੰਦੂ ਮਿਥ ਅਨੁਸਾਰ ਦੇਵਤਿਆ ਦੀ ਗਿਣਤੀ ਤੇਤੀ ਕ੍ਰੋੜ ਮੰਨੀ ਗਈ ਹੈ) ਉਸ ਦੇ ਦੁਆਲੇ ਪਰਿਕਰਮਾ ਕਰਦੇ ਰਹਿੰਦੇ ਹਨ। ਉਸ ਦੀ ਭਗਤੀ ਦੇ ਕਾਰਨ ਹੀ ਧਰੂ ਦੀ ਵਡਿਆਈ, ਉਸ ਦਾ ਜੱਸ ਅਤੇ ਪਰਤਾਪ ਵੇਦਾਂ ਤੇ ਪੁਰਾਣਾਂ ਵਿਚ ਬਹੁਤ ਚੰਗੀ ਤਰ੍ਹਾਂ ਬਿਆਨ ਕੀਤਾ ਹੋਇਆ ਹੈ। ਉਸ ਅਕਾਲ ਪੁਰਖ ਦੀ ਗਤੀ ਨੂੰ ਕੋਈ ਵੀ ਬਿਆਨ ਨਹੀਂ ਕਰ ਸਕਦਾ; ਉਸ ਦੀ ਗਤੀ ਅਕੱਥ, ਰਹੱਸਮਈ ਅਤੇ ਸਾਰੇ ਵਿਚਾਰਾਂ ਤੋਂ ਪਾਰ ਹੈ ਭਾਵ ਉਸ ਦੀਆਂ ਰਮਜ਼ਾਂ, ਉਹ ਆਪ ਹੀ ਜਾਣਦਾ ਹੈ, ਹੋਰ ਕੋਈ ਦੂਸਰਾ ਨਹੀਂ ਜਾਣ ਸਕਦਾ। ਕੇਵਲ ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲੇ ਹੀ ਉਸ ਦੇ ਦਰਸ਼ਨ ਦਾ ਸੁਖ ਫਲ ਪਾਉਂਦੇ ਹਨ, ਉਸ ਦੇ ਇੱਕ ਭੋਰਾ ਦਰਸ਼ਨ ਕਰ ਲੈਂਦੇ ਹਨ:

ਹੋਇ ਨਿਮਾਣਾ ਭਗਤਿ ਕਰਿ
ਗੁਰਮੁਖਿ ਧ੍ਰੂ ਹਰਿ ਦਰਸਨੁ ਪਾਇਆ।
ਭਗਤਿ ਵਛਲੁ ਹੋਇ ਭੇਟਿਆ
ਮਾਣੁ ਨਿਮਾਣੇ ਆਪਿ ਦਿਵਾਇਆ।
ਮਾਤ ਲੋਕ ਵਿਚਿ ਮੁਕਤਿ ਕਰਿ
ਨਿਹਚਲੁ ਵਾਸੁ ਅਗਾਸਿ ਚੜਾਇਆ।
ਚੰਦੁ ਸੂਰਜ ਤੇਤਿਸ ਕਰੋੜਿ
ਪਰਦਖਣਾ ਚਉਫੇਰਿ ਫਿਰਾਇਆ।
ਵੇਦ ਪੁਰਾਣ ਵਖਾਣਦੇ
ਪਰਗਟੁ ਕਰਿ ਪਰਤਾਪੁ ਜਣਾਇਆ।
ਅਬਿਗਤਿ ਗਤਿ ਅਤਿ ਅਗਮ ਹੈ
ਅਕਥ ਕਥਾ ਵੀਚਾਰੁ ਨ ਆਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥੨੧॥

ਧਰੂ ਭਗਤ ਦਾ ਹਵਾਲਾ ਦਿੰਦਿਆਂ ਗੁਰੂ ਅਰਜਨ ਦੇਵ ਆਪਣੇ ਮਨ ਨੂੰ ਸਮਝਾਉਂਦੇ ਹਨ, ਹੇ ਮਨ! ਭਗਤਾਂ ਦੀਆਂ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਕਿਸ ਤਰ੍ਹਾਂ ਅਕਾਲ ਪੁਰਖ ਦੇ ਨਾਮ ਸਿਮਰਨ ਨਾਲ ਛੋਟੇ ਤੋਂ ਛੋਟੇ ਮਨੁੱਖ ਵੀ ਸੰਸਾਰ ਸਾਗਰ ਤੋਂ ਪਾਰ ਹੋ ਗਏ ਅਤੇ ਤੂੰ ਵੀ ਪ੍ਰੇਮ ਨਾਲ ਉਸ ਦੇ ਨਾਮ ਦਾ ਸਿਮਰਨ ਕਰ। ਉਹ ਭਗਤਾਂ ਦੇ ਹਵਾਲੇ ਨਾਲ ਦੱਸਦੇ ਹਨ ਕਿ ਉਸ ਦਾ ਨਾਮ ਜਪਿਆਂ ਮਨੁੱਖ ਤਰ ਜਾਂਦਾ ਹੈ। ਅਜਾਮਲ ਅਕਾਲ ਪੁਰਖ ਦਾ ਸਿਮਰਨ ਕਰਕੇ ਇਸ ਸੰਸਾਰ ਸਾਗਰ ਤੋਂ ਸਦਾ ਲਈ ਪਾਰ ਹੋ ਗਿਆ। ਬਾਲਮੀਕ ਨੂੰ ਗੁਰੂ ਦੀ ਸੰਗਤਿ ਪ੍ਰਾਪਤ ਹੋਈ ਅਤੇ ਉਸ ਨੇ ਅਕਾਲ ਪੁਰਖ ਦਾ ਨਾਮ ਸਿਮਰਨ ਕਰ ਕੇ ਵਡਿਆਈ ਹਾਸਲ ਕੀਤੀ। ਇਸੇ ਤਰ੍ਹਾਂ ਧਰੂ ਭਗਤ ਨੂੰ ਨਾਮ ਸਿਮਰਨ ਰਾਹੀਂ ਅਕਾਲ ਪੁਰਖ ਪਰਤੱਖ ਹੋ ਕੇ ਮਿਲਿਆ:

ਸੁਣਿ ਸਾਖੀ ਮਨ ਜਪਿ ਪਿਆਰ॥
ਅਜਾਮਲੁ ਉਧਰਿਆ ਕਹਿ ਏਕ ਬਾਰ॥
ਬਾਲਮੀਕੈ ਹੋਆ ਸਾਧਸੰਗੁ॥
ਧ੍ਰੂ ਕਉ ਮਿਲਿਆ ਹਰਿ ਨਿਸੰਗ॥੧॥
(ਪੰਨਾ ੧੧੯੨)

ਭਾਈ ਗੁਰਦਾਸ ਪੰਜਵੀਂ ਵਾਰ ਵਿਚ ਗੁਰਮੁਖਿ ਦੇ ਲੱਛਣ ਅਰਥਾਤ ਉਸ ਦੇ ਵਿਸ਼ੇਸ਼ ਗੁਣਾਂ ਦਾ ਵਰਣਨ ਕਰਦੇ ਹਨ ਕਿ ਗੁਰਮੁਖਿ ਜਾਂ ਗੁਰਸਿੱਖ ਵਿਚ ਖਾਸ ਗੁਣ ਕਿਹੜੇ ਹੁੰਦੇ ਹਨ ਜਾਂ ਹੋਣੇ ਚਾਹੀਦੇ ਹਨ। ਸਤਿ ਸੰਗਤਿ ਨੂੰ ਗੁਰਮਤਿ ਵਿਚ ਇੱਕ ਅਜਿਹੀ ਸੰਸਥਾ ਤਸਲੀਮ ਕੀਤਾ ਗਿਆ ਹੈ ਜਿੱਥੇ ਜਾ ਕੇ ਮਨੁੱਖ ਨਾਮ ਸਿਮਰਨ, ਸੇਵਾ ਅਤੇ ਹਲੀਮੀ ਵਰਗੇ ਗੁਣ ਸਿੱਖਦਾ ਹੈ। ਗੁਰਮੁਖਿ ਪਦ ਪ੍ਰਾਪਤ ਕਰਨ ਲਈ ਇਹ ਇੱਕ ਤਰ੍ਹਾਂ ਦੀ ਪਾਠਸ਼ਾਲਾ ਹੈ।

ਭਾਈ ਗੁਰਦਾਸ ਦੱਸਦੇ ਹਨ ਕਿ ਜਿਸ ਮਨੁੱਖ ਨੇ ਗੁਰਮੁਖਿ ਪਦ ਪ੍ਰਾਪਤ ਕਰ ਲਿਆ ਭਾਵ ਜੋ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਦੇ ਯੋਗ ਹੋ ਗਿਆ, ਉਹ ਫਿਰ ਸਤਿ-ਸੰਗੀਆਂ ਦੀ ਸੰਗਤਿ ਵਿਚ ਬੈਠਦਾ ਹੈ, ਭੈੜੇ ਬੰਦਿਆਂ ਦੀ ਸੰਗਤਿ ਵਿਚ ਬੈਠਣ ਤੋਂ ਪ੍ਰਹੇਜ਼ ਕਰਦਾ ਹੈ। ਗੁਰਮੁਖਿ ਦਾ ਰਸਤਾ ਸਿੱਧਾ-ਸਾਦਾ ਅਤੇ ਮਨ ਨੂੰ ਸਕੂਨ ਦੇਣ ਵਾਲਾ, ਖੁਸ਼ੀ ਦੇਣ ਵਾਲਾ ਹੈ, ਗੁਰਮੁਖਿ ਇਸ ਰਸਤੇ 'ਤੇ ਚੱਲ ਕੇ ਅਨੰਦ ਮਾਣਦਾ ਹੈ। ਉਹ ਸੰਨਿਆਸੀਆਂ ਦੇ ਬਾਰਾਂ ਪੰਥਾਂ ਤੋਂ ਦੂਰ ਰਹਿੰਦਾ ਹੈ, ਉਨ੍ਹਾਂ ਨਾਲ ਕੋਈ ਸਬੰਧ ਨਹੀਂ ਰੱਖਦਾ। ਗੁਰਮਤਿ ਵਿਚ ਰੰਗ, ਨਸਲ, ਜਾਤ ਆਦਿ ਦੇ ਵਿਸ਼ਵਾਸਾਂ ਦਾ ਖੰਡਨ ਕੀਤਾ ਗਿਆ ਹੈ। ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ ਮਨੁੱਖ ਅਜਿਹੀਆਂ ਗੁਰਮਤਿ ਵਿਰੋਧੀ ਮਨੁੱਖ ਦੀਆਂ ਪਾਈਆਂ ਵੰਡੀਆਂ ਨੂੰ ਨਹੀਂ ਮੰਨਦਾ। ਗੁਰੂ ਦੇ ਰਸਤੇ 'ਤੇ ਚੱਲਣ ਵਾਲਾ ਮਨੁੱਖ ਜਾਤ, ਜਨਮ, ਰੰਗ, ਨਸਲ ਦੇ ਭੇਦ-ਭਾਵ ਤੋਂ ਪਾਰ ਲੰਘ ਜਾਂਦਾ ਹੈ ਅਤੇ ਪਾਨ ਦੇ ਪੱਤੇ ਦੇ ਲਾਲ ਰੰਗ ਦੀ ਤਰ੍ਹਾਂ ਸਾਰਿਆਂ ਨੂੰ ਬਰਾਬਰ ਮੰਨਦਾ ਹੈ ਤੇ ਸਤਿ ਸੰਗਤ ਵਿਚ ਜਾਂਦਾ ਹੈ। ਗੁਰਮੁਖਿ ਗੁਰੂ ਦੇ ਦੱਸੇ ਸਿਧਾਂਤਾਂ 'ਤੇ ਚੱਲਦਾ ਹੈ। ਛੇ ਦਰਸ਼ਨਾਂ (ਹਿੰਦੂ ਧਰਮ ਦੇ ਖਟ ਦਰਸ਼ਨ) ਵਿਚ ਵਿਸ਼ਵਾਸ ਨਹੀਂ ਕਰਦਾ। ਉਸ ਦੀ ਸਿਆਣਪ ਨਿਸਚਲ ਹੈ ਜੋ ਵਿਚਲਿਤ ਨਹੀਂ ਹੁੰਦੀ। ਉਹ ਇਕ ਪਰਮ ਸਤਿ ਵਿਚ ਆਪਣੀ ਮੱਤ ਨੂੰ ਟਿਕਾ ਕੇ ਰੱਖਦਾ ਹੈ, ਦਵੈਤ ਨੂੰ ਨਹੀਂ ਮੰਨਦਾ। ਗੁਰਮੁਖਿ ਸ਼ਬਦ ਦੀ ਕਮਾਈ ਕਰਦਾ ਹੈ, ਭਾਵ ਗੁਰੂ ਦੇ ਦੱਸੇ ਸ਼ਬਦ ਦਾ ਅਨੁਸਾਰੀ ਹੋ ਕੇ ਚੱਲਦਾ ਹੈ ਅਤੇ ਪੈਰੀਂ ਪੈਣ ਦੀ ਰੀਤ ਨਿਭਾਉਂਦਾ ਹੈ। ਪੈਰੀਂ ਪੈਣ ਦਾ ਅਰਥ ਹੈ ਮਨ ਅੰਦਰ ਹਲੀਮੀ ਧਾਰਨ ਕਰਨਾ, ਹਰ ਇੱਕ ਨਾਲ ਹਲੀਮ ਹੋ ਕੇ ਵਰਤਣਾ। ਗੁਰਮੁਖਿ ਅਕਾਲ ਪੁਰਖ ਦੀ ਪ੍ਰੇਮਾ ਭਗਤੀ ਵਿਚ ਲੀਨ ਰਹਿੰਦਾ ਹੈ:

ਗੁਰਮੁਖਿ ਹੋਵੈ ਸਾਧਸੰਗੁ
ਹੋਰਤੁ ਸੰਗਿ ਕੁਸੰਗਿ ਨ ਰਚੈ।
ਗੁਰਮੁਖਿ ਪੰਥੁ ਸੁਹੇਲੜਾ
ਬਾਰਹ ਪੰਥ ਨ ਖੇਚਲ ਖਚੈ।
ਗੁਰਮੁਖਿ ਵਰਨ ਅਵਰਨ ਹੋਇ
ਰੰਗ ਸੁਰੰਗੁ ਤੰਬੋਲ ਪਰਚੈ।
ਗੁਰਮੁਖਿ ਦਰਸਨੁ ਦੇਖਣਾ
ਛਿਅ ਦਰਸਨ ਪਰਸਨ ਨ ਸਰਚੈ।
ਗੁਰਮੁਖਿ ਨਿਹਚਲ ਮਤਿ ਹੈ
ਦੂਜੈ ਭਾਇ ਲੁਭਾਇ ਨ ਪਚੈ।
ਗੁਰਮੁਖਿ ਸਬਦੁ ਕਮਾਵਣਾ
ਪੈਰੀ ਪੈ ਰਹਰਾਸਿ ਨ ਹਚੈ।
ਗੁਰਮੁਖਿ ਭਾਇ ਭਗਤਿ ਚਹਮਚੈ॥੧॥

ਭਾਈ ਗੁਰਦਾਸ ਵੱਲੋਂ ਉਪਰ ਦੱਸੇ ਗੁਰਮੁਖਿ ਦੇ ਲੱਛਣ ਹੀ ਇੱਕ ਸਿੱਖ ਦੇ ਲੱਛਣ ਹੋਣੇ ਚਾਹੀਦੇ ਹਨ, ਇਹ ਗੁਰਮਤਿ ਦਾ ਰਸਤਾ ਹੈ ਜਿਸ 'ਤੇ ਸਿੱਖ ਨੇ ਚੱਲਣਾ ਹੈ ਅਤੇ ਭਾਈ ਗੁਰਦਾਸ ਨੇ ਇਸੇ ਨੂੰ 'ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ' ਕਿਹਾ ਹੈ। ਅਗਲੀ ਪਉੜੀ ਵਿਚ ਗੁਰਮੁਖਿ ਦੇ ਇੱਕ ਅਕਾਲ ਪੁਰਖ ਵਿਚ ਵਿਸ਼ਵਾਸ ਦੀ ਗੱਲ ਕਰਦਿਆਂ ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰਮੁਖਿ ਸਿਰਫ ਤੇ ਸਿਰਫ ਇੱਕ ਅਕਾਲ ਪੁਰਖ ਦੀ ਅਰਾਧਨਾ ਕਰਦਾ ਹੈ ਅਤੇ ਮਨ ਅੰਦਰ ਕਿਸੇ ਹੋਰ ਸ਼ਕਤੀ ਪ੍ਰਤੀ ਕੋਈ ਵਿਸ਼ਵਾਸ ਨਹੀਂ ਰੱਖਦਾ, ਕੋਈ ਭਰਮ ਨਹੀਂ ਪਾਲਦਾ। ਉਹ ਆਪਣੇ ਅੰਦਰੋਂ ਹਉਮੈ ਜਾਂ 'ਮੈਂ' ਦੀ ਭਾਵਨਾ ਨੂੰ ਬਿਲਕੁਲ ਦੂਰ ਕਰ ਦਿੰਦਾ ਹੈ ਕਿਉਂਕਿ ਜਿੱਥੇ ਹਉਮੈ ਹੈ, ਉਥੇ ਨਾਮ ਦਾ ਵਾਸਾ ਨਹੀਂ ਹੋ ਸਕਦਾ। ਆਪਣੇ ਅੰਦਰੋਂ ਹਉਮੈ ਖਤਮ ਕਰਕੇ, ਗੁਰਮਤਿ ਦਾ ਅਨੁਸਾਰੀ ਹੋ ਕੇ ਉਹ ਇਸ ਜਗਤ ਵਿਚ ਰਹਿੰਦਿਆਂ ਵੀ ਇਸ ਦੇ ਬੁਰੇ ਅਸਰਾਂ ਜਿਵੇਂ ਕ੍ਰੋਧ ਆਦਿ ਤੋਂ ਨਿਰਲੇਪ ਹੋ ਕੇ ਸਹਿਜ ਅਵਸਥਾ ਵਿਚ ਵਿਚਰਦਾ ਹੈ, ਇਸੇ ਨੂੰ ਗੁਰਮਤਿ ਵਿਚ 'ਜੀਵਨ ਮੁਕਤਿ' ਦੀ ਅਵਸਥਾ ਕਿਹਾ ਹੈ। ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲਾ ਮਨੁੱਖ ਇਸ ਜੀਵਨ ਵਿਚ ਰਹਿੰਦਿਆਂ ਹੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਗੁਰਮੁਖਿ ਦੀ ਪਛਾਣ ਉਸ ਦੇ ਲੱਛਣਾਂ ਤੋਂ ਹੁੰਦੀ ਹੈ ਅਤੇ ਉਸ ਦਾ ਇੱਕ ਲੱਛਣ ਇਹ ਹੈ ਕਿ ਉਹ ਗੁਰੂ ਦੀ ਸਿੱਖਿਆ ਨੂੰ ਆਪਣੇ ਮਨ ਅੰਦਰ ਪੂਰੀ ਤਰ੍ਹਾਂ ਵਸਾ ਲੈਂਦਾ ਹੈ ਅਤੇ ਮਨ ਵਿਚੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਪੂਰੀ ਤਰ੍ਹਾਂ ਦੂਰ ਕਰਕੇ ਇਸ ਸਰੀਰ ਰੂਪੀ ਕਿਲੇ ਤੇ ਮਨ-ਦੋਵਾਂ ਨੂੰ ਜਿੱਤ ਲੈਂਦਾ ਹੈ। ਗੁਰਮਤਿ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਪੰਜ ਦੂਤ ਕਿਹਾ ਗਿਆ ਹੈ ਜੋ ਮਨੁੱਖ ਅੰਦਰੋਂ ਚੰਗਿਆਈਆਂ ਖਤਮ ਕਰ ਦਿੰਦੇ ਹਨ ਅਤੇ ਉਸ ਨੂੰ ਆਪਣੇ ਮਾਰਗ ਤੋਂ ਵਿਚਲਿਤ ਕਰ ਦਿੰਦੇ ਹਨ। ਇਸ ਲਈ ਗੁਰਮਤਿ ਮਾਰਗ 'ਤੇ ਚੱਲਣ ਲਈ ਇਨ੍ਹਾਂ ਪੰਜਾਂ ਦੂਤਾਂ 'ਤੇ ਜਿੱਤ ਪ੍ਰਾਪਤ ਕਰਨੀ ਬਹੁਤ ਜ਼ਰੂਰੀ ਹੈ, ਜਿਸ ਦੀ ਭਾਈ ਗੁਰਦਾਸ ਇਥੇ ਗੱਲ ਕਰ ਰਹੇ ਹਨ। ਇਨ੍ਹਾਂ 'ਤੇ ਜਿੱਤ ਪ੍ਰਾਪਤ ਕਰ ਲੈਣ ਦਾ ਅਰਥ ਹੈ ਆਪਣੇ ਆਪ 'ਤੇ ਜਿੱਤ ਪ੍ਰਾਪਤ ਕਰ ਲੈਣੀ ਅਤੇ ਇਹ ਮੁਸ਼ਕਿਲ ਕੰਮ ਗੁਰੂ ਦੇ ਰਸਤੇ 'ਤੇ ਚੱਲਣ ਵਾਲਾ ਕਰ ਸਕਦਾ ਹੈ।

ਅਗਲੀ ਪੰਕਤੀ ਵਿਚ ਭਾਈ ਗੁਰਦਾਸ ਗੁਰਮੁਖਿ ਦਾ ਲੱਛਣ ਹਲੀਮੀ ਦੱਸਦੇ ਹਨ। ਜਿਸ ਮਨੁੱਖ ਦੇ ਮਨ ਵਿਚ ਦੂਜਿਆਂ ਪ੍ਰਤੀ ਹਲੀਮੀ ਨਹੀਂ, ਉਸ ਨੇ ਮਨ ਹਉਮੈ ਤੋਂ ਮੁਕਤਿ ਨਹੀਂ ਕੀਤਾ। ਹਲੀਮੀ ਦੀ ਵੱਡੀ ਨਿਸ਼ਾਨੀ ਦੱਸੀ ਹੈ 'ਪੈਰੀ ਪੈ ਪਾ ਖਾਕੁ ਹੋਇ' ਅਤੇ ਉਹ ਆਪਣੇ ਆਪ ਨੂੰ ਇਸ ਦੁਨੀਆਂ 'ਤੇ ਮਹਿਮਾਨ ਦੀ ਤਰ੍ਹਾਂ ਆਏ ਹੋਏ ਸਮਝਦੇ ਹਨ ਅਤੇ ਉਨ੍ਹਾਂ ਦੇ ਇਸ ਹਲੀਮ ਰਵੱਈਏ ਕਾਰਨ ਦੁਨੀਆਂ ਉਨ੍ਹਾਂ ਦੀ ਇੱਜਤ ਕਰਦੀ ਹੈ। ਗੁਰਸਿੱਖ, ਗੁਰਸਿੱਖਾਂ ਦੀ ਸੇਵਾ ਉਨ੍ਹਾਂ ਨੂੰ ਮਾਂ, ਬਾਪ, ਭੈਣ, ਭਾਈ ਸਮਝ ਕੇ ਕਰਦਾ ਹੈ ਭਾਵ ਉਹ ਦੂਜੇ ਗੁਰਸਿੱਖਾਂ ਦੀ ਸੇਵਾ ਆਪਣੇ ਸਕੇ ਸਬੰਧੀਆਂ ਦੀ ਤਰ੍ਹਾਂ ਹੀ ਕਰਦਾ ਹੈ। ਉਹ ਆਪਣੇ ਅੰਦਰੋਂ ਹਰ ਤਰ੍ਹਾਂ ਦੀ ਭੈੜੀ ਮਤਿ, ਭਰਮ ਅਤੇ ਦੁਬਿਧਾ ਦੂਰ ਕਰ ਦਿੰਦਾ ਹੈ ਤੇ ਆਪਣੀ ਮਤਿ-ਬੁਧਿ ਨੂੰ ਗੁਰੂ ਦੀ ਮਤਿ ਦਾ ਅਨੁਸਾਰੀ ਬਣਾ ਲੈਂਦਾ ਹੈ, ਆਪਣੀ ਸੁਰਤਿ ਨੂੰ ਗੁਰੂ ਦੇ ਸ਼ਬਦ ਵਿਚ ਲੀਨ ਕਰ ਲੈਂਦਾ ਹੈ। ਇਸ ਤਰ੍ਹਾਂ ਵਾਦ-ਵਿਵਾਦ, ਝੂਠ ਅਤੇ ਬੁਰੇ ਕੰਮਾਂ ਨੂੰ ਪੂਰੀ ਤਰ੍ਹਾਂ ਤਿਆਗ ਦਿੰਦਾ ਹੈ:

ਗੁਰਮੁਖਿ ਇਕੁ ਅਰਾਧਣਾ
ਇਕੁ ਮਨ ਹੋਇ ਨ ਹੋਇ ਦੁਚਿਤਾ।
ਗੁਰਮੁਖਿ ਆਪੁ ਗਵਾਇਆ
ਜੀਵਨੁ ਮੁਕਤਿ ਨ ਤਾਮਸ ਪਿਤਾ।
ਗੁਰ ਉਪਦੇਸੁ ਅਵੇਸੁ ਕਰਿ
ਸਣੁ ਦੂਤਾ ਵਿਖੜਾ ਗੜੁ ਜਿਤਾ।
ਪੈਰੀ ਪੈ ਪਾ ਖਾਕੁ ਹੋਇ
ਪਾਹੁਨੜਾ ਜਗਿ ਹੋਇ ਅਥਿਤਾ।
ਗੁਰਮੁਖਿ ਸੇਵਾ ਗੁਰ ਸਿਖਾ
ਗੁਰਸਿਖ ਮਾ ਪਿਉ ਭਾਈ ਮਿਤਾ।
ਦੁਰਮਤਿ ਦੁਬਿਧਾ ਦੂਰਿ ਕਰਿ
ਗੁਰਮਤਿ ਸਬਦ ਸੁਰਤਿ ਮਨੁ ਸਿਤਾ।
ਛਡਿ ਕੁਫਕੜ ਕੂੜੁ ਕੁਧਿਤਾ॥੨॥

ਭਾਈ ਗੁਰਦਾਸ ਗੁਰਮੁਖਿ ਦੇ ਲੱਛਣ ਦੱਸਣ ਲਈ ਸਹਿਚਾਰੀਆਂ ਅਰਥਾਤ ਇੱਕੋ ਜਿਹੇ ਆਚਰਣ ਜਾਂ ਆਚਾਰ-ਵਿਹਾਰ ਵਾਲੇ ਮਨੁੱਖਾਂ ਦਾ ਦ੍ਰਿਸ਼ਟਾਂਤ ਵਰਤਦੇ ਹਨ। ਹਿੰਦੂ ਧਰਮ ਸ਼ਾਸਤਰਾਂ ਨੇ ਭਾਰਤੀ ਸਮਾਜ ਨੂੰ ਵਰਣ ਅਰਥਾਤ ਰੰਗ ਦੇ ਆਧਾਰ 'ਤੇ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ ਅਤੇ ਫਿਰ ਇਸ ਨੂੰ ਜਨਮ 'ਤੇ ਆਧਾਰਤ ਕਰਦਿਆਂ ਵੱਖ ਵੱਖ ਜਾਤਾਂ ਬਣਾ ਦਿੱਤੀਆਂ। ਹਰ ਇੱਕ ਵਰਣ ਦਾ ਕਿੱਤਾ ਵੱਖਰਾ ਵੱਖਰਾ ਨਿਰਧਾਰਤ ਕਰ ਦਿੱਤਾ ਜਿਸ ਨੂੰ ਵਰਣ ਧਰਮ ਦਾ ਨਾਮ ਦੇ ਦਿੱਤਾ ਗਿਆ। ਇਸ ਤਰ੍ਹਾਂ ਹਰ ਮਨੁੱਖ ਦਾ ਧਰਮ ਵੀ ਉਸ ਦੇ ਵਰਣ ਮੁਤਬਿਕ ਹੋ ਗਿਆ ਭਾਵ ਹਰ ਇੱਕ ਦਾ ਧਰਮ ਵੀ ਵਰਣ ਅਨੁਸਾਰ ਵੱਖਰਾ ਹੋ ਗਿਆ। ਇਸੇ ਦੀ ਗੱਲ ਕਰਦਿਆਂ ਭਾਈ ਗੁਰਦਾਸ ਬਿਆਨ ਕਰਦੇ ਹਨ ਕਿ ਚਾਰੇ ਵਰਣਾਂ ਦੇ ਮਨੁੱਖ ਆਪੋ ਆਪਣੇ ਵਰਣ ਵਿਚ ਆਪੋ ਆਪਣੀਆਂ ਜਾਤਾਂ ਅਤੇ ਕੁਲ-ਕਬੀਲਿਆਂ ਦਾ ਧਰਮ ਨਿਭਾ ਰਹੇ ਹਨ। ਹਿੰਦੂ ਧਰਮ ਦੇ ਛੇ ਸ਼ਾਸਤਰ ਮੰਨੇ ਗਏ ਹਨ ਨਿਆਇ, ਵੈਸ਼ੇਸ਼ਕ, ਮੀਮਾਂਸਾ, ਵੇਦਾਂਤ, ਸਾਂਖ ਤੇ ਯੋਗ ਦਰਸ਼ਨ। ਇਨ੍ਹਾਂ ਛੇ ਦਰਸ਼ਨਾਂ ਦੇ ਆਪੋ ਆਪਣੇ ਸਿਧਾਂਤ ਹਨ, ਇਨ੍ਹਾਂ ਨੂੰ ਮੰਨਣ ਵਾਲੇ ਵੀ ਅਲੱਗ ਅਲੱਗ ਲੋਕ ਹਨ ਜੋ ਇਨ੍ਹਾਂ ਦਰਸ਼ਨਾਂ ਅਨੁਸਾਰ ਆਪੋ ਆਪਣੇ ਫਰਜ਼ ਨਿਭਾਉਂਦੇ ਹਨ ਅਤੇ ਇਨ੍ਹਾਂ ਵਿਚ ਦਿੱਤੇ ਦਰਸ਼ਨ-ਸਿਧਾਂਤਾਂ ਦਾ ਅਭਿਆਸ ਕਰਦੇ ਹਨ। ਇਸ ਤਰ੍ਹਾਂ ਆਪਣੇ ਸਾਹਿਬਾਂ ਭਾਵ ਮਾਲਕਾਂ ਨੂੰ ਉਨ੍ਹਾਂ ਦੇ ਚਾਕਰ-ਚੇਲੇ ਸਿਰ ਝੁਕਾਉਂਦੇ ਹਨ, ਨਮਸਕਾਰ ਕਰਦੇ ਹਨ। ਇਸੇ ਤਰ੍ਹਾਂ ਵੱਖ ਵੱਖ ਵਸਤਾਂ ਦੇ ਵਪਾਰੀ ਵੀ ਵੱਖ ਵੱਖ ਹੁੰਦੇ ਹਨ। ਕਿਸਾਨ ਖੇਤਾਂ ਵਿਚ ਵੱਖ ਵੱਖ ਫਸਲਾਂ ਬੀਜਦੇ ਹਨ। ਕਾਰੀਗਰ ਆਪਣੇ ਸਹਿਕਰਮੀਆਂ ਨੂੰ ਕਾਰਖਾਨਿਆਂ ਵਿਚ ਮਿਲਦੇ ਹਨ। ਇਸੇ ਤਰ੍ਹਾਂ ਗੁਰਸਿੱਖਾਂ ਦੇ ਮਿਲਣ ਦੀ ਥਾਂ ਸਾਧ-ਸੰਗਤਿ ਹੈ ਭਾਵ ਗੁਰਸਿੱਖ-ਗੁਰਮੁਖਿ ਗੁਰਸਿੱਖਾਂ ਨੂੰ ਸਾਧ-ਸੰਗਤਿ ਵਿਚ ਜਾ ਕੇ ਮਿਲਦੇ ਹਨ:

ਆਪਣੇ ਆਪਣੇ ਵਰਨ ਵਿਚਿ
ਚਾਰਿ ਵਰਨ ਕੁਲ ਧਰਮ ਧਰੰਦੇ।
ਛਿਅ ਦਰਸਨ ਛਿਅ ਸਾਸਤ੍ਰਾ
ਗੁਰ ਗੁਰਮਤਿ ਖਟੁ ਕਰਮ ਕਰੰਦੇ।
ਅਪਣੇ ਅਪਣੇ ਸਾਹਿਬੈ
ਚਾਕਰ ਜਾਇ ਜੁਹਾਰ ਜੁੜੰਦੇ।
ਅਪਣੇ ਅਪਣੇ ਵਣਜ ਵਿਚਿ
ਵਾਪਾਰੀ ਵਾਪਾਰ ਕਰੰਦੇ।
ਅਪਣੇ ਅਪਣੇ ਖੇਤ ਵਿਚਿ
ਬੀਉ ਸਭੇ ਕਿਰਸਾਣਿ ਬੀਜੰਦੇ।
ਕਾਰੀਗਰਿ ਕਾਰੀਗਰਾ
ਕਾਰਿਖਾਨੇ ਵਿਚਿ ਜਾਇ ਮਿਲੰਦੇ।
ਸਾਧਸੰਗਤਿ ਗੁਰਸਿਖ ਪੁਜੰਦੇ॥੩॥

ਅਗਲੀ ਪਉੜੀ ਵਿਚ ਸਹਿਚਾਰੀਆਂ ਜਾਂ ਇੱਕੋ ਜਿਹੇ ਕੰਮ ਕਰਨ ਵਾਲਿਆਂ ਦਾ ਦ੍ਰਿਸ਼ਟਾਂਤ ਦਿੱਤਾ ਹੈ ਜਿਵੇਂ ਨਸ਼ਾ ਕਰਨ ਵਾਲੇ ਅਮਲੀ ਅਮਲੀਆਂ ਨੂੰ ਮਿਲ ਕੇ ਖੁਸ਼ ਹੁੰਦੇ ਹਨ ਅਤੇ ਸੋਫੀ ਅਰਥਾਤ ਨਸ਼ਾ ਨਾ ਕਰਨ ਵਾਲੇ, ਨਾ ਕਰਨ ਵਾਲਿਆਂ ਨਾਲ ਮਿਲਦੇ-ਬੈਠਦੇ ਹਨ। ਜੁਆਰੀ ਆਪਸ ਵਿਚ ਇਕੱਠੇ ਹੋ ਕੇ ਜੂਆ ਖੇਡਦੇ ਹਨ, ਬੁਰੇ ਕਰਮ ਕਰਨ ਵਾਲੇ ਆਪਣੇ ਵਰਗੇ ਬੁਰੇ ਕਰਮ ਕਰਨ ਵਾਲਿਆਂ ਨਾਲ ਮਿਲਦੇ ਹਨ। ਚੋਰ ਚੋਰਾਂ ਨਾਲ ਮਿਲਾਪ ਕਰਦੇ ਹਨ ਅਤੇ ਠੱਗ ਠੱਗਾਂ ਨਾਲ ਮਿਲ ਕੇ ਠੱਗੀਆਂ ਮਾਰਦੇ ਹਨ। ਮਸ਼ਕਰੀਆਂ ਕਰਨ ਵਾਲੇ ਆਪਣੇ ਜਿਹੇ ਮਸ਼ਕਰਿਆਂ ਨੂੰ ਮਿਲਦੇ ਹਨ ਅਤੇ ਚੁਗਲ ਚੁਗਲਾਂ ਨਾਲ ਮਿਲ ਕੇ ਦੂਜਿਆਂ ਦੀ ਨਿੰਦਾ ਕਰਦੇ ਹਨ। ਜਿਨ੍ਹਾਂ ਨੂੰ ਤੈਰਨਾ ਨਹੀਂ ਆਉਂਦਾ, ਉਹ ਨਾ ਤਰਨ ਵਾਲਿਆਂ ਨੂੰ ਮਿਲਦੇ ਹਨ ਅਤੇ ਤਾਰੂ ਤਰਨ ਵਾਲਿਆਂ ਨਾਲ ਰਲ ਕੇ ਪਾਰ ਲੰਘ ਜਾਂਦੇ ਹਨ। ਦੁਖੀ ਬੰਦੇ ਦੁਖੀਆਂ ਨੂੰ ਮਿਲਦੇ ਹਨ ਅਤੇ ਇਕੱਠੇ ਬੈਠ ਕੇ ਦੁੱਖ-ਦਰਦ ਵੰਡਾਉਂਦੇ ਹਨ। ਗੁਰਸਿੱਖ ਸਤਿ ਸੰਗਤ ਵਿਚ ਜਾ ਕੇ ਗੁਰਸਿੱਖਾਂ ਨਾਲ ਮੇਲ-ਮਿਲਾਪ ਕਰਦੇ ਹਨ (ਅਤੇ ਨਾਮ ਸਿਮਰਦੇ ਹਨ):

ਅਮਲੀ ਰਚਨਿ ਅਮਲੀਆ
ਸੋਫੀ ਸੋਫੀ ਮੇਲੁ ਕਰੰਦੇ।
ਜੂਆਰੀ ਜੂਆਰੀਆ
ਵੇਕਰਮੀ ਵੇਕਰਮ ਰਚੰਦੇ।
ਚੋਰਾ ਚੋਰਾ ਪਿਰਹੜੀ
ਠਗ ਠਗ ਮਿਲਿ ਦੇਸ ਠਗੰਦੇ।
ਮਸਕਰਿਆ ਮਿਲਿ ਮਸਕਰੇ
ਚੁਗਲਾ ਚੁਗਲ ਉਮਾਹਿ ਮਿਲੰਦੇ।
ਮਨਤਾਰੂ ਮਨਤਾਰੂਆਂ
ਤਾਰੂ ਤਾਰੂ ਤਾਰ ਤਰੰਦੇ।
ਦੁਖਿਆਰੇ ਦੁਖਿਆਰਿਆਂ
ਮਿਲਿ ਮਿਲਿ ਆਪਣੇ ਦੁਖ ਰੁਵੰਦੇ।
ਸਾਧਸੰਗਤਿ ਗੁਰਸਿਖੁ ਵਸੰਦੇ॥੪॥

# ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੪**

ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ
ਕਿਵ ਛੂਟਹ ਹਮ ਛੁਟਕਾਕੀ॥
ਹਰਿ ਹਰਿ ਜਪੁ ਬੇੜੀ ਹਰਿ ਤੁਲਹਾ
ਹਰਿ ਜਪਿਓ ਤਰੈ ਤਰਾਕੀ॥੧॥
ਹਰਿ ਜੀ ਲਾਜ ਰਖਹੁ ਹਰਿ ਜਨ ਕੀ॥
ਹਰਿ ਹਰਿ ਜਪਨੁ ਜਪਾਵਹੁ ਅਪਨਾ
ਹਮ ਮਾਗੀ ਭਗਤਿ ਇਕਾਕੀ॥ਰਹਾਉ॥
ਹਰਿ ਕੇ ਸੇਵਕ ਸੇ ਹਰਿ ਪਿਆਰੇ
ਜਿਨ ਜਪਿਓ ਹਰਿ ਬਚਨਾਕੀ॥
ਲੇਖਾ ਚਿਤ੍ਰ ਗੁਪਤਿ ਜੋ ਲਿਖਿਆ
ਸਭ ਛੂਟੀ ਜਮ ਕੀ ਬਾਕੀ॥੨॥
ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ
ਲਗਿ ਸੰਗਤਿ ਸਾਧ ਜਨਾ ਕੀ॥
ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ
ਸਿਵ ਚਰਿਓ ਚੰਦੁ ਚੰਦਾਕੀ॥੩॥
ਤੁਮ ਵਡ ਪੁਰਖ ਵਡ ਅਗਮ ਅਗੋਚਰ
ਤੁਮ ਆਪੇ ਆਪਿ ਅਪਾਕੀ॥
ਜਨ ਨਾਨਕ ਕਉ ਪ੍ਰਭ ਕਿਰਪਾ ਕੀਜੈ
ਕਰਿ ਦਾਸਨਿ ਦਾਸ ਦਸਾਕੀ॥੪॥

ਗੁਰੂ ਰਾਮ ਦਾਸ ਜੀ ਸਵਾਲ ਕਰਦੇ ਹਨ- ਹੇ ਭਾਈ! ਕੋਈ ਐਸਾ ਧਰਮ ਦੱਸ, ਜਿਸ ਨਾਲ ਇਸ ਕਲਜੁਗ ਵਿਚ ਝਗੜੇ ਕਲੇਸ਼ ਨਾਲ ਭਰੇ ਸਮੇਂ ਅਤੇ ਜਗਤ ਦੇ ਕਲੇਸ਼ਾਂ ਤੋਂ ਛੁਟਕਾਰਾ ਪਾਇਆ ਜਾ ਸਕੇ, ਮੈਂ ਇਨ੍ਹਾਂ ਝਮੇਲਿਆਂ ਵਿਚੋਂ ਬਚਣਾ ਚਾਹੁੰਦਾ ਹਾਂ, ਦੱਸ ਕਿਵੇਂ ਬਚਾਂ? ਹਰਿ ਹਰਿ ਜਪੁ ਬੇੜੀ ਹਰਿ ਤੁਲਹਾ, ਹੇ ਭਾਈ! ਵਿਕਾਰਾਂ ਨਾਲ ਭਰੇ ਭਵਜਲ ਵਿਚੋਂ ਲੰਘਣ ਲਈ ਹਰਿ ਨਾਮ ਹੀ ਬੇੜੀ ਹੈ, ਨਾਮ ਹੀ ਤੁਲਾ ਹੈ, ਜਿਨ੍ਹਾਂ ਨੇ ਨਾਮ ਜਪਿਆ, ਉਹ ਤਾਰੂ ਬਣ ਕੇ ਪਾਰ ਲੰਘ ਗਏ।

ਹਰਿ ਜੀ ਲਾਜ ਰਖਹੁ ਹਰਿ ਜਨ ਕੀ॥
ਹਰਿ ਹਰਿ ਜਪਨੁ ਜਪਾਵਹੁ ਅਪਨਾ
ਹਮ ਮਾਗੀ ਭਗਤਿ ਇਕਾਕੀ॥ਰਹਾਉ॥

ਸ਼ਬਦ ਦੀ ਰਹਾਉ ਵਾਲੀ ਪੰਕਤੀ ਵਿਚ ਸਤਿਗੁਰੂ ਰਾਮਦਾਸ ਅਕਾਲ ਪੁਰਖ ਪਰਮੇਸ਼ਵਰ ਕੋਲ ਅਰਦਾਸ ਕਰਦੇ ਹਨ- ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, ਮੋਹ ਮਾਇਆ ਤੇ ਵਿਕਾਰਾਂ ਨਾਲ ਭਰੇ ਸੰਸਾਰ ਦੇ ਝਮੇਲਿਆਂ ਵਿਚੋਂ ਆਪਣੇ ਸੇਵਕ ਦੀ ਲਾਜ ਰੱਖ ਲੈ। ਹੇ ਮੇਰੇ ਪ੍ਰਭ ਜੀਉ! ਮੈਨੂੰ ਆਪਣਾ ਨਾਮ ਜਪਣ ਦੀ ਦਾਤ ਦੇਹ, ਮੈਂ ਤੇਰੇ ਕੋਲੋਂ ਸਿਰਫ ਤੇਰੀ ਭਗਤੀ ਦਾ ਦਾਨ ਹੀ ਮੰਗ ਰਿਹਾ ਹਾਂ ਜੀ।

ਹਰਿ ਕੇ ਸੇਵਕ ਸੇ ਹਰਿ ਪਿਆਰੇ
ਜਿਨ ਜਪਿਓ ਹਰਿ ਬਚਨਾਕੀ॥
ਲੇਖਾ ਚਿਤ੍ਰ ਗੁਪਤਿ ਜੋ ਲਿਖਿਆ
ਸਭ ਛੂਟੀ ਜਮ ਕੀ ਬਾਕੀ॥੨॥

ਹੇ ਭਾਈ! ਜਿਨ੍ਹਾਂ ਵੱਡੇ ਭਾਗਾਂ ਵਾਲੇ ਮਨੁੱਖਾਂ ਨੇ ਗੁਰੂ ਦੇ ਬਚਨ ਮੰਨ ਕੇ ਪ੍ਰਭੂ ਦਾ ਨਾਮ ਜਪਿਆ, ਉਹ ਸੇਵਕ ਉਸ ਹਰੀ ਪ੍ਰਭੂ ਨੂੰ ਪਿਆਰੇ ਲਗਦੇ ਹਨ; ਹੇ ਭਾਈ! ਚਿਤ੍ਰ ਗੁਪਤ ਜੋ ਦੋਵੇਂ ਧਰਮਰਾਜ ਦੇ ਸੇਵਕ ਲਿਖਾਰੀ ਮੰਨੇ ਜਾਂਦੇ ਹਨ, ਉਨ੍ਹਾਂ ਜੋ ਲੇਖਾ ਲਿਖ ਕੇ ਰੱਖਿਆ ਹੋਇਆ ਸੀ, ਨਾਮ ਜਪਣ ਵਾਲੇ ਪ੍ਰਭੂ ਪਿਆਰੇ ਸੇਵਕਾਂ ਦਾ ਉਹ ਸਾਰਾ ਹਿਸਾਬ ਕਿਤਾਬ ਹੀ ਮੁਕ ਗਿਆ ਅਤੇ ਬਾਕੀ ਲੈਣ-ਦੇਣ ਕੁਝ ਨਾ ਬਚਿਆ।

ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ
ਲਗਿ ਸੰਗਤਿ ਸਾਧ ਜਨਾ ਕੀ॥
ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ
ਸਿਵ ਚਰਿਓ ਚੰਦੁ ਚੰਦਾਕੀ॥੩॥

ਸਤਿਗੁਰੂ ਜੀ ਆਖਦੇ ਹਨ- ਹੇ ਭਾਈ! ਜਿਨ੍ਹਾਂ ਸੰਤ ਜਨਾਂ, ਭਾਵ ਪ੍ਰਭੂ ਦੇ ਪਿਆਰਿਆਂ ਨੇ ਸਾਧ ਸੰਗਤਿ ਵਿਚ ਬੈਠ ਕੇ ਆਪਣੇ ਮਨ ਵਿਚ ਪਰਮਾਤਮਾ ਦੇ ਨਾਮ ਦਾ ਜਾਪ ਕੀਤਾ, ਉਨ੍ਹਾਂ ਦੇ ਅੰਦਰ ਉਹ ਭਵਜਲ ਤੋਂ ਪਾਰ ਕਰਨ ਵਾਲਾ ਪ੍ਰਭੂ ਆਪ ਪਰਗਟ ਹੋ ਗਿਆ; ਸੂਰਜ ਦੀ ਤਪਸ਼ ਵਰਗੀ ਤ੍ਰਿਸ਼ਨਾ ਦੀ ਸਾਰੀ ਅੱਗ ਵੀ ਬੁਝ ਗਈ ਅਤੇ ਉਨ੍ਹਾਂ ਦੇ ਅੰਦਰ ਠੰਢਕ ਦੇਣ ਵਾਲਾ ਸੀਤਲ ਚੰਦਰਮਾ ਚੜ੍ਹ ਪਿਆ ਜਿਸ ਨੇ ਵਿਕਾਰਾਂ ਦੇ ਤਪਦੇ ਸੂਰਜ ਨੂੰ ਸ਼ਾਂਤ ਕਰ ਦਿੱਤਾ।

ਤੁਮ ਵਡ ਪੁਰਖ ਵਡ ਅਗਮ ਅਗੋਚਰ
ਤੁਮ ਆਪੇ ਆਪਿ ਅਪਾਕੀ॥
ਜਨ ਨਾਨਕ ਕਉ ਪ੍ਰਭ ਕਿਰਪਾ ਕੀਜੈ
ਕਰਿ ਦਾਸਨਿ ਦਾਸ ਦਸਾਕੀ॥੪॥

ਸ਼ਬਦ ਦੇ ਅਖੀਰ ਵਿਚ ਜਗਤ ਦੇ ਤਾਰਨਹਾਰ ਸਤਿਗੁਰੂ ਉਪਦੇਸ਼ ਕਰਦੇ ਹਨ- ਹੇ ਪ੍ਰਭੂ ਜੀ! ਤੂੰ ਸਭ ਤੋਂ ਵੱਡਾ ਹੈਂ, ਸਰਬ ਵਿਆਪਕ ਹੈਂ, ਤੂੰ ਅਪਹੁੰਚ ਹੈਂ, ਦੁਨੀਆਵੀ ਅਕਲ ਨਾਲ ਤੇਰੇ ਤੱਕ ਪਹੁੰਚ ਨਹੀਂ ਹੋ ਸਕਦੀ, ਤੂੰ ਹਰ ਥਾਂ ਆਪ ਹੀ ਆਪ, ਆਪ ਹੀ ਆਪ ਹੈਂ; ਗੁਰਦੇਵ ਬੇਨਤੀ ਕਰਦੇ ਹਨ- ਹੇ ਪ੍ਰਭੂ! ਆਪਣੇ ਦਾਸ ਨਾਨਕ 'ਤੇ ਕਿਰਪਾ ਕਰੋ, ਮੈਨੂੰ ਆਪਣੇ ਦਾਸਾਂ ਦਾ ਦਾਸ ਬਣਾ ਲਓ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਿੱਖ ਧਰਮ ਦਾ ਸਿਆਸੀਕਰਨ

***ਗੁਰੂ ਸਾਹਿਬਾਨ ਨੇ ਜਿਹੜੀਆਂ ਅਲਾਮਤਾਂ ਤੋਂ ਲੋਕਾਈ ਨੂੰ ਛੁਟਕਾਰਾ ਦਿਵਾਉਣ ਲਈ ਸਿੱਖ ਧਰਮ ਦੀ ਨੀਂਹ ਰੱਖੀ ਸੀ, ਅੱਜ ਸਿੱਖ ਉਨ੍ਹਾਂ ਹੀ ਅਲਾਮਤਾਂ ਦੇ ਖੁਦ ਸ਼ਿਕਾਰ ਹੋਏ ਬੈਠੇ ਹਨ। ਬਾਬੇ ਨਾਨਕ ਨੇ ਜਿਨ੍ਹਾਂ ਹਾਕਮਾਂ ਨੂੰ 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਕਹਿ ਕੇ ਤ੍ਰਿਸਕਾਰਿਆ ਸੀ, ਸਿੱਖ ਉਨ੍ਹਾਂ ਦੇ ਹੀ ਗੁਲਾਮ ਬਣੇ ਬੈਠੇ ਹਨ। ਸਿੱਖਾਂ ਵਿਚ ਹਉਮੈ ਭਾਰੂ ਹੋ ਚੁਕੀ ਹੈ। ਗੁਰੂ ਘਰਾਂ ਦੇ ਪ੍ਰਬੰਧਕਾਂ ਵਿਚ ਲੜਾਈਆਂ ਇਸੇ ਹਉਮੈ ਦਾ ਹੀ ਨਤੀਜਾ ਹਨ। ਇਸ ਲੇਖ ਵਿਚ ਮਾਸਟਰ ਦੀਵਾਨ ਸਿੰਘ ਨੇ ਸਿੱਖਾਂ ਵਿਚ ਆ ਚੁਕੀਆਂ ਇਨ੍ਹਾਂ ਅਲਾਮਤਾਂ 'ਤੇ ਹੀ ਉਂਗਲ ਧਰੀ ਹੈ। -ਸੰਪਾਦਕ***

ਧਰਮ ਅਤੇ ਸਿਆਸਤ, ਸਮਾਜ ਦੇ ਦੋ ਪਹਿਲੂ ਹਨ। ਇਨ੍ਹਾਂ ਦੇ ਸਿਧਾਂਤ ਇਕ ਦੂਜੇ ਤੋਂ ਬਿਲਕੁਲ ਵੱਖਰੇ ਹਨ। ਧਰਮ ਆਦਮੀ ਨੂੰ ਚੰਗਾ ਜੀਵਨ ਬਤੀਤ ਕਰਨ ਦੀ ਸੇਧ ਦਿੰਦਾ ਹੈ, ਆਦਮੀ ਨੂੰ ਚੰਗਾ ਬਣਨ ਵਿਚ ਮਦਦ ਕਰਦਾ ਹੈ, ਇਨਸਾਨ ਨੂੰ ਰੱਬ ਨਾਲ ਜੋੜਦਾ ਹੈ। ਸਿਆਸਤ ਦਾ ਕੰਮ ਵੀ ਭਾਵੇਂ ਸਮਾਜ ਦਾ ਭਲਾ ਕਰਨਾ ਹੈ, ਪਰ ਸਿਆਸਤ ਆਦਮੀ ਨੂੰ ਸਰਕਾਰ ਨਾਲ ਜੋੜਦੀ ਹੈ। ਸਿਆਸਤ ਨੇ ਧਰਮ ਤੋਂ ਸੇਧ ਲੈ ਕੇ ਲੋਕ ਭਲਾਈ ਦੇ ਕੰਮ ਕਰਨੇ ਹੁੰਦੇ ਹਨ। ਧਰਮ ਦਾ ਦਰਜਾ ਹਰ ਸਮੇਂ ਸਿਆਸਤ ਤੋਂ ਉਪਰ ਹੋਣਾ ਚਾਹੀਦਾ ਹੈ। ਜਦੋਂ ਸਿਆਸਤ ਧਰਮ



**ਮਾਸਟਰ ਦੀਵਾਨ ਸਿੰਘ**

**ਕਾਰਟਰੇਟ, ਨਿਊ ਜਰਸੀ**
**ਫੋਨ: 732-850-2719**

ਉਤੇ ਭਾਰੂ ਹੋ ਜਾਵੇ ਤਾਂ ਮਜ਼ਲੂਮਾਂ ਦਾ ਘਾਣ ਹੁੰਦਾ ਹੈ। ਫਿਰ ਸਿਆਸਤਦਾਨ ਜਨਤਾ ਦੇ ਦੋਖੀ ਹੋ ਜਾਂਦੇ ਹਨ। 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਵਾਲੀ ਗੱਲ ਹੋ ਜਾਂਦੀ ਹੈ।

ਮੁਗਲਾਂ ਦੇ ਰਾਜ ਵਿਚ ਹਿੰਦੂ ਗੁਲਾਮੀ ਤੋਂ ਅੱਕ ਚੁਕੇ ਸਨ। ਮੁਗਲ ਭਾਰਤ ਵਿਚ ਸਿਰਫ ਇਕੋ ਇਕ ਧਰਮ ਇਸਲਾਮ ਚਾਹੁੰਦੇ ਸਨ। ਮੌਕੇ ਦੇ ਹਾਲਾਤ ਨੂੰ ਦੇਖਦਿਆਂ ਧਰਮ ਦੀ ਰੱਖਿਆ ਵਾਸਤੇ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਸਿਆਸਤ ਤੇ ਧਰਮ ਦਾ ਸੁਮੇਲ ਕੀਤਾ, ਅਕਾਲ ਤਖਤ ਦੀ ਉਸਾਰੀ ਕਰਵਾਈ, ਫੌਜਾਂ ਰੱਖੀਆਂ, ਜੰਗਾਂ ਲੜੀਆਂ ਅਤੇ ਧਰਮ ਤੇ ਮਜ਼ਲੂਮਾਂ ਦੀ ਰੱਖਿਆ ਕੀਤੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਵੀ ਸਿੱਖ ਧਰਮ ਦੀ ਹਿਫਾਜ਼ਤ ਵਾਸਤੇ ਮੁਗਲਾਂ ਦਾ ਟਾਕਰਾ ਤਲਵਾਰ ਨਾਲ ਕੀਤਾ। ਸਿੱਖੀ ਨੂੰ ਢਾਹ ਲਾਉਣ ਵਾਸਤੇ ਸਿਰਫ ਮੁਸਲਮਾਨ ਹੀ ਨਹੀਂ ਸਨ, ਕੁਝ ਸਿੱਖ ਵੀ ਅਜਿਹੇ ਸਨ ਜਿਹੜੇ ਅਜਿਹਾ ਕਰ ਰਹੇ ਸਨ। ਗੁਰੂ ਘਰ ਦੀਆਂ ਸੂਹਾਂ ਮੁਗਲਾਂ ਨੂੰ ਦਿੰਦੇ ਸਨ। ਇਨ੍ਹਾਂ ਲੋਕਾਂ ਨੂੰ ਮਸੰਦਾਂ ਵਜੋਂ ਜਾਣਿਆ ਗਿਆ। ਇਨ੍ਹਾਂ ਮਸੰਦਾਂ ਦਾ ਸਫਾਇਆ ਕਰਨ ਵਾਸਤੇ ਗੁਰੂ ਜੀ ਨੇ ਮਿੱਟੀ ਦਾ ਤੇਲ ਪਾ ਕੇ ਸਾਰੇ ਫੂਕ ਦਿੱਤੇ ਸਨ।

ਹੁਣ ਸਮਾਂ ਬਦਲ ਚੁਕਾ ਹੈ। ਹੁਣ ਸਿੱਖੀ ਨੂੰ ਡਰ ਮੁਗਲਾਂ ਤੋਂ ਨਹੀਂ, ਉਨ੍ਹਾਂ ਮਸੰਦਾਂ ਦੀਆਂ ਉਲਾਦਾਂ ਤੋਂ ਹੈ ਜਿਹੜੇ ਗੁਰੂ ਘਰਾਂ 'ਤੇ ਨਾਜਾਇਜ਼ ਕਬਜ਼ੇ ਕਰ ਕੇ ਬੈਠੇ ਹਨ। ਇਤਿਹਾਸ ਦੇ ਪੰਨੇ ਫਰੋਲ ਕੇ ਦੇਖੋ: ਜਦੋਂ ਵੀ ਸਿਆਸਤ ਧਰਮ ਉਤੇ ਭਾਰੂ ਹੋਈ, ਮਜ਼ਲੂਮਾਂ ਦਾ ਘਾਣ ਹੋਇਆ ਹੈ। ਤਾਜ਼ਾ ਮਿਸਾਲ ਪਿਛਲੇ ਦਸਾਂ ਸਾਲਾਂ ਦੀ ਹੈ ਜਦੋਂ ਸਿਆਸਤ ਨੇ ਧਰਮ ਨੂੰ ਗੁਲਾਮ ਬਣਾ ਲਿਆ। ਰਾਜੇ ਹੰਕਾਰੀ ਅਤੇ ਪਰਜਾ ਦੇ ਦੋਖੀ ਹੋ ਗਏ, ਗੁਰੂ ਘਰਾਂ ਤੇ ਪਰਜਾ ਨੂੰ ਰੱਜ ਕੇ ਲੁੱਟਿਆ। ਜਿਹੜਾ ਵੀ ਇਨ੍ਹਾਂ ਖਿਲਾਫ ਬੋਲਿਆ, ਉਸ ਨੂੰ ਕੁੱਟਿਆ ਗਿਆ।

ਸਿੱਖੀ ਦੀ ਢਹਿੰਦੀ ਕਲਾ ਦਾ ਇਕ ਕਾਰਨ ਇਹ ਹੈ ਕਿ ਅਸੀਂ ਸਿੱਖੀ ਨੂੰ ਸਿਰਫ ਬਾਣੇ ਤੱਕ ਸੀਮਤ ਕਰ ਦਿੱਤਾ ਹੈ, ਬੰਦੇ ਦੇ ਕਿਰਦਾਰ ਬਾਰੇ ਕੋਈ ਗੱਲ ਨਹੀਂ ਕੀਤੀ ਜਾਂਦੀ। ਅੱਜ ਵੀ ਮਸੰਦਾਂ ਨੇ ਸਿੱਖੀ ਦਾ ਸਿਆਸੀਕਰਨ ਕੀਤਾ ਹੋਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜੇ ਵੀ ਅਨੇਕਾਂ ਸਿੱਖ ਅੰਮ੍ਰਿਤਧਾਰੀ ਹਨ, ਸੱਚ ਬੋਲਦੇ ਹਨ, ਧਰਮ ਦੀ ਕਿਰਤ ਕਰਦੇ ਹਨ, ਉਹ ਦਰਅਸਲ ਰੱਬ ਦਾ ਰੂਪ ਹਨ, ਪੂਜਣ ਯੋਗ ਹਨ। ਇਨ੍ਹਾਂ ਦੇ ਸਿਰ 'ਤੇ ਹੀ ਸਿੱਖੀ ਟਿਕੀ ਹੋਈ ਹੈ।

ਅਕਾਲ ਤਖਤ ਅਜਿਹਾ ਸਥਾਨ ਹੈ ਜਿਸ ਦਾ ਨਾਂ ਸੁਣਦਿਆਂ ਹੀ ਹਰ ਸਿੱਖ ਦਾ ਸਿਰ ਝੁਕ ਜਾਂਦਾ ਹੈ, ਪਰ ਇਹ ਵੀ ਹੁਣ ਸਿਆਸਤ ਦਾ ਗੁਲਾਮ ਹੋ ਚੁਕਾ ਹੈ। ਮੁਸਲਮਾਨਾਂ ਦੇ ਮੱਕੇ ਵਿਚ ਜੋ ਇਮਾਮ ਬਣਦਾ ਹੈ, ਉਹ ਆਮ ਕਰ ਕੇ ਉਨ੍ਹਾਂ ਵਿਚੋਂ ਹੁੰਦਾ ਹੈ ਜਿਹੜੇ ਮਿਸਰ ਵਿਚ ਅਲ-ਅਜ਼ਹਰ, ਮੱਕੇ ਵਿਚ ਉਮ ਅਲ-ਕੁੱਰਾ ਆਦਿ ਯੂਨੀਵਰਸਿਟੀਆਂ ਤੋਂ ਪੜ੍ਹੇ ਹੋਏ ਹੁੰਦੇ ਹਨ। ਕੈਥੋਲਿਕ ਇਸਾਈਆਂ ਦਾ ਪੋਪ ਫਰਾਂਸਿਸ (ਜਾਰਜ ਮਾਰੀਓ ਬਰਗੋਗਲੀਓ) ਹੈ ਜੋ 1936 'ਚ ਅਰਜਨਟਾਈਨਾ ਦੇ ਸ਼ਹਿਰ ਬਿਊਨਿਸ ਏਰੀਸ ਵਿਚ ਪੈਦਾ ਹੋਇਆ। ਪਿਛਲੇ 60 ਸਾਲਾਂ ਤੋਂ ਪਾਦਰੀ, ਬਿਸ਼ਪ, ਕਾਰਡੀਨੈਲ ਦੇ ਤੌਰ 'ਤੇ ਸੇਵਾ ਕਰ ਰਿਹਾ ਸੀ, ਫਿਰ ਉਸ ਨੂੰ ਪੋਪ ਥਾਪਿਆ ਗਿਆ, ਪਰ ਬੜੇ ਦੁਖ ਦੀ ਗੱਲ ਹੈ ਕਿ ਜਦੋਂ ਅਸੀਂ ਪੜ੍ਹਦੇ-ਸੁਣਦੇ ਹਾਂ ਕਿ ਸਿੱਖਾਂ ਦੇ ਪੋਪ, ਮਤਲਬ ਅਕਾਲ ਤਖਤ ਦੇ ਜਥੇਦਾਰ, ਸਿਆਸਤ ਦੇ ਬਾਬਾ ਬੋਹੜ ਕਹੇ ਜਾਂਦੇ ਆਗੂ ਦੀ ਜੇਬ ਵਿਚੋਂ ਨਿਕਲਦੇ ਹਨ। ਇਹ ਧਾਰਮਿਕ ਆਗੂ ਤਾਂ ਸਿਆਸਤ ਦੇ ਗੁਲਾਮ ਹਨ। ਧਰਮ ਦੇ ਅਜਿਹੇ ਠੇਕੇਦਾਰ ਜਿਹੜੇ ਗੁਰੂ ਘਰ ਲੁੱਟ ਲੁੱਟ ਕੇ ਫਾਈਵ ਸਟਾਰ ਹੋਟਲ ਬਣਾਉਣ ਲੱਗੇ ਹੋਏ ਹਨ, ਉਹ ਕੌਮ ਦਾ ਕੀ ਭਲਾ ਕਰਨਗੇ?

ਲੰਗਰ ਦੀ ਰਵਾਇਤ ਸਿੱਖ ਧਰਮ ਦੀ ਵੱਡੀ ਵਿਲੱਖਣਤਾ ਹੈ, ਪਰ ਇਸ ਦਾ ਵੀ ਹੁਣ ਸਿਆਸੀਕਰਨ ਹੋ ਚੁਕਾ ਹੈ। ਦੋ ਤਿੰਨ ਸਾਲ ਪਹਿਲਾਂ ਗੁਰੂ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਅਨੰਦਪੁਰ ਸਾਹਿਬ ਗਏ। ਸਿੱਖ ਨੂੰ ਭੁੱਖ ਹੋਵੇ ਜਾਂ ਨਾ ਹੋਵੇ, ਪਰ ਉਹ ਚਾਹੁੰਦਾ ਹੈ ਕਿ ਗੁਰੂ ਦਾ ਲੰਗਰ ਜ਼ਰੂਰ ਛਕਿਆ ਜਾਵੇ। ਮਨ ਨੂੰ ਬੜੀ ਹੈਰਾਨੀ ਅਤੇ ਦੁਖ ਵੀ ਹੋਇਆ ਕਿ ਗੁਰੂ ਘਰ ਲੰਗਰ ਪ੍ਰਸ਼ਾਦੇ ਦਾ ਇਹ ਹਾਲ ਹੋ ਸਕਦਾ ਹੈ! ਥਾਲੀਆਂ ਵਿਚ ਦਾਲ ਸਬਜ਼ੀ ਦੀ ਥਾਂ ਕਾਲਾ ਧੌਲਾ ਪਾਣੀ ਪਾਇਆ ਗਿਆ। ਦਾਲ ਦਾ ਦਾਣਾ ਤਾਂ ਚੁੱਭੀ ਮਾਰਿਆਂ ਵੀ ਨਹੀਂ ਸੀ ਲੱਭਦਾ। ਪਤਾ ਨਹੀਂ ਸੀ ਲੱਗਦਾ ਕਿ ਇਹ ਛੋਲਿਆਂ ਦੀ ਦਾਲ ਹੈ ਕਿ ਮਾਹਾਂ ਦੀ। ਧੁਆਂਖੇ ਹੋਏ ਪ੍ਰਸ਼ਾਦੇ ਸੇਵਾਦਾਰ ਦੂਰੋਂ ਹੀ ਵਗਾਹ ਵਗਾਹ ਸੁੱਟ ਰਿਹਾ ਸੀ। ਕੱਚੇ ਚੌਲਾਂ ਨੂੰ ਤਾਂ ਉਹੀ ਬੰਦਾ ਖਾ ਸਕਦਾ ਸੀ ਜਿਹੜਾ ਹਫਤੇ ਦਾ ਭੁੱਖਾ ਹੋਵੇ। ਤਖਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ ਸਿੱਖਾਂ ਦਾ ਉਹ ਪਵਿੱਤਰ ਸਥਾਨ ਹੈ ਜਿਥੇ ਦਸਵੇਂ ਪਾਤਸ਼ਾਹ ਨੇ ਜ਼ਿੰਦਗੀ ਦੇ ਤੀਹ ਸਾਲ ਗੁਜ਼ਾਰੇ। ਦਾਸ ਦੀ ਤਾਂ ਕੋਈ ਔਕਾਤ ਨਹੀਂ ਕਿ ਐਡੇ ਵੱਡੇ ਗੁਰੂ ਘਰ ਦੀ ਨੁਕਤਾਚੀਨੀ ਕਰ ਸਕੇ। ਪੁੱਛਣ 'ਤੇ ਪਤਾ ਲੱਗਾ ਕਿ ਸ਼੍ਰੋਮਣੀ ਕਮੇਟੀ ਵਾਲੇ ਲੰਗਰ ਵੀ ਠੇਕੇ 'ਤੇ ਦੇ ਦਿੰਦੇ ਹਨ। ਦਿੰਦੇ ਵੀ ਉਨ੍ਹਾਂ ਨੂੰ ਹਨ ਜਿਹੜੇ ਉਨ੍ਹਾਂ ਦੇ ਚਹੇਤੇ ਹੋਣ।

ਸਿਆਸਤਦਾਨਾਂ ਦਾ ਭ੍ਰਿਸ਼ਟ ਹੋਣਾ ਤਾਂ ਹੁਣ ਆਮ ਜਿਹੀ ਗੱਲ ਹੈ। ਜੇ ਕਿਸੇ ਨੇ ਪੁਲਿਸ ਵਿਚ ਥਾਣੇਦਾਰ ਦੀ ਨੌਕਰੀ ਲੈਣੀ ਹੈ ਤਾਂ ਉਸ ਨੂੰ 20 ਲੱਖ ਰੁਪਏ ਦੇਣੇ ਪੈਂਦੇ ਹਨ। ਇਹ ਸੁਣ ਕੇ ਹੋਰ ਵੀ ਹੈਰਾਨੀ ਹੁੰਦੀ ਹੈ ਕਿ ਜੇ ਕਿਸੇ ਨੇ ਗੁਰੂ ਘਰ ਜਿਹੜੇ ਸ਼੍ਰੋਮਣੀ ਕਮੇਟੀ ਦੇ ਥੱਲੇ ਹਨ, ਵਿਚ ਨੌਕਰੀ ਲੈਣੀ ਹੋਵੇ ਤਾਂ ਉਸ ਨੂੰ ਵੀ ਇਲਾਕੇ ਦੇ ਜਥੇਦਾਰ ਨੂੰ ਲੱਖਾਂ ਰੁਪਏ ਦੇਣੇ ਪੈਂਦੇ ਹਨ। ਇਹ ਤਾਂ ਫਿਰ ਕੁਦਰਤੀ ਹੀ ਹੈ ਕਿ ਜੇ ਕੋਈ ਲੱਖਾਂ ਰੁਪਏ ਦੇ ਕੇ ਥਾਣੇਦਾਰ ਲਗਦਾ ਹੈ ਤਾਂ ਪੈਸੇ ਪੂਰੇ ਕਰਨ ਵਾਸਤੇ ਲੋਕਾਂ ਦੀਆਂ ਜੇਬਾਂ ਕੱਟੇਗਾ ਅਤੇ ਇਸੇ ਤਰ੍ਹਾਂ ਗ੍ਰੰਥੀ ਪੇਸੇ ਪੂਰੇ ਕਰਨ ਲਈ ਗੁਰੂ ਘਰ ਦੀਆਂ ਗੋਲਕਾਂ ਹੀ ਲੁੱਟੇਗਾ। ਸੁਣਨ ਵਿਚ ਆਇਆ ਹੈ ਕਿ ਇਨ੍ਹਾਂ ਜਥੇਦਾਰਾਂ ਦੇ ਰਿਸ਼ਤੇਦਾਰ ਸ਼੍ਰੋਮਣੀ ਕਮੇਟੀ ਦੀ ਪੇਅ-ਰੋਲ 'ਤੇ ਹਨ। ਸਾਰਾ ਮਹੀਨਾ ਆਪਣਾ ਖੇਤੀ ਦਾ ਕੰਮ ਕਰਦੇ ਹਨ ਅਤੇ ਮਹੀਨੇ ਬਾਅਦ ਜਾ ਕੇ ਆਪਣੀ ਤਨਖਾਹ ਲੈ ਆਉਂਦੇ ਹਨ।

ਇਕ ਪਾਸੇ ਇਹ ਮਸੰਦ ਗੁਰੂ ਘਰਾਂ ਦੀ ਮਾਇਆ ਨੂੰ ਦੋਵੇਂ ਹੱਥੀਂ ਲੁੱਟਦੇ ਹਨ; ਦੂਜੇ ਪਾਸੇ ਕਰੋੜਾਂ ਹੀ ਲੋਕਾਂ ਦੇ ਸਿਰ ਉਤੇ ਛੱਤ ਨਹੀਂ, ਖਾਣ ਵਾਸਤੇ ਦੋ ਟਾਈਮ ਦੀ ਰੋਟੀ ਨਹੀਂ ਜੁੜਦੀ। ਸਿਆਣੇ ਕਹਿੰਦੇ ਨੇ ਕਿ ਜੇ ਤੰਦ ਟੁੱਟਿਆ ਹੋਵੇ ਤਾਂ ਗੰਢਿਆ ਜਾ ਸਕਦਾ, ਪਰ ਜੇ ਤਾਣਾ ਹੀ ਉਲਝ ਜਾਵੇ ਤਾਂ ਕੋਈ ਹੀਲਾ ਨਹੀ। ਜੇ ਕੋਈ ਸੱਚ ਬੋਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਧਰਮ ਦੇ ਇਹ ਠੇਕੇਦਾਰ ਤਨਖਾਹਾਂ ਲਾਉਂਦੇ ਹਨ, ਪੰਥ ਵਿਚੋਂ ਛੇਕ ਦਿੰਦੇ ਹਨ।

ਹੁਣ ਲੋੜ ਹੈ, ਧਰਮ ਨੂੰ ਬਿਲਕੁਲ ਵਖਰਾ ਕਰਨ ਦੀ। ਹੁਣ ਲੋੜ ਹੈ, ਅਕਾਲੀ ਫੂਲਾ ਸਿੰਘ ਵਰਗੇ ਜਥੇਦਾਰ ਦੀ ਜਿਹੜਾ ਮਹਾਰਾਜਿਆਂ ਨੂੰ ਵੀ ਕੋਰੜੇ ਮਾਰਨ ਦੀ ਹਿੰਮਤ ਰੱਖਦਾ ਹੋਵੇ। ਹੁਣ ਲੋੜ ਹੈ, ਸਿੱਖਾਂ ਨੂੰ ਇਕੱਠਿਆਂ ਕਰਨ ਦੀ। ਧਰਮ ਦੇ ਖੇਤਰ ਵਿਚ ਉਹੀ ਬੰਦੇ ਮੋਹਰੇ ਆਉਣੇ ਚਾਹੀਦੇ ਹਨ ਜਿਹੜੇ 'ਪ੍ਰਾਣ ਜਾਏ ਪਰ ਵਚਨ ਨਾ ਜਾਈ' ਵਿਚ ਵਿਸ਼ਵਾਸ ਰੱਖਦੇ ਹੋਣ। ਧਰਮ ਦੇ ਆਗੂ ਸੱਚੇ ਸੁੱਚੇ ਅਤੇ ਤਿਆਗੀ ਹੋਣੇ ਚਾਹੀਦੇ ਹਨ ਜਿਹੜੇ ਮਾਇਆ ਦੇ ਮੋਹ ਤੋਂ ਉਪਰ ਉਠ ਚੁਕੇ ਹੋਣ ਅਤੇ ਸਿਆਸਤ ਨਾਲ ਉਨ੍ਹਾਂ ਦਾ ਦੂਰ ਦਾ ਵੀ ਰਿਸ਼ਤਾ ਨਾ ਹੋਵੇ। ਇਉਂ ਕਰ ਕੇ ਹੀ ਸਿੱਖ ਧਰਮ ਇਨ੍ਹਾਂ ਸਿਆਸਤਦਾਨਾਂ ਤੋਂ ਆਜ਼ਾਦ ਹੋ ਸਕਦਾ ਹੈ।

# ਨਾਨਕ ਸੰਦੇਸ਼ ਤੋਂ ਖਾਲਸੇ ਦੀ ਸਿਰਜਣਾ ਤੱਕ

ਸੰਨ 1699 ਦੀ ਵਿਸਾਖੀ ਤੱਕ ਪਹੁੰਚਣ ਲਈ ਤਕਰੀਬਨ ਦੋ ਸੌ ਸਾਲ ਲੱਗੇ। ਗੁਰੂ ਨਾਨਕ ਦੇ ਆਗਮਨ ਦਾ ਸਮਾਂ ਉਹ ਸੀ ਜਿਸ ਵੇਲੇ ਦੇਸ਼ ਦੀ ਧਰਤੀ 'ਤੇ ਬਹੁਤ ਲੁਟੇਰੇ ਲੁੱਟਾਂ ਕਰ ਚੁੱਕੇ ਸਨ। ਕਈ ਹਮਲਾਵਰ ਹਮਲੇ ਕਰ ਕੇ ਧਨ-ਮਾਲ ਦੇ ਨਾਲ ਨਾਲ ਧੀਆਂ-ਭੈਣਾਂ ਨੂੰ ਵੀ ਲੁੱਟ ਦਾ ਮਾਲ ਸਮਝ ਲੈ ਗਏ ਸਨ। ਆਬਾਦੀ ਬੇਜਾਨ ਹੋ ਚੁੱਕੀ ਸੀ। ਮਨੁੱਖਤਾ ਵਿਚ ਅਸਮਾਨਤਾ ਸੀ। ਪੈਸੇ ਵਾਲੇ ਅਤੇ ਪੰਡਤ ਲੋਕ ਆਪਣੇ ਆਪ ਨੂੰ ਉਚਾ ਸੁੱਚਾ ਤੇ ਪਵਿਤਰ ਸਮਝਦੇ ਸਨ ਅਤੇ ਗਰੀਬਾਂ ਨੂੰ

**ਕਿਰਪਾਲ ਕੌਰ**
**ਫੋਨ: 815-356-9535**

ਨੀਵਾਂ।

ਗੁਰੂ ਨਾਨਕ ਨੇ ਏਕਤਾ ਦਾ ਸੁਨੇਹਾ ਦਿੱਤਾ। ਗਰੀਬ ਜਨਤਾ ਵਿਚ ਹਿੰਮਤ ਨਹੀਂ ਸੀ, ਆਵਾਜ਼ ਉਚੀ ਕਰਨ ਦੀ। ਉਹ ਤਾਂ ਛੂਆ-ਛੂਤ, ਭਰਮ-ਭੁਲੇਖੇ, ਜਾਦੂ-ਟੂਣੇ, ਮੜ੍ਹੀ-ਮਸਾਣ ਪੂਜਣ ਅਤੇ ਧਾਗੇ-ਤਵੀਤਾਂ ਦੇ ਵਹਿਮ ਵਿਚ ਫਸੀ ਪਈ ਸੀ। ਧੂਣੀਆਂ ਦੇ ਧੂੰਏਂ, ਪੰਡਤਾਂ ਦੇ ਹਵਨ ਦੀ ਅੱਗ ਨੇ ਉਨ੍ਹਾਂ ਨੂੰ ਬੇ-ਜੋਸ਼ ਕੀਤਾ ਪਿਆ ਸੀ। ਗੁਰੂ ਨਾਨਕ ਨੇ ਘਰ ਦਾ ਕੰਮ ਕਰ ਛੱਡ ਕੇ ਲੋਕਾਂ ਨੂੰ ਜਗਾਉਣ ਦਾ ਕੰਮ ਸ਼ੁਰੂ ਕੀਤਾ। ਡਿੱਗਿਆਂ ਹੋਇਆਂ ਨੂੰ ਖੜ੍ਹਾ ਕੀਤਾ। ਪਿਛੇ ਰਹਿ ਗਿਆਂ ਨੂੰ ਨਾਲ ਰਲਾਉਣਾ ਸ਼ੁਰੂ ਕੀਤਾ।

ਜਿਥੇ ਇਨ੍ਹਾਂ ਅਖੌਤੀ ਸੰਤਾਂ ਯੋਗੀਆਂ ਦੇ ਡੇਰੇ ਸਨ, ਉਹ ਉਥੇ ਜਾ ਕੇ ਉਨ੍ਹਾਂ ਨਾਲ ਸੰਵਾਦ ਰਚਾਉਂਦੇ, ਉਨ੍ਹਾਂ ਵੱਲੋਂ ਅਪਣਾਏ ਰਾਹ ਨੂੰ ਗਲਤ ਸਿੱਧ ਕਰਦੇ। ਗੁਰੂ ਜੀ ਨੇ ਮੁਗਲ ਰਾਜ ਦੀ ਚੱਕੀ ਵੀ ਚਲਾਈ ਅਤੇ ਰੱਬ ਨੂੰ ਉਲਾਂਭਾ ਵੀ ਦਿੱਤਾ,- "ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ" (ਪੰਨਾ 360)। ਬਸ ਇਹ ਉਲਾਂਭਾ ਸੀ ਜਿਸ ਨੇ ਸਿੱਖੀ ਅਤੇ ਫਿਰ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਨੂੰ ਜਨਮ ਦਿੱਤਾ। ਮਨੁੱਖੀ ਏਕਤਾ ਦਾ ਬੀਜ ਬੀਜਿਆ ਗਿਆ। ਸੰਗਤ-ਪੰਗਤ ਪੰਗਤ-ਸੰਗਤ ਦਾ ਇਨਕਲਾਬੀ ਰੂਪ ਹੋਰ ਪੱਕਾ ਹੋਇਆ।

ਗੁਰੂ ਨਾਨਕ ਤੋਂ ਪਿੱਛੋਂ ਅੱਠ ਗੁਰੂਆਂ ਨੇ ਇਸੇ ਵਿਚਾਰ ਨੂੰ ਅੱਗੇ ਤੋਰਿਆ। ਇਹ ਵਿਚਾਰ ਤੁਰਦੇ ਤੁਰਦੇ ਪਹੁੰਚੇ 1699 ਦੀ ਵਿਸਾਖੀ ਵਾਲੇ ਦਿਨ, ਅਨੰਦਪੁਰ ਸਾਹਿਬ ਦੀ ਧਰਤ ਉਤੇ। ਗੁਰੂ ਨਾਨਕ ਤੋਂ ਪਿਛੋਂ ਗੁਰੂ ਅੰਗਦ ਦੇਵ ਨੇ ਪੰਗਤ ਤੇ ਸੰਗਤ ਨੂੰ ਅਮਲੀ ਜਾਮਾ ਪੁਆਇਆ। ਗੋਇੰਦਵਾਲ ਵਿਚ ਲੰਗਰ ਚਲਾਇਆ। ਉਚੇ-ਨੀਵੇਂ, ਗਰੀਬ-ਅਮੀਰ, ਸਭ ਪੰਗਤ ਵਿਚ ਬਹਿ ਕੇ ਲੰਗਰ ਛਕਣ। ਬਉਲੀ ਖੁਦਵਾਈ ਗਈ ਜਿਥੇ ਸਭ ਲੋਕ ਜਾ ਕੇ ਇਸ਼ਨਾਨ ਕਰ ਸਕਦੇ ਸਨ। ਗੁਰੂ ਰਾਮਦਾਸ ਨੇ ਅੰਮ੍ਰਿਤਸਰ ਵਿਚ ਸਰੋਵਰ ਦਾ ਨਿਰਮਾਣ ਕੀਤਾ। ਗੁਰੂ ਜੀ ਬਰਾਬਰੀ ਦਾ ਸੁਨੇਹਾ ਦ੍ਰਿੜ ਕਰਵਾ ਰਹੇ ਸਨ। ਗੁਰੂ ਅਰਜਨ ਦੇਵ ਨੇ ਹਰਿਮੰਦਰ ਦਾ ਨਿਰਮਾਣ ਕੀਤਾ। ਗੁਰੂਆਂ ਤੇ ਭਗਤਾਂ ਦੀ ਬਾਣੀ ਨੂੰ ਗ੍ਰੰਥ ਰੂਪ ਵਿਚ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕੀਤਾ।

ਉਸ ਵੇਲੇ ਜਿਹੜੇ ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਸਮਝਦੇ ਸਨ, ਉਹ ਘਬਰਾ ਗਏ। ਨਾਨਕਪੰਥੀ ਅੱਗੇ ਅੱਗੇ ਜਾ ਰਹੇ ਸਨ। ਪੰਡਤਾਂ ਤੇ ਰਾਜੇ-ਰਜਵਾੜਿਆਂ ਨੂੰ ਚਿੰਤਾ ਹੋ ਗਈ ਕਿ ਉਨ੍ਹਾਂ ਦੀ ਸਰਦਾਰੀ ਖਤਰੇ ਵਿਚ ਹੈ। ਉਨ੍ਹਾਂ ਮੁਗਲ ਹਾਕਮਾਂ ਦੇ ਕੰਨ ਭਰਨੇ ਸ਼ੁਰੂ ਕੀਤੇ। ਆਖਰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਨੂੰ ਸ਼ਹੀਦੀ ਦੇਣੀ ਪਈ। ਇਸ ਸ਼ਹੀਦੀ ਨੇ ਜਿਥੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਿਚ ਰੋਹ ਭਰਿਆ, ਉਥੇ ਚੁਗਲਖੋਰ ਹੋਰ ਡਰ ਗਏ। ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਸਿੱਖਾਂ ਦੀ ਤੰਦਰੁਸਤੀ ਲਈ ਖੇਡਾਂ ਦਾ ਇੰਤਜ਼ਾਮ ਕੀਤਾ। ਘੋੜੇ ਰੱਖਣ ਲਈ ਪ੍ਰੇਰਿਆ। ਘੋੜ-ਸਵਾਰੀ, ਨੇਜ਼ਾਬਾਜ਼ੀ ਦੀ ਸਿੱਖਿਆ ਦਾ ਪ੍ਰਬੰਧ ਕੀਤਾ। ਇਉਂ ਭਗਤੀ ਨਾਲ ਸ਼ਕਤੀ ਦਾ ਸੁਮੇਲ ਹੋਣ ਲੱਗਾ। ਅਕਾਲ ਤਖ਼ਤ ਦਾ ਨਿਰਮਾਣ ਹੋਇਆ। ਇਸ ਨਾਲ ਮੁਗਲ ਰਾਜ ਦੇ ਮੱਥੇ ਵੱਟ ਪੈਣ ਲੱਗੇ। ਔਰੰਗਜ਼ੇਬ ਦਾ ਰਾਜ ਆਇਆ, ਉਹ ਬਹੁਤ ਕੱਟੜ ਸੀ। ਉਸ ਕਿਹਾ, ਸਾਰੇ ਪੰਡਤਾਂ ਦੇ ਜਨੇਊ ਲਾਹ ਦਿਓ, ਬੋਦੀ ਕੱਟ ਦਿਓ। ਪੰਡਤਾਂ ਵਿਚ ਹਾਹਾਕਾਰ ਮਚ ਗਈ, ਪਰ ਕੋਈ ਨਹੀਂ ਸੀ ਜਿਸ ਕੋਲੋਂ ਸਹਾਇਤਾ ਮਿਲੇ। ਉਸ ਵੇਲੇ ਗੁਰੂ ਤੇਗ ਬਹਾਦਰ ਆਪਣੀ ਪੂਰਬ ਦੀ ਯਾਤਰਾ ਤੋਂ ਵਾਪਸ ਆ ਕੇ ਅਨੰਦਪੁਰ ਦੀ ਧਰਤੀ 'ਤੇ ਵਸ ਗਏ ਸਨ। ਕਸ਼ਮੀਰੀ ਪੰਡਤਾਂ ਨੂੰ ਕਿਸੇ ਦੱਸਿਆ ਕਿ ਪੰਜਾਬ ਜਾਓ, ਉਥੇ ਗੁਰੂ ਨਾਨਕ ਦੀ ਗੱਦੀ 'ਤੇ ਜੋ ਗੁਰੂ ਹੈ, ਉਸ ਤੋਂ ਮਦਦ ਮੰਗੋ। ਉਹ ਗੁਰੂ ਤੇਗ ਬਹਾਦਰ ਕੋਲ ਪਹੁੰਚੇ। ਦੁੱਖ ਦੱਸਿਆ। ਗੁਰੂ ਜੀ ਨੇ ਕਿਹਾ, ਤੁਸੀਂ ਔਰੰਗਜ਼ੇਬ ਨੂੰ ਕਹੋ- ਉਹ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੇ, ਅਸੀਂ ਵੀ ਬਣ ਜਾਵਾਂਗੇ। ਉਨ੍ਹਾਂ ਦੇ ਤਿਲਕ ਤੇ ਜੰਞੂ ਲਈ ਗੁਰੂ ਜੀ ਸ਼ਹਾਦਤ ਪਾ ਗਏ।

ਗੋਬਿੰਦ ਰਾਏ ਉਦੋਂ ਅਜੇ ਬਾਲ ਉਮਰ ਵਿਚ ਸਨ, ਪਰ ਉਹ ਉਸੇ ਤਰ੍ਹਾਂ ਅਗਵਾਈ ਕਰਨ ਲੱਗੇ ਜਿਵੇਂ ਪਹਿਲੇ ਸਾਰੇ ਗੁਰੂ ਕਰ ਗਏ ਸਨ। ਉਨ੍ਹਾਂ ਬਾਣੀ ਅਤੇ ਸਾਂਝੀਵਾਲਤਾ ਦਾ ਸੁਨੇਹਾ ਸੰਗਤਾਂ ਨੂੰ ਪੱਕਾ ਕਰਵਾਉਣਾ ਸ਼ੁਰੂ ਕੀਤਾ। ਨਾਲ ਹੀ ਕਸਰਤ, ਘੋੜ-ਸਵਾਰੀ ਨੇਜ਼ਾਬਾਜ਼ੀ ਤੇ ਯੁੱਧ ਦੀ ਸਿੱਖਿਆ ਦਾ ਪ੍ਰਬੰਧ ਕੀਤਾ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵਿਛੇ ਖੁੱਲ੍ਹੇ ਮੈਦਾਨਾਂ ਵਿਚ ਸ਼ਸਤਰ ਵਿਦਿਆ ਦਾ ਅਭਿਆਸ ਹੁੰਦਾ। ਨਾਲ ਲਗਦੇ ਸਥਾਨ ਪਉਂਟਾ ਸਾਹਿਬ ਵਾਲੀ ਜਗ੍ਹਾ 'ਤੇ ਵਿਦਿਆ ਯੱਗ ਵੀ ਲਾਇਆ। ਸੰਸਕ੍ਰਿਤ, ਪੰਜਾਬੀ, ਅਰਬੀ, ਫਾਰਸੀ ਦੇ ਵਿਦਵਾਨ ਬੁਲਾ ਕੇ ਉਥੇ ਰੱਖੇ। ਵਿਦਿਆ ਦੇ ਚਾਹਵਾਨ ਗ੍ਰੰਥਾਂ ਦਾ ਅਭਿਆਸ ਕਰਦੇ। ਕਈ ਗ੍ਰੰਥ ਰਚੇ ਗਏ। ਕਾਵਿ ਗੋਸ਼ਟੀਆਂ ਹੁੰਦੀਆਂ। ਪਹਿਲਾਂ ਪੀਰੀ ਤੇ ਮੀਰੀ ਦਾ ਸੁਮੇਲ ਹੋਇਆ ਸੀ, ਤੇ ਹੁਣ ਵੀਰਤਾ ਤੇ ਵਿਦਵਤਾ ਦੀ ਮਿਲਣੀ! ਜਿਹੜੇ ਲੋਕ ਕਦੀ ਅਮੀਰਾਂ ਦੇ ਘੋੜਿਆਂ ਲਈ ਘਾਹ ਖੋਤਦੇ ਤੇ ਘੋੜਿਆਂ ਦੇ ਖਰਖਰਾ ਕਰਦੇ ਸਨ, ਅੱਜ ਉਹੀ ਘੋੜ-ਸਵਾਰੀ, ਨੇਜ਼ਾਬਾਜ਼ੀ ਕਰਦੇ ਹਨ। ਪੰਡਤ-ਪਾਂਧੇ, ਰਾਜੇ-ਰਜਵਾੜੇ ਹੈਰਾਨ, ਕਿ ਹੁਣ ਉਹ ਕੀ ਕਰਨ?

ਗੁਰੂ ਗੋਬਿੰਦ ਸਿੰਘ ਨੇ ਦੇਖਿਆ ਕਿ ਗੁਰੂ ਨਾਨਕ ਦੀ ਸਿੱਖੀ ਹੁਣ ਅਗਲੇ ਪੜਾਅ ਵਲ ਵਧਣ ਲਈ ਤਿਆਰ ਹੈ, ਆਪ ਵੀ ਉਹ ਵੱਡੇ ਪ੍ਰੋਗਰਾਮ ਲਈ ਤਿਆਰ ਸਨ। ਭਾਰਤ ਦੇ ਹਰ ਹਿੱਸੇ ਵਿਚੋਂ ਸੰਗਤਾਂ ਆਉਂਦੀਆਂ ਸਨ। 1699 ਵਿਚ ਵਿਸਾਖੀ ਤੋਂ ਪਹਿਲਾਂ ਗੁਰੂ ਜੀ ਨੇ ਸਾਰੀਆਂ ਸੰਗਤ ਨੂੰ ਸੁਨੇਹੇ ਭੇਜੇ- ਇਸ ਵਿਸਾਖੀ 'ਤੇ ਹੁੰਮ-ਹੁਮਾ ਕੇ ਆਉਣ। ਸੰਗਤਾਂ ਦੇ ਠਹਿਰਨ ਅਤੇ ਲੰਗਰ ਦੇ ਪ੍ਰਬੰਧ ਕੀਤੇ ਗਏ। ਵਿਸਾਖੀ ਤੋਂ ਕਈ ਦਿਨ ਪਹਿਲਾਂ ਹੀ ਸੰਗਤ ਪੁੱਜਣੀ ਸ਼ੁਰੂ ਹੋ ਗਈ। ਫਿਰ ਭਾਗਾਂ ਭਰਿਆ ਵਿਸਾਖੀ ਦਾ ਦਿਨ ਆ ਗਿਆ। ਵਿਸ਼ਾਲ ਮੈਦਾਨ ਵਿਚ ਸੰਗਤਾਂ ਸਜੀਆਂ। ਉਚੇ ਸਥਾਨ 'ਤੇ ਗੁਰੂ ਜੀ ਦੇ ਬੈਠਣ ਦਾ ਸਥਾਨ ਬਣਾਇਆ ਗਿਆ। ਨਾਲ ਹੀ ਦੋ ਖੇਮੇ ਲਾਏ ਗਏ।

ਸੰਗਤ ਸ਼ਬਦ ਉਚਾਰ ਰਹੀ ਸੀ, ਜਿਸ ਵੇਲੇ ਗੁਰੂ ਜੀ ਆਏ। ਹੱਥ ਵਿਚ ਸ਼ਮਸ਼ੀਰ। ਕਹਿ ਰਹੇ ਸਨ- ਮੈਨੂੰ ਸਿੱਖ ਦੇ ਸਿਰ ਦੀ ਲੋੜ ਹੈ। ਕਿਸੇ ਨੂੰ ਵੀ ਆਪਣੇ ਕੰਨਾਂ 'ਤੇ ਭਰੋਸਾ ਨਾ ਹੋਇਆ। ਉਹੀ ਆਵਾਜ਼ ਫਿਰ ਗੂੰਜੀ- ਮੈਨੂੰ ਇਕ ਸਿਰ ਚਾਹੀਦਾ ਹੈ। ਸੰਗਤ ਹੈਰਾਨ- ਇਹ ਉਹ ਕੀ ਸੁਣ ਰਹੇ ਸਨ? ਆਵਾਜ਼ ਫਿਰ ਆਈ। ਹਜ਼ਾਰਾਂ ਦੀ ਗਿਣਤੀ ਵਿਚ ਬੈਠੀ ਸੰਗਤ, ਪਰ ਕਿਸੇ ਦੇ ਸਾਹ ਲੈਣ ਦੀ ਵੀ ਆਵਾਜ਼ ਨਹੀਂ।

ਪੰਜਵੀਂ ਵਾਰ ਉਹੀ ਆਵਾਜ਼ ਗੂੰਜੀ ਤਾਂ ਧੁਰ ਪਿਛੇ ਬੈਠਾ ਇਕ ਸਿੱਖ ਉਠ ਖੜ੍ਹਾ ਹੋਇਆ। ਹੱਥ ਜੋੜੀ ਅਗਾਂਹ ਵਧਿਆ ਅਤੇ ਕੋਲ ਆ ਸਿਰ ਨਿਵਾ ਕੇ ਬੋਲਿਆ- ਸੀਸ ਹਾਜ਼ਰ ਹੈ। ਗੁਰੂ ਜੀ ਉਸ ਨੂੰ ਲੈ ਕੇ ਖੇਮੇ ਵਿਚ ਗਏ ਅਤੇ ਇਕੱਲੇ ਮੁੜ ਆਏ। ਆ ਕੇ ਫਿਰ ਉਹੀ ਮੰਗ ਰੱਖੀ। ਫਿਰ ਇਕ ਸਿੱਖ ਉਠਿਆ। ਗੁਰੂ ਜੀ ਨੇ ਪੰਜ ਵਾਰ ਮੰਗ ਰੱਖੀ। ਇਉਂ ਸੀਸ ਭੇਟ ਕਰਨ ਲਈ ਸਭ ਤੋਂ ਪਹਿਲਾਂ ਭਾਈ ਦਯਾ ਰਾਮ ਉਠੇ। ਦੂਸਰੇ ਭਾਈ ਧਰਮ ਚੰਦ, ਤੀਸਰੇ ਭਾਈ ਮੋਹਕਮ ਚੰਦ, ਚੌਥੇ ਭਾਈ ਹਿੰਮਤ ਰਾਏ ਤੇ ਪੰਜਵੇਂ ਭਾਈ ਸਾਹਿਬ ਚੰਦ। ਪੰਜਵੇਂ ਸਿੱਖ ਨੂੰ ਲਿਜਾਣ ਤੋਂ ਬਾਅਦ ਜਦ ਗੁਰੂ ਜੀ ਮੁੜੇ ਤਾਂ ਪੰਜੇ ਸਿੱਖ ਗੁਰੂ ਜੀ ਦੇ ਨਾਲ ਸਨ। ਗੁਰੂ ਜੀ ਬੋਲੇ- ਇਹ ਮੇਰੇ ਮਰਜੀਵੜੇ ਹਨ। ਇਨ੍ਹਾਂ ਆਪਣੇ ਜੀਵਨ ਨੂੰ ਪਿਆਰ ਨਹੀਂ ਕੀਤਾ, ਆਪਣੇ ਗੁਰੂ ਨੂੰ ਸੀਸ ਭੇਟ ਕੀਤਾ।

ਇਹ ਪੰਜੇ ਸਿੱਖ ਹੁਣ ਉਹ ਨਹੀਂ ਸਨ ਲੱਗ ਰਹੇ ਜਿਹੜੇ ਸੰਗਤ ਵਿਚੋਂ ਉਠ ਕੇ ਗਏ ਸਨ। ਹੁਣ ਉਨ੍ਹਾਂ ਦੀ ਗਰਦਨ ਉਪਰ ਉਠੀ ਹੋਈ ਸੀ, ਪੂਰੇ ਮਾਣ ਤੇ ਤਾਣ ਨਾਲ; ਤੇ ਚਿਹਰੇ 'ਤੇ ਜਲਾਲ ਤੇ ਜਮਾਲ। ਗੁਰੂ ਜੀ ਆਪ ਵੀ ਜ਼ਮੀਨ 'ਤੇ ਵਿਛੇ ਵਿਛੌਣੇ 'ਤੇ ਬੈਠ ਗਏ। ਉਨ੍ਹਾਂ ਨੂੰ ਵੀ ਨਾਲ ਬਿਠਾ ਲਿਆ। ਲੋਹੇ ਦੇ ਬਾਟੇ ਵਿਚ ਪਾਣੀ ਪਾ ਕੇ ਇਕ ਸੇਵਾਦਾਰ ਉਥੇ ਰੱਖ ਗਿਆ ਸੀ। ਗੁਰੂ ਜੀ ਉਸ ਵਿਚ ਖੰਡਾ ਫੇਰਨ ਲੱਗੇ। ਮਾਤਾ ਜੀ ਨੇ ਪੱਲੇ ਵਿਚੋਂ ਪਤਾਸੇ ਵੀ ਵਿਚ ਪਾ ਦਿੱਤੇ- ਲਓ, ਮਾਂ ਦੀ ਮਮਤਾ ਵੀ ਪੁਆ ਲਓ। ਹੁਣ ਅੰਮ੍ਰਿਤ ਤਿਆਰ ਸੀ। ਗੁਰੂ ਜੀ ਨੇ ਪੰਜੇ ਮਰਜੀਵੜਿਆਂ ਨੂੰ ਅੰਮ੍ਰਿਤ ਛਕਾਇਆ। ਕੰਘਾ, ਕੜਾ, ਕੱਛਾ ਤੇ ਸ੍ਰੀ ਸਾਹਿਬ ਦਿੱਤੇ। ਸਿਰੋਪੇ ਦਿੱਤੇ। ਰਹਿਤ ਦੱਸੀ- ਕੰਘਾ ਸਫਾਈ ਦਾ ਪ੍ਰਤੀਕ। ਕੱਛ ਸੰਜਮ ਦਾ। ਸ੍ਰੀ ਸਾਹਿਬ ਕਿਸੇ ਦੀ ਰੱਖਿਆ ਲਈ। ਕੜਾ ਇਹ ਯਾਦ ਕਰਵਾਉਣ ਲਈ ਕਿ ਕਿਰਪਾਨ ਜ਼ੁਲਮ ਦੇ ਖਿਲਾਫ਼ ਉਠੇ, ਕਿਸੇ ਦੀ ਹੱਤਿਆ ਲਈ ਨਹੀਂ, ਤੇ ਕੇਸ-ਦਾੜ੍ਹਾ ਬਹਾਦਰੀ ਵਾਲੀ ਸ਼ਖਸੀਅਤ ਦੀ ਪਛਾਣ। ਅੱਜ ਤੋਂ ਤੁਹਾਡੇ ਨਾਮ ਨਾਲ 'ਸਿੰਘ' ਲੱਗੇਗਾ। ਅੱਜ ਤੋਂ ਸਾਰੇ ਇਕ ਹਨ, ਕਿਸੇ ਦੀ ਜਾਤ ਪਾਤ ਅਲੱਗ ਨਹੀਂ, ਸਾਰੇ ਬਰਾਬਰ ਹਨ, ਸਾਡੀ ਜਾਤ ਮਾਨਵਤਾ ਹੈ, ਫਰਜ਼ ਮਾਨਵਤਾ ਦੀ ਸੇਵਾ ਹੈ।

ਫਿਰ ਗੁਰੂ ਜੀ ਸੀਸ ਨਿਵਾ ਕੇ ਬੋਲੇ- ਹੁਣ ਮੇਰੀ ਬੇਨਤੀ ਹੈ। ਸੰਗਤਾਂ ਫਿਰ ਹੈਰਾਨ। ਗੁਰੂ ਜੀ ਬੋਲੇ- ਪੰਜ ਪਿਆਰਿਓ! ਕਰੋ ਕਿਰਪਾ, ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ। ਪੰਜਾਂ ਪਿਆਰਿਆਂ ਨੇ ਉਸੇ ਤਰ੍ਹਾਂ ਅੰਮ੍ਰਿਤ ਤਿਆਰ ਕੀਤਾ ਅਤੇ ਛਕਾ ਕੇ ਕਿਹਾ, ਤੁਸੀਂ ਹੁਣ ਸਿੰਘ ਬਣ ਗਏ ਹੋ। ਹੁਣ ਤੁਸੀਂ ਗੋਬਿੰਦ ਰਾਏ ਨਹੀਂ, ਗੋਬਿੰਦ ਸਿੰਘ ਹੋ।

ਗੁਰੂ ਜੀ ਨੇ ਕਿਹਾ- ਅੱਜ ਤੋਂ ਗੁਰੂ ਦੀ ਸ਼ਕਤੀ ਪੰਜ ਪਿਆਰਿਆਂ ਵਿਚ ਹੈ। ਜਦ ਵੀ ਕੋਈ ਫੈਸਲਾ ਕਰਨਾ ਹੋਵੇ, ਪੰਜ ਸਿੰਘ ਇਕੱਠੇ ਹੋ ਕੇ ਕਰ ਸਕਦੇ ਹਨ। ਗੁਰੂ ਦਾ ਰੂਪ, ਗੁਰੂ ਦੇ ਪੰਜ ਪਿਆਰੇ, ਭਾਵ ਸੰਗਤ ਹੈ। ਹਾਂ, ਇਕ ਗੱਲ ਸਮਝਣੀ ਜ਼ਰੂਰੀ ਹੈ ਕਿ ਪੰਜ ਪਿਆਰੇ ਆਪਣੇ ਮਨ ਨੂੰ ਸਦਾ ਸ਼ੁਧ ਤੇ ਨਿਰਮਲ ਰੱਖਣ। ਨਿਰਮਲ ਮਨ ਵਿਚ ਹੀ ਗੁਰੂ ਦਾ ਨਿਵਾਸ ਹੈ।

ਆਓ! ਅੱਜ ਸਾਰੇ ਆਪੋ-ਆਪਣਾ ਮਨ ਸ਼ੁੱਧ ਕਰ ਲਈਏ। ਆਪਣਾ ਮੂਲ ਪਛਾਣੀਏ। ਦਯਾ ਤੇ ਸੰਜਮ ਨੂੰ ਆਪਣੇ ਅੰਦਰ ਵਸਾ ਕੇ ਕ੍ਰੋਧ ਤੇ ਲਾਲਚ ਬਾਹਰ ਕੱਢੀਏ। ਗੁਰਦੁਆਰਿਆਂ ਦੀਆਂ ਲੜਾਈਆਂ ਤੋਂ ਤੌਬਾ ਕਰੀਏ। ਚੜ੍ਹਾਵਾ ਲੋੜਵੰਦਾਂ ਲਈ ਹੁੰਦਾ ਹੈ। ਆਓ ਸਾਰੇ ਗੁਰੂ ਨਾਨਕ ਤੋਂ ਖਾਲਸੇ ਦੀ ਸਿਰਜਣਾ ਤੱਕ ਦੇ ਸਫਰ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਈਏ।

## ਵਪਾਰ ਬਨਾਮ ਸਿਆਸਤ

# ਗੋਆ ਵਿਚ ਪੁਰਤਗਾਲੀ ਅਤੇ ਭਾਰਤ


ਗੋਆ ਪੁੱਜੇ ਪੁਰਤਗਾਲੀ ਸਮੁੰਦਰੀ ਜਹਾਜ਼ ਅਤੇ ਪੁਰਤਗਾਲੀ ਗਵਰਨਰ ਅਲਬੂਕਰਕ।

ਰੌਇ ਮੌਕਸਹੈਮ

ਸਿਕੰਦਰ ਮਹਾਨ ਦੇ ਹਮਲੇ ਮਗਰੋਂ ਗੋਆ ਦੀ ਜਿੱਤ ਭਾਰਤੀ ਖਿੱਤੇ ਵਿਚ ਯੂਰਪੀ ਸਾਮਰਾਜ ਦਾ ਪਹਿਲਾ ਵਿਸਥਾਰ ਸੀ। ਇਸ ਨੇ ਪੂਰਬ ਵਿਚ ਪੁਰਤਗਾਲੀ ਪ੍ਰਭਾਵ ਨੂੰ ਨਵੀਂ ਦਿਸ਼ਾ ਦਿੱਤੀ। ਗੋਆ ਦੁਨੀਆਂ ਦੀਆਂ ਸਰਵੋਤਮ ਬੰਦਰਗਾਹਾਂ ਵਿਚੋਂ ਇਕ ਸੀ। ਇਥੇ ਤੂਫਾਨ ਬਹੁਤ ਘੱਟ ਆਉਂਦੇ ਸਨ ਅਤੇ ਇਸ ਦੀ ਆਸਾਨੀ ਨਾਲ ਰੱਖਿਆ ਕੀਤੀ ਜਾ ਸਕਦੀ ਸੀ। ਬਿਹਤਰ ਜੰਗੀ ਸਮਰੱਥਾ ਵਾਲੇ ਪੁਰਤਗਾਲੀ ਸਮੁੰਦਰੀ ਜਹਾਜ਼ ਇਸ ਸੁਰੱਖਿਅਤ ਬੰਦਰਗਾਹ ਤੋਂ ਆਸਾਨੀ ਨਾਲ ਭਾਰਤ ਦੇ ਪੱਛਮੀ ਤੱਟ 'ਤੇ ਨਜ਼ਰਸਾਨੀ ਦੇ ਨਾਲ ਨਾਲ ਵਪਾਰ ਵਿਚ ਆਪਣਾ ਦਬਦਬਾ ਕਾਇਮ ਕਰ ਸਕਦੇ ਸਨ। ਪੁਰਤਗਾਲੀਆਂ ਦੀ ਇਜਾਜ਼ਤ ਨਾਲ ਹੀ ਹੋਰ ਜਹਾਜ਼, ਭਾਰਤੀ ਪਾਣੀਆਂ ਵਿਚ ਦਾਖਲ ਹੋ ਸਕਦੇ ਸਨ। ਆਪਣੀ ਜਲ ਸੈਨਿਕ ਸ਼ਕਤੀ ਤੇ ਦਾਬੇ ਨਾਲ ਪੁਰਤਗਾਲੀਆਂ ਨੇ ਭਾਰਤ ਦੇ ਮਸਾਲਿਆਂ ਅਤੇ ਘੋੜਿਆਂ ਦੇ ਵਪਾਰ ਉਤੇ ਇਕ ਤਰ੍ਹਾਂ ਕਬਜ਼ਾ ਕਰ ਲਿਆ। ਭਾਰਤ ਵਿਚ ਜੰਗੀ ਸਮਰੱਥਾ ਰਿਸਾਲੇਦਾਰ ਫੌਜ ਉਤੇ ਨਿਰਭਰ ਸੀ। ਭਾਰਤੀ ਸ਼ਾਸਕਾਂ ਦੀਆਂ ਫੌਜਾਂ ਲਈ ਘੋੜੇ ਲਾਜ਼ਮੀ ਸਨ। ਭਾਰਤ ਵਿਚ ਚੰਗੀਆਂ ਨਸਲਾਂ ਦੇ ਬਹੁਤ ਘੱਟ ਘੋੜੇ ਮਿਲਦੇ ਸਨ। ਲਿਹਾਜ਼ਾ, ਅਰਬ ਮੁਲਕਾਂ ਤੋਂ ਜ਼ਿਆਦਾਤਰ ਘੋੜੇ ਦਰਾਮਦ ਕੀਤੇ ਜਾਂਦੇ ਸਨ। ਪੁਰਤਗਾਲੀ ਗਵਰਨਰ ਅਲਬੂਕਰਕ ਨੇ ਇਹ ਮੌਕਾ ਤਾੜਿਆ ਅਤੇ ਪੁਰਤਗਾਲ ਦੇ ਸਮਰਾਟ ਨੂੰ ਚਿੱਠੀ ਲਿਖੀ। ਇਸ ਦੀ ਇਬਾਰਤ ਇਉਂ ਹੈ: 'ਮੈਂ ਫੈਸਲਾ ਕੀਤਾ ਹੈ ਕਿ ਫਾਰਸ (ਮੌਜੂਦਾ ਇਰਾਨ) ਅਤੇ ਅਰਬ ਦੇ ਸਾਰੇ ਘੋੜੇ ਤੁਹਾਡੇ ਕੋਲ ਹੋਣ। ਇਸ ਦੇ ਦੋ ਕਾਰਨ ਹਨ। ਪਹਿਲਾ ਇਹ ਕਿ ਉਹ ਟੈਕਸਾਂ ਦੀ ਭਾਰੀ ਰਕਮ ਤਾਰਦੇ ਹਨ। ਦੂਜਾ, ਵਿਜੈਨਗਰ ਤੇ ਦੱਖਣ ਦੇ ਹੋਰ ਰਾਜਿਆਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਜਿੱਤ ਸਿਰਫ ਤੁਹਾਡੇ ਉਤੇ ਨਿਰਭਰ ਕਰਦੀ ਹੈ, ਕਿਉਂਕਿ ਜਿਸ ਕੋਲ ਘੋੜੇ ਹੋਣਗੇ, ਉਹੀ ਦੂਜਿਆਂ ਨੂੰ ਮਾਤ ਦੇ ਸਕੇਗਾ।'

ਅਲਬੂਕਰਕ ਨੇ ਹੁਕਮ ਦਿੱਤੇ ਕਿ ਸਮੁੰਦਰੀ ਮਾਰਗ ਰਾਹੀਂ ਅਰਬ ਖਿੱਤੇ ਅਤੇ ਫਾਰਸ ਤੋਂ ਆਉਣ ਵਾਲੇ ਸਾਰੇ ਘੋੜੇ ਗੋਆ ਵਿਚ ਉਤਾਰੇ ਜਾਣ। ਉਸ ਦੇ ਜਹਾਜ਼ ਘੋੜਿਆਂ ਵਾਲੇ ਜਹਾਜ਼ਾਂ ਨੂੰ ਗੋਆ ਲੈ ਆਉਂਦੇ। ਆਪਣੀ ਮਰਜ਼ੀ ਨਾਲ ਗੋਆ ਵਿਚ ਘੋੜੇ ਵੇਚਣ ਅਤੇ ਖਰੀਦਣ ਵਾਲਿਆਂ ਨੂੰ ਹੋਰ ਵਸਤਾਂ ਦੇ ਕਰਾਂ ਵਿਚ ਕੁਝ ਰਿਆਇਤ ਦਿੱਤੀ ਜਾਣ ਲੱਗੀ। ਘੋੜਿਆਂ ਦੀ ਦਰਾਮਦ ਉਤੇ ਤਾਂ ਕੋਈ ਟੈਕਸ ਨਹੀਂ ਸੀ, ਪਰ ਬਰਾਮਦ ਉਤੇ ਇੰਨਾ ਜ਼ਿਆਦਾ ਕਰ ਲਗਾਇਆ ਜਾਂਦਾ ਸੀ ਕਿ ਗੋਆ ਦਾ ਅੱਧੇ ਤੋਂ ਵੱਧ ਮਾਲੀਆ ਇਸੇ ਤਰ੍ਹਾਂ ਇਕੱਠਾ ਹੁੰਦਾ। ਵਿਜੈਨਗਰ ਦੇ ਰਾਜੇ ਅਤੇ ਅਲਬੂਕਰਕ ਦੇ ਸਾਬਕਾ ਦੁਸ਼ਮਣ ਸੁਲਤਾਨ ਆਦਿਲ ਸ਼ਾਹ ਨੇ ਗੋਆ ਵਿਚ ਆਪਣੇ ਸਫੀਰ ਭੇਜੇ। ਦੱਖਣੀ ਹਿੰਦੂ ਅਤੇ ਉਤਰੀ ਮੁਸਲਿਮ ਅਕਸਰ ਆਪਸ ਵਿਚ ਲੜਦੇ ਰਹਿੰਦੇ ਸਨ। ਦੋਹਾਂ ਨੇ ਪੁਰਤਗਾਲੀਆਂ ਅੱਗੇ ਦੋਸਤੀ ਦੀ ਪੇਸ਼ਕਸ਼ ਰੱਖਦਿਆਂ ਗੋਆ ਵਿਚ ਘੋੜਿਆਂ ਦੀ ਖਰੀਦ ਉਤੇ ਏਕਾਧਿਕਾਰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਅਲਬੂਕਰਕ ਨੇ ਦੋਵਾਂ ਨੂੰ ਇੱਕ-ਦੂਜੇ ਖਿਲਾਫ ਵਰਤਿਆ ਅਤੇ ਦੋਵਾਂ ਨੂੰ ਹੀ ਘੋੜੇ ਵੇਚੇ।

ਗੋਆ ਦੀ ਆਰਥਿਕਤਾ ਅਤੇ ਸਿਆਸਤ ਉਤੇ ਕਾਬਜ਼ ਹੋਣ ਮਗਰੋਂ ਅਲਬੂਕਰਕ ਦਾ ਇਰਾਦਾ ਫੌਜੀਆਂ ਦੇ ਟਿਕਾਣੇ ਨੂੰ ਖੁਦ ਵਸਣ ਵਾਲੀ ਬਸਤੀ ਵਿਚ ਬਦਲਣਾ ਸੀ। ਅਲਬੂਕਰਕ ਦਾ ਵਿਆਹ ਨਹੀਂ ਸੀ ਹੋਇਆ, ਪਰ ਇਕ ਅਫਰੀਕੀ ਔਰਤ ਤੋਂ ਉਸ ਦਾ ਪੁੱਤਰ ਸੀ। ਉਸ ਨੇ ਆਪਣੇ ਫੌਜੀਆਂ ਨੂੰ ਉਨ੍ਹਾਂ ਵੱਲੋਂ ਬੰਦੀ ਬਣਾਈਆਂ ਗਈਆਂ ਹਿੰਦੂ ਤੇ ਮੁਸਲਿਮ ਔਰਤਾਂ ਨਾਲ ਵਿਆਹ ਕਰਨ ਲਈ ਉਤਸ਼ਾਹਿਤ ਕੀਤਾ ਅਤੇ ਇਨ੍ਹਾਂ ਜੋੜਿਆਂ ਨੂੰ ਜਾਇਦਾਦਾਂ ਦਿੱਤੀਆਂ। ਕਈ ਔਰਤਾਂ ਨੇ ਇਸਾਈ ਧਰਮ ਅਪਨਾ ਕੇ ਵਿਆਹ ਕਰਨ ਦੀ ਥਾਂ ਖੁਦਕੁਸ਼ੀ ਕਰ ਲਈ। ਕਈ ਔਰਤਾਂ ਨੇ ਅਜਿਹੀ ਬੇਰੰਗ ਜ਼ਿੰਦਗੀ ਦੀ ਪੇਸ਼ਕਸ਼ ਸਵੀਕਾਰ ਕਰ ਲਈ। ਅਜਿਹੇ ਵਿਆਹ ਕਰਨ ਵਾਲੇ ਜ਼ਿਆਦਾਤਰ ਪੁਰਤਗਾਲੀ ਗਰੀਬ ਸਨ। ਇਨ੍ਹਾਂ ਰਲੇ-ਮਿਲੇ ਵਿਆਹਾਂ ਨੇ ਅਜਿਹੀ ਜਮਾਤ ਹੋਂਦ ਵਿਚ ਲਿਆਂਦੀ ਜਿਸ ਦਾ ਛੋਟੇ ਸਰਕਾਰੀ ਦਫਤਰਾਂ ਉਤੇ ਏਕਾਧਿਕਾਰ ਹੋ ਗਿਆ। ਅਲਬੂਕਰਕ ਨੇ ਪੁਰਾਣੇ ਗੋਆ ਸ਼ਹਿਰ ਦੇ ਬਾਹਰਵਾਰ ਵੱਸਦੇ ਤੀਹ ਪੇਂਡੂ ਭਾਈਚਾਰਿਆਂ ਨੂੰ ਪਹਿਲਾਂ ਵਾਂਗ ਆਪੋ ਆਪਣੇ ਪਿੰਡਾਂ ਦਾ ਪ੍ਰਬੰਧ ਚਲਾਉਣ ਦੀ ਇਜਾਜ਼ਤ ਦੇ ਦਿੱਤੀ। ਇਸਾਈਆਂ ਨੂੰ ਤਰਜੀਹ ਦਿੱਤੀ ਗਈ, ਪਰ ਹਿੰਦੂਆਂ ਨੂੰ ਵੀ ਆਪਣੇ ਧਰਮ ਮੁਤਾਬਿਕ ਪੂਜਾ ਦੀ ਇਜਾਜ਼ਤ ਦੇ ਦਿੱਤੀ। ਸਤੀ ਪ੍ਰਥਾ ਉਤੇ ਪਾਬੰਦੀ ਲਾ ਦਿੱਤੀ ਗਈ। ਪੰਜਾਹ ਸਾਲ ਤੋਂ ਵਧੇਰੇ ਉਮਰ ਦੇ ਅਲਬੂਕਰਕ ਦੀ ਦਾੜ੍ਹੀ ਤਾਂ ਭਾਵੇਂ ਉਸ ਦੇ ਸੀਨੇ ਤਕ ਪਹੁੰਚਦੀ ਸੀ, ਪਰ ਹਾਲੇ ਵੀ ਉਸ ਦਾ ਜੋਸ਼ ਮੱਠਾ ਨਹੀਂ ਸੀ ਪਿਆ। ਉਸ ਮਿਸਰ ਨੂੰ ਭੁੱਖਾ ਮਾਰਨ, ਸਿਕੰਦਰੀਆ ਅਤੇ ਸੁਏਜ਼ ਉਤੇ ਕਬਜ਼ਾ ਕਰਨ ਅਤੇ ਮੱਕਾ ਸ਼ਰੀਫ ਦੇ ਅਰਬ ਹੁਕਮਰਾਨਾਂ ਨੂੰ ਪਛਾੜਨ ਲਈ ਦਰਿਆ ਨੀਲ ਦਾ ਰੁਖ ਮੋੜਨ ਦੀ ਯੋਜਨਾ ਬਣਾਈ। 1513 ਵਿਚ ਉਹ ਲਾਲ ਸਾਗਰ ਦੀ ਰਾਖੀ ਕਰਨ ਵਾਲੇ ਕਿਲੇ ਉਤੇ ਕਬਜ਼ਾ ਕਰਨ ਦੀ ਉਮੀਦ ਵਿਚ ਅਦਨ ਵੱਲ ਠਿਲ੍ਹ ਪਿਆ। ਇਹ ਮੁਹਿੰਮ ਅਸਫਲ ਹੋਈ। ਪੁਰਤਗਾਲੀ ਫੌਜ ਨੂੰ ਭਾਰੀ ਨੁਕਸਾਨ ਸਹਿਣਾ ਪਿਆ।

1515 ਵਿਚ ਅਲਬੂਕਰਕ ਫਾਰਸ ਦੀ ਖਾੜੀ ਦੇ ਦੁਆਰ ਓਰਮੁਜ਼ (ਹੁਣ ਹਰਮੁਜ਼) ਲਈ ਠਿਲ੍ਹਿਆ। ਇਹ ਜਜ਼ੀਰਾ ਸ਼ਹਿਰ ਵੱਡੇ ਆਲਮੀ ਬਾਜ਼ਾਰ ਵਜੋਂ ਪ੍ਰਸਿਧ ਸੀ। ਅਲਬੂਕਰਕ ਨੇ ਕੂਟਨੀਤੀ ਤੋਂ ਕੰਮ ਲਿਆ। ਦਰਅਸਲ, ਉਥੇ ਰਾਜ ਘਰਾਣੇ ਦੀ ਖਾਨਾਜੰਗੀ ਚੱਲ ਰਹੀ ਸੀ। ਉਥੋਂ ਦੇ ਅਮੀਰ ਨੂੰ ਉਸ ਦੇ ਭਤੀਜੇ ਨੇ ਬੰਦੀ ਬਣਾ ਕੇ ਰਾਜ ਉਤੇ ਕਬਜ਼ਾ ਕਰ ਲਿਆ ਸੀ। ਅਮੀਰ ਬਣਨ ਦੇ ਚਾਹਵਾਨ ਹੋਰ ਪੰਦਰਾਂ ਰਾਜਕੁਮਾਰਾਂ ਨੂੰ ਅੰਨ੍ਹੇ ਕਰ ਕੇ ਛੱਡ ਦਿੱਤਾ। ਅਲਬੂਕਰਕ ਦੇ ਆਗਮਨ ਕਾਰਨ ਭਤੀਜੇ ਨੂੰ ਅਮੀਰ ਨੂੰ ਰਿਹਾ ਕਰਨ ਲਈ ਤਿਆਰ ਹੋਣਾ ਪਿਆ। ਅਲਬੂਕਰਕ ਨੇ ਤਖਤ ਪਲਟਾ ਕਰਨ ਵਾਲੇ ਭਤੀਜੇ ਨੂੰ ਗੱਲਬਾਤ ਲਈ ਬੁਲਾਇਆ ਅਤੇ ਫਿਰ ਉਸ ਦਾ ਕਤਲ ਕਰਵਾ ਦਿੱਤਾ। ਉਥੋਂ ਦੇ ਅਮੀਰ ਨੂੰ ਮੁੜ ਰਾਜ-ਭਾਗ ਸੌਂਪਿਆ ਗਿਆ, ਪਰ ਹੁਣ ਉਹ ਪੁਰਤਗਾਲੀਆਂ ਦੀ ਕਠਪੁਤਲੀ ਹੀ ਸੀ। ਫਿਰ ਅਲਬੂਕਰਕ ਨੇ ਫਾਰਸ ਅਤੇ ਭਾਰਤ ਵਿਚਲੇ ਵਪਾਰ ਉਤੇ ਕੰਟਰੋਲ ਰੱਖਣ ਲਈ ਕਿਲਾ ਬਣਵਾਇਆ। ਉਸ ਦੀ ਸਿਹਤ ਖਰਾਬ ਰਹਿਣ ਲੱਗੀ ਸੀ। ਪੇਚਿਸ਼ ਤੋਂ ਪੀੜਤ ਹੋਣ ਕਾਰਨ ਉਸ ਨੇ ਗੋਆ ਮੁੜਨ ਦਾ ਫੈਸਲਾ ਕਰ ਲਿਆ।

ਵਾਪਸੀ ਦੇ ਸਫਰ ਸਮੇਂ ਅਲਬੂਕਰਕ ਦਾ ਜਹਾਜ਼ ਉਸ ਨੂੰ ਬਦਲਣ ਦੇ ਹੁਕਮ ਲਿਜਾ ਰਹੇ ਪੁਰਤਗਾਲ ਦੇ ਸਮਰਾਟ ਵੱਲੋਂ ਭੇਜੇ ਜਹਾਜ਼ ਕੋਲੋਂ ਲੰਘਿਆ। ਪੁਰਤਗਾਲ ਦੀ ਰਾਜਧਾਨੀ ਲਿਸਬਨ ਵਿਚਲੇ ਅਲਬੂਕਰਕ ਦੇ ਦੁਸ਼ਮਣਾਂ ਨੇ ਉਸ ਦੇ ਪਤਨ ਦੀ ਸਾਜ਼ਿਸ਼ ਘੜੀ। ਜਹਾਜ਼ ਦੇ ਮਾਂਡਵੀ ਨਦੀ ਵਿਚ ਪੁੱਜਣ ਉਤੇ ਅਲਬੂਕਰਕ ਨੇ ਆਪਣੇ ਬਿਸਤਰ ਤੋਂ ਉਠ ਕੇ ਪੁਰਾਣਾ ਗੋਆ ਦੇਖਣਾ ਚਾਹਿਆ। ਜਿਉਂ ਹੀ ਜਹਾਜ਼ ਦਾ ਲੰਗਰ ਡਿੱਗਿਆ, ਉਹ ਦਮ ਤੋੜ ਗਿਆ। ਉਸ ਨੂੰ ਅਵਰ ਲੇਡੀ ਆਫ ਦਿ ਮਾਊਂਟ ਵਿਚ ਦਫਨਾਇਆ ਗਿਆ। ਆਪਣੇ ਫੈਸਲੇ ਉਤੇ ਪਛਤਾਵਾ ਹੋਣ 'ਤੇ ਪੁਰਤਗਾਲ ਦੇ ਸਮਰਾਟ ਨੇ ਵਾਇਸਰਾਏ ਨੂੰ ਬਦਲਣ ਦੇ ਫੈਸਲੇ 'ਤੇ ਰੋਕ ਲਾ ਦਿੱਤੀ। ਉਸ ਨੇ ਅਲਬੂਕਰਕ ਦੀ ਦੇਹ ਗੋਆ ਵਿਚ ਹੀ ਰੱਖਣ ਦੇ ਹੁਕਮ ਦਿੱਤੇ। 1566 ਵਿਚ ਉਸ ਦੀਆਂ ਹੱਡੀਆਂ ਪੁਰਤਗਾਲ ਵਾਪਸ ਲਿਜਾਣ ਲਈ ਪਰਿਵਾਰ ਨੂੰ ਪੋਪ ਦੀ ਮਦਦ ਲੈਣੀ ਪਈ।

ਵਿਜੈਨਗਰ ਦੇ ਰਾਜਿਆਂ ਦੀ ਮਦਦ ਕਰਨ ਦੀ ਅਲਬੂਕਰਕ ਦੀ ਨੀਤੀ ਪੁਰਤਗਾਲੀਆਂ ਲਈ ਬਹੁਤ ਲਾਭਦਾਇਕ ਸਾਬਤ ਹੋਈ। ਵਿਜੈਨਗਰ ਨੇ ਆਦਿਲ ਸ਼ਾਹ ਨੂੰ ਗੋਆ ਨਾਲ ਲੱਗਦੇ ਜ਼ਿਆਦਾਤਰ ਖੇਤਰ ਵਿਚੋਂ ਖਦੇੜ ਦਿੱਤਾ ਅਤੇ ਫਿਰ ਪੁਰਤਗਾਲੀਆਂ ਨੂੰ ਇਸ ਉਤੇ ਕਾਬਜ਼ ਹੋਣ ਲਈ ਉਤਸ਼ਾਹਿਤ ਕੀਤਾ। ਇਸ ਤਰ੍ਹਾਂ ਕੁਝ ਇਲਾਕੇ ਉਤੇ ਪੁਰਤਗਾਲੀਆਂ ਦੇ ਕਬਜ਼ੇ ਸਬੰਧੀ ਸੰਧੀ ਸਦਕਾ ਗੋਆ ਦਾ ਖੇਤਰ ਤਕਰੀਬਨ ਚੌਗੁਣਾ ਹੋ ਗਿਆ।

ਕੈਥੋਲਿਕ ਚਰਚ ਨੇ ਪੁਰਤਗਾਲੀ ਕਬਜ਼ੇ ਵਿਚ ਪੂਰੀ ਮਦਦ ਕੀਤੀ। ਪੁਰਤਗਾਲੀ ਸੈਨਿਕਾਂ ਨੂੰ ਜੰਗ ਵਿਚ ਜਾਣ ਤੋਂ ਪਹਿਲਾਂ ਬ੍ਰਹਮ ਭੋਜ ਦੇਣਾ ਆਮ ਗੱਲ ਸੀ। ਚਰਚ ਵਲੋਂ ਉਨ੍ਹਾਂ ਦੀ ਮੁਕਤ ਪਾਪ-ਨਵਿਰਤੀ ਵੀ ਕੀਤੀ ਜਾਂਦੀ ਸੀ ਤਾਂ ਜੋ ਜੰਗ ਵਿਚ ਮਰ ਜਾਣ ਦੀ ਸੂਰਤ ਵਿਚ ਉਨ੍ਹਾਂ ਦਾ ਸਵਰਗ ਪ੍ਰਾਪਤੀ ਦਾ ਰਾਹ ਸੁਖਾਲਾ ਹੋ ਸਕੇ। ਭਾਰਤ ਵਿਚ ਇਸਾਈ ਮਤ ਦਾ ਪਸਾਰ ਪੁਰਤਗਾਲੀਆਂ ਦੇ ਮੁੱਖ ਮਕਸਦਾਂ ਵਿਚ ਇਕ ਸੀ, ਪਰ ਕੁਝ ਸਾਲ ਪਹਿਲਾਂ ਤੱਕ ਇਸ ਨੂੰ ਕੋਈ ਤਰਜੀਹ ਨਹੀਂ ਦਿੱਤੀ ਜਾਂਦੀ ਸੀ। 1538 ਵਿਚ ਪਹਿਲਾ ਪਾਦਰੀ ਗੋਆ ਪੁੱਜਿਆ। ਇਹ ਪੁਰਤਗਾਲੀ ਇਸਾਈਆਂ ਅਤੇ ਭਾਰਤੀ ਹਿੰਦੂਆਂ ਦਰਮਿਆਨ ਸੁਖਾਲੇ ਰਿਸ਼ਤਿਆਂ ਦੇ ਅੰਤ ਦਾ ਸੰਕੇਤ ਸੀ। 1540 ਵਿਚ ਹਿੰਦੂਆਂ ਦੇ ਸਾਰੇ ਮੰਦਿਰ ਤਬਾਹ ਕਰ ਦਿੱਤੇ ਗਏ। ਅਗਲੇ ਸਾਲ ਚਰਚ ਨੇ ਮੰਦਿਰਾਂ ਦੀ ਸਾਰੀ ਜ਼ਮੀਨ ਉਤੇ ਕਬਜ਼ਾ ਕਰ ਲਿਆ।

1542 ਵਿਚ ਪਹਿਲਾ ਯਸੂਹੀ ਗੋਆ ਆਇਆ। ਫਰਾਂਸਿਸ ਜ਼ੇਵੀਅਰ ਅਸਾਧਾਰਨ ਗੁਣਾਂ ਵਾਲਾ ਬੰਦਾ ਸੀ। ਭਾਰਤ ਵਿਚ ਦਸ ਸਾਲਾਂ ਦੌਰਾਨ ਉਸ ਨੇ ਬਹੁਤ ਸਾਰੇ ਲੋਕਾਂ ਨੂੰ ਇਸਾਈ ਧਰਮ ਅਪਨਾਉਣ ਲਈ ਪ੍ਰੇਰਿਆ। ਕਹਿੰਦੇ ਹਨ ਕਿ ਉਸ ਨੇ ਦੱਖਣੀ ਮਾਲਾਬਾਰ ਦੇ 10,000 ਪੇਂਡੂ ਲੋਕਾਂ ਨੂੰ ਇਕ ਮਹੀਨੇ ਵਿਚ ਇਸਾਈ ਬਣਾਇਆ। ਗੋਆ ਵਿਚ ਉਸ ਨੇ ਇਕ ਦਿਨ ਅੰਦਰ ਹੀ ਸੈਂਕੜੇ ਲੋਕਾਂ ਦੇ ਧਰਮ ਤਬਦੀਲੀ ਸਬੰਧੀ ਰਸਮਾਂ ਦੀ ਨਿਗਰਾਨੀ ਕੀਤੀ। ਉਸ ਨੇ ਧਾਰਮਿਕ ਪ੍ਰਸ਼ਾਸਨ ਅਤੇ ਸਕੂਲੀ ਸਿੱਖਿਆ ਨੂੰ ਮੁੜ ਜਥੇਬੰਦ ਕੀਤਾ।

ਪੁਰਤਗਾਲੀਆਂ ਵੱਲੋਂ ਸਰਕਾਰੀ ਪੱਧਰ 'ਤੇ ਹਿੰਦੂਆਂ ਨਾਲ ਕੀਤਾ ਜਾਂਦਾ ਵਿਤਕਰਾ ਅਤੇ ਇਸਾਈ ਬਣਨ ਵਾਲਿਆਂ ਨੂੰ ਦਿੱਤੇ ਜਾਂਦੇ ਇਨਾਮਾਂ ਨੇ ਉਸ ਦੀ ਇਸ ਕੰਮ ਵਿਚ ਸਹਾਇਤਾ ਕੀਤੀ। ਧਾਰਮਿਕ ਇਮਾਰਤਾਂ ਦੀ ਉਸਾਰੀ ਦੇ ਵੱਡੇ ਪ੍ਰੋਗਰਾਮ ਦਾ ਆਗਾਜ਼ ਕੀਤਾ ਗਿਆ।

1552 ਵਿਚ ਚੀਨੀ ਤੱਟ 'ਤੇ ਫਰਾਂਸਿਸ ਜ਼ੇਵੀਅਰ ਦਾ ਦੇਹਾਂਤ ਹੋ ਗਿਆ। ਪਹਿਲਾਂ ਉਸ ਨੂੰ ਮਲਾਕਾ ਵਿਚ ਦਫਨਾਇਆ ਗਿਆ, ਪਰ ਉਸ ਦੀ ਦੇਹ ਦੇ ਕ੍ਰਿਸ਼ਮਈ ਢੰਗ ਨਾਲ ਠੀਕ ਰਹਿਣ ਦੀਆਂ ਅਫਵਾਹਾਂ ਮਗਰੋਂ ਇਸ ਨੂੰ 1554 ਵਿਚ ਸਮੁੰਦਰ ਰਸਤੇ ਗੋਆ ਲਿਆ ਕੇ ਬੈਸੀਲਿਕਾ ਆਫ ਬੌਮ ਜੀਸਸ ਵਿਚ ਰੱਖਿਆ ਗਿਆ। 1622 ਵਿਚ ਫਰਾਂਸਿਸ ਜ਼ੇਵੀਅਰ ਨੂੰ ਸੰਤ ਦੀ ਉਪਾਧੀ ਮਿਲਣ ਮਗਰੋਂ ਇਸ ਦੀ ਮਾਨਤਾ ਹੋਰ ਵੀ ਵਧ ਗਈ।

## ਪੁਰਤਗਾਲੀਆਂ ਦੀ ਦੇਣ...

**ਕਾਜੂ:** ਪੁਰਤਗਾਲੀਆਂ ਨੇ ਭਾਰਤ ਨੂੰ ਰੱਜ ਕੇ ਲੁੱਟਿਆ, ਪਰ ਭਾਰਤ ਲਈ ਕੁਝ ਪੱਖੋਂ ਸੁਖਾਵੇਂ ਕੰਮ ਵੀ ਕੀਤੇ। ਉਨ੍ਹਾਂ ਨੇ ਅਮਰੀਕੀ ਮਹਾਂਦੀਪਾਂ ਤੋਂ ਭਾਰਤ ਵਿਚ ਬਹੁਤ ਸਾਰੇ ਲਾਭਕਾਰੀ ਪੌਦੇ ਲਿਆਂਦੇ। ਅੱਜ ਦੇ ਯੁੱਗ ਵਿਚ ਕਈ ਫਲਾਂ ਅਤੇ ਸਬਜ਼ੀਆਂ ਨੂੰ ਭਾਰਤੀ ਲੋਕ ਦੇਸੀ ਉਤਪਾਦਨ ਮੰਨਦੇ ਹਨ, ਪਰ ਇਹ ਦਰਅਸਲ ਅਮਰੀਕੀ ਮਹਾਂਦੀਪਾਂ, ਖਾਸ ਤੌਰ 'ਤੇ ਦੱਖਣੀ ਤੇ ਕੇਂਦਰੀ ਅਮਰੀਕਾ ਤੋਂ ਆਏ ਹੋਏ ਹਨ। ਇਨ੍ਹਾਂ ਵਿਚੋਂ ਟਮਾਟਰ ਅਤੇ ਆਲੂ ਬਰਾਸਤਾ ਯੂਰਪ, ਭਾਰਤ ਵਿਚ ਪੁੱਜੇ, ਭਾਵ ਪਹਿਲਾਂ ਸਪੇਨੀ ਖੋਜੀ ਇਨ੍ਹਾਂ ਨੂੰ ਯੂਰਪ ਲਿਆਏ ਅਤੇ ਫਿਰ ਉਥੋਂ ਇਹ ਭਾਰਤ ਪੁੱਜੇ।

ਬਹੁਤ ਸਾਰੇ ਹੋਰ ਰੁੱਖ-ਬੂਟੇ ਅਤੇ ਸਬਜ਼ੀਆਂ ਤੇ ਫਲ ਸਨ ਜੋ 16ਵੀਂ ਤੇ 17ਵੀਂ ਸਦੀ ਵਿਚ ਭਾਰਤ ਆਏ ਅਤੇ ਇਨ੍ਹਾਂ ਨੂੰ ਪੁਰਤਗਾਲੀ ਦੱਖਣੀ ਅਮਰੀਕੀ ਮਹਾਂਦੀਪ ਤੋਂ ਸਿੱਧੇ ਭਾਰਤ ਲੈ ਕੇ ਆਏ। ਇਨ੍ਹਾਂ ਵਿਚ ਅਨਾਨਾਸ (ਪਾਈਨ ਐਪਲ), ਸੀਤਾ ਫਲ (ਕਸਟਰਡ ਐਪਲ), ਪਪੀਤਾ, ਅਮਰੂਦ, ਕਾਜੂ, ਮੂੰਗਫਲੀ, ਕਸਾਵਾ ਅਤੇ ਮੱਕੀ ਸ਼ਾਮਿਲ ਹਨ। ਸਾਰੇ ਭਾਰਤ ਵਿਚ ਬਹੁਤੇ ਪਕਵਾਨਾਂ ਵਿਚ ਮਿਰਚ ਜ਼ਰੂਰ ਵਰਤੀ ਜਾਂਦੀ ਹੈ। ਮਿਰਚ ਵੀ ਦੱਖਣੀ ਅਮਰੀਕਾ ਤੋਂ ਪੁਰਤਗਾਲੀ ਭਾਰਤ ਵਿਚ ਲਿਆਏ। ਭਾਰਤ ਵਿਚ ਮਿਰਚਾਂ ਉਗਾਏ ਜਾਣ ਦਾ ਸਿਲਸਿਲਾ 1604 ਵਿਚ ਸ਼ੁਰੂ ਹੋਣ ਦਾ ਰਿਕਾਰਡ ਮੌਜੂਦ ਹੈ।

**ਮੈਂਗੋਸਟੀਨ:** ਪੁਰਤਗਾਲੀ ਬਾਗ਼ਬਾਨੀ ਦੇ ਸ਼ੌਕੀਨ ਵੀ ਸਨ ਅਤੇ ਮਾਹਿਰ ਵੀ। ਉਨ੍ਹਾਂ ਨੇ ਭਾਰਤ ਵਿਚ ਜੈਤੂਨ ਦੇ ਬਾਗ ਲਾਉਣ ਦੇ ਵੀ ਯਤਨ ਕੀਤੇ, ਪਰ ਇਸ ਕਾਰਜ ਵਿਚ ਸਫਲ ਨਹੀਂ ਹੋ ਸਕੇ। 16ਵੀਂ ਸਦੀ ਵਿਚ ਭਾਰਤ ਆਉਣ ਵਾਲੇ ਯੂਰਪੀ ਯਾਤਰੀ ਆਪੋ-ਆਪਣੇ ਸਫਰਨਾਮਿਆਂ ਵਿਚ ਪੁਰਤਗਾਲੀਆਂ ਵੱਲੋਂ ਭਾਰਤੀ ਭੂਮੀ 'ਤੇ ਲਾਏ ਬਾਗ਼ਾਂ ਦਾ ਜ਼ਿਕਰ ਜ਼ਰੂਰ ਕਰਦੇ ਹਨ। ਗੋਆ ਦੇ ਅਧਿਕਾਰੀ ਗਰਸ਼ੀਆ ਡੀਓਰਟਾ ਨੇ ਨਾ ਸਿਰਫ ਆਪਣੇ ਬੰਗਲੇ ਦੇ ਅਹਾਤੇ ਦੇ ਅੰਦਰ ਭਾਰਤੀ ਜੜ੍ਹੀ-ਬੂਟੀਆਂ ਦਾ ਬਾਗ ਲਾਇਆ, ਸਗੋਂ ਪੁਰਤਗਾਲ ਤੋਂ ਮੰਗਵਾ ਕੇ ਚੀਕੂ ਦੇ ਚਾਰ ਦਰਜਨ ਬੂਟੇ ਵੀ ਲਗਾਏ। 1563 ਵਿਚ ਉਸ ਨੇ ਲਿਖਿਆ ਕਿ ਉਸ ਨੇ ਉਤਰ ਪੂਰਬੀ ਏਸ਼ੀਆ ਤੋਂ


ਕਾਜੂ ਦਾ ਦਰੱਖਤ।

ਮੈਂਗੋਸਟੀਨ ਦੇ ਪੌਦੇ ਮੰਗਵਾ ਕੇ ਲਾਏ। ਇਨ੍ਹਾਂ ਦਾ ਫਲ ਇੰਨਾ ਮਿੱਠਾ ਸੀ ਕਿ ਆਮ ਅੰਬ ਇਨ੍ਹਾਂ ਦੇ ਟਾਕਰੇ ਵਿਚ ਨਹੀਂ ਖੜ੍ਹਦੇ। ਪਿਉਂਦ ਲਾਉਣ ਦਾ ਰਿਵਾਜ ਪਹਿਲਾਂ ਹੀ ਭਾਰਤ ਵਿਚ ਸੀ। ਪੁਰਤਗਾਲੀਆਂ ਨੇ ਇਸ ਨੂੰ ਉਤਸ਼ਾਹਿਤ ਕਰ ਕੇ ਫਲਾਂ ਦੀਆਂ ਨਵੀਆਂ ਜਾਤੀਆਂ ਪੈਦਾ ਕੀਤੀਆਂ। ਅਲਫਾਂਸੋ ਅੰਬ ਇਸ ਸਮੇਂ ਭਾਰਤ ਦੀ ਸਭ ਤੋਂ ਮਸ਼ਹੂਰ ਅੰਬ-ਵੰਨਗੀ ਹੈ। ਇਸ ਨੂੰ ਪੁਰਤਗਾਲੀਆਂ ਨੇ ਹੀ ਵਿਕਸਿਤ ਕੀਤਾ ਸੀ।

**ਗੇਂਦਾ:** ਭਾਰਤ ਵਿਚ ਸਭ ਤੋਂ ਮਕਬੂਲ ਫੁੱਲ ਗੇਂਦਾ ਹੈ। ਇਹ ਹਰ ਦੇਵੀ-ਦੇਵਤੇ ਦੀ ਮੂਰਤੀ ਅੱਗੇ ਭੇਟ ਕੀਤਾ ਜਾਂਦਾ ਹੈ। ਗੇਂਦੇ ਦੇ ਹਾਰ ਕਿਸੇ ਨੂੰ ਸਨਮਾਨਣ ਦਾ ਸਭ ਤੋਂ ਵਧੀਆ ਸਾਧਨ ਹਨ। ਇਹ ਪੌਦਾ ਮੈਕਸਿਕੋ ਤੋਂ ਭਾਰਤ ਆਇਆ। ਪੁਰਤਗਾਲੀ ਵੀ ਆਪਣੀਆਂ ਧਾਰਮਿਕ ਰਸਮਾਂ ਲਈ ਗੇਂਦੇ ਦੀ ਵਰਤੋਂ ਆਮ ਹੀ ਕਰਦੇ ਸਨ ਅਤੇ ਹੁਣ ਵੀ ਕਰਦੇ ਹਨ।

**ਤਮਾਕੂ ਦੀ ਆਮਦ ਅਤੇ ਇਸ ਦੇ ਖਿਲਾਫ ਫਤਵਾ:** ਪੁਰਤਗਾਲੀ ਆਪਣੇ ਨਾਲ ਭਾਰਤ ਵਿਚ ਤੰਬਾਕੂ ਲਿਆਏ। ਇਹ ਵੀ ਅਮਰੀਕੀ ਜ਼ਰਾਇਤੀ ਉਤਪਾਦ ਸੀ। 1604 ਵਿਚ ਅਕਬਰ ਦੇ ਇਕ ਦਰਬਾਰੀ ਨੂੰ ਤੰਬਾਕੂ ਅੰਦਰਲੇ ਨਸ਼ੀਲੇ ਮਾਦੇ ਬਾਰੇ ਪਤਾ ਲੱਗਿਆ। ਉਸ ਨੇ ਇਹ ਬਾਦਸ਼ਾਹ ਤੇ ਉਸ ਦੇ ਵਜ਼ੀਰਾਂ ਨੂੰ ਭੇਟ ਕੀਤਾ। ਬਾਦਸ਼ਾਹ ਨੇ ਹੁੱਕੇ ਵਿਚ ਚਰਸ ਦੀ ਥਾਂ ਤਮਾਕੂ (ਤੰਬਾਕੂ) ਵਰਤਣਾ ਸ਼ੁਰੂ ਕਰ ਦਿੱਤਾ। ਇਸ ਤੋਂ ਛੇਤੀ ਹੀ ਪਿਛੋਂ ਹੋਰ ਦਰਬਾਰੀਆਂ ਤੇ ਫਿਰ ਆਮ ਲੋਕਾਂ ਨੇ ਵੀ ਇਸ ਦੀ ਵਰਤੋਂ ਸ਼ੁਰੂ ਕਰ ਦਿੱਤੀ।

ਤੰਬਾਕੂ ਦੀ ਮਕਬੂਲੀਅਤ ਤੇ ਪਸਾਰ ਨੂੰ 1617 ਵਿਚ ਧੱਕਾ ਲੱਗਾ। ਅਕਬਰ ਦੇ ਜਾਂਨਸ਼ੀਨ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਉਸ ਸਾਲ ਹੁਕਮ ਜਾਰੀ ਕਰਕੇ ਕਿਹਾ, "ਤਮਾਕੂਨੋਸ਼ੀ ਦੀ ਆਦਤ ਨੇ ਬਹੁਤ ਸਾਰੇ ਲੋਕਾਂ ਦੀ ਸਿਹਤ ਤੇ ਮਾਨਸਿਕ ਸ਼ਕਤੀ ਉਤੇ ਭੈੜਾ ਅਸਰ ਪਾਇਆ ਹੈ। ਇਸ ਲਈ ਮੈਂ ਹੁਕਮ ਦਿੰਦਾ ਹਾਂ ਕਿ ਤਮਾਕੂਨੋਸ਼ੀ ਤੇ ਤਮਾਕੂ ਦੀ ਵਿਕਰੀ ਬਿਲਕੁਲ ਬੰਦ ਕਰ ਦਿੱਤੀ ਜਾਵੇ। ਜਿਹੜਾ ਬੰਦਾ ਇਸ ਨੂੰ ਵੇਚਦਾ ਜਾਂ ਪੀਂਦਾ ਫੜਿਆ ਗਿਆ, ਉਸ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ।"

*(ਰੌਇ ਮੌਕਸਹੈਮ ਦੀ ਕਿਤਾਬ 'ਥੈਫਟ ਆਫ ਇੰਡੀਆ' ਦੇ ਕੁਝ ਹੋਰ ਅੰਸ਼)*

# ਕੁਦਰਤ ਨੂੰ ਟਿੱਚ ਜਾਣਨਾ ਵੀ ਪੁਆੜੇ ਦੀ ਜੜ੍ਹ

ਮਨੁੱਖ ਆਦਿ ਕਾਲ ਤੋਂ ਹੀ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਕੁਦਰਤੀ ਸਰੋਤਾਂ ਦੀ ਵਰਤੋਂ ਕਰਦਾ ਆਇਆ ਹੈ। ਸਾਡੇ ਪੁਰਖੇ ਵੀ ਜੰਗਲ ਵੱਢ ਕੇ ਅਤੇ ਜਾਨਵਰਾਂ ਦਾ ਸ਼ਿਕਾਰ ਕਰਕੇ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਤਬਾਹ ਕਰਦੇ ਸਨ ਪਰ ਇਹ ਪ੍ਰਭਾਵ ਰੜਕਣ ਵਾਲਾ ਨਹੀਂ ਸੀ ਹੁੰਦਾ ਕਿਉਂਕਿ ਉਨ੍ਹਾਂ ਦਾ ਜੀਵਨ ਸਾਦਾ ਅਤੇ ਕੁਦਰਤੀ ਨਿਜ਼ਾਮ ਨਾਲ ਇਕ-ਮਿਕ ਸੀ। ਇਸ ਤੋਂ ਇਲਾਵਾ ਸਾਡੇ ਪੂਰਵਜਾਂ ਦੀ ਗਿਣਤੀ ਵੀ ਘੱਟ ਸੀ ਅਤੇ ਕੁਦਰਤੀ ਭੰਡਾਰ ਵੀ ਅਥਾਹ ਸਨ, ਜਿਸ ਕਰਕੇ ਕੁਦਰਤੀ ਸੰਤੁਲਨ ਕਾਇਮ ਰਹਿੰਦਾ ਸੀ। ਹਰ ਚੀਜ਼ ਲੋੜ ਅਨੁਸਾਰ ਅਤੇ ਸਹਿਜ ਵਿਚ ਸੀ ਪ੍ਰੰਤੂ ਸਮੇਂ ਦੇ ਨਾਲ ਮਨੁੱਖ




ਵਿਜੈ ਬੰਬੇਲੀ
ਫੋਨ: 91-94634-39075

ਉਕਾ ਹੀ ਗੈਰ-ਕੁਦਰਤੀ ਅਤੇ ਅਸਹਿਜ ਹੁੰਦਾ ਗਿਆ। ਮਨੁੱਖ ਦੀ ਜ਼ਿੰਦਗੀ ਦਾ ਇਹ ਪੱਧਰ ਉਦਯੋਗਿਕ ਕ੍ਰਾਂਤੀ ਤੱਕ ਚਲਦਾ ਰਿਹਾ।

ਜਾਨਵਰਾਂ ਦੇ ਮੁਕਾਬਲੇ ਕੁਝ ਨਿਵੇਕਲੇ ਗੁਣਾਂ ਵਾਲਾ ਬੰਦਾ ਕੁਦਰਤ ਦੇ ਭੇਤ ਲੱਭਦਾ-ਲਭਾਉਂਦਾ ਆਪਣੇ ਨਿਜੀ ਹਿਤਾਂ ਤਹਿਤ ਕੁਦਰਤੀ ਨਿਯਮਾਂ ਦੀਆਂ ਧੱਜੀਆਂ ਉਡਾਉਣ ਲੱਗਾ। ਉਹ ਇਹ ਭੁੱਲ ਹੀ ਗਿਆ ਕਿ ਧਰਤੀ ਉਤੇ ਮੌਜੂਦ ਬਨਸਪਤੀ ਅਤੇ ਬਾਕੀ ਜੀਵ-ਸੰਸਾਰ ਕਰਕੇ ਹੀ ਉਸ ਦੀ ਹੋਂਦ ਹੈ। ਉਸ ਨੂੰ ਚੇਤਾ ਹੀ ਨਾ ਰਿਹਾ ਕਿ ਇਨ੍ਹਾਂ ਆਪਸੀ ਰਿਸ਼ਤਿਆਂ ਕਰਕੇ ਹੀ ਉਹ ਜਿਉਂਦਾ ਹੈ।

ਰਹੱਸਾਂ ਨੂੰ ਸਮਝਣ ਦਾ ਯਤਨ: ਮਨੁੱਖੀ ਇਤਿਹਾਸ ਜੰਗਾਂ, ਜਿੱਤਾਂ ਅਤੇ ਵੰਸ਼ਾਂ ਦਾ ਇਤਿਹਾਸ ਹੀ ਨਹੀਂ, ਬਲਕਿ ਮਨੁੱਖ ਦੀ ਕੁਦਰਤੀ ਰਹੱਸਾਂ ਨੂੰ ਸਮਝਣ ਦੀ ਪ੍ਰਬਲ ਤਾਂਘ ਦਾ ਇਤਿਹਾਸ ਵੀ ਹੈ। ਮਨੁੱਖ ਨੇ ਇਹ ਸਫਰ ਲੰਮੇ ਸਮੇਂ ਵਿਚ ਤੈਅ ਕੀਤਾ ਹੈ। ਮਨੁੱਖ ਅਤੇ ਸਮੁੱਚੀ ਜ਼ਿੰਦਗੀ ਲਈ ਅਨੁਕੂਲ ਹਾਲਤਾਂ ਪੈਦਾ ਕਰਨ ਲਈ ਮਨੁੱਖ ਦਾ ਨਿਸ਼ਾਨਾ ਸਮਝ ਵੀ ਆਉਂਦਾ ਹੈ। ਅੱਜ ਵਿਗਿਆਨ ਨੇ ਮਨੁੱਖ ਨੂੰ ਇਸ ਯੋਗ ਬਣਾ ਦਿੱਤਾ ਹੈ ਕਿ ਉਹ ਸਮੁੱਚ ਬਾਰੇ ਸੋਚ ਸਕਦਾ ਹੈ। ਧਰਤੀ ਉਤੇ ਮੌਜੂਦ ਸਾਰੀਆਂ ਸਹੂਲਤਾਂ, ਹੈਰਾਨੀਆਂ, ਖਤਰੇ, ਅੰਦੇਸ਼ੇ ਆਦਿ ਹਰ ਤਰ੍ਹਾਂ ਦੇ ਵਰਤਾਰੇ ਹੁਣ ਵਿਗਿਆਨ ਕੇਂਦਰਿਤ ਹਨ।

ਵਿਗਿਆਨ ਹੀ ਅਜਿਹੀ ਲੱਭਤ ਹੈ ਜਿਸ ਨੇ ਮਨੁੱਖਤਾ ਨੂੰ ਜੋੜਿਆ ਹੈ ਪ੍ਰੰਤੂ ਵਿਗਿਆਨ ਦੀ ਸੁਚੱਜੀ ਅਤੇ ਲੋਕ-ਹਿਤੂ ਵਰਤੋਂ ਕਰਨ ਦੀ ਥਾਂ ਇਸ ਦੀ ਦੁਰਵਰਤੋਂ ਨੇ ਕੁਦਰਤੀ ਸਮਤੋਲ ਸਮੇਤ ਮਨੁੱਖੀ ਹੋਂਦ ਲਈ ਹੀ ਖਤਰੇ ਖੜ੍ਹੇ ਕਰ ਦਿੱਤੇ ਹਨ। ਅੱਜ ਮਨੁੱਖ ਦਾ ਇਕੋ ਇਕ ਨਿਸ਼ਾਨਾ ਕੁਦਰਤ ਉਪਰ ਆਪਣਾ ਨਿਜ਼ਾਮ ਸਥਾਪਿਤ ਕਰਨਾ ਬਣ ਗਿਆ ਹੈ। ਉਸ ਦੇ ਉਜੱਡ ਕਿਸਮ ਦੇ 'ਆਧੁਨਿਕ' ਤੌਰ-ਤਰੀਕਿਆਂ ਨੇ ਕੁਦਰਤੀ ਸੰਸਾਰ ਨੂੰ ਬੁਰੀ ਤਰ੍ਹਾਂ ਨਸ਼ਟ ਕਰਨਾ ਸ਼ੁਰੂ ਕਰ ਦਿੱਤਾ ਹੈ। ਦਰਅਸਲ ਲਾਲਸਾਮਈ ਵਿਗਿਆਨਕ ਵਰਤੋਂ ਨੇ ਹੀ ਗੜਬੜ ਚੌਥ ਪੈਦਾ ਕਰ ਦਿੱਤੀ ਹੈ। ਆਪ ਮੁਹਾਰੇ ਵਿਗਿਆਨਕ ਅਤੇ ਤਕਨੀਕੀ ਵਿਕਾਸ ਦੇ ਨਾਲ ਹੀ ਮਨੁੱਖ ਅਤੇ ਕੁਦਰਤ 'ਚ ਯੁੱਧ ਜਿਹਾ ਛਿੜ ਪਿਆ ਹੈ, ਜੋ ਅੱਜ ਫੈਸਲਾਕੁਨ ਮੋੜ 'ਤੇ ਪਹੁੰਚ ਚੁਕਾ ਹੈ ਪਰ ਇਸ ਵਿਚ ਮਨੁੱਖੀ ਵਿਨਾਸ਼ ਹੀ ਨਜ਼ਰ ਆ ਰਿਹਾ ਹੈ।



ਸਿੱਟੇ ਵਜੋਂ ਮਨੁੱਖ ਵਲੋਂ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਅਤੇ ਇਸ ਦੀ ਮੁੜ-ਭਰਪਾਈ ਨਾ ਹੋਣ ਕਾਰਨ ਕਈ ਕਿਸਮ ਦੇ ਸੰਕਟ ਸਾਹਮਣੇ ਆ ਰਹੇ ਹਨ। ਵਰਖਾ ਗੜਬੜਾ ਗਈ ਹੈ। ਪਾਣੀ ਪਤਾਲੀਂ ਜਾ ਵੜਿਆ ਹੈ। ਰੇਗਿਸਤਾਨ ਨੇ ਮਨੁੱਖ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਹੈ। ਧਰਤੀ 'ਚ ਕੰਬਣੀ, ਵਰਖੀਲੇ ਅਤੇ ਸਮੁੰਦਰੀ ਤੂਫਾਨ। ਭੂਮੀ ਤੇ ਜਲ ਜ਼ਹਿਰੀਲੇ ਹੋ ਰਹੇ ਹਨ। ਖਾਦਾਂ-ਕੀਟਨਾਸ਼ਕਾਂ ਨਾਲ ਕੈਂਸਰ ਬੰਦਿਆਂ ਨੂੰ ਹੀ ਨਹੀਂ, ਸਗੋਂ ਧਰਤ ਨੂੰ ਵੀ ਹੋਣ ਲੱਗ ਪਿਆ ਹੈ। ਪੈਟਰੋਲੀਅਮ ਪਦਾਰਥਾਂ ਦੀ ਬੇਮੁਹਾਰੀ ਵਰਤੋਂ ਅਤੇ ਬੇਵਜ੍ਹਾ ਨਿਜੀ ਵਾਹਨਾਂ ਦੀ ਆਵਾਜਾਈ ਨੇ ਗਲੋਬਲ ਵਾਰਮਿੰਗ 'ਚ ਵਾਧਾ ਕਰਕੇ ਰੁੱਤ-ਵਿਗਾੜ 'ਚ ਹਿੱਸਾ ਪਾ ਦਿੱਤਾ ਹੈ। ਸਾਡਾ ਆਪਣਾ ਛੇ ਰੁੱਤਾਂ ਵਾਲਾ ਭਾਰਤ ਵੀ ਦੋ ਰੁੱਤਾਂ-ਨਮੀ ਯੁਕਤ ਗਰਮੀ ਅਤੇ ਬਰਫ ਯੁਕਤ ਸਰਦੀ ਵੱਲ ਵਧ ਰਿਹਾ ਹੈ। ਸਭ ਕੁਝ ਬਦਲਨਾ ਪੈ ਜਾਵੇਗਾ ਸਾਨੂੰ, ਫਸਲੀ ਹੇਰ-ਫੇਰ, ਰਹਿਣ-ਸਹਿਣ, ਪਹਿਨਣ-ਪਚਰਨ, ਖਾਣ-ਪੀਣ ਅਤੇ ਮਹਿਲ-ਮੁਨਾਰੇ ਵੀ। ਜੇ ਅਸੀਂ ਨਾ ਸੰਭਲੇ ਤਾਂ ਮਨੁੱਖ ਪਾਕ ਆਬੋ-ਹਵਾ ਲਈ ਵੀ ਤਰਸੇਗਾ।

ਬੇਮੌਸਮੇ ਉਤਪਾਦਨ: ਹੁਣ ਬੇਮੌਸਮਾ ਤਾਂ ਸਾਰਾ ਕੁਝ ਪੈਦਾ ਕੀਤਾ ਜਾ ਰਿਹਾ ਹੈ ਧੱਕੋਜ਼ੋਰੀ, ਪਰ ਕੁਦਰਤ ਨੂੰ ਮੌਸਮੀ ਪੈਦਾਵਾਰ ਕਰਨ 'ਚ ਲਾਚਾਰੀ ਵੱਲ ਤੋਰ ਦਿੱਤਾ ਹੈ। ਅਮਲੀ ਬਣਾ ਦਿੱਤੀ ਹੈ ਸਾਰੀ ਧਰਤੀ। ਮਨੁੱਖੀ ਆਪ-ਹੁਦਰੀਆਂ ਕਾਰਨ ਕੁਦਰਤੀ ਸਮਤੋਲ ਦੀ ਲਖਾਇਕ ਕਈ ਕਿਸਮ ਦੀ ਬਨਸਪਤੀ, ਜਨੌਰ ਅਤੇ ਪੰਖੇਰੂ ਸਦੀਵੀ ਉਡਾਰੀ ਮਾਰ ਗਏ ਹਨ। ਇਹ ਸਭ ਕੁਝ ਮਨੁੱਖੀ ਨਸਲ ਦੇ ਆਤਮਘਾਤੀ ਕਦਮਾਂ ਦੀ ਕਨਸੋਅ ਹੈ। ਭੌਤਿਕ ਸਹੂਲਤਾਂ ਮਗਰ ਹਾਫਲਿਆ ਫਿਰਦਾ ਬੰਦਾ ਨਿੱਤ ਨਵੇਂ ਸੰਕਟ ਸਹੇੜ ਰਿਹਾ ਹੈ, ਨਵੀਆਂ ਬਿਮਾਰੀਆਂ ਵੀ। ਕੱਲ-ਕਲੋਤਰ ਨੂੰ ਕੋਈ ਹੋਰ ਆਫਤ ਆਈ ਸਮਝੋ। ਇਹ ਕੁਦਰਤ ਨੂੰ ਟਿੱਚ ਜਾਣਨ ਵਾਲਾ ਮਨੁੱਖੀ ਵਤੀਰਾ ਹੈ ਜਿਹੜਾ ਮਨੁੱਖਤਾ ਨੂੰ ਨਵੀਆਂ ਦੁਸ਼ਵਾਰੀਆਂ ਵੱਲ ਧੱਕ ਰਿਹਾ ਹੈ। ਕੁਦਰਤੀ ਸਮਤੋਲ 'ਚ ਮਿੱਤਰ ਅਤੇ ਦੁਸ਼ਮਣ ਜੀਵਾਂ ਦੀ ਮਿਕਦਾਰ ਤਾਕਤ ਸਿਰਫ ਬਰਾਬਰ ਹੀ ਨਹੀਂ ਰਹਿੰਦੀ, ਸਗੋਂ ਬਹੁਤਾ ਕਰਕੇ ਮਿੱਤਰ ਧਿਰਾਂ ਹੀ ਭਾਰੂ ਰਹਿੰਦੀਆਂ ਹਨ, ਪਰ ਹੁਣ ਪਾਸਾ ਪਲਟ ਰਿਹਾ ਹੈ।

ਕੁਦਰਤ ਮਨੁੱਖ ਨੂੰ ਢੇਰ ਨਿਆਮਤਾਂ ਬਖ਼ਸ਼ਦੀ ਸੀ/ਹੈ। ਜਿਵੇਂ ਉਹ ਮਨੁੱਖ ਉਤੇ ਸਭ ਕੁਝ ਨਿਛਾਵਰ ਕਰਨ ਉਤੇ ਤੁਲੀ ਹੋਈ ਹੋਵੇ। ਕੁਦਰਤ ਦੇ ਨਾਲ ਚੱਲਣਾ ਉਹਦੇ ਉਲਟ ਚੱਲਣ ਨਾਲੋਂ ਸੌਖਾ, ਸਿਹਤਮੰਦ ਅਤੇ ਲਾਹੇਬੰਦ ਹੁੰਦਾ ਹੈ। ਕੁਦਰਤੀ ਵਰਤਾਰੇ ਦੇ ਪਹਿਲੂ ਤੋਂ ਜੇ ਖੁਰਾਕ ਅਤੇ ਸਰੀਰਕ ਲੋੜ ਤੇ ਕ੍ਰਿਆ ਨੂੰ ਹੀ ਦੇਖੀਏ ਤਾਂ ਗਰਮੀਆਂ ਵਿਚ ਪਸੀਨਾ ਵੱਧ ਆਉਂਦਾ ਹੈ, ਜਿਸ ਨਾਲ ਸਰੀਰ ਵਿਚ ਪਾਣੀ ਅਤੇ ਨਮਕ ਆਦਿ ਦੀ ਘਾਟ ਮਹਿਸੂਸ ਹੁੰਦੀ ਹੈ। ਦੂਸਰੇ ਪਾਸੇ ਜੇ ਇਸ ਰੁੱਤ ਦੇ ਫਲਾਂ ਜਿਵੇਂ ਮਤੀਰਾ, ਖਰਬੂਜਾ, ਕੱਕੜੀ ਅਤੇ ਸਲਾਦ ਆਦਿ ਨੂੰ ਦੇਖੀਏ ਤਾਂ ਇਹ ਸਦਾ ਹੀ ਰਸ-ਭਰਪੂਰ ਹੁੰਦੇ ਹਨ, ਜੋ ਖਾਣ ਨਾਲ ਸਰੀਰ ਵਿਚ ਪਾਣੀ ਵਧਾਉਂਦੇ ਹਨ। ਇਹ ਫਲ ਧਰਤੀ 'ਚੋਂ ਲੂਣੇ ਪਦਾਰਥ ਵੀ ਵਧ ਲੈਂਦੇ ਹਨ ਸਿੱਟੇ ਵਜੋਂ ਨਮਕ ਦੀ ਘਾਟ ਵੀ ਇਨ੍ਹਾਂ ਦੇ ਬਦੌਲਤ ਸਾਵੀਂ ਹੋ ਜਾਂਦੀ ਹੈ। ਹੁਣ ਸਦਾ ਬਹਾਰ, ਫਲ ਤੇ ਸਬਜ਼ੀਆਂ ਪੈਦਾ ਕਰਕੇ ਅਤੇ ਉਨ੍ਹਾਂ ਨੂੰ ਤੁਰਤ ਪਕਾਉਣ ਦੇ ਨਾਂ 'ਤੇ ਅਸੀਂ ਜ਼ਹਿਰਾਂ ਖਾ ਰਹੇ ਹਾਂ।

ਕੁਦਰਤ ਨਾਲ ਟਕਰਾਅ: ਪ੍ਰੰਤੂ ਕੁਦਰਤ ਨਾਲ ਅਸਾਵੀਂ ਲੜਾਈ ਵਿਚ ਕੁਦਰਤ ਸਦਾ ਹੀ ਬੇ-ਕਿਰਕ ਰੂਪ 'ਚ ਸਾਹਮਣੇ ਆਉਂਦੀ ਹੈ। ਨਦੀਆਂ ਦੇ ਜਨਮਦਾਤੇ ਬਰਫੀਲੇ ਪਹਾੜ ਅਤੇ ਗਲੇਸ਼ੀਅਰ ਹਨ ਜਾਂ ਫਿਰ ਜੰਗਲ। ਹੱਥੀਂ ਸਹੇੜੀ ਜਾ ਰਹੀ ਮਾਰੂ ਤਪਸ਼ ਨੇ ਬਰਫਾਂ ਪਿਘਲਾ ਕੇ ਪਹਿਲਾਂ ਦਰਿਆ ਉਛਾਲ ਦੇਣੇ ਹਨ ਮਗਰੋਂ ਬਰਾਨੀ ਸਮਾ ਜਾਵੇਗੀ ਸਾਡੀ ਨਦੀਆਂ ਵਿਚ। ਸਮੁੰਦਰ ਨੇ ਪੂਰ ਭਰ ਕੇ ਲਾਗਲੀਆਂ ਜ਼ਮੀਨਾਂ ਅਤੇ ਬਸਤੀਆਂ



ਨੂੰ ਨਿਗਲ ਜਾਣਾ ਹੈ। ਅਸੀਂ ਜੰਗਲਾਂ ਮਗਰ ਵੀ ਹੱਥ ਧੋ ਕੇ ਪੈ ਗਏ ਹਾਂ। ਦਰੱਖਤ, ਮਿੱਟੀ ਦੀ ਬਣਤ ਘੜਨ ਵਾਲੇ ਕਾਰਖਾਨੇ ਹਨ। ਇਹ ਜੀਵਾਂ ਲਈ ਆਕਸੀਜਨ ਅਤੇ ਖਾਧ ਪਦਾਰਥ ਦੇਣ ਵਾਲੀਆਂ ਲੋਕ ਕਥਾਵਾਂ ਵਾਲੀਆਂ 'ਕਪਿਲਾ ਗਊਆਂ' ਹਨ। ਇਹ ਵਰਖਾ ਨੂੰ ਪ੍ਰੇਰਿਤ ਕਰਦੇ ਹਨ, ਇਸੇ ਲਈ ਇਹ ਨਦੀਆਂ ਦੇ ਵੀ ਜਨਮਦਾਤੇ ਹਨ।

ਵਰਖਾ ਹੀ ਪਾਣੀ ਦਾ ਮੁੱਢਲਾ ਸੋਮਾ ਹੈ। ਵਰਖਾ ਦਾ ਜੰਗਲਾਂ ਨਾਲ ਚੋਲੀ-ਦਾਮਨ ਵਾਲਾ ਰਿਸ਼ਤਾ ਹੈ। ਜੰਗਲ ਜਲ ਨੂੰ ਸਾਡੇ ਪੀਣ, ਵਰਤਣ ਤੇ ਸਿੰਚਾਈ ਲਈ ਇਕ ਰਾਖਵੇਂ ਭੰਡਾਰ ਵਾਂਗ ਆਪਣੀਆਂ ਜੜ੍ਹਾਂ ਰਾਹੀਂ ਧਰਤ 'ਚ ਸੰਭਾਲ ਲੈਂਦੇ ਹਨ। ਮਿੱਟੀ ਰੁੜ੍ਹਨ ਨਹੀਂ ਦਿੰਦੇ। ਮੁੱਕਦੀ ਗੱਲ, ਔੜ ਅਤੇ ਹੜ੍ਹ ਦੋਵਾਂ ਸਥਿਤੀਆਂ ਵਿਚ ਹੀ ਇਹ ਸਾਡੇ ਲਈ ਵਰਦਾਨ ਹਨ। ਸ਼ਾਇਦ ਸਾਨੂੰ ਨਹੀਂ ਪਤਾ ਕਿ ਮਾਰੂਥਲ ਵਾਲੀ ਨਿੱਕੀ-ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀ ਇਕ ਦਿਨ ਵਿਚ ਛੱਡਦੀ ਹੈ ਜਿਹੜੀ ਰੇਗਿਸਤਾਨ ਦੀ ਖੁਸ਼ਕ ਫਿਜ਼ਾ ਨੂੰ ਸਿੱਲਾ ਕਰਨ 'ਚ ਸਿਫਤੀ ਰੋਲ ਨਿਭਾਉਂਦੀ ਹੈ। ਜੰਗਲਾਂ ਦਾ ਇਕ ਵਰਗ ਕਿਲੋਮੀਟਰ ਰਕਬਾ 20 ਤੋਂ 50 ਹਜ਼ਾਰ ਘਨਮੀਟਰ ਪਾਣੀ ਆਪਣੀਆਂ ਜੜ੍ਹਾਂ ਰਾਹੀਂ ਸਾਡੇ ਲਈ ਸੰਭਾਲੀ ਰੱਖਦਾ ਹੈ। ਇਹ ਊਰਜਾ ਦੇ ਵੀ ਸਰੋਤ ਹਨ। ਇਨ੍ਹਾਂ ਕੋਲੋਂ ਅਥਾਹ ਭੋਜਨ ਮਿਲਦਾ ਹੈ। ਇਹ ਦਵਾ-ਦਾਰੂ ਵਾਲੀਆਂ ਜੜੀ-ਬੂਟੀਆਂ ਦੇ ਭੰਡਾਰ ਹਨ ਅਤੇ ਕੰਦ-ਮੂਲਾਂ ਦੇ ਵੀ। ਸਾਡੀ ਪ੍ਰਿਥਵੀ ਉਤਲੇ ਸਾਰੇ ਪੌਦੇ ਹਰ ਵਰ੍ਹੇ ਲਗਭਗ 144 ਅਰਬ ਮੀਟਰਿਕ ਟਨ ਜੀਵੀ-ਪਦਾਰਥ ਪੈਦਾ ਕਰਦੇ ਹਨ। ਇਹ ਨਮੀ ਅਤੇ ਮੱਲ੍ਹੜ (ਪੱਤ-ਖਾਦ) ਬਖ਼ਸ਼ ਕੇ ਧਰਤੀ ਨੂੰ ਠੰਡਾ, ਪੋਲਾ, ਮਿੱਤਰ-ਕੀਟ ਯੁਕਤ ਅਤੇ ਜਰਖੇਜ਼ ਬਣਾਉਂਦੇ ਹਨ। ਜ਼ਹਿਰਾਂ ਚੂਸਦੇ ਹਨ ਅਤੇ ਧਰਾਤਲ ਤੇ ਖਲਾਅ ਨੂੰ ਨਮੀ ਭਰੀ ਠੰਡਕ ਬਖ਼ਸ਼ਦੇ ਹਨ। ਇਨ੍ਹਾਂ ਨੂੰ ਖੇਤੀ ਲਈ ਦੁੱਧ ਚੁੰਘਾਉਣ ਵਾਲੀ ਮਾਂ ਵੀ ਕਿਹਾ ਜਾ ਸਕਦਾ ਹੈ। ਸਿਤਮ ਜ਼ਰੀਫੀ! ਪੰਘੂੜੇ ਤੋਂ ਲੈ ਕੇ ਅਰਥੀ ਤੱਕ ਕੰਮ ਆਉਣ ਵਾਲੀ ਇਸ ਕੁਦਰਤੀ ਨਿਆਮਤ ਮਗਰ ਬੰਦਾ ਹੀ ਕੁਹਾੜਾ ਚੁੱਕੀ ਫਿਰਦਾ ਹੈ।

ਬੇਸਮਝ ਹਰਕਤਾਂ: ਸਾਡੀਆਂ ਬੇ-ਸਮਝ ਹਰਕਤਾਂ ਕਾਰਨ ਪਾਣੀ ਵੀ ਆਪਣਾ ਰੂਪ, ਸ਼ੁੱਧਤਾ, ਕਿਸਮ ਅਤੇ ਸਥਾਨ ਬਦਲ ਰਿਹਾ ਹੈ। ਪਵਿੱਤਰ ਨਦੀਆਂ ਤੇ ਨਾਲਿਆਂ ਤੋਂ ਭਾਰਤੀ ਮਨੁੱਖ ਸੀਵਰੇਜ ਦਾ ਕੰਮ ਲੈ ਰਿਹਾ ਹੈ। ਸਨਅਤਾਂ ਅਤੇ ਘਰਾਂ ਦਾ ਗੰਦਾ ਤੇ ਤੇਜ਼ਾਬੀ ਪਾਣੀ ਧੜੱਲੇ ਨਾਲ ਨਦੀਆਂ ਵਿਚ ਸੁੱਟਿਆ ਜਾ ਰਿਹਾ ਹੈ। ਸੰਸਾਰ ਦੀ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਵਾਤਾਵਰਣ ਖੇਤਰ ਦੀ ਪਹਿਲੀ ਅਤੇ ਅਤੀ ਜ਼ਰੂਰੀ ਸ਼ਕਤੀ ਪਾਣੀ ਨੂੰ ਮਨੁੱਖ ਹੁਣ ਪਤਾਲਾਂ 'ਚੋਂ ਵੀ ਖਿੱਚ-ਧੂਹ ਲਿਆਉਣ ਲਈ ਚਾਂਭਲਿਆ ਫਿਰਦਾ ਹੈ। ਪ੍ਰੰਤੂ ਇੰਜ ਕਰਨ ਲਈ ਬੇ-ਮੁਹਾਰੇ ਹੋਏ ਤੇ ਥਾਂ-ਥਾਂ ਧਰਤ ਮਾਂ ਦਾ ਸੀਨਾ ਪਾੜ ਰਹੇ ਬੰਦੇ ਨੂੰ ਸ਼ਾਇਦ ਇਸ ਦੇ ਮਾਰੂ ਸਿੱਟਿਆਂ ਦਾ ਹਾਲੇ ਨਹੀਂ ਪਤਾ।

ਆਮ ਵੇਖਣ ਨੂੰ ਤਾਂ ਜਾਪਦਾ ਹੈ ਕਿ ਪਾਣੀ ਦੀ ਧਰਤੀ ਹੇਠੋਂ ਅੰਧਾਧੁੰਦ ਖਿਚਾਈ ਨਾਲ ਸਿਰਫ ਜਲ ਸੰਕਟ ਹੀ ਉਪਜਿਆ ਹੈ ਪਰ ਸ਼ਾਇਦ ਅਸੀਂ ਸੋਚ ਵੀ ਨਹੀਂ ਸਕਦੇ ਕਿ ਜੇ ਇਸ ਦੀ ਭਰਪਾਈ ਨਾ ਹੋਈ ਤਾਂ ਜਲ-ਅਣਹੋਂਦ ਨਾਲ ਧਰਤੀ ਹੇਠ ਪੈਦਾ ਹੋਏ ਖਲਾਅ ਨਾਲ ਨੇੜ-ਭਵਿੱਖ ਵਿਚ ਧਰਤੀ ਵੀ ਗਰਕਣੀ ਸ਼ੁਰੂ ਹੋ ਸਕਦੀ ਹੈ। ਸਬਮਰਸੀਬਲ ਪੰਪਾਂ ਨਾਲ ਕੀਤੀ ਜਾ ਰਹੀ ਪਾਣੀ ਦੀ ਬੇਪਨਾ ਖਿਚਾਈ ਉਪਰੰਤ ਧਰਤੀ ਦੀਆਂ ਡੂੰਘਾਈਆਂ 'ਚ ਉਪਜੀਆਂ ਗੁਫਾਵਾਂ ਨੇ ਅਜਿਹਾ ਹੀ ਚੰਦ ਸਾਡੇ ਆਪਣੇ ਪੰਜਾਬ ਵਿਚ ਵੀ ਕਈ ਜਗ੍ਹਾ ਚਾੜ੍ਹਿਆ ਹੈ।

ਗੁਜਰਾਤ ਵਿਚ ਤਾਂ 'ਆਧੁਨਿਕ ਅਤੇ ਘਣੀ ਖੇਤੀ' ਕਾਰਨ ਜ਼ਮੀਨ ਹੇਠਲੀਆਂ ਜਲ-ਤੱਗੀਆਂ ਡੂੰਘੀਆਂ ਹੋਈ ਜਾਣ ਕਾਰਨ ਦੋ ਹੋਰ ਅਲਾਮਤਾਂ ਵੀ ਸਾਹਮਣੇ ਆਈਆਂ ਹਨ। ਇਕ ਤਾਂ ਕੱਛ ਖੇਤਰ (ਸਮੁੰਦਰੀ ਸਾਹਿਲ) ਵਿਚ ਇਸ ਖਲਾਅ ਦੀ ਥਾਂ ਸਮੁੰਦਰੀ ਜਲ-ਰਿਸਾਵ ਨੇ ਲੈ ਲਈ ਹੈ। ਸਿੱਟੇ ਵਜੋਂ ਵਾਸ਼ਪੀਕਰਨ ਨਾਲ ਜ਼ਮੀਨੀ ਮੁਸਾਮਾਂ ਰਾਹੀਂ ਲੂਣੇ ਪਦਾਰਥ ਉਪਰ ਆ ਕੇ ਧਰਤੀ ਨੂੰ ਰੁੰਡ-ਮਰੁੰਡ ਕਰਨ ਲੱਗੇ। ਦੂਸਰੇ, ਕੁਝ ਦੁਰੇਡੀਆਂ ਥਾਂਵਾਂ ਉਤੇ ਜ਼ਮੀਨ ਧਸਣ ਦੇ ਮਾਮਲੇ ਵੀ ਸਾਹਮਣੇ ਆਏ। ਧਰਤ ਹੇਠਲਾ ਜਲ-ਸਮਤੋਲ ਭੁਚਾਲਾਂ ਨੂੰ ਵੀ ਮਨਫੀ ਕਰਦਾ ਹੈ, ਕਿਉਂਕਿ ਜ਼ਮੀਨੀ ਵਿਰਲਾਂ ਅਤੇ ਅੰਦਰੂਨੀ ਪਲੇਟਾਂ ਵਿਚ ਖਾਲੀ ਜਗ੍ਹਾ ਇਸ ਨੇ ਭਰ ਰੱਖੀ ਹੁੰਦੀ ਹੈ।

ਹੋਰ ਅੰਕੜੇ ਵੀ ਪੇਸ਼ ਕੀਤੇ ਜਾ ਸਕਦੇ ਹਨ ਅਤੇ ਉਦਾਹਰਣਾਂ ਵੀ ਹੋਰ ਤੋਂ ਹੋਰ ਦਿੱਤੀਆਂ ਜਾ ਸਕਦੀਆਂ ਹਨ। ਉਨ੍ਹਾਂ ਦੀਆਂ ਵੀ ਜਿਨ੍ਹਾਂ ਦੀ ਲਕਵੀਂ ਦੇਣ ਦਾ ਤਾਂ ਕੋਈ ਬਦਲ ਹੀ ਨਹੀਂ ਜੇ ਲੱਭਣਾ। ਗੱਲ ਤੋਰ ਲਈਏ ਭਾਵੇਂ ਬੋਹੜਾਂ, ਪਿੱਪਲਾਂ ਤੇ ਨਿੰਮਾਂ ਦੀ, ਚਾਹੇ ਅੱਕ-ਪਲਾਹ, ਢਾਕਾਂ ਤੇ ਬਸੂਟੀ ਦੀ। ਉਂਗਲ ਧਰ ਦੇਈਏ ਬੇਸ਼ੱਕ ਇੱਲਾਂ, ਉੱਲੂਆਂ ਤੇ ਸ਼ਿਕਰਿਆਂ ਦੇ ਉਡ-ਪੁੱਡ ਜਾਣ ਤੇ ਜਾਂ ਜਲ ਨੂੰ ਸ਼ੁੱਧ ਕਰਨ ਵਾਲੇ ਡੱਡੂਆਂ, ਮੱਛੀਆਂ, ਕੱਛੂਆਂ ਅਤੇ ਧਰਤ ਨੂੰ ਜ਼ਰਖੇਜ਼ ਕਰਨ ਵਾਲੇ ਕੀਟ-ਗੰਡੋਇਆਂ ਦੇ ਡੂੰਘੀ ਟੁੱਭੀ ਮਾਰ ਦੇਣ ਉਤੇ, ਮਨੁੱਖ ਜਾਤੀ ਨੂੰ ਜਿਹੜੇ ਨੁਕਸਾਨ ਇਨ੍ਹਾਂ ਦੇ ਛੁਪਣ-ਛੋਤ ਹੋ ਜਾਣ ਨਾਲ ਹੋਏ ਹਨ, ਉਹ ਫਿਰ ਭਰੇ ਨਹੀਂ ਜਾਣੇ। ਮੋੜ ਵੀ ਲਿਆਏ ਤੱਦ ਵੀ ਸਮਾਂ ਲੱਗੇਗਾ।

ਸੰਤੁਲਨ ਜ਼ਰੂਰੀ: ਮੁੱਕਦੀ ਗੱਲ, ਇਸ ਗ੍ਰਹਿ ਉਤੇ ਵਸਦੀ ਸਮੁੱਚੀ ਛੋਟੀ ਤੋਂ ਛੋਟੀ ਬਨਸਪਤੀ ਅਤੇ ਸੂਖਮ ਜੀਵਾਂ ਤੱਕ ਸੱਭੇ ਕੁਦਰਤੀ ਸਮਤੋਲ ਕਾਇਮ ਰੱਖਣ ਲਈ ਜ਼ਰੂਰੀ ਨੇ। ਸਾਡਾ ਕੁਦਰਤੀ ਸੰਸਾਰ ਕੀੜਿਆਂ, ਫੁੱਲਾਂ, ਬੂਟਿਆਂ, ਜੰਗਲੀ ਜੀਵਾਂ-ਪੰਖੇਰੂਆਂ ਸਮੇਤ ਜੰਗਲਾਂ, ਪਰਬਤਾਂ, ਨਦੀਆਂ, ਜਲ-ਕੁੰਡਾਂ, ਖਣਿਜ-ਪਦਾਰਥਾਂ ਤੇ ਧਰਤ ਹੇਠਲੇ ਅਤੇ ਉਤਲੇ ਸਾਰੇ ਦੇ ਸਾਰੇ ਕੁਦਰਤੀ ਸੋਮਿਆਂ ਤੋਂ ਬਿਨਾ ਅਧੂਰਾ ਹੈ। ਇਨ੍ਹਾਂ ਬਿਨਾ ਮਨੁੱਖੀ ਜ਼ਿੰਦਗੀ ਦਾ ਕੋਈ ਆਧਾਰ ਹੀ ਨਹੀਂ ਰਹਿ ਸਕਦਾ। 'ਆਧੁਨਿਕ' ਮਨੁੱਖ ਨੇ ਕੁਦਰਤ ਨਾਲ ਇਕ ਬੇਜਾਨ ਮਸ਼ੀਨ ਵਾਂਗ ਵਿਹਾਰ ਕੀਤਾ ਹੈ। ਉਹ ਧਰਤੀ ਉਤੇ ਮੌਜੂਦ ਕੁਦਰਤੀ ਨਿਆਮਤਾਂ ਨੂੰ ਸੰਜਮ ਨਾਲ ਵਰਤਣ ਦੀ ਬਜਾਏ ਇਨ੍ਹਾਂ ਨੂੰ ਇੱਕੋ ਸੱਟੇ ਨਿਗਲ ਜਾਣ ਲਈ ਜਿਵੇਂ ਹਲਕ ਜਿਹਾ ਗਿਆ ਹੈ। ਇਹ ਕੁਦਰਤ ਰੂਪੀ ਮੁਰਗੀ ਕੋਲੋਂ ਆਪਣੀ ਵਰਤੋਂ ਜੋਗਾ ਆਂਡਾ ਲੈਣ ਦੀ ਬਜਾਏ ਉਸ ਨੂੰ ਪਾੜ ਖਾਣ ਲਈ ਹੀ ਹਾਕਲ-ਬਾਕਲ ਹੋਇਆ ਪਿਆ ਹੈ। ਭਾਵੇਂ ਜ਼ਮੀਨ ਵਿਚੋਂ ਉਪਰੋਥਲੀ ਫਸਲਾਂ ਲੈਣ ਦਾ ਮਾਮਲਾ ਹੋਵੇ, ਧਰਤੀ ਉਤਲੇ ਕੁਦਰਤੀ ਜੰਗਲਾਂ ਦੀ ਸਾਂਭ-ਸੰਭਾਲ ਦਾ ਹੋਵੇ ਜਾਂ ਧਰਤੀ ਉਪਰਲੇ ਅਤੇ ਹੇਠਲੇ ਜਲ ਸੋਮਿਆਂ ਦੀ ਵਰਤੋਂ ਦਾ ਮਾਮਲਾ ਹੋਵੇ, ਹਰ ਮਾਮਲੇ ਵਿਚ ਗੈਰ-ਕੁਦਰਤੀ ਮਨੁੱਖੀ ਪਹੁੰਚ ਹੀ ਵੇਖਣ ਨੂੰ ਮਿਲਦੀ ਹੈ।

ਧਾਰਨਾ ਬਦਲਣ ਦੀ ਲੋੜ: ਮੁੱਢ ਤੋਂ ਹੀ ਮਨੁੱਖ ਆਪਣੇ-ਆਪ ਨੂੰ ਇਸ ਧਰਤੀ ਅਤੇ ਬ੍ਰਹਿਮੰਡ ਦਾ ਸਰਦਾਰ ਸਮਝਦਾ ਆਇਆ ਹੈ। ਸਾਡੇ ਕਈ ਧਾਰਮਕ ਪ੍ਰਚਾਰਕਾਂ ਨੇ ਵੀ ਇਸ ਦੇ ਨਾਲ ਮਿਲਦੀ-ਜੁਲਦੀ ਹੀ ਸਿੱਖਿਆ ਮਨੁੱਖ ਨੂੰ ਦਿੱਤੀ ਹੈ। ਆਧੁਨਿਕ ਪੁਨਰ-ਜਾਗ੍ਰਿਤੀ ਨੇ ਵੀ ਇਸੇ ਮਨੁੱਖੀ ਸੋਚ ਨੂੰ ਦ੍ਰਿੜਾਇਆ ਹੈ ਕਿ ਸਾਰਾ ਬ੍ਰਹਿਮੰਡ ਹੀ ਮਨੁੱਖ ਦੀ ਸਰਦਾਰੀ ਲਈ ਪੈਦਾ ਕੀਤਾ ਗਿਆ ਹੈ। ਉਪਰੋਕਤ ਧਾਰਨਾ ਹੀ ਪੁਆੜੇ ਦੀ ਜੜ੍ਹ ਹੈ।

ਕੁਝ ਮਾਮਲਿਆਂ ਵਿਚ ਇਸੇ ਕਿਸਮ ਦੀ ਸੋਚ ਦਾ ਪੱਖ ਪੂਰਨ ਵਿਚ ਮਾਰਕਸਵਾਦ ਵੀ ਪਿੱਛੇ ਨਹੀਂ ਰਿਹਾ। ਪਰ ਮਨੁੱਖ ਦਾ ਸਾਰਾ ਇਤਿਹਾਸਕ ਅਮਲ ਦਰਸਾਉਂਦਾ ਹੈ ਕਿ ਉਹ ਤਾਂ ਜਾਨਵਰਾਂ ਤੋਂ ਵੀ ਹੇਠਾਂ ਵੱਲ ਖਿਸਕ ਗਿਆ ਹੈ, ਚੌਪਾਇਆਂ ਅਤੇ ਉਡਾਰੂਆਂ ਤੋਂ ਵੀ ਗਿਆ-ਗੁਜ਼ਰਿਆ। ਜੇ ਮਨੁੱਖ ਨੇ ਜ਼ਿੰਦਾ ਰਹਿਣਾ ਹੈ ਤਾਂ ਹੁਣ ਫਲਸਫੇ, ਸਿਧਾਂਤ ਅਤੇ ਵਿਚਾਰਧਾਰਾਵਾਂ ਸਿਰਫ ਮਨੁੱਖ ਦੇ ਹਿੱਤਾਂ ਨੂੰ ਹੀ ਧਿਆਨ ਵਿਚ ਰੱਖ ਕੇ ਘੜਨ ਦੀ ਲੋੜ ਨਹੀਂ, ਬਲਕਿ ਇਸ ਧਰਤੀ ਦੇ ਛੋਟੇ ਤੋਂ ਛੋਟੇ ਜੀਵਾਂ ਨੂੰ ਵੀ ਧਿਆਨ 'ਚ ਰੱਖਣਾ ਜ਼ਰੂਰੀ ਹੈ। ਝੀਲਾਂ, ਜੰਗਲ-ਬੇਲੇ, ਪਹਾੜ-ਗੱਲ ਕੀ ਧਰਤੀ ਦੀ ਹਰ ਸ਼ੈਅ ਮਨੁੱਖ ਜਿੰਨੀ ਹੀ ਅਹਿਮ ਹੈ, ਸਗੋਂ ਮਨੁੱਖੀ ਹੋਂਦ ਲਈ ਮਨੁੱਖ ਤੋਂ ਵੀ ਜ਼ਿਆਦਾ ਅਹਿਮ ਹੈ। ਹੁਣ ਮਨੁੱਖਵਾਦ ਦੇ ਸੰਕਲਪ ਨੂੰ ਜ਼ਿੰਦਗੀਵਾਦ ਦੇ ਸੰਕਲਪ ਵਿਚ ਬਦਲਣ ਦੀ ਲੋੜ ਹੈ। ਇਹ ਸੰਕਲਪ ਸਾਡੀ ਰਹਿਤਲ ਵਿਚ ਪਹਿਲਾਂ ਵੀ ਪਿਆ ਸੀ, ਅਸੀਂ ਹੀ ਇਸ ਨੂੰ ਭੁੱਲ-ਭੁਲਾ ਗਏ ਹਾਂ।


# ਆਰ.ਐਸ.ਐਸ. ਦੇ ਦਹਿਸ਼ਤ ਸਿਖਲਾਈ ਕੈਂਪ

**ਆਰ.ਐਸ.ਐਸ. ਸਭ ਤੋਂ ਵੱਡੀ ਦਹਿਸ਼ਤਗਰਦ ਸੰਸਥਾ-4**

*ਆਰ.ਐਸ.ਐਸ. ਵਲੋਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਅਤੇ ਅਦਾਲਤਾਂ ਉਪਰ ਸਿਆਸੀ ਦਬਾਓ ਪਾ ਕੇ ਹਿੰਦੂਤਵੀ ਅਤਿਵਾਦੀ ਸਰਗਨਿਆਂ ਨੂੰ ਕਲੀਨ ਚਿਟਾਂ ਦਿਵਾਈਆਂ ਜਾ ਰਹੀਆਂ ਹਨ। ਮਹਾਰਾਸ਼ਟਰ ਦੇ ਸਾਬਕਾ ਪੁਲਿਸ ਅਫਸਰ ਐਸ.ਐਮ. ਮੁਸ਼ਰਿਫ ਨੇ ਆਰ.ਐਸ.ਐਸ. ਦਾ ਪਰਦਾ ਫਾਸ਼ ਕਰਦਿਆਂ ਕਿਤਾਬਚਾ 'ਆਰ.ਐਸ.ਐਸ. ਸਭ ਤੋਂ ਵੱਡੀ ਦਹਿਸ਼ਤਗਰਦ ਸੰਸਥਾ' ਲਿਖਿਆ ਹੈ। ਇਸ ਕਿਤਾਬਚੇ ਤੋਂ ਆਰ.ਐਸ.ਐਸ. ਦੇ ਇਰਾਦਿਆਂ ਨੂੰ ਸਮਝਿਆ ਜਾ ਸਕਦਾ ਹੈ। ਅਸੀਂ ਆਪਣੇ ਪਾਠਕਾਂ ਲਈ ਇਹ ਅਹਿਮ ਕਿਤਾਬਚੇ ਲੜੀਵਾਰ ਛਾਪ ਰਹੇ ਹਾਂ ਜਿਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

**ਅਧਿਆਏ 7 / 'ਧਮਾਕੇ ਬਦਲੇ ਧਮਾਕਾ' ਵਾਲਾ ਝੂਠਾ ਪ੍ਰਚਾਰ**

2006 ਤੋਂ 2011 ਇਨ੍ਹਾਂ ਪੰਜ ਸਾਲਾਂ ਵਿਚ ਤਿੰਨ ਅਹਿਮ ਘਟਨਾਵਾਂ ਹੋਈਆਂ: ਪਹਿਲੀ ਨਾਂਦੇੜ (ਮਹਾਰਾਸ਼ਟਰ) 2006 ਦੀ ਜਦੋਂ ਆਰ.ਐਸ.ਐਸ. ਅਤੇ ਬਜਰੰਗ ਦਲ ਦੇ ਦਹਿਸ਼ਤਗਰਦ ਬੰਬ ਬਣਾਉਂਦੇ ਸਮੇਂ ਫਟਣ ਨਾਲ ਮਾਰੇ ਗਏ; ਦੂਜੀ ਜਦੋਂ ਹੇਮੰਤ ਕਰਕਰੇ ਦੁਆਰਾ ਮਾਲੇਗਾਓਂ 2008 ਧਮਾਕੇ ਦੀ ਜਾਂਚ ਦੇ ਦੌਰਾਨ ਪੂਰੇ ਮੁਲਕ ਵਿਚ ਬੰਬ ਧਮਾਕੇ ਕਰਨ ਵਿਚ ਆਰ. ਐਸ.ਐਸ. ਅਤੇ 'ਅਭਿਨਵ ਭਾਰਤ' ਦੇ ਸਰਗਰਮ ਹੋਣ ਦੀ ਗੱਲ ਸਾਹਮਣੇ ਆਈ



ਐਸ.ਐਮ. ਮੁਸ਼ਰਿਫ

ਅਤੇ ਤੀਜੀ, ਅਜਮੇਰ ਸ਼ਰੀਫ, ਮੱਕਾ ਮਸਜਿਦ ਤੇ ਸਮਝੌਤਾ ਐਕਸਪ੍ਰੈਸ। ਇਨ੍ਹਾਂ ਧਮਾਕਿਆਂ ਦੀ ਮੁੜ ਜਾਂਚ ਤੋਂ ਪਤਾ ਲੱਗਿਆ ਕਿ ਆਰ.ਐਸ.ਐਸ. ਦੇ ਮੁੱਖ ਅਹੁਦੇਦਾਰਾਂ ਨੇ 'ਜੈ ਵੰਦੇ ਮਾਤ੍ਰਮ' ਅਤੇ 'ਅਭਿਨਵ ਭਾਰਤ' ਜਥੇਬੰਦੀਆਂ ਦੀ ਮਦਦ ਨਾਲ ਬੰਬ ਧਮਾਕੇ ਕਰਵਾਏ ਸਨ। ਇਨ੍ਹਾਂ ਤਿੰਨਾਂ ਅਹਿਮ ਜਾਣਕਾਰੀਆਂ ਤੋਂ ਬਾਅਦ ਆਰ.ਐਸ.ਐਸ. ਦਾ ਅਕਸ ਖਤਰੇ ਵਿਚ ਪੈ ਸਕਦਾ ਸੀ। ਇਸ ਲਈ ਸਹਿਜੇ-ਸਹਿਜੇ ਇਹ ਕਹਾਣੀ ਫੈਲਾਈ ਗਈ ਕਿ ਹਿੰਦੂ ਮੰਦਰਾਂ ਉਪਰ ਜਿਹੜੇ ਕੁਝ ਹਮਲੇ ਹੋਏ ਸਨ, ਉਨ੍ਹਾਂ ਦੇ ਜਵਾਬ ਵਿਚ ਆਰ.ਐਸ.ਐਸ. ਵਲੋਂ ਇਹ ਧਮਾਕੇ ਕੀਤੇ ਗਏ ਅਤੇ ਅੱਗੇ ਚੱਲ ਕੇ ਵੱਡੇ ਪੈਮਾਨੇ 'ਤੇ ਇਸੇ ਅਫਵਾਹ ਦਾ ਪ੍ਰਚਾਰ ਕੀਤਾ ਗਿਆ। ਐਸਾ ਕਰਨ ਦੇ ਪਿੱਛੇ ਆਰ.ਐਸ.ਐਸ. ਦਾ ਮੁੱਖ ਮਨੋਰਥ ਆਪਣੇ ਦਹਿਸ਼ਤਗਰਦ ਕਾਰਿਆਂ ਉਪਰ ਪਰਦਾ ਪਾਉਣਾ ਅਤੇ ਨਾਲ ਹੀ ਅਵਾਮ ਦੀ ਹਮਦਰਦੀ ਬਟੋਰਨਾ ਸੀ, ਲੇਕਿਨ ਉਨ੍ਹਾਂ ਦਾ ਪ੍ਰਚਾਰ ਕਿਸ ਤਰ੍ਹਾਂ ਝੂਠਾ ਸਾਬਤ ਹੋਇਆ ਇਹ ਹੇਠ ਦਿੱਤੀਆਂ ਮਿਸਾਲਾਂ ਤੋਂ ਸਪਸ਼ਟ ਹੁੰਦਾ ਹੈ:

**1) ਅਕਸ਼ਰਧਾਮ ਮੰਦਰ ਬੰਬ ਧਮਾਕਾ 2002**

ਅਕਸ਼ਰਧਾਮ ਮੰਦਰ ਉਪਰ 2002 ਵਿਚ ਹੋਏ ਜਿਸ ਪਹਿਲੇ ਹਮਲੇ ਦਾ ਆਰ.ਐਸ.ਐਸ. ਨੇ ਆਪਣੇ ਵਲੋਂ ਕੀਤੇ ਹੋਏ ਬੰਬ ਧਮਾਕਿਆਂ ਨੂੰ ਸਹੀ ਠਹਿਰਾ ਕੇ ਵੱਧ ਤੋਂ ਵੱਧ ਲਾਹਾ ਲਿਆ ਹੈ, ਉਸੇ ਅਕਸ਼ਰਧਾਮ ਮੰਦਰ ਦੇ ਮਾਮਲੇ ਦਾ ਸੁਪਰੀਮ ਕੋਰਟ ਨੇ 16 ਮਈ 2014 ਨੂੰ ਅੰਤਮ ਫੈਸਲਾ ਸੁਣਾਇਆ ਜਿਸ ਵਿਚ 6 ਮੁਸਲਿਮ ਮੁਲਜ਼ਮਾਂ ਨੂੰ ਬੇਕਸੂਰ ਕਰਾਰ ਦਿੱਤਾ ਗਿਆ। ਸੁਪਰੀਮ ਕੋਰਟ ਦੇ ਜੱਜ ਏ.ਕੇ. ਪਟਨਾਇਕ ਅਤੇ ਬੀ.ਗੋਪਾਲ ਗੌੜਾ ਨੇ ਆਪਣੇ ਫੈਸਲੇ ਵਿਚ ਕਿਹਾ ਕਿ 'ਮੁਲਕ ਦੀ ਏਕਤਾ ਅਤੇ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਅਤਿਅੰਤ ਸੰਵੇਦਨਸ਼ੀਲ ਐਸੀ ਇਸ ਵਾਰਦਾਤ ਦੀ ਜਾਂਚ ਬਹੁਤ ਗ਼ਲਤ ਤਰੀਕੇ ਨਾਲ ਕੀਤੀ ਗਈ ਹੈ, ਇਹ ਅਸੀਂ ਮਨ ਉਪਰ ਭਾਰੀ ਬੋਝ ਨਾਲ ਗੁਜ਼ਾਰਿਸ਼ ਕਰਨਾ ਚਾਹੁੰਦੇ ਹਾਂ। ਕਈ ਬੇਕਸੂਰ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਵਾਲੇ ਮੁਲਜ਼ਮਾਂ ਨੂੰ ਫੜਨ ਦੀ ਬਜਾਏ ਪੁਲਿਸ ਨੇ ਇਸ ਮਾਮਲੇ ਵਿਚ ਬੇਕਸੂਰ ਲੋਕਾਂ ਨੂੰ ਫਸਾਇਆ ਹੈ ਅਤੇ ਉਨ੍ਹਾਂ ਉਪਰ ਗੰਭੀਰ ਇਲਜ਼ਾਮ ਵੀ ਲਗਾਏ ਹਨ।'

ਸੁਪਰੀਮ ਕੋਰਟ ਦਾ ਫੈਸਲਾ ਐਨ ਸਪਸ਼ਟ ਹੈ, ਲੇਕਿਨ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਾਰਦਾਤ ਨਾਲ ਜੁੜੇ ਅਸਲੀ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ ਕੀ ਇਸ ਵਾਰਦਾਤ ਦੀ ਦੁਬਾਰਾ ਜਾਂਚ ਹੋਵੇਗੀ? ਮੰਦਰਾਂ ਵਿਚ ਖੁਦ ਹੀ ਬੰਬ ਧਮਾਕੇ ਕਰ ਕੇ ਉਸ ਦਾ ਇਲਜ਼ਾਮ ਮੁਸਲਮਾਨਾਂ ਉਪਰ ਲਗਾ ਦੇਣਾ, ਇਹ ਬ੍ਰਾਹਮਣਵਾਦੀਆਂ ਦੀ ਪੁਰਾਣੀ ਚਾਲ ਹੈ।

**2) ਮੀਨਾਕਸ਼ੀ ਮੰਦਰ ਬੰਬ ਧਮਾਕਾ 1996**

ਮਈ 1996 ਵਿਚ ਤਾਮਿਲਨਾਡੂ ਦੇ ਮਦੁਰਾਈ ਸਥਿਤ ਮੀਨਾਕਸ਼ੀ ਮੰਦਰ ਵਿਚ ਬੰਬ ਧਮਾਕਾ ਹੋਇਆ ਸੀ। ਉਸ ਵਿਚ ਕੁਝ ਮੁਸਲਿਮ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਖ਼ਿਲਾਫ ਝੂਠੇ ਸਬੂਤ ਜੁਟਾਏ ਗਏ ਸਨ; ਲੇਕਿਨ ਅੱਗੇ ਜਾ ਕੇ ਸਪਸ਼ਟ ਹੋਇਆ ਕਿ ਇਹ ਵਾਰਦਾਤ ਕੱਟੜਵਾਦੀ ਬ੍ਰਾਹਮਣਵਾਦੀਆਂ ਨੇ ਕਰਵਾਈ ਸੀ। ਫਰਵਰੀ 2010 ਵਿਚ ਮਦਰਾਸ ਹਾਈਕੋਰਟ ਨੇ ਇਸ ਵਾਰਦਾਤ ਦੇ ਮਾਮਲੇ ਵਿਚ ਫੈਸਲਾ ਸੁਣਾਉਂਦੇ ਹੋਏ ਆਦੇਸ਼ ਦਿੱਤਾ ਕਿ ਜਿਨ੍ਹਾਂ ਪੁਲਿਸ ਅਧਿਕਾਰੀਆਂ ਨੇ ਝੂਠੇ ਸਬੂਤਾਂ ਦੇ ਆਧਾਰ 'ਤੇ ਮੁਸਲਿਮ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਸੀ, ਉਨ੍ਹਾਂ ਖ਼ਿਲਾਫ ਕਾਰਵਾਈ ਕੀਤੀ ਜਾਵੇ। ਕੁਝ ਹੋਰ ਐਸੇ ਮਾਮਲਿਆਂ ਵਿਚ ਵੀ ਗ੍ਰਿਫਤਾਰ ਕੀਤੇ ਗਏ ਮੁਸਲਿਮ ਨੌਜਵਾਨ ਅਦਾਲਤ ਵਿਚ ਬੇਕਸੂਰ ਸਾਬਤ ਹੋਏ ਹਨ।

**3) ਸੂਰਤ ਬੰਬ ਧਮਾਕਾ 1993**

ਸੰਨ 1993 ਵਿਚ ਸੂਰਤ (ਗੁਜਰਾਤ) ਵਿਚ ਬੰਬ ਧਮਾਕਾ ਹੋਇਆ ਸੀ। ਇਸ ਵਿਚ ਸੁਪਰੀਮ ਕੋਰਟ ਨੇ 18 ਜੁਲਾਈ 2014 ਨੂੰ ਅੰਤਮ ਫੈਸਲਾ ਦੇ ਕੇ ਗ੍ਰਿਫਤਾਰ ਕੀਤੇ ਹੋਏ 11 ਮੁਸਲਿਮ ਨੌਜਵਾਨਾਂ ਨੂੰ ਬੇਕਸੂਰ ਕਰਾਰ ਦਿੱਤਾ। ਜੱਜ ਜੇ.ਐਸ. ਠਾਕੁਰ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਫੈਸਲਾ ਦਿੰਦੇ ਵਕਤ ਕਿਹਾ ਕਿ 'ਮੁਲਜ਼ਮਾਂ ਖ਼ਿਲਾਫ ਕੋਈ ਵੀ ਭਰੋਸੇਯੋਗ ਸਬੂਤ ਨਹੀਂ ਹੈ।' ਬਦਕਿਸਮਤੀ ਇਹ ਹੈ ਕਿ ਬਿਨਾਂ ਕਿਸੇ ਕਸੂਰ ਦੇ 11 ਮੁਸਲਿਮ ਨੌਜਵਾਨਾਂ ਨੂੰ 20 ਸਾਲ ਜੇਲ੍ਹ ਵਿਚ ਸੜਨਾ ਪਿਆ।

*ਅਕਸ਼ਰਧਾਮ ਮੰਦਰ ਉਪਰ 2002 ਵਿਚ ਹੋਏ ਮਾਮਲੇ ਦਾ ਫੈਸਲਾ ਸੁਪਰੀਮ ਕੋਰਟ ਨੇ 16 ਮਈ 2014 ਨੂੰ ਸੁਣਾਇਆ ਜਿਸ ਵਿਚ 6 ਮੁਸਲਿਮ ਮੁਲਜ਼ਮਾਂ ਨੂੰ ਬੇਕਸੂਰ ਕਰਾਰ ਦਿੱਤਾ ਗਿਆ। ਸੁਪਰੀਮ ਕੋਰਟ ਨੇ ਕਿਹਾ- 'ਇਸ ਵਾਰਦਾਤ ਦੀ ਜਾਂਚ ਬਹੁਤ ਗ਼ਲਤ ਤਰੀਕੇ ਨਾਲ ਕੀਤੀ ਗਈ ਹੈ। ਕਈ ਬੇਕਸੂਰ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਵਾਲੇ ਮੁਲਜ਼ਮਾਂ ਨੂੰ ਫੜਨ ਦੀ ਬਜਾਏ ਪੁਲਿਸ ਨੇ ਇਸ ਮਾਮਲੇ ਵਿਚ ਬੇਕਸੂਰ ਲੋਕਾਂ ਨੂੰ ਫਸਾਇਆ ਹੈ ਅਤੇ ਉਨ੍ਹਾਂ ਉਪਰ ਗੰਭੀਰ ਇਲਜ਼ਾਮ ਵੀ ਲਗਾਏ ਹਨ।'*



**4) ਕਾਲੂਪੁਰ (ਅਹਿਮਦਾਬਾਦ) ਬੰਬ ਧਮਾਕਾ 2006**

ਫਰਵਰੀ 2006 ਵਿਚ ਕਾਲੂਪੁਰ (ਅਹਿਮਦਾਬਾਦ) ਰੇਲਵੇ ਸਟੇਸ਼ਨ ਉਪਰ ਬੰਬ ਧਮਾਕੇ ਹੋਏ। ਇਸ ਵਿਚ ਅਫਰੋਜ਼ ਪਠਾਨ, ਬਿਲਾਲ ਖ਼ਤੀਬ, ਮੁਸਤਫਾ ਵਗੈਰਾ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਮੀਡੀਆ ਨੇ ਵੀ ਇਸ ਵਾਰਦਾਤ ਨੂੰ ਜ਼ੋਰ-ਸ਼ੋਰ ਨਾਲ ਪ੍ਰਸਾਰਿਆ ਸੀ; ਲੇਕਿਨ 8 ਸਾਲ ਬਾਅਦ 2014 ਵਿਚ ਪੁਲਿਸ ਨੇ ਅਦਾਲਤ ਵਿਚ ਰਿਪੋਰਟ ਦਿੱਤੀ ਕਿ ਇਨ੍ਹਾਂ ਮੁਲਜ਼ਮਾਂ ਦੇ ਖ਼ਿਲਾਫ ਕੋਈ ਸਬੂਤ ਨਹੀਂ ਹੈ, ਲਿਹਾਜ਼ਾ ਇਨ੍ਹਾਂ ਨੂੰ ਬੇਕਸੂਰ ਕਰਾਰ ਦਿੱਤਾ ਜਾਵੇ। ਇਸੇ ਆਧਾਰ 'ਤੇ 17 ਨਵੰਬਰ 2014 ਨੂੰ ਅਹਿਮਦਾਬਾਦ ਮੈਟਰੋਪਾਲਿਟਨ ਅਦਾਲਤ ਨੇ ਉਨ੍ਹਾਂ ਨੂੰ ਦੋਸ਼ਮੁਕਤ ਕਰਾਰ ਦਿੱਤਾ; ਲੇਕਿਨ ਜਿਨ੍ਹਾਂ ਨੇ ਅੱਠ ਸਾਲਾਂ ਤਕ ਮਾਨਸਿਕ ਤੇ ਜਿਸਮਾਨੀ ਸੰਤਾਪ ਝੱਲਿਆ, ਜਾਂ ਜਿਨ੍ਹਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ, ਉਸ ਦਾ ਕੀ ਬਣਿਆ?

**5) ਮੜਗਾਓਂ (ਗੋਆ) 2009 ਬੰਬ ਧਮਾਕਾ**

ਅਧਿਆਏ ਪੰਜ ਵਿਚ ਦਿੱਤੀ ਜਾਣਕਾਰੀ ਤੋਂ ਸਪਸ਼ਟ ਹੁੰਦਾ ਹੈ ਕਿ ਮੜਗਾਓਂ (ਗੋਆ) ਵਿਚ ਬੰਬ ਧਮਾਕਾ ਸਨਾਤਨ ਸੰਸਥਾ ਦੇ ਦਹਿਸ਼ਤਗਰਦਾਂ ਨੇ ਕੀਤਾ ਸੀ। ਜੇ ਬੰਬ ਲੈ ਕੇ ਜਾਂਦੇ ਵਕਤ ਧਮਾਕਾ ਨਾ ਹੋਇਆ ਹੁੰਦਾ ਤਾਂ ਤੈਅਸ਼ੁਦਾ ਥਾਂ ਉਪਰ ਯੋਜਨਾ ਦੇ ਅਨੁਸਾਰ ਧਮਾਕਾ ਹੋਇਆ ਹੁੰਦਾ ਤਾਂ ਕਈ ਹਿੰਦੂ ਲੋਕ ਇਸ ਵਾਰਦਾਤ ਵਿਚ ਮਾਰੇ ਜਾਂਦੇ ਅਤੇ ਇਸ ਦਾ ਇਲਜ਼ਾਮ ਮੁਸਲਮਾਨਾਂ ਉਪਰ ਲਗਾਇਆ ਜਾਂਦਾ। ਇਸ ਤਰ੍ਹਾਂ ਦਾ ਇਲਜ਼ਾਮ ਲਗਾਉਣ ਦੀ ਸਾਜ਼ਿਸ਼ ਪਹਿਲਾਂ ਤੋਂ ਹੀ ਕੀਤੀ ਗਈ ਸੀ, ਮਸਲਨ:

1) ਦੀਵਾਲੀ ਤਿਓਹਾਰ ਦੀ ਪੂਰਵ ਸੰਧਿਆ ਨੂੰ ਮੜਗਾਓਂ ਵਿਚ ਜਿਸ ਥਾਂ ਉਪਰ ਹਜ਼ਾਰਾਂ ਦੀ ਤਾਦਾਦ ਵਿਚ ਹਿੰਦੂ ਜੁੜਦੇ ਹਨ, ਉਥੇ ਬੰਬ ਧਮਾਕਾ ਕਰਵਾਉਣ ਦੀ ਯੋਜਨਾ ਬਣਾਈ ਗਈ ਸੀ।

2) ਵਾਰਦਾਤ ਵਾਲੀ ਜਗ੍ਹਾ ਨੇੜਿਓਂ ਮਿਲੇ ਬੈਗ ਉਪਰ ਉਰਦੂ ਵਿਚ 'ਖਾਨ ਮਾਰਕਿਟ' ਲਿਖਿਆ ਹੋਇਆ ਸੀ।

3) ਉਸ ਬੈਗ ਵਿਚ ਮੁਸਲਿਮ ਜਿਸ ਤਰ੍ਹਾਂ ਦਾ ਇਤਰ ਇਸਤੇਮਾਲ ਕਰਦੇ ਹਨ, ਉਸ ਦੀਆਂ ਸ਼ੀਸ਼ੀਆਂ ਰੱਖੀਆਂ ਗਈਆਂ ਸਨ।

ਜੇ ਸਾਜ਼ਿਸ਼ਘਾੜਿਆਂ ਦੀ ਯੋਜਨਾ ਅਨੁਸਾਰ ਬੰਬ ਧਮਾਕਾ ਹੋਇਆ ਹੁੰਦਾ ਤਾਂ ਉਸ ਵਿਚ ਕਈ ਬੇਕਸੂਰ ਹਿੰਦੂ ਮਾਰੇ ਜਾਂਦੇ ਅਤੇ ਕਈ ਜ਼ਖ਼ਮੀ ਹੁੰਦੇ। ਪੁਲਿਸ ਹਮੇਸ਼ਾ ਵਾਂਗ ਮੁਸਲਮਾਨਾਂ ਉਪਰ ਸ਼ੱਕ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਦੀ ਅਤੇ ਝੂਠੇ ਸਬੂਤਾਂ ਦੇ ਆਧਾਰ ਉਤੇ ਫਾਈਲ ਬਣਾ ਕੇ ਅਦਾਲਤ ਵਿਚ ਭੇਜਦੀ। ਇਸ ਉਪਰ ਮੀਡੀਆ ਵਿਚ ਵੀ ਬਹੁਤ ਸਾਰੀਆਂ ਖ਼ਬਰਾਂ ਛਾਪੀਆਂ ਜਾਂਦੀਆਂ। 15-20 ਸਾਲ ਤੋਂ ਬਾਅਦ ਅਦਾਲਤ ਇਸ ਬਾਰੇ ਕੀ ਫੈਸਲਾ ਦਿੰਦੀ, ਇਹ ਮੁੱਦਾ ਇਥੇ ਅਹਿਮ ਨਹੀਂ, ਕਿਉਂਕਿ ਬੰਬ ਧਮਾਕਾ ਅਤੇ ਉਸ ਵਿਚ ਗ੍ਰਿਫਤਾਰ ਕੀਤੇ ਗਏ ਲੋਕ, ਏਨੀ ਹੀ ਗੱਲ ਹੀ ਆਮ ਲੋਕਾਂ ਦੀ ਯਾਦਦਾਸ਼ਤ ਵਿਚ ਰਹਿੰਦੀ ਹੈ। ਅਦਾਲਤ ਦਾ ਅੰਤਮ ਫੈਸਲਾ ਕੀ ਹੋਇਆ, ਇਸ ਉਪਰ ਜ਼ਿਆਦਾਤਰ ਲੋਕ ਤਵੱਜੋ ਨਹੀਂ ਦਿੰਦੇ।

ਇਸ ਤਰ੍ਹਾਂ ਪੁਲਿਸ, ਖ਼ੁਫੀਆ ਏਜੰਸੀਆਂ ਅਤੇ ਮੀਡੀਆ ਦੇ ਬ੍ਰਾਹਮਣਵਾਦੀ ਲੋਕਾਂ ਦੀ ਮਦਦ ਨਾਲ ਖ਼ੁਦ ਹੀ ਵਾਰਦਾਤਾਂ ਨੂੰ ਅੰਜਾਮ ਦੇਣਾ ਅਤੇ ਇਸ ਦਾ ਇਲਜ਼ਾਮ ਮੁਸਲਮਾਨਾਂ ਉਪਰ ਲਗਾਉਣਾ, ਇਹ ਸੰਘ ਦੀ ਪੁਰਾਣੀ ਰੀਤ ਰਹੀ ਹੈ; ਲੇਕਿਨ ਹੁਣ ਸਹਿਜੇ-ਸਹਿਜੇ ਇਸ ਉਪਰੋਂ ਪਰਦਾ ਉਠਨ ਲੱਗਿਆ ਹੈ। ਜਿਸ ਵਾਰਦਾਤ ਨੂੰ ਲੈ ਕੇ ਸੁਪਰੀਮ ਕੋਰਟ ਵਲੋਂ ਫੈਸਲਾ ਦਿੱਤਾ ਜਾ ਚੁੱਕਾ ਹੈ, ਉਸ ਅਕਸ਼ਰਧਾਮ ਮੰਦਰ ਉਪਰ ਹਮਲੇ ਅਤੇ ਜਿਨ੍ਹਾਂ ਦਾ ਫੈਸਲਾ ਅਜੇ ਨਹੀਂ ਆਇਆ ਹੈ, ਐਸੇ ਹੋਰ ਮੰਦਰਾਂ ਵਿਚ ਵਾਪਰੀਆਂ ਵਾਰਦਾਤਾਂ ਦੀ ਜੇ ਮੁੜ ਜਾਂਚ ਕੀਤੀ ਜਾਵੇ ਤਾਂ ਉਨ੍ਹਾਂ ਦੇ ਪਿੱਛੇ ਆਰ.ਐਸ.ਐਸ., ਅਭਿਨਵ ਭਾਰਤ, ਖ਼ੁਫੀਆ ਏਜੰਸੀਆਂ, ਇਨ੍ਹਾਂ ਤਿੰਨਾਂ ਵਿਚੋਂ ਕੋਈ ਇਕ ਜਾਂ ਦੋ ਜਾਂ ਤਿੰਨਾਂ ਦੇ ਹੀ ਹੋਣ ਦੀ ਸੰਭਾਵਨਾ ਹੈ।

#

**ਅਧਿਆਏ 8 / ਸੰਘ ਦੇ ਦਹਿਸ਼ਤਗਰਦ ਸਿਖਲਾਈ ਕੇਂਦਰ**

**1) ਜਿਲੇਟਿਨ ਵਿਸਫੋਟਕ ਸਿਖਲਾਈ ਕੇਂਦਰ, ਪੁਣੇ (ਮਾਰਚ 2000)**

ਜਿਲੇਟਿਨ ਦਾ ਇਸਤੇਮਾਲ ਕਰ ਕੇ ਵਿਸਫੋਟਕ ਤਿਆਰ ਕਰਨ ਦੀ ਸਿਖਲਾਈ ਲਈ ਪੁਣੇ ਵਿਚ ਬਜਰੰਗ ਦਲ ਦੇ ਵਲੋਂ ਸੂਬਾ ਪੱਧਰ 'ਤੇ ਕੈਂਪ ਲਾਇਆ ਗਿਆ ਸੀ। ਕੈਂਪ ਵਿਚ 40 ਤੋਂ ਲੈ ਕੇ 50 ਤਕ ਦਹਿਸ਼ਤਗਰਦਾਂ ਨੇ ਹਿੱਸਾ ਲਿਆ ਸੀ। ਅਪਰੈਲ 2006 ਵਿਚ ਨਾਂਦੇੜ ਵਿਚ ਬੰਬ ਬਣਾਉਂਦੇ ਵਕਤ ਜਿਨ੍ਹਾਂ ਦੀ ਮੌਤ ਹੋ ਗਈ, ਉਹ ਹਿਮਾਂਸ਼ੂ ਪਾਨਸੇ ਸਿਖਿਆਰਥੀ ਦਹਿਸ਼ਤਗਰਦਾਂ ਦਾ ਸਰਗਨਾ ਸੀ। ਬਜਰੰਗ ਦਲ ਦੇ ਅਖਿਲ ਭਾਰਤੀ ਸਰੀਰਕ ਸਿੱਖਿਆ ਵਿਭਾਗ ਦੇ ਪ੍ਰਮੁੱਖ ਮਿਲਿੰਦ ਪਰਾਂਡੇ ਨੇ ਇਹ ਕੈਂਪ ਲਾਇਆ ਸੀ।

**2) ਹਥਿਆਰ ਚਲਾਉਣ ਅਤੇ ਬੰਬ ਬਣਾਉਣ ਦੀ ਸਿਖਲਾਈ, ਨਾਗਪੁਰ (2001)**

ਨਾਗਪੁਰ ਸਥਿਤ ਭੌਂਸਲੇ ਮਿਲਟਰੀ ਸਕੂਲ ਕੰਪਲੈਕਸ ਵਿਚ ਆਰ.ਐਸ.ਐਸ. ਅਤੇ ਬਜਰੰਗ ਦਲ ਵਲੋਂ ਸਿਖਲਾਈ ਕੈਂਪ ਲਾਇਆ ਗਿਆ ਸੀ। 40 ਦਿਨਾਂ ਤਕ ਚੱਲੇ ਇਸ ਕੈਂਪ ਵਿਚ ਮਹਾਰਾਸ਼ਟਰ ਦੇ 54 ਦਹਿਸ਼ਤਗਰਦਾਂ ਦੇ ਨਾਲ ਨਾਲ ਮੁਲਕ ਦੇ 115 ਦਹਿਸ਼ਤਗਰਦਾਂ ਨੂੰ ਸਿਖਲਾਈ ਦਿੱਤੀ ਗਈ। ਕੈਂਪ ਵਿਚ ਹਥਿਆਰ ਚਲਾਉਣ, ਬੰਬ ਬਣਾਉਣ, ਉਨ੍ਹਾਂ ਨਾਲ ਧਮਾਕੇ ਕਰਨ ਦੀ ਸਿਖਲਾਈ ਦਿੱਤੀ ਗਈ ਸੀ।

**3) ਆਰ.ਡੀ.ਐਕਸ. ਦੇ ਬੰਬ ਬਣਾਉਣ ਦੀ ਸਿਖਲਾਈ, ਆਕਾਂਕਸ਼ਾ ਰਿਜ਼ੋਰਟ, ਪੁਣੇ (2003)**

ਪੁਣੇ ਦੇ ਨੇੜੇ ਸਿੰਹਗੜ੍ਹ ਰੋਡ ਸਥਿਤ ਆਕਾਂਕਸ਼ਾ ਰਿਜ਼ੋਰਟ ਵਿਚ ਸਿਖਲਾਈ ਕੈਂਪ ਲਾਇਆ ਗਿਆ ਸੀ। ਕੈਂਪ ਵਿਚ ਆਰ.ਡੀ.ਐਕਸ. ਦੇ ਬੰਬ ਬਣਾਉਣ ਅਤੇ ਬੰਬ ਧਮਾਕੇ ਕਰਨ ਦੀ ਸਿਖਲਾਈ ਦਿੱਤੀ ਗਈ। ਇਸ ਵਿਚ 58 ਨੌਜਵਾਨਾਂ ਨੇ ਸਿਖਲਾਈ ਲਈ। ਕੈਂਪ ਵਿਚ 'ਮਿਥੁਨ ਚਕਰਵਰਤੀ' ਨਾਂ ਨਾਲ ਆਪਣੀ ਸ਼ਨਾਖ਼ਤ ਕਰਾਉਣ ਵਾਲੇ ਸਿਖਲਾਈ ਪ੍ਰਮੁੱਖ ਨੇ ਸਿਰਫ ਦਹਿਸ਼ਤਗਰਦਾਂ ਨੂੰ ਸਿਖਲਾਈ ਹੀ ਨਹੀਂ ਦਿੱਤੀ, ਸਗੋਂ ਆਖ਼ਰੀ ਦਿਨ ਸਿਖਿਆਰਥੀਆਂ ਨੂੰ ਵੱਡੇ ਪੈਮਾਨੇ 'ਤੇ ਵਿਸਫੋਟਕ ਵੀ ਦਿੱਤੇ ਗਏ। ਹੋਰ ਉਸਤਾਦਾਂ ਵਿਚ ਸੇਵਾਮੁਕਤ ਅਧਿਕਾਰੀ ਅਤੇ ਪ੍ਰੋਫੈਸਰ ਸ਼ਰਦ ਕੁੰਟੇ ਅਤੇ ਡਾ. ਦੇਵ ਸਨ। ਇਹ ਦੋਵੇਂ ਪੁਣੇ ਦੇ ਰਸਾਇਣ ਵਿਗਿਆਨ ਦੇ ਪ੍ਰੋਫੈਸਰ ਹਨ।

*ਪੁਣੇ ਨੇੜੇ ਆਕਾਂਕਸ਼ਾ ਰਿਜ਼ੋਰਟ ਵਿਚ ਸਿਖਲਾਈ ਕੈਂਪ ਲਾਇਆ ਗਿਆ ਸੀ। ਕੈਂਪ ਵਿਚ ਆਰ.ਡੀ.ਐਕਸ. ਦੇ ਬੰਬ ਬਣਾਉਣ ਅਤੇ ਬੰਬ ਧਮਾਕੇ ਕਰਨ ਦੀ ਸਿਖਲਾਈ ਦਿੱਤੀ ਗਈ। ਇਸ ਵਿਚ 58 ਨੌਜਵਾਨਾਂ ਨੇ ਸਿਖਲਾਈ ਲਈ। ਕੈਂਪ ਵਿਚ ਸਿਖਲਾਈ ਪ੍ਰਮੁੱਖ ਨੇ ਸਿਰਫ ਦਹਿਸ਼ਤਗਰਦਾਂ ਨੂੰ ਸਿਖਲਾਈ ਹੀ ਨਹੀਂ ਦਿੱਤੀ, ਸਗੋਂ ਆਖ਼ਰੀ ਦਿਨ ਸਿਖਿਆਰਥੀਆਂ ਨੂੰ ਵੱਡੇ ਪੈਮਾਨੇ 'ਤੇ ਵਿਸਫੋਟਕ ਵੀ ਦਿੱਤੇ ਗਏ। ਹੋਰ ਉਸਤਾਦਾਂ ਵਿਚ ਸੇਵਾਮੁਕਤ ਅਧਿਕਾਰੀ ਅਤੇ ਪ੍ਰੋਫੈਸਰ ਸ਼ਰਦ ਕੁੰਟੇ ਅਤੇ ਡਾ. ਦੇਵ ਸਨ। ਇਹ ਦੋਵੇਂ ਪੁਣੇ ਦੇ ਰਸਾਇਣ ਵਿਗਿਆਨ ਦੇ ਪ੍ਰੋਫੈਸਰ ਹਨ।*

**4) 'ਹਿੰਦੂ ਰਾਸ਼ਟਰ' ਲਈ ਮੁਲਕ ਵਿਚ ਇਕੋ ਵਕਤ 71 ਥਾਵਾਂ ਉਪਰ ਸਿਖਲਾਈ (ਮਈ 2002)**

ਸੰਘ ਪਰਿਵਾਰ ਦੇ 15 ਤੋਂ 45 ਸਾਲ ਦੀ ਉਮਰ ਦੇ ਮੈਂਬਰ ਹਿੰਦੂ ਰਾਸ਼ਟਰ ਦੇ ਇਸ ਓਰੀਐਂਟੇਸ਼ਨ ਕੈਂਪ ਦੇ ਲਈ ਮੌਜੂਦ ਸਨ। ਕੈਂਪ 21 ਦਿਨਾਂ ਤਕ ਚੱਲਿਆ ਸੀ। ਕੈਂਪ ਵਿਚ ਹਥਿਆਰ, ਲਾਠੀ ਚਲਾਉਣ ਦੇ ਨਾਲ-ਨਾਲ ਖੇਡ ਅਤੇ ਸੰਸਕ੍ਰਿਤ ਭਾਸ਼ਾ ਦੀ ਸਿਖਲਾਈ ਵੀ ਦਿੱਤੀ ਗਈ। ਮੁਲਕ ਦੀਆਂ ਵੱਖ-ਵੱਖ 71 ਥਾਵਾਂ ਉਪਰ ਇਕੋ ਵਕਤ ਕੈਂਪ ਲਾਏ ਗਏ ਸਨ।

ਇਸ ਤੋਂ ਇਲਾਵਾ 45 ਤੋਂ 60 ਸਾਲ ਦੀ ਉਮਰ ਦੇ ਮੈਂਬਰਾਂ ਦੇ ਲਈ ਇਸੇ ਤਰ੍ਹਾਂ ਦੇ ਕੈਂਪ ਪੂਰੇ ਮੁਲਕ ਵਿਚ ਲਾਏ ਗਏ ਸਨ। ਮਹਾਰਾਸ਼ਟਰ ਦੇ ਲਾਤੂਰ ਵਿਚ ਇਹ ਕੈਂਪ ਲਾਇਆ ਗਿਆ ਸੀ।

**5) ਬਜਰੰਗ ਦਲ ਦੀ ਹਥਿਆਰ ਚਲਾਉਣ ਦੀ ਸਿਖਲਾਈ, ਭੋਪਾਲ (ਮਈ 2002)**

ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਬਜਰੰਗ ਦਲ ਦੇ ਵਲੋਂ ਹਫਤੇ ਦਾ ਸਿਖਲਾਈ ਕੈਂਪ ਲਾਇਆ ਗਿਆ ਸੀ। ਕੈਂਪ ਵਿਚ ਦਲ ਦੇ 150 ਦਹਿਸ਼ਤਗਰਦਾਂ ਨੂੰ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਗਈ ਸੀ।

**6) ਵਿਸ਼ਵ ਹਿੰਦੂ ਪ੍ਰੀਸ਼ਦ ਦਾ ਔਰਤਾਂ ਦੇ ਲਈ ਕਰਾਟੇ ਸਿਖਲਾਈ, ਮੁੰਬਈ (ਮਈ 2003)**

ਵਿਸ਼ਵ ਹਿੰਦੂ ਪ੍ਰੀਸ਼ਦ ਔਰਤ ਕਾਰਕੁਨਾਂ ਨੂੰ ਜੂਡੋ, ਕਰਾਟੇ ਅਤੇ ਤਲਵਾਰ ਚਲਾਉਣ ਦੀ ਸਿਖਲਾਈ ਦੇਣ ਲਈ ਮੁੰਬਈ ਵਿਚ 17 ਮਈ 2003 ਤੋਂ ਇਕ ਕੈਂਪ ਲਾਇਆ ਗਿਆ ਸੀ।

**7) ਆਰ.ਐਸ.ਐਸ. ਦੇ ਵਲੋਂ ਔਰਤਾਂ ਦੇ ਲਈ ਮੁਲਕ ਵਿਚ 73 ਥਾਵਾਂ ਉਪਰ ਸਿਖਲਾਈ ਕੈਂਪ (ਮਈ 2003)**

ਆਰ.ਐਸ.ਐਸ. ਦੇ ਵਲੋਂ ਔਰਤਾਂ ਨੂੰ ਸਿਖਲਾਈ ਦੇਣ ਲਈ ਮੁਲਕ ਵਿਚ ਇਕੋ ਵਕਤ 73 ਥਾਵਾਂ ਉਪਰ ਕੈਂਪ ਲਾਏ ਗਏ ਸਨ। ਐਸੀ ਇਕ ਥਾਂ ਕਾਨਪੁਰ ਸੀ ਜਿਸ ਵਿਚ 25 ਮਈ ਨੂੰ ਸੇਵਾਮੁਕਤ ਅਧਿਕਾਰੀਆਂ ਵਲੋਂ ਲਗਭਗ 70 ਔਰਤਾਂ ਨੂੰ ਰਾਈਫਲ ਲੋਡ ਕਰਨ, ਨਿਸ਼ਾਨਾ ਲਾਉਣ ਅਤੇ ਰਾਈਫਲ ਨੂੰ ਚਲਾਉਣ ਦੀ ਸਿਖਲਾਈ ਦਿੱਤੀ ਗਈ। ਜੂਡੋ ਉਸਤਾਦਾਂ ਨੇ ਮਾਰਸ਼ਲ ਆਰਟਸ ਦੀ ਸਿਖਲਾਈ ਦਿੱਤੀ।

**8) ਆਰ.ਐਸ.ਐਸ., ਅਭਿਨਵ ਭਾਰਤ, ਜੈ ਵੰਦੇ ਮਾਤ੍ਰਮ ਦੇ ਦਹਿਸ਼ਤਗਰਦਾਂ ਨੂੰ ਸਿਖਲਾਈ, ਬਗਲੀ (ਮੱਧ ਪ੍ਰਦੇਸ਼) (2006)**

ਮਾਲੇਗਾਓਂ 2006, ਅਜਮੇਰ ਸ਼ਰੀਫ, ਮੱਕਾ ਮਸਜਿਦ, ਸਮਝੌਤਾ ਐਕਸਪ੍ਰੈੱਸ ਆਦਿ ਥਾਵਾਂ ਉਪਰ ਬੰਬ ਧਮਾਕੇ ਕਰਨ ਲਈ ਆਰ.ਐਸ.ਐਸ., ਅਭਿਨਵ ਭਾਰਤ, ਜੈ ਵੰਦੇ ਮਾਤ੍ਰਮ ਦੇ ਦਹਿਸ਼ਤਗਰਦਾਂ ਨੂੰ ਬਗਲੀ (ਮੱਧ ਪ੍ਰਦੇਸ਼) ਦੇ ਸਿਖਲਾਈ ਕੈਂਪ ਵਿਚ ਦਹਿਸ਼ਤਵਾਦੀ ਸਿਖਲਾਈ ਦਿੱਤੀ ਗਈ। ਕੈਂਪ ਵਿਚ ਸੁਨੀਲ ਜੋਸ਼ੀ ਅਤੇ ਲੋਕੇਸ਼ ਸ਼ਰਮਾ ਨੇ ਦਹਿਸ਼ਤਗਰਦਾਂ ਨੂੰ ਹਥਿਆਰ ਚਲਾਉਣ ਅਤੇ ਆਰ.ਡੀ.ਐਕਸ. ਨਾਲ ਬੰਬ ਬਣਾਉਣ ਦੀ ਸਿਖਲਾਈ ਦਿੱਤੀ।

**9) ਆਰ.ਐਸ.ਐਸ. ਅਤੇ ਅਭਿਨਵ ਭਾਰਤ ਵਲੋਂ ਹਥਿਆਰ ਚਲਾਉਣ ਅਤੇ ਬੰਬ ਬਣਾਉਣ ਦੀ ਸਿਖਲਾਈ, ਪੰਚਮੜੀ (ਮੱਧ ਪ੍ਰਦੇਸ਼) (2007/2008)**

ਲੈਫਟੀਨੈਂਟ ਕਰਨਲ ਪੁਰੋਹਿਤ ਦੀ ਰਾਹਨੁਮਾਈ ਹੇਠ 2007 ਅਤੇ 2008 ਵਿਚ ਆਰ.ਐਸ.ਐਸ. ਅਤੇ ਅਭਿਨਵ ਭਾਰਤ ਦੇ ਦਹਿਸ਼ਤਗਰਦਾਂ ਨੂੰ ਆਰ.ਡੀ.ਐਕਸ ਦੇ ਬੰਬ ਬਣਾਉਣ ਅਤੇ ਹਥਿਆਰ ਚਲਾਉਣ ਦੀ ਸਿਖਲਾਈ ਦੇਣ ਲਈ ਪੰਚਮੜੀ ਵਿਚ ਕਈ ਕੈਂਪ ਲਾਏ ਗਏ ਸਨ। ਲੈਫਟੀਨੈਂਟ ਕਰਨਲ ਪੁਰੋਹਿਤ ਨੇ ਕੈਂਪ ਵਿਚ ਹਿੱਸਾ ਲੈਣ ਵਾਲਿਆਂ ਨੂੰ 'ਹਿੰਦੂ ਰਾਸ਼ਟਰ' ਬਾਰੇ ਸੰਬੋਧਨ ਕੀਤਾ ਸੀ। ਉਸ ਤੋਂ ਬਰਾਮਦ ਕੀਤੇ ਗਏ ਲੈਪਟਾਪ ਵਿਚ ਇਹ ਸਾਰੀ ਜਾਣਕਾਰੀ ਮਿਲੀ ਹੈ।

(ਚਲਦਾ)

# ਮੈਂ ਕਹਾਣੀਕਾਰ ਨਹੀਂ, ਜੇਬਕਤਰਾ ਹਾਂ!

**ਮੇਰੀ ਬਾਤ**

ਮੇਰੀ ਜ਼ਿੰਦਗੀ ਵਿਚ ਤਿੰਨ ਵੱਡੀਆਂ ਘਟਨਾਵਾਂ ਵਾਪਰੀਆਂ ਹਨ-ਪਹਿਲੀ ਮੇਰੇ ਜਨਮ ਦੀ, ਦੂਜੀ ਮੇਰੀ ਸ਼ਾਦੀ ਦੀ ਅਤੇ ਤੀਜੀ ਮੇਰੇ ਕਹਾਣੀਕਾਰ ਬਣ ਜਾਣ ਦੀ। ਲੇਖਕ ਵਜੋਂ ਰਾਜਨੀਤੀ ਵਿਚ ਮੇਰੀ ਕੋਈ ਦਿਲਚਸਪੀ ਨਹੀਂ ਹੈ। ਲੀਡਰਾਂ ਅਤੇ ਦਵਾਈਆਂ ਵੇਚਣ ਵਾਲਿਆਂ ਨੂੰ ਮੈਂ ਇਕ ਹੀ ਨਜ਼ਰ ਨਾਲ ਦੇਖਦਾ ਹਾਂ। ਲੀਡਰੀ ਅਤੇ ਦਵਾਈਆਂ

ਸਆਦਤ ਹਸਨ ਮੰਟੋ
ਅਨੁਵਾਦ: ਕੇਹਰ ਸ਼ਰੀਫ

ਵੇਚਣਾ ਦੋਵੇਂ ਧੰਦੇ ਹਨ। ਰਾਜਨੀਤੀ ਵਿਚ ਮੈਨੂੰ ਓਨੀ ਹੀ ਦਿਲਚਸਪੀ ਹੈ, ਜਿੰਨੀ ਗਾਂਧੀ ਜੀ ਨੂੰ ਸਿਨਮੇ ਨਾਲ ਸੀ। ਗਾਂਧੀ ਜੀ ਸਿਨਮਾ ਨਹੀਂ ਸਨ ਦੇਖਦੇ ਅਤੇ ਮੈਂ ਅਖ਼ਬਾਰ ਨਹੀਂ ਪੜ੍ਹਦਾ। ਦਰਅਸਲ ਅਸੀਂ ਦੋਵੇਂ ਗਲਤੀ ਕਰਦੇ ਹਾਂ। ਗਾਂਧੀ ਜੀ ਨੂੰ ਫਿਲਮਾਂ ਜਰੂਰ ਦੇਖਣੀਆਂ ਚਾਹੀਦੀਆਂ ਸਨ ਅਤੇ ਮੈਨੂੰ ਅਖ਼ਬਾਰ ਜਰੂਰ ਪੜ੍ਹਨੇ ਚਾਹੀਦੇ ਹਨ।


ਮੈਨੂੰ ਪੁੱਛਿਆ ਜਾਂਦਾ ਹੈ ਕਿ ਮੈਂ ਕਹਾਣੀ ਕਿਵੇਂ ਲਿਖਦਾ ਹਾਂ। ਇਸ ਦੇ ਜਵਾਬ ਵਿਚ ਮੈਂ ਕਹਾਂਗਾ ਕਿ ਆਪਣੇ ਕਮਰੇ ਵਿਚ ਸੋਫੇ 'ਤੇ ਬੈਠ ਜਾਂਦਾ ਹਾਂ, ਕਾਗਜ਼-ਕਲਮ ਲੈਂਦਾ ਹਾਂ ਅਤੇ 'ਬਿਸਮਿਲਾ' ਕਹਿ ਕੇ ਕਹਾਣੀ ਸ਼ੁਰੂ ਕਰ ਦਿੰਦਾ ਹਾਂ। ਮੇਰੀਆਂ ਤਿੰਨੇ ਧੀਆਂ ਰੌਲਾ ਪਾ ਰਹੀਆਂ ਹੁੰਦੀਆਂ ਹਨ। ਮੈਂ ਉਨ੍ਹਾਂ ਨਾਲ ਗੱਲਾਂ ਵੀ ਕਰਦਾ ਹਾਂ। ਉਨ੍ਹਾਂ ਦੇ ਲੜਾਈ-ਝਗੜੇ ਦਾ ਫੈਸਲਾ ਵੀ ਕਰਦਾ ਹਾਂ। ਕੋਈ ਮਿਲਣ ਵਾਲਾ ਆ ਜਾਵੇ ਤਾਂ ਉਸ ਦੀ ਖਾਤਿਰਦਾਰੀ ਵੀ ਕਰਦਾ ਹਾਂ, ਪਰ ਕਹਾਣੀ ਵੀ ਲਿਖਦਾ ਰਹਿੰਦਾ ਹਾਂ। ਸੱਚ ਪੁੱਛੋ ਤਾਂ ਮੈਂ ਉਵੇਂ ਹੀ ਕਹਾਣੀ ਲਿਖਦਾ ਹਾਂ ਜਿਵੇਂ ਖਾਣਾ ਖਾਂਦਾ ਹਾਂ, ਨਹਾਉਂਦਾ ਹਾਂ, ਸਿਗਰਟ ਪੀਂਦਾ ਹਾਂ ਅਤੇ ਝੱਖ ਮਾਰਦਾ ਹਾਂ। ਜੇ ਇਹ ਪੁੱਛਿਆ ਜਾਵੇ ਕਿ ਮੈਂ ਕਹਾਣੀ ਕਿਉਂ ਲਿਖਦਾ ਹਾਂ, ਤਾਂ ਕਹਾਂਗਾ ਕਿ ਸ਼ਰਾਬ ਪੀਣ ਵਾਂਗ ਹੀ ਕਹਾਣੀ ਲਿਖਣ ਦੀ ਵੀ ਆਦਤ ਪੈ ਗਈ ਹੈ।

ਮੈਂ ਕਹਾਣੀ ਨਾ ਲਿਖਾਂ ਤਾਂ ਮੈਨੂੰ ਇਦਾਂ ਮਹਿਸੂਸ ਹੁੰਦਾ ਹੈ ਕਿ ਮੈਂ ਕੱਪੜੇ ਨਹੀਂ ਪਹਿਨੇ ਜਾਂ ਗੁਸਲਖਾਨੇ ਨਹੀਂ ਗਿਆ ਜਾਂ ਸ਼ਰਾਬ ਨਹੀਂ ਪੀਤੀ। ਦਰਅਸਲ ਮੈਂ ਕਹਾਣੀ ਨਹੀਂ ਲਿਖਦਾ ਬਲਕਿ ਕਹਾਣੀ ਮੈਨੂੰ ਲਿਖਦੀ ਹੈ। ਮੈਂ ਬਹੁਤ ਘੱਟ ਪੜ੍ਹਿਆ-ਲਿਖਿਆ ਆਦਮੀ ਹਾਂ। ਉਂਜ ਤਾਂ ਮੈਂ ਦੋ ਦਰਜਨ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਉਤੇ ਆਏ ਦਿਨ ਮੁਕਦਮੇ ਚੱਲਦੇ ਰਹਿੰਦੇ ਹਨ।

ਜਦੋਂ ਕਲਮ ਮੇਰੇ ਹੱਥ ਵਿਚ ਨਾ ਹੋਵੇ, ਤਾਂ ਮੈਂ ਸਿਰਫ ਸਆਦਤ ਹਸਨ ਹੁੰਦਾ ਹਾਂ। ਕਹਾਣੀ ਮੇਰੇ ਦਿਮਾਗ ਵਿਚ ਨਹੀਂ, ਮੇਰੀ ਜੇਬ ਵਿਚ ਹੁੰਦੀ ਹੈ, ਜਿਸ ਦੀ ਮੈਨੂੰ ਕੋਈ ਖਬਰ ਨਹੀਂ ਹੁੰਦੀ। ਮੈਂ ਆਪਣੇ ਦਿਮਾਗ 'ਤੇ ਜ਼ੋਰ ਦਿੰਦਾ ਹਾਂ ਕਿ ਕੋਈ ਕਹਾਣੀ ਨਿਕਲ ਆਵੇ। ਕਹਾਣੀ ਲਿਖਣ ਦੀ ਬਹੁਤ ਕੋਸ਼ਿਸ਼ ਕਰਦਾ ਹਾਂ ਪਰ ਕਹਾਣੀ ਦਿਮਾਗ ਤੋਂ ਬਾਹਰ ਨਹੀਂ ਨਿਕਲਦੀ। ਆਖਰ ਥੱਕ-ਹਾਰ ਕੇ ਬਾਂਝ ਔਰਤ ਦੀ ਤਰ੍ਹਾਂ ਲੇਟ ਜਾਂਦਾ ਹਾਂ। ਅਣਲਿਖੀ ਕਹਾਣੀ ਦੀ ਕੀਮਤ ਪਹਿਲਾਂ ਹੀ ਵਸੂਲ ਚੁਕਾਂ ਹਾਂ, ਇਸ ਕਰਕੇ ਝੁੰਜਲਾਹਟ ਜਿਹੀ ਹੁੰਦੀ ਹੈ।

ਪਾਸਾ ਬਦਲਦਾ ਹਾਂ। ਉਠ ਕੇ ਆਪਣੀਆਂ ਚਿੜੀਆਂ ਨੂੰ ਦਾਣੇ ਪਾਉਂਦਾ ਹਾਂ। ਬੱਚੀਆਂ ਨੂੰ ਝੂਲੇ ਵਿਚ ਝੂਟੇ ਦਿੰਦਾ ਹਾਂ। ਘਰ ਦਾ ਕੂੜਾ-ਕਰਕਟ ਸਾਫ ਕਰਦਾ ਹਾਂ। ਘਰ ਵਿਚ ਇੱਧਰ-ਉੱਧਰ ਖਿਲਰੀਆਂ ਪਈਆਂ ਛੋਟੀਆਂ ਛੋਟੀਆਂ ਜੁੱਤੀਆਂ ਚੁੱਕ ਕੇ ਇਕ ਜਗ੍ਹਾ ਰਖਦਾ ਹਾਂ। ਪਰ! ਕੰਮਬਖ਼ਤ ਕਹਾਣੀ ਜੋ ਮੇਰੀ ਜੇਬ ਵਿਚ ਪਈ ਹੁੰਦੀ ਹੈ, ਮੇਰੇ ਦਿਮਾਗ ਵਿਚ ਨਹੀਂ ਆਉਂਦੀ। ਮੈਂ ਖਿਝਦਾ ਰਹਿੰਦਾ ਹਾਂ। ਜਦੋਂ ਬਹੁਤ ਹੀ ਪ੍ਰੇਸ਼ਾਨੀ ਹੁੰਦੀ ਹੈ ਤਾਂ ਗੁਸਲਖਾਨੇ ਵਿਚ ਚਲਾ ਜਾਂਦਾ ਹਾਂ, ਪਰ ਉਥੋਂ ਵੀ ਕੁਝ ਨਹੀਂ ਮਿਲਦਾ। ਸੁਣਿਆ ਹੈ, ਹਰ ਵੱਡਾ ਆਦਮੀ ਗੁਸਲਖਾਨੇ ਵਿਚ ਹੀ ਸੋਚਦਾ ਹੈ।

ਮੈਨੂੰ ਆਪਣੇ ਤਜਰਬੇ ਤੋਂ ਪਤਾ ਲੱਗਿਆ ਕਿ ਮੈਂ ਵੱਡਾ ਆਦਮੀ ਨਹੀਂ ਹਾਂ, ਪਰ ਹੈਰਾਨੀ ਹੈ ਕਿ ਫੇਰ ਵੀ ਮੈਂ ਹਿੰਦੁਸਤਾਨ ਅਤੇ ਪਾਕਿਸਤਾਨ ਦਾ ਬਹੁਤ ਵੱਡਾ ਕਹਾਣੀਕਾਰ ਹਾਂ। ਇਸ ਸਬੰਧੀ ਮੈਂ ਇਹ ਹੀ ਕਹਿ ਸਕਦਾ ਹਾਂ ਕਿ ਜਾਂ ਤਾਂ ਮੇਰੇ ਆਲੋਚਕਾਂ ਨੂੰ ਖੁਸ਼ਫਹਿਮੀ ਹੈ ਜਾਂ ਫੇਰ ਮੈਂ ਉਨ੍ਹਾਂ ਦੀਆਂ ਅੱਖਾਂ ਵਿਚ ਘੱਟਾ ਪਾ ਰਿਹਾ ਹਾਂ। ਅਜਿਹੇ



ਮੌਕਿਆਂ 'ਤੇ ਜਦੋਂ ਕਹਾਣੀ ਨਹੀਂ ਲਿਖੀ ਜਾਂਦੀ ਤਾਂ ਹੁੰਦਾ ਇਹ ਹੈ ਕਿ ਮੇਰੀ ਬੀਵੀ ਮੈਨੂੰ ਕਹਿੰਦੀ ਹੈ, 'ਤੁਸੀਂ ਸੋਚੋ ਨਾ, ਕਲਮ ਫੜੋ ਅਤੇ ਲਿਖਣਾ ਸ਼ੁਰੂ ਕਰ ਦੇਵੋ।' ਮੈਂ ਉਸ ਦੇ ਕਹਿਣ 'ਤੇ ਲਿਖਣਾ ਸ਼ੁਰੂ ਕਰ ਦਿੰਦਾ ਹਾਂ। ਉਸ ਸਮੇਂ ਦਿਮਾਗ ਬਿਲਕੁੱਲ ਖਾਲੀ ਹੁੰਦਾ ਹੈ ਅਤੇ ਜੇਬ੍ਹ ਭਰੀ ਹੋਈ ਹੁੰਦੀ ਹੈ। ਉਦੋਂ ਆਪ ਹੀ ਕੋਈ ਕਹਾਣੀ ਉੱਛਲ ਕੇ ਬਾਹਰ ਆ ਜਾਂਦੀ ਹੈ। ਉਸ ਨੁਕਤੇ ਤੋਂ ਮੈਂ ਆਪਣੇ ਆਪ ਨੂੰ ਕਹਾਣੀਕਾਰ ਨਹੀਂ, ਬਲਕਿ ਜੇਬਕਤਰਾ ਸਮਝਦਾ ਹਾਂ ਜੋ ਆਪਣੀ ਜੇਬ ਖੁਦ ਕੱਟਦਾ ਹੈ ਅਤੇ ਲੋਕਾਂ ਦੇ ਹਵਾਲੇ ਕਰ ਦਿੰਦਾ ਹੈ।

ਮੈਂ ਰੇਡੀਓ ਵਾਸਤੇ ਜਿਹੜੇ ਨਾਟਕ ਲਿਖੇ, ਉਹ ਰੋਟੀ ਦੇ ਉਸ ਮਸਲੇ ਦੀ ਪੈਦਾਵਾਰ ਹਨ ਜੋ ਹਰ ਲੇਖਕ ਦੇ ਸਾਹਮਣੇ ਉਸ ਵੇਲੇ ਤੱਕ ਰਹਿੰਦਾ ਹੈ, ਜਦੋਂ ਤੱਕ ਉਹ ਪੂਰੀ ਤਰ੍ਹਾਂ ਮਾਨਸਿਕ ਪੱਖੋਂ ਅਪਾਹਜ ਨਾ ਹੋ ਜਾਵੇ। ਮੈਂ ਭੁੱਖਾ ਸੀ, ਇਸ ਕਰਕੇ ਮੈਂ ਇਹ ਨਾਟਕ ਲਿਖੇ, ਦਾਦ ਇਸ ਗੱਲ ਦੀ ਚਾਹੁੰਦਾ ਹਾਂ ਕਿ ਮੇਰੇ ਦਿਮਾਗ ਨੇ ਮੇਰੇ ਢਿੱਡ ਵਿਚ ਵੜ ਕੇ ਅਜਿਹੇ ਹਾਸ-ਨਾਟਕ ਲਿਖੇ ਹਨ ਜੋ ਦੂਜਿਆਂ ਨੂੰ ਹਸਾਉਂਦੇ ਹਨ ਪਰ ਮੇਰੇ ਬੁੱਲ੍ਹਾਂ 'ਤੇ ਹਲਕੀ ਜਿਹੀ ਮੁਸਕਰਾਹਟ ਵੀ ਪੈਦਾ ਨਹੀਂ ਕਰ ਸਕੇ। ਰੋਟੀ ਅਤੇ ਕਲਾ ਦਾ ਰਿਸ਼ਤਾ ਕੁਝ ਅਜੀਬ ਜਿਹਾ ਲਗਦਾ ਹੈ, ਪਰ ਕੀ ਕੀਤਾ ਜਾਵੇ! ਖੁਦਾਬੰਦਤਾਲਾ ਨੂੰ ਇਹ ਹੀ ਮਨਜ਼ੂਰ ਹੈ। ਇਹ ਗਲਤ ਹੈ ਕਿ ਖ਼ੁਦਾ ਆਪਣੇ ਆਪ ਨੂੰ ਹਰ ਚੀਜ਼ ਤੋਂ ਨਿਰਲੇਪ ਰੱਖਦਾ ਹੈ ਅਤੇ ਉਸ ਨੂੰ ਕਿਸੇ ਚੀਜ਼ ਦੀ ਭੁੱਖ ਨਹੀਂ। ਦਰਅਸਲ ਉਸ ਨੂੰ ਭਗਤ ਚਾਹੀਦੇ ਹਨ ਅਤੇ ਭਗਤ ਬੜੀ ਨਰਮ ਤੇ ਨਾਜ਼ੁਕ ਰੋਟੀ ਹਨ, ਜਾਂ ਇਉਂ ਕਹੋ ਕਿ ਚੋਪੜੀ ਹੋਈ ਰੋਟੀ ਹਨ ਜਿਸ ਨਾਲ ਭਗਵਾਨ ਆਪਣਾ ਪੇਟ ਭਰਦਾ ਹੈ।

ਸਆਦਤ ਹਸਨ ਮੰਟੋ ਕਿਉਂਕਿ ਭਗਵਾਨ ਜਿੱਡਾ ਕਹਾਣੀਕਾਰ ਤੇ ਕਵੀ ਨਹੀਂ ਹੈ। ਉਸ ਨੂੰ ਰੋਟੀ ਦੀ ਖਾਤਿਰ ਲਿਖਣਾ ਪੈਂਦਾ ਹੈ। ਮੈਂ ਜਾਣਦਾ ਹਾਂ ਕਿ ਮੇਰੀ ਸ਼ਖ਼ਸੀਅਤ ਬਹੁਤ ਵੱਡੀ ਹੈ ਅਤੇ ਉਰਦੂ ਸਾਹਿਤ ਵਿਚ ਮੇਰਾ ਬਹੁਤ ਵੱਡਾ ਨਾਮ ਹੈ। ਜੇਕਰ ਇਹ ਖੁਸ਼ਫਹਿਮੀ ਨਾ ਹੋਵੇ ਤਾਂ ਜ਼ਿੰਦਗੀ ਹੋਰ ਵੀ ਮੁਸ਼ਕਿਲ ਬਣ ਜਾਵੇ। ਪਰ ਮੇਰੇ ਵਾਸਤੇ ਇਹ ਇਕ ਕੌੜੀ ਸੱਚਾਈ ਹੈ ਕਿ ਆਪਣੇ ਦੇਸ਼ ਵਿਚ, ਜਿਸ ਨੂੰ ਪਾਕਿਸਤਾਨ ਕਹਿੰਦੇ ਹਨ, ਮੈਂ ਆਪਣਾ ਸਹੀ ਮੁਕਾਮ ਢੂੰਡ ਨਹੀਂ ਸਕਿਆ। ਇਹੋ ਕਾਰਨ ਹੈ ਕਿ ਮੇਰੀ ਰੂਹ ਬੇਚੈਨ ਰਹਿੰਦੀ ਹੈ। ਮੈਂ ਕਦੇ ਪਾਗਲਖਾਨੇ ਤੇ ਕਦੇ ਹਸਪਤਾਲ ਰਹਿੰਦਾ ਹਾਂ।

ਮੈਨੂੰ ਪੁੱਛਿਆ ਜਾਂਦਾ ਹੈ ਕਿ ਮੈਂ ਸ਼ਰਾਬ ਤੋਂ ਖਹਿੜਾ ਛੁਡਾ ਕਿਉਂ ਨਹੀਂ ਲੈਂਦਾ। ਮੈਂ ਆਪਣੀ ਜ਼ਿੰਦਗੀ ਦਾ ਤਿੰਨ-ਚੌਥਾਈ ਹਿੱਸਾ ਤੰਗਦਸਤੀਆਂ ਦੀ ਭੇਟ ਚੜ੍ਹਾ ਚੁਕਾ ਹਾਂ। ਹੁਣ ਤਾਂ ਇਹ ਹਾਲਾਤ ਹੈ ਕਿ ਤੰਗਦਸਤੀਆਂ/ਪਰਹੇਜ਼ ਸ਼ਬਦ ਹੀ ਮੇਰੇ ਲਈ ਡਿਕਸ਼ਨਰੀ ਵਿਚੋਂ ਗਾਇਬ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਜ਼ਿੰਦਗੀ ਅਗਰ ਤੰਗੀਆਂ ਨਾਲ ਗੁਜ਼ਾਰੀ ਜਾਵੇ ਤਾਂ ਇਕ ਕੈਦ ਹੈ ਅਤੇ ਜੇ ਉਹ ਮਜਬੂਰੀ ਭਰੀਆਂ ਤੰਗੀਆਂ ਵਿਚ ਲੰਘਾਈ ਜਾਵੇ, ਤਾਂ ਵੀ ਕੈਦ ਹੈ। ਕਿਸੇ ਨਾ ਕਿਸੇ ਤਰ੍ਹਾਂ ਸਾਨੂੰ ਇਸ ਜ਼ੁਰਾਬ ਦੇ ਧਾਗੇ ਦਾ ਇਕ ਸਿਰਾ ਫੜ ਕੇ ਉਧੇੜਦੇ ਜਾਣਾ ਹੈ ਅਤੇ ਬਸ!

# ਰਿਜਕਦਾਤਾ

**ਕਹਾਣੀ**

"ਬੀਬੀ ਜੀ ਸੁਣਿਐ, ਛੋਟੇ ਸਰਦਾਰ ਜੀ ਕਨੇਡੇ ਜਾ ਰਹੇ ਐ?"

"ਹਾਂ ਭਾਨੀਏ, ਹਰਮੀਤ ਆਖਦੈ ਮੈਂ ਇਧਰ ਨਹੀਂ ਰਹਿਣਾ, ਬਾਹਰਲੇ ਦੇਸ਼ ਈ ਕੰਮ ਕਰਨੈਂ ਤੇ ਉਥੇ ਈ ਸੈਟ ਹੋਣੈਂ। ਭਾਨੀਏ ਇਹਦੀ ਮਾਸੀ ਦੇ ਦੋਵੇਂ ਮੁੰਡੇ ਕਨੇਡਾ 'ਚ ਚੰਗੀ ਕਮਾਈ ਕਰਦੇ ਆ, ਉਨ੍ਹਾਂ ਦੀਆਂ ਗੱਲਾਂ ਸੁਣ-ਸੁਣ ਹੁਣ ਇਹਦਾ ਵੀ ਇਧਰ ਚਿੱਤ ਜਿਹਾ ਨਹੀਂ ਲੱਗਦਾ। ਚਲੋ ਸਿਆਣੇ ਆਖ ਗਏ ਨੇ ਬਈ ਜਿਥੇ ਜਿਥੇ ਪਰਮਾਤਮਾ ਨੇ ਚੋਗ ਖਿਲਾਰੀ ਐ, ਉਥੇ ਹੀ ਚੁਗਣੀ ਪਊ।" ਭਾਨੀ ਦੇ ਸਵਾਲ ਦਾ ਬੜੀ ਹੀ ਮਿਠਾਸ ਤੇ ਤਸੱਲੀ ਨਾਲ ਜਵਾਬ ਦਿੰਦੀ ਗਿਆਨ ਕੌਰ ਚਾਟੀ 'ਚੋਂ ਮੱਖਣ ਕੱਢਣ ਲੱਗ ਪਈ।



ਗਿਆਨ ਕੌਰ ਆਪਣੇ ਕੋਠੀ-ਨੁਮਾ ਖੁੱਲ੍ਹੇ ਘਰ ਦੇ ਸਜੇ-ਸੰਵਰੇ ਚੌਕੇ ਵਿਚ ਦੁੱਧ ਰਿੜਕ ਰਹੀ ਸੀ। ਭਾਨੀ ਚੌਕੇ ਦੇ ਬਾਹਰ-ਵਾਰ

ਸਵਰਨਦੀਪ ਸਿੰਘ ਨੂਰ, ਬਠਿੰਡਾ
ਫੋਨ: 91-75891-19192

ਝਾੜੂ ਦੇ ਰਹੀ ਸੀ। ਖੁੱਲ੍ਹਾ-ਡੁੱਲ੍ਹਾ ਘਰ, ਟਰੈਕਟਰ, ਸੋਹਣੇ ਲਵੇਰੇ, ਇੱਕ ਜੀਪ, ਇੱਕ ਨਵੀਂ ਖੜ੍ਹੀ ਸਵਿਫਰ ਕਾਰ ਤੇ ਖੇਤੀ ਦੇ ਹਰ ਤਰ੍ਹਾਂ ਦੇ ਨਵੇਂ ਸੰਦਾਂ ਨਾਲ ਘਰ ਭਰਿਆ-ਭਰਿਆ ਲੱਗਦਾ ਸੀ।

"ਵਧੀਆ ਬੀਬੀ ਜੀ, ਫੇਰ ਤਾਂ ਤੁਸੀਂ ਵੀ ਬਹਾਨੇ ਨਾਲ 'ਕਨੇਡੇ-ਅਮਰੀਕੇ' ਦੀ ਸੈਰ ਕਰ ਲੋਂਗੇ।" ਭਾਨੀ ਨੇ ਗੱਲ ਨੂੰ ਹੋਰ ਅੱਗੇ ਤੋਰਿਆ।

"ਹਾਂ ਭਾਨੀਏ, ਤੂੰ ਵੀ ਸੱਚੇ ਪਾਤਸ਼ਾਹ ਅੱਗੇ ਅਰਦਾਸ ਕਰਿਆ ਕਰ, ਮੇਰੇ ਪੁੱਤ ਦਾ ਛੇਤੀ ਵੀਜ਼ਾ ਲੱਗ ਜੇ ਕਨੇਡਾ ਦਾ। ਉਂ ਏਜੰਟ ਨੇ ਭਰੋਸਾ ਤਾਂ ਪੂਰਾ ਦਿੱਤਾ ਕਿ ਕੰਮ ਛੇਤੀ ਹੀ ਬਣ ਜੂ, ਬਾਕੀ ਭਾਈ ਵਾਹਿਗੁਰੂ ਜਾਣੇ। ਤੂੰ ਭਾਨੀਏ ਕੰਮ ਨਬੇੜ ਛੇਤੀ ਦੇਣੇਂ, ਅੱਜ ਤੇਰੇ ਬਾਈ ਹੋਰਾਂ ਨਾਲ ਮੈਂ ਵੀ ਸ਼ਹਿਰ ਜਾਣੈਂ।"

'ਚੰਗਾ ਬੀਬੀ' ਆਖ ਭਾਨੀ ਕੰਮ ਨਿਬੇੜਨ ਲੱਗੀ।

ਭਾਨੀ ਪਿਛਲੇ ਪੰਜ ਵਰਿਆਂ ਤੋਂ ਕਰਮ ਸਿੰਘ ਦੇ ਘਰ ਦਾ ਕੰਮ ਕਰ ਰਹੀ ਸੀ। ਉਸ ਦਾ ਘਰ ਵਾਲਾ ਜਿੰਦਰ ਚੜ੍ਹਦੀ ਜਵਾਨੀ ਵੇਲੇ ਦਾ ਕਰਮ ਸਿਹੁੰ ਦੇ ਨਾਲ ਸੀਰੀ ਰਲਦਾ ਆ ਰਿਹਾ ਸੀ। ਇੱਕ ਦਿਨ ਖੇਤ 'ਚ ਸਪਰੇਅ ਕਰਦਿਆਂ ਦਵਾਈ ਜਿੰਦਰ ਦੇ ਸਿਰ ਨੂੰ ਚੜ੍ਹ'ਗੀ, ਤੇ ਉਹ ਬਚ ਨਾ ਸਕਿਆ।

ਕਰਮ ਸਿੰਘ ਨੇ ਸਿਆਣਪ ਤੋਂ ਕੰਮ ਲੈਂਦਿਆਂ ਕੁਝ ਪੈਸੇ ਤੇ ਕੁਝ ਸੱਚੀ-ਝੂਠੀ ਹਮਦਰਦੀ ਦੇ ਜ਼ੋਰ 'ਤੇ ਪੁਲਿਸ ਕੇਸ ਨਾ ਬਣਨ ਦਿੱਤਾ। ਕਰਮ ਸਿਹੁੰ ਨੇ ਭਰੀ ਪੰਚਾਇਤ ਵਿਚ ਜਿੰਦਰ ਦੀ ਵਿਧਵਾ ਭਾਨੀ ਅਤੇ ਉਸ ਦੇ ਛੇ ਸਾਲ ਦੇ ਮੁੰਡੇ ਦੀ ਸੰਭਾਲ ਅਤੇ ਮੁੰਡੇ ਨੂੰ ਬੀ.ਏ. ਤੱਕ ਦੀ ਪੜ੍ਹਾਈ ਕਰਾਉਣ ਦੀ ਜ਼ੁਬਾਨ ਕੀਤੀ।

ਉਦੋਂ ਪੂਰੀ ਪੰਚਾਇਤ ਵਿਚ ਭਰੀਆਂ ਅੱਖਾਂ ਤੇ ਸਿਰ ਝੁਕਾਈ ਭਾਨੀ ਦੇ ਬਾਪ ਜੈਲੇ ਨੇ ਪੰਚਾਇਤ ਦੇ ਹਰ ਫੈਸਲੇ ਨੂੰ 'ਸਾਨੂੰ ਮਨਜ਼ੂਰ ਐ' ਕਹਿ ਕੇ ਭਾਨੀ ਵੱਲੋਂ ਸਾਰੀ ਸਹਿਮਤੀ ਦੇ ਦਿੱਤੀ। ਭਾਨੀ ਨੇ ਵੀ 'ਪੰਚਾਂ ਦਾ ਕਿਹਾ ਸਿਰ ਮੱਥੇ' ਸਮਝ ਕੇ ਸਬਰ ਕਰ ਲਿਆ।

ਜਿੰਦਰ ਦੀ ਮੌਤ ਤੋਂ ਬਾਅਦ ਭਾਨੀ ਕਿੰਨੇ ਦਿਨ ਮੰਜੇ ਤੋਂ ਨਾ ਉਠ ਸਕੀ। ਜਿੰਦਰ ਨਾਲ ਉਹਦਾ ਗੂੜ੍ਹਾ ਪਿਆਰ ਸੀ। ਇੱਕ ਜਿੰਦਰ ਦਾ ਅਚਨਚੇਤ ਵਿਛੋੜਾ ਤੇ ਦੂਜਾ ਪੁੱਤ ਦੇ ਭਵਿੱਖ ਦੀ ਚਿੰਤਾ ਉਹਨੂੰ ਹਾਲੋਂ ਬੇਹਾਲ ਕਰੀ ਜਾ ਰਹੇ ਸਨ। ਉਹ ਹਰ ਪਲ ਜਿੰਦਰ ਦੀਆਂ ਯਾਦਾਂ ਵਿਚ ਗਵਾਚੀ ਰਹਿੰਦੀ। ਉਹਨੂੰ ਉਹ ਪਲ ਕਦੇ ਨਾ ਭੁੱਲਦੇ ਜਦੋਂ ਉਹ ਅਕਸਰ ਦੇਰ ਰਾਤ ਗਏ ਜਿੰਦਰ ਦੇ ਗਲ ਲੱਗ ਕੇ ਆਖਿਆ ਕਰਦੀ ਸੀ, "ਆਪਾਂ ਆਪਣੇ ਜੰਟੇ ਨੂੰ ਥੋਡੇ ਆਂਗੂੰ ਮਿੱਟੀ 'ਚ ਮਿੱਟੀ ਨਹੀਂ ਹੋਣ ਦੇਣਾ, ਇਹਨੂੰ ਪੜ੍ਹਾ-ਲਿਖਾ ਕੇ ਸਰਕਾਰੀ ਨੌਕਰ ਰਖਾਉਣੈਂ ਆਪਾਂ। ਬਾਬੂ ਜੀ ਬਣ ਕੇ ਕੰਮ ਕਰੂ ਮੇਰਾ ਪੁੱਤ..."

ਅੱਗੋਂ ਹੱਸਦਾ ਜਿੰਦਰ ਆਖਦਾ, "ਭਾਨੀਏਂ ਆਪਣੇ ਗਰੀਬਾਂ ਦੇ ਨਸੀਬਾਂ 'ਚ ਸਰਕਾਰੀ ਨੌਕਰੀਆਂ ਕਿੱਥੇ! ਆਪਣੇ ਵਰਗੇ ਤਾਂ ਸਿਰਫ ਜੱਟਾਂ ਦੇ ਨੌਕਰ ਲੱਗ ਸਕਦੇ ਐ, ਸਰਕਾਰ ਦੇ ਨਹੀਂ।"

"ਨਾ ਜੀ, ਤੁਸੀਂ ਐਂ ਨਾ ਕਹੋ, ਮੇਰਾ ਚਿਤ ਡੋਲਦੈ, ਮੇਰਾ 'ਕੱਲਾ 'ਕੱਲਾ ਪੁੱਤ ਤਾਂ ਅਫਸਰ ਬਣੂ ਅਫਸਰ।"

ਇੰਜ ਭਾਨੀ ਤੇ ਜਿੰਦਰ ਹਾਸੇ-ਠੱਠੇ 'ਚ ਭਵਿੱਖ ਦੀਆਂ ਬੁਣਤੀਆਂ ਬੁਣਦੇ ਰਹਿੰਦੇ, ਤੇ ਹਰ ਵਾਰੀ ਜਿੰਦਰ ਆਖਰ ਗੱਲ ਇਥੇ ਮੁਕਾਉਂਦਾ, "ਭਾਨੀਏ, ਆਪਣਾ ਰਿਜਕਦਾਤਾ ਤਾਂ ਬੱਸ ਕਰਮ ਸਿਹੁੰ ਈ ਐ, ਉਹਦੇ ਆਸਰੇ ਰੁੜੀ ਜਾਂਦੇ ਆ ਦਿਨ। ਬਾਕੀ ਕੋਈ ਨੀ, ਤੂੰ ਫਿਕਰ ਨਾ ਕਰ, ਵਾਹ ਲੱਗਦੀ ਜਵਾਕ ਨੂੰ ਪੜ੍ਹਾਊਂ ਜਰੂਰ, ਜਿਥੋਂ ਤੱਕ ਇਹ ਪੜ੍ਹ।"

ਜਿੰਦਰ ਦੇ ਵਿਛੋੜੇ ਤੋਂ ਬਾਅਦ ਯਾਦਾਂ ਦੀ ਇਸ ਘੁੰਮਣਘੇਰੀ ਵਿਚ ਫਸੀ ਭਾਨੀ ਨੂੰ ਹੁਣ ਚਾਰੇ ਪਾਸੇ ਹਨੇਰਾ ਹੀ ਹਨੇਰਾ ਨਜ਼ਰ ਆਉਂਦਾ। ਉਹਦਾ



ਪੁੱਤ ਗੁਰਜੰਟ ਹੀ ਹੁਣ ਉਸ ਦਾ ਇੱਕੋ ਇਕ ਸਹਾਰਾ ਸੀ।

ਸਿਆਣੇ ਆਖਦੇ ਨੇ, ਸਮਾਂ ਬਹੁਤ ਵੱਡੀ ਮੱਲ੍ਹਮ ਹੈ। ਭਾਨੀ ਦੇ ਅੱਲੇ ਜ਼ਖ਼ਮਾਂ 'ਤੇ ਵੀ ਸਮੇਂ ਨੇ ਮੱਲ੍ਹਮ ਲਾਈ ਤੇ ਉਹ ਹੁਣ ਖੁਦ ਕਰਮ ਸਿੰਘ ਤੇ ਗਿਆਨ ਕੌਰ ਦੇ ਘਰ ਦਾ ਕੰਮ ਕਰਨ ਲੱਗੀ। ਹੋਰ ਕਰਦੀ ਵੀ ਕੀ? ਗੋਹਾ-ਕੂੜਾ, ਝਾੜੂ-ਪੋਚਾ, ਕੱਪੜੇ ਧੋਣ ਤੇ ਹੋਰ ਕਈ ਨਿੱਕੇ-ਮੋਟੇ ਕੰਮ ਉਹ ਆਪਣਾ ਘਰ ਸਮਝ ਕੇ ਕਰਦੀ। ਰੋਟੀ ਆਪ ਦੋਵੇਂ-ਤਿੰਨੇ ਵੇਲੇ ਖਾ ਲੈਂਦੀ ਤੇ ਮੁੰਡੇ ਲਈ ਘਰ ਲੈ ਜਾਂਦੀ। ਛੁੱਟੀ ਵਾਲੇ ਦਿਨ ਗੁਰਜੰਟ ਵੀ ਆਪਣੀ ਮਾਂ ਦੇ ਨਾਲ ਕਰਮ ਸਿੰਘ ਦੇ ਘਰ ਦੇ ਕਈ ਨਿੱਕੇ-ਨਿੱਕੇ ਕੰਮਾਂ ਵਿਚ ਹੱਥ ਵਟਾਉਂਦਾ। ਗਿਆਨ ਕੌਰ ਭਾਨੀ ਦੇ ਘਰੋਗੀ ਖਰਚਿਆਂ ਲਈ ਮਹੀਨੇ, ਡੇਢ ਮਹੀਨੇ ਬਾਅਦ ਕਦੇ-ਕਦਾਈਂ ਪੰਜ-ਛੇ ਸੌ ਨਕਦ ਉਸ ਦੇ ਹੱਥ 'ਤੇ ਰੱਖ ਦਿੰਦੀ।

ਜਿੰਦਰ ਦੀ ਮੌਤ ਤੋਂ ਬਾਅਦ ਭਾਨੀ ਨੇ ਸਜਣਾ-ਫਬਣਾ ਉਕਾ ਹੀ ਛੱਡ ਦਿੱਤਾ। ਉਸ ਦਾ ਮਨ ਆਖਦਾ, ਹੁਣ ਕਿਹਦੇ ਲਈ ਸਜਣਾ-ਫਬਣਾ! ਭਾਨੀ ਨੇ ਸ਼ਾਇਦ ਈ ਕਦੇ ਦੀਵਾਲੀ-ਦੁਸਹਿਰੇ 'ਤੇ ਨਵਾਂ ਸੂਟ ਸਵਾ ਕੇ ਪਾਇਆ ਹੋਵੇ।

ਗਿਆਨ ਕੌਰ ਦੇ ਹੰਢਾਏ ਪੁਰਾਣੇ ਸੂਟ ਪਾ ਕੇ ਤਨ ਕੱਜ ਲੈਂਦੀ। ਗੁਰਜੰਟ ਵੀ ਸਰਦੇ-ਪੁੱਜਦੇ ਘਰਾਂ ਦੇ ਬੱਚਿਆਂ ਦੇ ਹੰਢਾਏ ਪੁਰਾਣੇ ਕੱਪੜੇ ਪਾ ਕੇ ਖੁਸ਼ ਹੋ ਜਾਂਦਾ।

ਪੂਰੇ 27 ਕਿੱਲਿਆਂ ਦਾ ਮਾਲਕ ਸੀ ਕਰਮ ਸਿੰਘ, ਪਰ ਹਰਮੀਤ ਦੀ ਵਿਦੇਸ਼ ਜਾਣ ਦੀ ਜ਼ਿੱਦ ਅੱਗੇ ਆਖਰ ਹਥਿਆਰ ਸੁੱਟ ਦਿੱਤੇ। ਪੁੱਤ ਨੂੰ ਵਿਦੇਸ਼ ਭੇਜਣ ਲਈ ਕਈ ਏਜੰਟਾਂ ਦੇ ਚੱਕਰ ਕੱਢੇ, ਆਖਰ ਗੱਲ ਸਿਰੇ ਚੜ੍ਹ ਹੀ ਗਈ।

ਏਧਰ, ਭਾਨੀ ਨੇ ਤਰਲਾ ਜਿਹਾ ਲੈ ਕੇ ਗਿਆਨ ਕੌਰ ਨੂੰ ਕਿਹਾ, "ਦੇਖ ਲਾ ਬੀਬੀ, ਕਿੰਨੇ ਸਾਲ ਹੋ'ਗੇ ਚੰਗੀ-ਮਾੜੀ 'ਚ ਤੇਰੇ ਨਾਲ ਨਿਭਦਿਆਂ, ਕਦੇ ਕੁਝ ਮੰਗਿਆ ਨੀਂ ਤੈਥੋਂ, ਫੇਰ ਐਤਕੀ ਮੈਂ ਹੱਕ ਨਾਲ ਆਵਦੀ ਪਸਿੰਦ ਦਾ ਨਵਾਂ ਸੂਟ ਲੈਣਾ ਤੈਥੋਂ ਤੇ ਨਾਲ ਮੇਰੇ ਜੰਟੇ ਨੂੰ ਨਵੀਂ ਵਰਦੀ ਸਵਾ ਕੇ ਦੇਈਂ, ਮਾਸਟਰ ਉਹਨੂੰ ਕਹਿੰਦੇ ਐ 'ਵਰਦੀ ਪੁਰਾਣੀ ਹੋਗੀ, ਸਿੱਟ ਦੇ ਹੁਣ ਇਹਨੂੰ, ਨਵੀਂ ਸੰਵਾ।' ਨਿੱਤ ਗਾਲਾਂ ਪੈਂਦੀਆਂ ਜਵਾਕ ਨੂੰ ਸਕੂਲੋਂ। ਦੇਖੀਂ ਬੀਬੀ ਰੱਬ ਦੇ ਵਾਸਤੇ ਨਾਂਹ ਨਾ ਕਰੀਂ।" ਭਾਨੀ ਦੇ ਤਰਲੇ 'ਚ ਲੋਹੜੇ ਦਾ ਦਰਦ ਲੁਕਿਆ ਹੋਇਆ।

"ਭਾਨੀਏ ਸੂਟ ਬਥੇਰੇ, ਵਰਦੀ ਵੀ ਨਵੀਂ ਸੰਵਾ ਦੂੰ ਤੇਰੇ ਜੰਟੇ ਨੂੰ, ਬੱਸ ਇੱਕ ਵਾਰੀ ਸੱਚਾ ਪਾਤਸ਼ਾਹ ਕਿਰਪਾ ਕਰ ਦਏ ਮੇਰੇ ਹਰਮੀਤ ਪੁੱਤ 'ਤੇ, ਵੀਜ਼ਾ ਲੱਗ ਜੇ ਉਹਦਾ" ਗਿਆਨ ਕੌਰ ਉਤਸ਼ਾਹ ਨਾਲ ਆਖਦੀ।

ਆਖਰ ਉਹ ਦਿਨ ਆ ਹੀ ਗਿਆ। ਅੱਜ ਪੂਰੇ ਟੱਬਰ ਦੀ ਅੱਡੀ ਧਰਤੀ 'ਤੇ ਨਹੀਂ ਸੀ ਲੱਗ ਰਹੀ। ਵੀਜ਼ਾ ਮਨਜ਼ੂਰ ਹੋ ਗਿਆ। ਦਿਨਾਂ ਵਿਚ ਹੀ ਹਰਮੀਤ ਕੈਨੇਡਾ ਨੂੰ ਉਡਾਰੀਆਂ ਮਾਰ ਗਿਆ।

ਜਿੰਦਰ ਦੀ ਮੌਤ ਤੋਂ ਬਾਅਦ ਭਾਨੀ ਅੱਜ ਪਹਿਲੀ ਵਾਰ ਏਨੀ ਖੁਸ਼ ਸੀ। ਉਹਨੂੰ ਕਰਮ ਸਿੰਘ ਤੇ ਗਿਆਨ ਕੌਰ ਦੀ ਖੁਸ਼ੀ ਵਿਚ ਆਪਣੀ ਖੁਸ਼ੀ ਨਜ਼ਰ ਆ ਰਹੀ ਸੀ। ਗੁਰਜੰਟ ਵੀ ਪੂਰਾ ਖੁਸ਼ ਸੀ ਕਿ ਹੁਣ ਮੈਨੂੰ ਨਵੀਂ ਵਰਦੀ ਮਿਲੂ ਤੇ ਮੈਂ ਮਾਸਟਰਾਂ ਦੀਆਂ ਝਿੜਕਾਂ ਤੋਂ ਬਚੂੰ।

ਦੋ ਕੁ ਦਿਨਾਂ ਬਾਅਦ ਭਾਨੀ ਨੇ ਗਿਆਨ ਕੌਰ ਨੂੰ ਉਹਦਾ ਵਾਅਦਾ ਚੇਤੇ ਕਰਾਇਆ। ਜਵਾਬ ਵਿਚ ਗਿਆਨ ਕੌਰ ਬੋਲੀ, "ਦੇਖ ਭਾਨੀਏ, ਪੂਰੇ ਪੰਦਰਾਂ ਲੱਖ ਲੱਗ'ਗੇ ਵੀਜ਼ੇ 'ਤੇ, ਹੁਣ ਨੀਂ ਰਿਹਾ ਕੁਝ ਵੀ ਪੱਲੇ। ਮਸਾਂ ਆੜ੍ਹਤੀਏ ਤੋਂ ਫੜ੍ਹ ਫੜ੍ਹਾ ਕੇ, ਕੁਝ ਰਿਸ਼ਤੇਦਾਰਾਂ ਤੋਂ ਮੰਗ-ਤੰਗ ਕੇ ਪੂਰੇ ਕੀਤੇ ਐ, ਹੁਣ ਤਾਂ ਘਰੇ ਜ਼ਹਿਰ ਖਾਣ ਨੂੰ ਪੈਸਾ ਨ੍ਹੀਂ, ਐਤਕੀ ਤਾਂ ਸੂਟ, ਵਰਦੀ ਛੱਡ, ਉਂ ਨੀ ਕੁਛ ਤੇਰੇ ਹੱਥ 'ਤੇ ਧਰਿਆ ਜਾਣਾ। ਪੰਜ-ਚਾਰ ਮਹੀਨੇ ਕੱਢ ਔਖੀ-ਸੌਖੀ, ਫੇਰ ਦੇਖਾਂਗੇ, ਹੱਥ ਕੁਝ ਸੌਖਾ ਹੋ ਜੂ।"

ਗਿਆਨ ਕੌਰ ਦੀਆਂ ਬੇ-ਉਮੀਦ ਤੇ ਰੁਖੀਆਂ ਗੱਲਾਂ ਸੁਣ ਭਾਨੀ ਨੂੰ ਡਾਢਾ ਧੱਕਾ ਲੱਗਾ। ਉਹ ਮਸੋਸੇ ਜਿਹੇ ਮੂੰਹ ਤੇ ਭਿਜੀਆਂ ਅੱਖਾਂ ਲਈ ਘਰ ਨੂੰ ਤੁਰਨ ਲੱਗੀ। ਗਿਆਨ ਕੌਰ ਤੋਂ ਮੂੰਹ ਲੁਕਾਉਂਦਿਆਂ ਮਸਾਂ ਅੱਖਾਂ ਪੂੰਝੀਆਂ।

ਪਿਛੋਂ ਗਿਆਨ ਕੌਰ ਨੇ ਆਵਾਜ਼ ਮਾਰੀ, "ਰੁਕ, ਖੜ੍ਹ ਜਾ ਨੀਂ ਭਾਨੀਏ, ਮੈਂ ਕੱਢਦੀ ਆਂ ਆਵਦੇ ਪੁਰਾਣੇ ਦੋ ਸੂਟ ਤੇਰੇ ਲਈ। ਭੀੜੇ ਆ ਮੈਨੂੰ, ਉਂ ਜਵਾਂ ਨਵੇਂ ਪਏ ਐ, ਤੂੰ ਲੈ ਜਾ। ਜੰਟੇ ਵਾਸਤੇ ਵੀ ਹਰਮੀਤ ਦੇ ਬਥੇਰੇ ਪਏ ਐ, ਉਹ ਹੁਣ ਕਿਨ੍ਹੇ ਹੰਢਾਉਣੇ?"

ਬੁਝੀਆਂ ਆਸਾਂ ਦੇ ਸਮੁੰਦਰ 'ਚ ਡੁੱਬੀ ਭਾਨੀ ਵਿਹੜੇ ਦੀ ਕੰਧ ਨਾਲ ਢੋ ਲਾ ਕੇ ਉਥੇ ਈ ਬੈਠ ਗਈ। ਅੱਜ ਫੇਰ ਜਿੰਦਰ ਦਾ ਧੁਆਂਖਿਆ ਚਿਹਰਾ ਉਸ ਦੀਆਂ ਅੱਖਾਂ 'ਚ ਤੈਰ ਆਇਆ, ਜਦੋਂ ਹੱਸਦਾ ਹੋਇਆ ਉਹ ਅਕਸਰ ਆਖਦਾ ਸੀ, "ਭਾਨੀਏ ਆਪਣਾ ਰਿਜਕਦਾਤਾ ਤਾਂ ਕਰਮ ਸਿਹੁੰ ਐ..." ਤੇ ਉਹ ਹੰਝੂਆਂ ਡੁੱਬੀ ਜ਼ੁਬਾਨ ਨਾਲ ਝੋਰੇ ਲੈ ਲੈ ਆਖਦੀ, "ਜਾਹ ਵੇ ਦੋਜ਼ਖੀਆ, ਕਿਹੜੇ ਕਰਮਾਂ ਸਹਾਰੇ ਛੱਡ ਗਿਆ ਮੈਨੂੰ 'ਕੱਲੀ ਨੂੰ। ਰੋਵਾਂ ਬੈਠ ਕੇ ਯਾਦਾਂ ਦੇ ਤੰਦ ਬੁਣਦੀ, ਜਿੰਦ ਦੀ ਬਣਾ ਕੇ ਚਰਖੀ, ਵੇ ਸੋਹਣਿਆਂ।

# ਦੀਵੇ ਥੱਲੇ ਹਨੇਰਾ

ਸਿਆਲ ਦੀ ਰੁੱਤ ਸੀ, ਰਾਤ ਦੀ ਰੋਟੀ ਖਾ ਕੇ ਸਾਰਾ ਟੱਬਰ ਅੰਦਰ ਦਲਾਨ ਵਿਚ ਬੈਠ ਗੱਲੀਂ ਲੱਗ ਗਿਆ।

"ਪੁੱਤ ਗੁਰੋ, ਸੁਣਾ ਕੋਈ ਕਨੇਡਾ ਦੀ, ਬਾਰਾਂ ਸਾਲਾਂ ਪਿਛੋਂ ਆਈ ਏਂ, ਸਾਡੇ ਕੋਲ ਬੈਠਣ ਦਾ ਤੇਰੇ ਕੋਲ ਧੀਏ ਟੈਮ ਨ੍ਹੀਂ। ਮਸੀਂ ਇਕ ਰਾਤ ਰਹੀ, ਫੇਰ ਤੂੰ ਸਹੁਰੇ ਟੁਰ 'ਗੀ। ਜੇ ਹੁਣ ਆਈ ਆਂ, ਤੇਰੀ ਰੋਜ ਦੀ ਸ਼ਾਪਿੰਗ ਨ੍ਹੀਂ ਮੁੱਕਦੀ।" ਪਰਸਿੰਨ ਕੌਰ ਸਭ ਲਈ ਗਰਮ ਦੁੱਧ ਦਾ ਪਤੀਲਾ ਚੁੱਕੀ ਚਿਰਾਂ ਪਿੱਛੋਂ ਆਈ ਧੀ ਨੂੰ ਉਲਾਮਾ ਦਿੰਦੀ ਪੀਹੜੀ 'ਤੇ ਬੈਠ ਗਈ।

ਗੁਰੋ ਨੇ ਗਲਾਸਾਂ ਵਿਚ ਦੁੱਧ ਪਾ ਵਾਰੀ ਵਾਰੀ ਸਭ ਨੂੰ ਫੜਾਉਂਦਿਆਂ ਨਾਲ ਹੀ ਮਾਂ ਦੀ ਗੱਲ ਦਾ ਜਵਾਬ ਦਿੱਤਾ, "ਬੀਬੀ! ਕੰਮ ਵੀ ਤਾਂ ਕਰਨੇ ਨੇ ਕਿਸੇ ਨੇ। ਅਸੀਂ ਤਾਂ ਬਾਹਰ ਵਾਲੇ ਭੋਰਾ ਨਹੀਂ ਬਦਲੇ, ਇੰਡੀਆ ਵਾਲੇ ਤਾਂ ਬਾਹਰ



ਚਰਨਜੀਤ ਸਿੰਘ ਸਾਹੀ
ਫੋਨ: 317-430-6545

ਵਾਲਿਆਂ ਨਾਲੋਂ ਵੀ ਅੱਗੇ ਨੇ, ਰੋਜ ਨਵੇਂ ਫੈਸ਼ਨ, ਖਾਣਾ ਪੀਣਾ ਬਦਲ ਗਿਆ। ਮੈਂ ਤਾਂ ਲੋਕਾਂ ਵੱਲ ਵੇਖ ਵੇਖ ਹੈਰਾਨ ਆਂ, ਥੋੜ੍ਹੇ ਸਾਲਾਂ ਵਿਚ ਈ ਸਭ ਕੁਝ ਬਦਲ ਗਿਆ। ਹੋਰ ਤਾਂ ਹੋਰ, ਸ਼ਹਿਰਾਂ ਵਾਲੇ ਪੰਜਾਬੀ ਨੂੰ ਉਜੱਡਾਂ ਦੀ ਬੋਲੀ ਕਹਿਣ ਲੱਗ ਗਏ, ਹਿੰਦੀ ਬੋਲਣੀ ਮਜਬੂਰੀ ਨਹੀਂ, ਇਕ ਫੈਸ਼ਨ ਬਣ ਗਿਆ। ਅੱਜ ਦੀ ਸੁਣ ਲਉ, ਮੈਂ ਗਈ ਕੋਹਲੀਆਂ ਦੀ ਦੁਕਾਨ 'ਤੇ ਕੱਪੜੇ ਖਰੀਦਣ, ਉਥੇ ਤਿੰਨ-ਚਾਰ ਸਰਦਾਰ ਮੁੰਡੇ ਪੱਗਾਂ ਪੋਚਵੀਆਂ, ਨਾਲ ਉਨ੍ਹਾਂ ਦੇ ਕੁੜੀਆਂ, ਸੇਲਜ਼ਮੈਨ ਨੂੰ ਕਹੀ ਜਾਣ 'ਬਈਆ ਜੀ ਕੋਈ ਅੱਛਾ ਸਾ ਔਰ ਅਲੱਗ ਸਾ ਡੀਜ਼ਾਇਨ ਦਿਖਾਉ।' ਮੇਰੇ ਤੋਂ ਰਿਹਾ ਨਾ ਗਿਆ, ਮੈਂ ਕਹਿ ਹੀ ਦਿਤਾ, ਲੱਗਦੇ ਤਾਂ ਤੁਸੀਂ ਸਾਰੇ ਪੰਜਾਬੀ ਓਂ, ਬੈਠੇ ਵੀ ਪੰਜਾਬ ਵਿਚ, ਫਿਰ ਆ ਹਿੰਦੀ ਬੋਲਣ ਦੀ ਤੁਹਾਡੀ ਕੀ ਮਜਬੂਰੀ ਏ? ਕਹਿਣ ਲੱਗੇ, 'ਨਹੀਂ ਦੀਦੀ ਅਬ ਤੋ ਸਭੀ ਬੋਲਤੇ ਹੈਂ।' ਮੇਰੇ ਤਾਂ ਮੂੰਹੋਂ ਫਿਰ ਆਪਣੇ ਆਪ ਨਿਕਲ ਗਿਆ, ਬੇੜਾ ਗਰਕ ਕਰ'ਤਾ ਪੰਜਾਬੀ ਮਾਂ ਬੋਲੀ ਦਾ, ਪਤਾ ਨ੍ਹੀਂ ਉਨ੍ਹਾਂ ਨੂੰ ਕਿਵੇਂ ਲੱਗਾ ਹੋਊ। ਮੈਂ ਤਾਂ ਪੈਸੇ ਦੇ ਦੁਕਾਨ 'ਚੋਂ ਬਾਹਰ ਆ'ਗੀ। ਸੱਚ ਦੱਸਾਂ ਮੈਂ ਤਾਂ ਇਥੇ ਲੋਕਾਂ ਦੇ ਖਰਚੇ, ਘਰਾਂ 'ਚ ਨੌਕਰ-ਚਾਕਰ ਦੇਖ ਆਪਣੇ ਆਪ ਨੂੰ ਗਰੀਬ ਸਮਝਣ ਲੱਗਦੀ ਆਂ। ਆਪਣੇ ਹੱਥੀਂ ਕੋਈ ਕੰਮ ਕਰਕੇ ਰਾਜ਼ੀ ਨਹੀਂ, ਪਾਣੀ ਦਾ ਗਿਲਾਸ ਵੀ ਆਪ ਭਰ ਕੇ ਨਹੀਂ ਪੀਂਦੇ, ਉਹ ਵੀ ਕੋਈ ਫੜਾਵੇ! ਜਿਹਨੂੰ ਪੁੱਛੋ ਕੀ ਹਾਲ ਹੈ, ਹਰੇਕ ਕਹੂ ਬਲੱਡ ਪ੍ਰੈਸ਼ਰ, ਸ਼ੂਗਰ ਏ। ਇਕ ਅੱਜ ਕੱਲ ਟੈਨਸ਼ਨ ਲਫਜ਼ ਬਹੁਤ ਵਰਤਿਆ ਜਾਣ ਲੱਗਾ ਹੈ, ਪਤਾ ਨਹੀਂ ਟੈਨਸ਼ਨ ਕਾਹਤੋਂ ਏ? ਵਿਹਲੜ ਲੋਕ, ਗੋਗੜਾਂ ਛੱਡੀਆਂ, ਚੰਗਾ ਖਾਣਾ-ਪੀਣਾ, ਹੱਥੀਂ ਕੰਮ ਕੋਈ ਕਰਨਾ ਨ੍ਹੀਂ। ਮੈਂ ਦੱਸਾਂ, ਸਾਡੇ ਬਾਹਰ ਉਥੇ ਨਾ ਚਪੜਾਸੀ, ਨਾ ਨੌਕਰ। ਆਪਣਾ ਕੰਮ ਆਪ ਕਰਦੇ ਨੇ ਸਾਰੇ।"

ਬੀਬੀ ਵਿਚੋਂ ਟੋਕਦਿਆਂ ਬੋਲੀ, "ਲੈ ਸਵਾਹ! ਇਹ ਤਾਂ ਧੀਏ ਨਿਰੇ ਵਿਖਾਵੇ ਨੇ ਇਥੇ। ਕਰਜਿਆਂ ਨਾਲ ਲੋਕ ਵਿੰਨੇ ਪਏ ਨੇ, ਰੀਸ ਬਰੀਸੇ।"

"ਮੈਂ ਤਾਂ ਬੀਬੀ, ਦੇਖ ਲੈ, ਬਾਪੂ ਜੀ ਨਾਲ ਜਦੋਂ ਫੋਨ 'ਤੇ ਗੱਲ ਕਰਨੀ, ਇਕ ਹੀ ਗੱਲ ਕਹਿੰਦੇ ਸੀ ਵਾਰ ਵਾਰ, 'ਕੁੜੀਏ! ਬੱਚਿਆਂ ਨੂੰ ਪੰਜਾਬੀ ਜਰੂਰ ਸਿਖਾਈਂ। ਆਪਣੀ ਬੋਲੀ ਨਾ ਭੁੱਲ ਜਾਣ।' ਕਿਉਂ ਬਾਪੂ ਜੀ?" ਗੁਰੋ ਨੇ ਬਾਪੂ ਵੱਲ ਮੂੰਹ ਕਰ ਕੇ ਪੁਛਿਆ।

"ਆਹੋ ਕੁੜੀਏ! ਠੀਕ ਕਹਿੰਦੀ ਏਂ।"

"ਬੀਬੀ! ਮਜਾਲ ਐ ਘਰ ਕੋਈ ਅੰਗਰੇਜੀ ਨੂੰ ਮੂੰਹ ਮਾਰੇ, ਅਸੀਂ ਸਾਰੇ ਪੰਜਾਬੀ ਬੋਲਦੇ ਆਂ। ਤੁਹਾਨੂੰ ਕੀ ਪਤਾ ਸਾਨੂੰ ਬਾਹਰ ਵਾਲਿਆਂ ਨੂੰ ਕਿੰਨੀ ਦੌੜ ਭੱਜ ਕਰਨੀ ਪੈਂਦੀ ਆ ਉਥੇ, ਪਰ ਫਿਰ ਵੀ ਮੈਂ ਜਿਵੇਂ ਕਿਵੇਂ ਹਰ ਐਤਵਾਰ ਬੱਚਿਆਂ ਨੂੰ ਗੁਰਦੁਆਰੇ ਪੰਜਾਬੀ ਸਕੂਲ ਲੈ ਕੇ ਜਾਨੀਂ ਆਂ, ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਦੇ ਆਂ।"

ਬੀਬੀ ਦੀ ਪੋਤੀ ਨੇ ਹੱਥ 'ਚ ਕਾਪੀ ਫੜੀ ਸੀ, ਮੰਜੇ 'ਤੇ ਖੜ੍ਹ ਕੇ ਬੋਲੀ, "ਆਜ ਮੈਂ ਆਪ ਕੋ ਹਿੰਦੀ ਮੇਂ ਪੋਇਮ ਸੁਨਾਊਂਗੀ।"

"ਖੜ੍ਹ ਜਾ! ਵੱਡੀ ਰਕਾਨ! ਤੈਨੂੰ ਨ੍ਹੀਂ ਦੀਂਹਦਾ ਵੱਡੇ ਗੱਲ ਕਰ ਰਹੇ ਨੇ, ਲੱਗਦੀ ਹਿੰਦੀ ਦੀ।" ਦਾਦੀ ਨੇ ਪੋਤੀ ਨੂੰ ਦਬਕਾ ਮਾਰਿਆ।

"ਹੈਂ! ਇਹ ਕੀ? ਦੀਵੇ ਥੱਲੇ ਹਨੇਰੇ ਵਾਲੀ ਗੱਲ ਹੋ ਗਈ, ਬਾਪੂ ਜੀ!" ਗੁਰੋ ਆਪਣੇ ਪਿਉ ਵੱਲ ਮੂੰਹ ਅੱਡੀ ਹੈਰਾਨੀ ਨਾਲ ਬੋਲੀ।

ਬਾਪੂ ਜੀ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਪੋਤੀ ਬੋਲੀ, "ਭੂਆ ਜੀ! ਟੀਚਰ ਬੋਲਤੀ ਹੈ ਪੰਜਾਬੀ ਮੇ ਬਾਤ ਨਹੀਂ ਕਰਨੀ।"

ਜਥੇਦਾਰ ਕਾਬਲ ਸਿੰਘ ਨੀਲੀ ਪੱਗ ਵਾਲਾ ਪੁਰਾਣਾ ਅਕਾਲੀ, ਪੋਤੀ ਨੂੰ ਕੁਝ ਦਬਵੀਂ ਜ਼ੁਬਾਨ ਨਾਲ ਸਮਝਾਉਣ ਲੱਗਾ, "ਪਰ ਪੁੱਤ ਇਹ ਸਕੂਲ ਨਹੀਂ! ਘਰ ਏ, ਨਾਲੇ ਮੈਂ ਤੈਨੂੰ ਕੱਲ ਵੀ ਕਿਹਾ ਸੀ ਘਰ ਪੰਜਾਬੀ ਬੋਲਿਆ ਕਰ।"

ਛੋਟੀ ਬੱਚੀ, ਜੋ ਪਹਿਲੀ ਜਮਾਤ ਵਿਚ ਸ਼ਹਿਰ ਦੇ ਮਹਿੰਗੇ ਅੰਗਰੇਜੀ ਸਕੂਲ ਵਿਚ ਪੜ੍ਹਨ ਜਾਂਦੀ ਸੀ, ਬੋਲੀ, "ਦਾਦਾ ਜੀ! ਮੈਡਮ ਨਾ ਬਹੁਤ ਗੁੱਸੇ ਹੋਤੀ ਹੈ, ਅਗਰ ਕੋਈ ਪੰਜਾਬੀ ਬੋਲੇ।"

"ਹੋਰ ਸੁਣ ਲਉ, ਭੱਈਆਂ ਦੇ ਬੱਚੇ ਪੰਜਾਬੀ ਬੋਲਣ ਲੱਗ ਪਏ ਆ, ਆਪਣੇ ਹਿੰਦੀ। ਸਾਰੇ ਪਿੰਡ ਦਾ ਈ ਆਵਾ ਊਤ ਗਿਆ।" ਗੁਰੋ ਮੱਥੇ ਹੱਥ ਮਾਰਦਿਆਂ ਰਿਝੀ।

"ਪੁੱਤ ਗੁਰੋ! ਸਵੇਰੇ ਤੋਰ ਦਿੰਦੇ ਨੇ ਮਾਪੇ ਨਿੱਕੇ ਨਿੱਕੇ ਜਵਾਕਾਂ ਨੂੰ ਵਰਦੀਆਂ ਪਵਾ ਤੇ ਗਲਾਂ 'ਚ ਟਾਈਆਂ ਫਸਾ ਕੇ ਜਿਵੇਂ ਸਾਰਿਆਂ ਨੇ ਇਨ੍ਹਾਂ ਸਕੂਲਾਂ 'ਚੋ ਪੜ੍ਹ ਕੇ ਡੀ.ਸੀ. ਲੱਗ ਜਾਣਾਂ! ਬੱਸਾਂ, ਟੈਂਪੂ ਤੂੜੇ ਹੁੰਦੇ ਨੇ ਜਵਾਕਾਂ ਨਾਲ, ਸਾਹ ਨਹੀਂ ਆਉਂਦਾ ਜਵਾਕਾਂ ਨੂੰ। ਸਰਦੀ 'ਚ ਵੀ ਇਕ ਵਾਰ ਪਸੀਨਾ ਆ ਜਾਂਦਾ। ਸਾਲਿਆਂ ਚੋਰਾਂ ਨੇ ਦੁਕਾਨਾਂ ਖੋਲ੍ਹੀਆਂ ਪੜ੍ਹਾਈ ਦੇ ਨਾਂ 'ਤੇ। ਸਕੂਲਾਂ ਦੇ ਨਾਂ ਦੇਖੋ-ਫਲਾਣਾ ਕਾਨਵੈਂਟ ਤੇ ਧਮਕਾਣਾ ਪਬਲਿਕ! ਰੁੱਗਾਂ ਦੇ ਰੁੱਗ ਪੈਸੇ ਦੇਈ ਜਾਵੋ, ਗਜਬ ਸਾਈਂ ਦਾ! ਵੇਖੋ, ਪੰਜਾਬ 'ਚ ਰਹਿਣਾ, ਪੰਜਾਬ ਦਾ ਖਾਣਾ, ਪੰਜਾਬ ਦੀ ਹਵਾ 'ਚ ਸਾਹ ਲੈਣਾ, ਪੰਜਾਬੀਆਂ ਦੇ ਸਿਰ 'ਤੇ ਕਮਾਈਆਂ, ਉਪਰੋਂ ਬੱਚਿਆਂ ਨੂੰ ਦੱਬ ਕੇ ਮਾਰਦੇ ਬਈ ਪੰਜਾਬੀ ਨਹੀਂ ਬੋਲਣੀ।" ਕਾਬਲ ਸਿੰਘ ਨੂੰ ਬੋਲ ਬੋਲ ਖੰਘ ਆਉਣ ਲੱਗ ਗਈ।

"ਬਾਪੂ ਜੀ! ਮੈਨੂੰ ਤਾਂ ਤੁਸੀਂ ਕੈਨੇਡਾ ਸਾਹ ਨਹੀਂ ਲੈਣ ਦਿਤਾ ਬਈ ਬੱਚਿਆਂ ਨੂੰ ਪੰਜਾਬੀ ਜਰੂਰ ਸਿਖਾਈਂ। ਮੈਨੂੰ ਲੱਗਦਾ ਬਾਹਰ ਵਾਲੇ ਜ਼ਿਆਦਾ ਪੰਜਾਬੀ ਬਾਰੇ ਫਿਕਰਮੰਦ ਨੇ।"

"ਪਰ ਭੈਣੇ, ਇਸ ਜੁਆਕੜੀ ਦਾ ਕੀ ਕਸੂਰ




ਆ, ਮੈਂ ਵੀਰ ਤੇ ਭਾਬੀ ਨੂੰ ਬਥੇਰਾ ਕਿਹਾ ਸੀ ਬਈ ਇਹਨੂੰ ਪਿੰਡ ਵਾਲੇ ਸਕੂਲ ਰਹਿਣ ਦਿਉ, ਕੋਈ ਨੀ ਮੰਨਿਆ।" ਗਿਆਨੀ ਕਾਬਲ ਸਿੰਘ ਦੇ ਛੋਟੇ ਮੁੰਡੇ ਹਰਨੇਕ ਨੇ ਬੜੇ ਗੁੱਸੇ ਭਰੇ ਲਹਿਜੇ 'ਚ ਕਿਹਾ, ਜੋ ਖੁਦ ਸ਼ਹਿਰ ਕਾਲਜ ਪੜ੍ਹ ਰਿਹਾ ਸੀ, ਨਾਲੇ ਵਿਦਿਆਰਥੀ ਯੂਨੀਅਨ 'ਚ ਹਿੱਸਾ ਲੈ ਉਨ੍ਹਾਂ ਦੇ ਹੱਕਾਂ ਲਈ ਵਧ-ਚੜ੍ਹ ਕੇ ਭਾਗ ਲੈਂਦਾ।

"ਲੈ! ਮਾੜੇ ਤੋਂ ਮਾੜੇ ਨੇ ਸ਼ਹਿਰ ਅੰਗਰੇਜੀ ਸਕੂਲ 'ਚ ਲਾਏ ਆ ਬੱਚੇ ਪੜ੍ਹਨ। ਪਿੰਡ ਵਾਲੇ ਸਕੂਲ ਤਾਂ ਭੱਈਆਂ ਦੇ, ਵੇਹੜੇ ਦੇ ਜਾਂ ਕੋਈ ਬਾਹਲਾ ਮਾੜਾ ਜਾਂ ਕੰਜੂਸ, ਜਿਹਨੇ ਸ਼ਹਿਰ ਨਹੀਂ ਲਾਏ।" ਨੂੰਹ ਕੁਲਵਿੰਦਰ ਨੇ ਸਫਾਈ ਦਿਤੀ, ਤੇ ਨਾਲ ਹੀ ਘਰ ਵਾਲੇ ਨੂੰ ਕੂਹਣੀ ਮਾਰੀ, "ਨਾ! ਤੁਸੀਂ ਵੀ ਬੋਲੋ ਕੁਝ, ਸਾਰੇ ਮੈਨੂੰ ਈ ਕੋਸੀ ਜਾਂਦੇ ਨੇ।"

"ਲੈ! ਮੈਂ ਕੀ ਕਹਾਂ? ਪਿੰਡ ਆਲੇ ਸਕੂਲ ਚਾਰ ਮਾਸਟਰਾਂ 'ਚੋਂ ਦੋ ਈ ਹਾਜਰ ਹੁੰਦੇ ਆ, ਜਵਾਕ ਸਾਰਾ ਦਿਨ ਇੱਲਤਾਂ ਕਰਕੇ ਘਰਾਂ ਨੂੰ ਮੁੜ ਆਉਂਦੇ ਆ, ਮਾਸਟਰ ਆਪਣੀਆਂ ਗੱਪਾਂ ਮਾਰ ਦਿਹਾੜੀ ਪਾ ਘਰੀਂ ਜਾ ਵੜਦੇ ਆ। ਨਾ ਪੜ੍ਹਾਈ, ਨਾ ਲਿਖਾਈ, ਤਾਂ ਹੀ ਤਾਂ ਸਾਰੇ ਪਿੰਡ ਵਾਲਿਆਂ ਸ਼ਹਿਰ ਲਾਏ ਨੇ।" ਕਹਿ ਭਿੰਦਰ ਰਜਾਈ 'ਚ ਮੂੰਹ ਦੇ ਪੈ ਗਿਆ।

"ਆਹੋ ਬਈ ਮੁੰਡਿਆ ਤੂੰ ਠੀਕ ਕਹਿਨਾਂ।" ਕਾਬਲ ਸਿੰਘ ਨੇ ਲੰਮਾ ਹਉਕਾ ਭਰਦਿਆਂ ਗੱਲ ਜਾਰੀ ਰੱਖੀ, "ਅਸੀਂ ਵੀ ਪਿੰਡ ਵਾਲੇ ਸਕੂਲ ਹੀ ਪੜ੍ਹੇ ਆਂ। ਸਾਡੇ ਵੇਲੇ ਮਾਸਟਰ ਕੋਈ ਵਾਧੂ ਪੈਸੇ ਨਹੀਂ ਸੀ ਲੈਂਦੇ, ਛੁੱਟੀ ਹੋਣ ਪਿਛੋਂ ਵੀ ਟਾਈਮ ਲਾ ਪੜ੍ਹਾਉਂਦੇ। ਉਨ੍ਹਾਂ ਨੂੰ ਸਕੂਲ ਦੇ ਚੰਗੇ ਨਤੀਜੇ ਦਾ ਫਿਕਰ ਹੁੰਦਾ ਸੀ, ਪੜ੍ਹਨ ਵਾਲਿਆਂ ਨੂੰ ਡਰ ਜਾਂ ਸ਼ੌਕ ਹੁੰਦਾ ਸੀ ਤੇ ਪੜ੍ਹਾਉਣ ਵਾਲੇ ਆਪਣੀ ਜ਼ਿੰਮੇਵਾਰੀ ਸਮਝਦੇ ਸੀ। ਨਾ ਮਾਸਟਰ ਉਹੋ ਜਿਹੇ ਰਹੇ, ਨਾ ਪੜ੍ਹਨ ਵਾਲੇ।"

"ਬਾਪੂ ਜੀ! ਕਸੂਰ ਕੀਹਦਾ? ਆਪਣਾ ਤੇ ਆਪਣੀ ਚੁਣੀ ਸਰਕਾਰ ਦਾ, ਜਿਨ੍ਹਾਂ ਪੁੱਛਿਆ ਨਹੀਂ।" ਹਰਨੇਕ ਨੇ ਗੱਲ ਜਾਰੀ ਰੱਖੀ, "ਸਰਕਾਰੀ ਸਕੂਲਾਂ ਦਾ ਏਨਾ ਭੈੜਾ ਹਾਲ ਹੋ ਗਿਆ, ਤੁਹਾਨੂੰ ਕਿਸੇ ਨੂੰ ਸਮਝ ਨਹੀਂ, ਮੈਂ ਅੱਜ ਤੁਹਾਨੂੰ ਸਾਰਿਆਂ ਨੂੰ ਦੱਸਦਾਂ। ਹਿੰਦੁਸਤਾਨ ਦੇ ਇਕ ਖਾਸ ਤਬਕੇ ਨੇ ਸੰਤਾਲੀ 'ਚ ਆਜਾਦ ਹੋਣ ਤੋਂ ਪਿਛੋਂ ਹੀ ਸੈਂਟਰ ਦੀ ਸਰਕਾਰ ਨਾਲ ਮਿਲ ਕੇ ਇਕ ਬੜੀ ਡੂੰਘੀ ਸਾਜਿਸ਼ ਹੇਠ ਪੰਜਾਬੀ ਬੋਲੀ ਨੂੰ ਮੁਕਾਉਣ ਦੇ ਮਨਸੂਬੇ ਬਣਾ ਲਏ ਸੀ। ਇਹ ਸਿੱਖ ਮਾਰਸ਼ਲ ਕੌਮ ਨੂੰ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਕਰ ਰਹੇ ਨੇ, ਜਵਾਨ ਸ਼ਕਲੋਂ ਬੇਸ਼ਕਲ ਹੋਈ ਜਾਂਦੇ ਨੇ। ਬੜੀ ਸਾਜਿਸ਼ ਹੇਠ ਹਿੰਦੀ ਲਾਗੂ ਕਰ ਰਹੇ ਨੇ, ਫੇਰ ਨਸ਼ੇ ਨੂੰ ਨਾ ਰੋਕ ਕੇ ਪੰਜਾਬੀਆਂ ਨੂੰ ਨਪੁੰਸਕ ਤੇ ਘਸਿਆਰੇ ਬਣਾ ਰਹੇ ਨੇ। ਮੈਨੂੰ ਦੱਸੋ ਭਾਰਤਵਾਸੀ ਕਿਥੋਂ ਭਾਲਣਗੇ ਸੂਰਮੇ? ਮੌਤ ਨੂੰ ਮਖੌਲਾਂ ਕਰਨ ਵਾਲੇ, ਦਰਿਆ ਦਿਲ, ਦੇਸ਼ ਦੀਆਂ ਸਰਹੱਦਾਂ 'ਤੇ ਲੜ ਮਰਨ ਵਾਲੇ, ਸਰਬੱਤ ਦਾ ਭਲਾ ਮੰਗਣ ਤੇ ਕਰਨ ਵਾਲੇ, ਇਹ ਜਾਣਦੇ ਹੋਏ ਵੀ ਭੁੱਲ ਗਏ ਨੇ ਕਿ ਗੋਰਿਆਂ ਤੋਂ ਆਜਾਦੀ ਲੈਣ ਲਈ ਪੰਜਾਬੀਆਂ ਨੇ ਸਾਰੀਆਂ ਕੌਮਾਂ ਤੋਂ ਵੱਧ ਕੁਰਬਾਨੀਆਂ ਦਿਤੀਆਂ। ਆਜਾਦੀ ਪਿੱਛੋਂ ਤਿੰਨ ਜੰਗਾਂ-ਇਕ ਚੀਨ, ਦੋ ਪਾਕਿਸਤਾਨ ਨਾਲ, ਪੰਜਾਬੀ ਬਹਾਦਰ ਫੌਜੀਆਂ ਨੇ ਦੁਸ਼ਮਣਾਂ ਦੇ ਛੱਕੇ ਛੁਡਾਏ। ਫਿਰ ਹਰੀ ਕ੍ਰਾਂਤੀ ਲਿਆ ਕੇ ਭਾਰਤ ਦੇ ਲੋਕਾਂ ਦਾ ਢਿੱਡ ਭਰਿਆ, ਚਿੱਟੀ ਕ੍ਰਾਂਤੀ ਨਾਲ ਦੁੱਧ ਦੀਆਂ ਨਦੀਆਂ ਵਗਾ ਦਿਤੀਆਂ। ਸਾਡੇ ਨਾਲ ਸਾਡੇ ਆਪਣੇ ਪੰਜਾਬੀਆਂ ਗੱਦਾਰੀ ਕੀਤੀ, ਜਿਨ੍ਹਾਂ ਨੇ ਪੰਜਾਬ ਦੀ ਵੰਡ ਵੇਲੇ ਆਪਣੀ ਮਾਤਭਾਸ਼ਾ ਹਿੰਦੀ ਲਿਖਵਾਈ। ਇਸ ਤੋਂ ਵੱਡਾ ਅਕ੍ਰਿਤਘਣ ਹੋਰ ਕੌਣ ਹੋ ਸਕਦਾ, ਆਪਣੀ ਮਾਂ ਨੂੰ ਛੱਡ ਮਤਰੇਈ ਦੀ ਗੋਦੀ ਜਾ ਬੈਠੇ! ਰਹਿੰਦਾ ਖੂੰਹਦਾ ਪੰਜਾਬੀ ਤੇ ਪੰਜਾਬ ਦਾ ਬੇੜਾ ਗਰਕ ਬਾਪੂ ਜੀ! ਤੁਹਾਡੇ ਅਕਾਲੀਆਂ ਨੇ ਕੀਤਾ। ਜੇ ਵਾੜ ਈ ਖੇਤ ਨੂੰ ਖਾਵੇ ਫੇਰ ਤਾਂ ਰੱਬ ਹੀ ਰਾਖਾ। ਪੰਜਾਬ ਦੇ ਦੁਸ਼ਮਣਾਂ ਤਾਂ ਕਰਨਾ ਈ ਕੀ ਸੀ, ਨਾ ਹੀ ਆਪਣੇ ਕਿਸੇ ਧਾਰਮਿਕ ਸੰਸਥਾ ਨੇ ਪੰਜਾਬੀ ਦੇ ਵਧਣ ਫੁਲਣ ਲਈ ਕੋਈ ਯਤਨ ਕੀਤਾ। ਜੇ ਅਕਾਲੀ ਸਰਕਾਰ ਸਖਤੀ ਨਾਲ ਸਰਕਾਰੀ ਸਕੂਲਾਂ 'ਚ ਸੁਧਾਰ ਕਰਦੀ, ਸਾਰੇ ਸਰਕਾਰੀ ਅਦਾਰਿਆਂ 'ਚ ਸਖਤੀ ਨਾਲ ਪੰਜਾਬੀ ਲਾਗੂ ਕਰਦੀ, ਆਹ ਕੂੜ ਦੀਆਂ ਦੁਕਾਨਾਂ ਖੋਲ੍ਹਣ ਵਾਲਿਆਂ ਲਈ ਪੰਜਾਬੀ ਜ਼ੁਬਾਨ ਦੇ ਹੱਕ 'ਚ ਸ਼ਰਤਾਂ ਰੱਖਦੀ ਤਾਂ ਪੰਜਾਬ ਦਾ

## ਦੁਖਦੀ ਰਗ

ਨਕਸ਼ਾ ਹੋਰ ਹੋਣਾ ਸੀ। ਬਣਾ ਦਿਤੀਆਂ ਯਾਦਗਾਰਾਂ ਕਰੋੜਾਂ ਰੁਪਏ ਲਾ ਕੇ! ਜੇ ਯਾਦਗਾਰਾਂ ਵੇਖਣ ਵਾਲੇ ਹੀ ਨਾ ਹੋਣਗੇ, ਫੇਰ ਕੀ ਫਾਇਦਾ ਇਨ੍ਹਾਂ ਨੂੰ ਖੜ੍ਹੀਆਂ ਕਰਨ ਦਾ? ਮੈਂ ਹੋਰ ਕਹਿਨਾਂ ਜੇ ਬਾਹਰਲੇ ਮੁਲਕਾਂ ਨੂੰ ਜਾਣ ਦੇ ਰਾਹ ਨਾ ਹੁੰਦੇ ਤਾਂ ਪੰਜਾਬੀਆਂ ਦੇ ਹਾਲਾਤ ਇਸ ਤੋਂ ਵੀ ਮਾੜੇ ਹੋਣੇ ਸੀ। ਬਾਹਰ ਵੱਸਦੇ ਪੰਜਾਬੀ ਜਿਆਦਾ ਫਿਕਰਮੰਦ ਨੇ ਪੰਜਾਬੀ ਬਾਰੇ।"

"ਚੱਲ ਜਾਣ ਦੇਹ ਕਾਕਾ ਹੁਣ ਅਕਾਲੀਆਂ ਨੂੰ, ਇਹ ਹੁਣ ਪਹਿਲਾਂ ਵਾਲੇ ਨਹੀਂ ਰਹੇ।"

"ਹਾਏ ਮੇਰੇ ਗੋਡੇ!" ਕਹਿੰਦੀ ਪਰਸਿੰਨ ਕੌਰ ਪੀੜ੍ਹੀ ਤੋਂ ਉਠ ਖੜ੍ਹੀ ਹੋਈ।

"ਬੇਬੇ ਕਾਂਗਰਸੀ ਕਿਹੜੇ ਘੱਟ ਨੇ, ਸੈਂਟਰ 'ਚ ਤਾਂ ਉਹ ਹੀ ਰਹੇ ਨੇ ਐਨਾ ਚਿਰ।" ਕਹਿ ਨੇਕ ਨੇ ਠੰਡਾ ਹੋ ਗਿਆ ਦੁੱਧ ਦਾ ਗਲਾਸ ਮੂੰਹ ਨੂੰ ਲਾ ਲਿਆ।

ਗੁਰੋ ਬੋਲੀ, "ਨੇਕ ਵੀਰੇ! ਮੈਨੂੰ ਤਾਂ ਹੈਰਾਨੀ ਹੋਈ ਸ਼ਾਮੀ ਜਿਹੜੀ ਕੁੜੀ ਆਪਣੇ ਕੰਮ ਕਰਨ ਆਈ, ਐਡੀ ਸੋਹਣੀ ਤੇ ਸਾਫ ਪੰਜਾਬੀ ਬੋਲੇ, ਮੈਂ ਸੋਚਿਆ ਆਪਣੇ ਕਿਸੇ ਪਿੰਡ ਦੇ ਘਰ 'ਚੋਂ ਹੋਣੀ। ਮੈਂ ਪੁੱਛਿਆ, ਗੁੱਡੀ ਤੇਰਾ ਨਾਂ ਕੀ ਆ? ਕਹਿੰਦੀ, ਸੁੱਖੀ। ਤੇਰੇ ਭਾਪੇ ਦਾ? ਕਹਿੰਦੀ, ਆਂਟੀ ਅਸੀਂ ਭਈਏ ਆਂ, ਮੈਂ ਤੇ ਮੇਰੇ ਭੈਣ-ਭਰਾ ਅਸੀਂ ਸਾਰੇ ਈ ਪੰਜਾਬੀ ਬੋਲਦੇ ਆਂ। ਜੇ ਭੱਈਆਂ ਦੇ ਜੁਆਕ ਪੰਜਾਬੀ ਬੋਲ ਪੜ੍ਹ ਸਕਦੇ ਨੇ ਤਾਂ ਆਪਣਿਆਂ ਨੂੰ ਕਿਉਂ ਮਾਂ ਬੋਲੀ ਦੰਦੀ ਵੱਢਦੀ ਆ।"

"ਆਹੋ ਪੁੱਤ ਗੁਰੋ, ਸ਼ਹਿਰੋਂ ਇਹਦਾ ਪਿਉ ਰਾਮ ਧਨ ਚਾਰ ਸਾਲ ਹੋ'ਗੇ ਟੱਬਰ ਸਮੇਤ ਆਪਣੇ ਪਿੰਡ ਆ ਵੱਸਿਆ। ਲੈ ਸਾਰੇ ਬੜੀ ਸੋਹਣੀ ਪੰਜਾਬੀ ਬੋਲਦੇ ਆ। ਜੁਆਕ ਸਾਰੇ ਭੱਈਆਂ ਦੇ ਪਿੰਡ ਆਲੇ ਸਰਕਾਰੀ ਸਕੂਲ ਜਾਂਦੇ ਆ।" ਕਹਿ ਪਰਸਿੰਨ ਕੌਰ ਬਿਸਤਰੇ 'ਚ ਜਾ ਬੈਠੀ।

"ਭੈਣ! ਕੀ ਪੁੱਛਦੀ ਆਂ, ਪੰਜਾਬ ਤੇ ਪੰਜਾਬੀ ਦਾ ਬੇੜਾ ਗਰਕ ਕਰ'ਤਾ। ਕੀਹਨੂੰ ਕੀਹਨੂੰ ਦੋਸ਼ ਦਈਏ, ਟੈਲੀਵਿਜ਼ਨ 'ਤੇ ਪੰਜਾਬੀ ਚੈਨਲ ਤੋਂ ਪੰਜਾਬੀ ਦੀਆਂ ਖਬਰਾਂ ਪੜ੍ਹੀਆਂ ਜਾ ਰਹੀਆਂ ਹੁੰਦੀਆਂ, ਇੰਟਰਵਿਊ ਲੈਣ ਵਾਲੇ ਤੇ ਦੇਣ ਵਾਲੇ ਪੱਗਣ ਬੰਨ ਹਿੰਦੀ 'ਚ ਗੱਲਬਾਤ ਕਰਨਗੇ, ਉਹ ਵੀ ਪੰਜਾਬ 'ਚ। ਕੋਈ ਨੈਸ਼ਨਲ ਚੈਨਲ ਹੋਵੇ ਤਾਂ ਮੰਨੀਏ। ਸਭ ਪੰਜਾਬੀ ਮਾਂ ਬੋਲੀ ਦਾ ਗਲ ਘੁੱਟ ਰਹੇ ਨੇ। ਲਿਖਣ ਤੇ ਗਾਉਣ ਵਾਲਿਆਂ ਉਂ ਪੰਜਾਬੀ ਅਲਫ ਨੰਗੀ ਕਰ ਦਿੱਤੀ ਆ।"

ਰਜਾਈ 'ਚੋਂ ਸਿਰ ਬਾਹਰ ਕੱਢ ਭਿੰਦਰ ਬੋਲਿਆ, "ਚੱਲ ਤੂੰ ਹੀ ਦੱਸ ਕੀ ਕਰੀਏ, ਨੇਕ?"

"ਵੀਰ ਮੈਂ ਇਕੱਲਾ ਕੀ ਕਰ ਸਕਦਾਂ, ਬਹੁਤ ਚਿੰਤਾ ਦਾ ਵਿਸ਼ਾ ਏ ਇਹ ਤਾਂ, ਹਰ ਪੰਜਾਬ 'ਚ ਜੰਮੇ ਪੰਜਾਬੀ ਦੀ ਮਾਂ ਬੋਲੀ ਦੁਨੀਆਂ 'ਚ ਜਿੱਥੇ ਵੀ ਪੰਜਾਬੀ ਵੱਸਦਾ ਏ ਉਹਦੀ ਮਾਂ ਬੋਲੀ। ਪੰਜਾਬੀ ਕਿਹੜੀ ਇਕੱਲੇ ਸਿੱਖਾਂ ਦੀ ਬੋਲੀ ਏ, ਇਹ ਤਾਂ ਹਰ ਪੰਜਾਬੀ ਦੀ ਆਪਣੀ ਮਾਂ ਬੋਲੀ ਏ। ਨਹੀਂ ਇਹ ਸੱਚ ਹੋ ਜਾਣਾ, ਸਿੱਖਾਂ ਦੇ ਨਾਲ ਮਾਂ ਬੋਲੀ ਪੰਜਾਬੀ ਵੀ ਨਿਗਲੀ ਗਈ।"

# ਬੱਬਰ ਸੰਤ ਫਕੀਰ ਸਿੰਘ ਜੱਸੋਵਾਲ

ਪਿੰਡ ਜੱਸੋਵਾਲ ਹੁਸ਼ਿਆਰਪੁਰ ਜ਼ਿਲ੍ਹੇ ਦੀ ਹਦਬਸਤ ਨੰਬਰ 284 ਅਤੇ ਰਕਬਾ ਜ਼ਮੀਨ 138 ਹੈਕਟੇਅਰ ਹੈ। ਇਹ ਸੈਲਾ ਖੁਰਦ ਰੇਲਵੇ ਸਟੇਸ਼ਨ ਤੋਂ ਇਕ ਮੀਲ ਚੜ੍ਹਦੇ ਪਾਸੇ ਸਥਿਤ ਹੈ। ਇਸ ਪਿੰਡ ਦੇ ਵਸਣ ਬਾਰੇ ਬੱਬਰ ਹਰਦਿੱਤ ਸਿੰਘ ਪੁੱਤਰ ਮੁਣਸ਼ਾ ਸਿੰਘ ਨੇ ਡਾ. ਬਖਸ਼ੀਸ਼ ਸਿੰਘ ਨਿੱਜਰ ਨੂੰ ਸੰਨ 1986 ਵਿਚ, ਜਦੋਂ ਉਹ ਬੱਬਰ ਅਕਾਲੀਆਂ ਦਾ ਇਤਿਹਾਸ ਲਿਖ ਰਹੇ ਸਨ, ਦੱਸਿਆ ਕਿ ਪਿੰਡ ਦਦਿਆਲ ਦੀ ਜੱਸੋ ਨਾਂ ਦੀ ਲੜਕੀ, ਪਿੰਡ ਸ਼ੰਕਰ ਜ਼ਿਲ੍ਹਾ ਜਲੰਧਰ ਵਿਖੇ ਵਿਆਹੀ ਹੋਈ ਸੀ। ਉਹਦੇ

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਪਿਤਾ ਦਾ ਜੀਅ ਆਪਣੀ ਲੜਕੀ ਨੂੰ ਮਿਲਣ ਨੂੰ ਕੀਤਾ ਤਾਂ ਉਸ ਨੇ ਆਪਣੇ ਪਿੰਡ ਦੇ ਮਰਾਸੀ ਨੂੰ ਘੋੜੀ ਦੇ ਕੇ ਭੇਜਿਆ ਕਿ ਜੱਸੋ ਨੂੰ ਉਸ ਦੇ ਸਹੁਰੇ ਪਿੰਡ ਸ਼ੰਕਰ ਤੋਂ ਲੈ ਆਵੇ। ਮਰਾਸੀ ਸ਼ਾਮ ਵੇਲੇ ਸ਼ੰਕਰ ਪਹੁੰਚਿਆ ਤਾਂ ਸਹੁਰੇ ਘਰ ਵਾਲਿਆਂ ਉਸ ਦੀ ਕੋਈ ਪਰਵਾਹ ਨਾ ਕੀਤੀ ਅਤੇ ਨਾ ਹੀ ਘੋੜੀ ਨੂੰ ਕੋਈ ਦਾਣਾ-ਪੱਠਾ ਹੀ ਦਿੱਤਾ। ਸਵੇਰੇ ਉਸ ਨੇ ਜੱਸੋ ਦੀ ਸੱਸ ਨੂੰ ਕਿਹਾ, "ਬੀਬੀ, ਜੱਸੋ ਦੇ ਪਿਤਾ ਨੇ ਜੱਸੋ ਨੂੰ ਲੈਣ ਲਈ ਮੈਨੂੰ ਭੇਜਿਆ ਹੈ।"

ਉਹ ਅੱਗਿਉਂ ਟੁੱਟ ਕੇ ਪਈ, "ਕੀ ਜੱਸੋ ਦੇ ਬਾਪ ਨੇ ਆਪਣੀ ਲੜਕੀ ਦੇ ਨਾਂ ਕੋਈ ਇਲਾਕਾ ਲੁਆਉਣਾ ਏ?"

ਜੱਸੋ ਨੂੰ ਲਾਗੀ ਨਾਲ ਅਜਿਹੀ ਬਦਸਲੂਕੀ ਚੰਗੀ ਨਾ ਲੱਗੀ। ਸੱਸ ਨੇ ਸੜੀ-ਭੁੱਜੀ ਨੇ ਜੱਸੋ ਨੂੰ ਤਾਂ ਤੋਰ ਦਿੱਤਾ, ਪਰ ਮਰਾਸੀ ਨੂੰ ਜਾਣ ਲੱਗੇ ਨੂੰ ਰਾਤ ਦੀਆਂ ਤਿੰਨ ਰੋਟੀਆਂ, ਇਕ ਪੇਸੀ ਗੁੜ ਅਤੇ ਇਕ ਗੰਢਾ ਰੱਖ ਕੇ ਖਾਣ ਨੂੰ ਦਿੱਤਾ। ਮਰਾਸੀ ਜਾਤ ਕਿਸੇ ਦਾ ਉਧਾਰ ਸਿਰ ਨਹੀਂ ਰੱਖਦੀ, ਉਹ ਬੋਲਿਆ,

ਘਰ ਮੱਝਾਂ ਘਰ ਘੋੜੀਆਂ
ਤੇ ਹੋਰ ਇਤ-ਪਲਿਤ
ਪਰ, ਸ਼ੰਕਰ ਪਿੰਡ ਦੀਏ ਚੌਧਰਾਣੀਏ
ਤੇਰਾ ਗਰੂੜੀਆਂ ਵਿਚ ਚਿੱਤ।

ਮਰਾਸੀ ਦੀ ਆਖੀ ਇਹ ਗੱਲ ਅੱਜ ਤੱਕ ਪੰਜਾਬ ਵਿਚ ਪ੍ਰਸਿਧ ਹੈ।

ਮਰਾਸੀ ਨੇ ਆ ਕੇ ਸਾਰੀ ਗੱਲ ਜੱਸੋ ਦੇ ਬਾਪ ਨੂੰ ਦੱਸੀ। ਉਸ ਨੇ ਆਪਣੀ ਲੜਕੀ ਨੂੰ ਘੋੜੀ 'ਤੇ ਚੜ੍ਹਾ ਕੇ ਕਿਹਾ ਕਿ ਜਿਥੋਂ ਤਕ ਤੇਰੀ ਘੋੜੀ ਫਿਰ ਨਿਕਲੇ, ਉਹ ਜ਼ਮੀਨ ਤੇਰੀ ਹੈ। ਸੋ, ਪਿੰਡ ਦਦਿਆਲ ਦੀ ਜ਼ਮੀਨ ਵਿਚੋਂ ਪਿੰਡ ਜੱਸੋਵਾਲ ਜੱਸੋ ਦੇ ਨਾਂ 'ਤੇ ਵਸਿਆ। ਸ਼ੰਕਰ ਪਿੰਡ ਦੇ ਜੱਟਾਂ ਦਾ ਗੋਤ ਪੁਰੇਵਾਲ ਹੈ ਤੇ ਜੱਸੋ ਦੀ ਔਲਾਦ ਦੇ ਪੁਰੇਵਾਲ ਜੱਟ ਅੱਜ ਤੱਕ ਇਸ ਪਿੰਡ ਦੇ ਮਾਲਕ ਹਨ।

ਇਹ ਪਿੰਡ ਬੱਬਰਾਂ ਦੀ ਹਾਈ ਕੋਰਟ ਕਰ ਕੇ ਜਾਣਿਆ ਜਾਂਦਾ ਹੈ, ਕਿਉਂਕਿ ਇਥੇ ਬਹਿ ਕੇ ਹੀ ਚੋਟੀ ਦੇ ਬੱਬਰ ਕਰਮ ਸਿੰਘ ਦੌਲਤਪੁਰ, ਬੱਬਰ ਕ੍ਰਿਸ਼ਨ ਸਿੰਘ ਗੜਗਜ, ਬੱਬਰ ਦਲੀਪ ਸਿੰਘ ਗੋਸਲ, ਬੱਬਰ ਕਰਮ ਸਿੰਘ ਝਿੰਗੜ, ਬੱਬਰ ਲਾਭ ਸਿੰਘ ਜੱਸੋਵਾਲ, ਬਾਬੂ ਸੰਤਾ ਸਿੰਘ ਛੋਟੀ ਹਰੀਉਂ, ਬੱਬਰ ਧੰਨਾ ਸਿੰਘ ਬਹਿਬਲਪੁਰ ਵਗੈਰਾ ਮੀਟਿੰਗਾਂ ਕਰ ਕੇ ਝੋਲੀ-ਚੁੱਕਾਂ ਨੂੰ ਸਜ਼ਾਵਾਂ ਦੇਣ ਦੇ ਫੈਸਲੇ ਕਰਦੇ ਸਨ। ਜਿਨ੍ਹਾਂ ਨੂੰ ਮੌਤ ਦੀ ਸਜ਼ਾ ਦੇਣੀ ਹੁੰਦੀ, ਉਸ ਦਾ ਫੈਸਲਾ ਵੀ ਇਸੇ ਹਾਈ ਕੋਰਟ ਵਿਚ ਹੁੰਦਾ ਸੀ। ਹਾਈ ਕੋਰਟ ਦੀ ਬਿਲਡਿੰਗ ਢਿੰਗਰਾਂ ਦੀ ਵਾੜ ਵਾਲਾ ਵੱਡਾ ਸਾਰਾ ਵਾਗਲਾ ਜਿਸ ਵਿਚ ਵੱਡੇ ਵੱਡੇ ਕੋਠੇ ਸਨ।

ਸੰਤ ਫਕੀਰ ਸਿੰਘ ਨੇ ਪਿੰਡੋਂ ਬਾਹਰ ਆਪਣੀ ਕੁਟੀਆ ਬਣਾਈ ਹੋਈ ਸੀ। ਚੱਕਰਵਰਤੀ ਬੱਬਰ ਉਸ ਦੀ ਕੁਟੀਆ ਆਉਂਦੇ ਰਹੇ ਅਤੇ ਬੱਬਰ ਅਕਾਲੀ ਅਖਬਾਰ ਵੀ ਉਸ ਦੀ ਕੁਟੀਆ ਵਿਚ ਕੁਝ ਸਮਾਂ ਛਪਦਾ ਰਿਹਾ। ਸਾਧੂ ਰਾਮ ਰਾਜਪੂਤ ਸੁਲਤਾਨੀ ਗਵਾਹ ਜੋ ਪੁਲਿਸ ਦਾ ਤਨਖਾਹਦਾਰ ਟਾਊਟ ਸੀ, ਉਹ ਬੱਬਰਾਂ ਬਾਰੇ ਹਰ ਨਿੱਕੀ ਨਿੱਕੀ ਰਿਪੋਰਟ ਪੁਲਿਸ ਨੂੰ ਦਿੰਦਾ ਸੀ। ਉਸ ਨੇ ਸੰਤ ਫਕੀਰ ਸਿੰਘ ਨੂੰ ਕਿਹਾ ਕਿ ਉਹ ਉਸ ਨੂੰ ਬੱਬਰਾਂ ਨਾਲ ਮਿਲਾ ਦੇਵੇ। ਸੰਤ ਨੂੰ ਉਸ ਦੇ ਦਿਲ ਦੀ ਗੱਲ ਦਾ ਪਤਾ ਨਹੀਂ ਸੀ। ਇਕ ਦਿਨ ਜਦੋਂ ਚੋਟੀ ਦੇ ਬੱਬਰ ਕੁਟੀਆ ਵਿਚ ਮੌਜੂਦ ਸਨ ਤਾਂ ਉਸ ਨੇ ਸਾਧੂ ਰਾਮ ਨੂੰ ਸੁਨੇਹਾ ਭੇਜ ਕੇ ਬੁਲਾ ਲਿਆ। ਬੱਬਰ ਕਿਸ਼ਨ ਸਿੰਘ ਗੜਗੱਜ ਨੇ ਸਾਧੂ ਰਾਮ ਨੂੰ ਦੱਸਿਆ ਕਿ ਬੱਬਰ ਅਕਾਲੀ ਅਖਬਾਰ ਦਾ ਮਨੋਰਥ ਪ੍ਰਚਾਰ ਰਾਹੀਂ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰ ਕੇ ਅੰਗਰੇਜ਼ ਸਰਕਾਰ ਨੂੰ ਭਾਰਤ ਛੱਡਣ ਲਈ ਮਜਬੂਰ ਕਰਨਾ ਹੈ।

ਐਡੀਸ਼ਨਲ ਸੈਸ਼ਨ ਜੱਜ ਮਿਸਟਰ ਜੇ.ਕੇ. ਟੱਪ ਨੇ ਬੱਬਰ ਸੰਤ ਫਕੀਰ ਸਿੰਘ ਨੂੰ ਦੋਸ਼ੀ ਮੰਨਣ ਵੇਲੇ ਲਿਖਿਆ ਕਿ ਇਹ ਗੱਲ ਸਾਫ ਹੈ ਕਿ ਸੰਤ ਕੀ ਕੁਟੀਆ ਵਿਚ ਬੱਬਰਾਂ ਦੀਆਂ ਮੀਟਿੰਗਾਂ ਹੁੰਦੀਆਂ ਸਨ, ਬੱਬਰ ਅਕਾਲੀ ਅਖਬਾਰ ਵੀ ਉਸ ਦੀ ਕੁਟੀਆ ਵਿਚ ਛਪਦਾ ਰਿਹਾ ਅਤੇ ਬੱਬਰਾਂ ਦੀਆਂ ਸਭ ਸਕੀਮਾਂ ਦਾ ਉਸ ਨੂੰ ਪਤਾ ਹੁੰਦਾ ਸੀ। ਇਹ ਸੰਤ ਠਾਕਰ ਸਿੰਘ ਅਤੇ ਵਾਅਦਾ ਮੁਆਫ ਮਹੰਤ ਮਿੱਤ ਸਿੰਘ ਗੁਰਦੁਆਰਾ ਕਿਸ਼ਨਪੁਰਾ ਵਾਂਗ ਭਾਵੇਂ ਕਿਸੇ ਵਾਰਦਾਤ ਦਾ ਭਾਗੀ ਨਹੀਂ, ਪਰ ਇਹ ਬੱਬਰ ਜਥੇ ਨਾਲ ਹਮਦਰਦੀ, ਸਲਾਹ-ਮਸ਼ਵਰਾ, ਮੁਲਜ਼ਮਾਂ ਨੂੰ ਸ਼ਰਨ ਦੇਣ, ਖਾਣਾ-ਪੀਣ ਦੇਣ ਦਾ ਗੁਨਾਹਗਾਰ ਹੈ। ਇਸ ਲਈ ਉਸ ਨੂੰ ਚਾਰ ਸਾਲ ਸਖਤ ਕੈਦ ਦੀ ਸਜ਼ਾ, ਪਹਿਲੇ ਤਿੰਨ ਮਹੀਨੇ ਕੋਠੜੀ ਵਿਚ ਇਕੱਲਾ ਰਹੇਗਾ। ਪੰਜਾਹ ਰੁਪਏ ਜੁਰਮਾਨਾ ਅਤੇ ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਛੇ ਮਹੀਨੇ ਹੋਰ ਕੈਦ ਰਹੇਗਾ।

ਇਸ ਪਿੰਡ ਦਾ ਆਪਸੀ ਏਕਾ ਮਿਸਾਲੀ ਸੀ। ਕੋਈ ਵੀ ਸੁਲਤਾਨੀ ਗਵਾਹ ਅਤੇ ਬੱਬਰਾਂ 'ਚੋਂ ਕੋਈ ਵੀ ਵਾਅਦਾ ਮੁਆਫ ਨਹੀਂ ਬਣਿਆ। ਬੱਬਰ ਲਾਭ ਸਿੰਘ ਪੁੱਤਰ ਸੂਬਾ ਸਿੰਘ, ਬੱਬਰ ਕਰਮ ਸਿੰਘ ਪੁੱਤਰ ਭੋਲਾ ਸਿੰਘ, ਬੱਬਰ ਹਰੀ ਸਿੰਘ ਪੁੱਤਰ ਸੁਰਜਣ ਸਿੰਘ, ਬੱਬਰ ਹਰਬਖਸ਼ ਸਿੰਘ ਪੁੱਤਰ ਅਰਜਣ ਸਿੰਘ, ਬੱਬਰ ਹਰਦਿੱਤ ਸਿੰਘ ਪੁੱਤਰ ਮੁਣਸ਼ਾ ਸਿੰਘ ਅਤੇ ਬੱਬਰ ਫਕੀਰ ਸਿੰਘ ਪੁੱਤਰ ਖੁਸ਼ਹਾਲ ਸਿੰਘ ਪਿੰਡ ਜੱਸੋਵਾਲ ਦੇ ਮਹਾਨ ਸੂਰਬੀਰ ਬੱਬਰ ਅਕਾਲੀ ਸਨ।

# ਨਿੱਕੀ-ਨਿੱਕੀ ਪੈੜ ਸੰਦਲੀ

## ਜ਼ਿੰਦਗੀ ਦਾ ਨਾਦ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਦੇ ਸ਼ੁਦਾਈ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ, ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਡਾ. ਭੰਡਾਲ ਨੇ ਸਵਾਲ ਕੀਤਾ ਸੀ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਡਾ. ਭੰਡਾਲ ਨੇ ਦੱਸਿਆ ਸੀ ਕਿ ਆਸ ਵਿਹੂਣੇ ਮਨੁੱਖ, ਤਿੜਕੀ ਜ਼ਿੰਦਗੀ ਦੇ ਮਨਹੂਸ ਖੰਡਰਾਤ ਹੁੰਦੇ ਨੇ, ਜਿਨ੍ਹਾਂ ਲਈ ਜੀਵਨ, ਸੁੱਕਣੇ ਪਏ ਸਾਹਾਂ ਦੀ ਹਟਕੋਰੇ ਭਰਦੀ ਲੋਅ ਹੁੰਦਾ ਏ। ਪਿਛਲੇ ਲੇਖ ਵਿਚ ਮਿੱਤਰਤਾ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਸੀ ਕਿ ਮਿੱਤਰਤਾ 'ਚ ਮੋੜ-ਮੁੜਾਈ ਨਹੀਂ ਹੁੰਦੀ ਅਤੇ ਨਾ ਹੀ ਬਾਣੀਏ ਦੇ ਵਹੀ-ਖਾਤੇ ਵਾਂਗੂੰ ਜੋੜ-ਘਟਾਉ ਵਰਗੀਆਂ ਮਾਨਸਿਕ ਗੁੰਝਲਾਂ 'ਚੋਂ ਗੁਜਰਨ ਦੀ ਲੋੜ ਹੁੰਦੀ ਏ। ਹਥਲੇ ਲੇਖ ਵਿਚ ਉਨ੍ਹਾਂ ਮੋਹ-ਪਿਆਰ ਦੀ ਗੱਲ ਕਰਦਿਆਂ ਕਿਹਾ ਹੈ ਕਿ ਮੁਹੱਬਤ ਅਮੁੱਲ ਏ, ਇਹ ਤਾਂ ਦਿਲਾਂ ਦਾ ਸੌਦਾ ਏ, ਜੋ ਨਫੇ/ਨੁਕਸਾਨ ਦੀ ਤੱਕੜੀ 'ਚ ਨਹੀਂ ਤੁੱਲਦਾ। -ਸੰਪਾਦਕ*

ਵਿਆਹ 'ਚ ਵਿਆਹ ਬਣਿਆ ਵਿਹੜਾ। ਹਰ ਕੋਈ ਚਾਅ 'ਚ ਫੁੱਲਿਆ ਨਾ ਸਮਾਉਂਦਾ। ਰੌਣਕਾਂ ਤੇ ਖੁਸ਼ੀਆਂ ਦਾ ਪਾਸਾਰਾ। ਸੰਧੂਰੀ ਰੰਗ 'ਚ ਰੰਗੀ ਹਰ ਸੋਚ ਤੇ ਕਦਮ। ਸ਼ਗਨਾਂ ਨਾਲ ਬਰਾਤ ਤੋਰਨ ਦੀ ਤਿਆਰੀ 'ਚ ਰੁਝਿਆ ਹਰ ਮੇਲੀ। ਵਿਆਹ 'ਚ ਮੌਲ ਰਹੇ ਸ਼ਗਨਾਂ ਦੇ ਗੀਤ ਅਤੇ ਵਾਗ ਫੜਨ ਲਈ ਤਿਆਰ ਮੂੰਹ-ਬੋਲੀਆਂ ਭੈਣਾਂ। ਸੁਰਮਾ ਪਾਉਣ ਵਾਲੀਆਂ ਗਵਾਂਢਣ ਭਰਜਾਈਆਂ ਦਾ ਮੋਹ ਠਾਠਾਂ ਮਾਰਦਾ। ਮਾਂ, ਬਾਪ, ਭੈਣ, ਭਰਾ ਵਿਹੂਣੇ ਵਿਆਹੁੰਦੜ ਦਾ ਹਰ ਕੋਈ ਆਪਣਾ ਬਣ, ਉਸ ਦੀਆਂ ਖੁਸ਼ੀਆਂ ਨੂੰ ਦੂਣ-ਸਵਾਈਆਂ ਕਰਨ ਲਈ ਯਤਨਸ਼ੀਲ। ਪਰ ਇਸ ਖੁਸ਼ੀ ਦੇ ਮੌਕੇ, ਉਸ ਦੇ ਮਨ ਦੀ ਨੁੱਕਰੇ, ਇਕ ਚੀਸ, ਇਕ ਖਲਾਅ ਤੇ ਅਪੂਰਨਤਾ ਦਾ ਅਹਿਸਾਸ ਹਾਵੀ। ਬਰਾਤ ਤੁਰਨ ਤੋਂ ਪਹਿਲਾਂ, ਆਪਣੇ ਸਾਹਾਂ ਵਰਗੇ ਮਿੱਤਰ ਨੂੰ ਗਹਿਣਿਆਂ ਤੇ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 216-556-2080**

ਪੈਸਿਆਂ ਦੀ ਪੋਟਲੀ ਫੜਾਉਂਦਾ ਫਿਸ ਹੀ ਪਿਆ, "ਲੈ ਸਾਂਭ ਸਭ ਕੁਝ ਤੇ ਨਿਭਾ ਮੇਰੇ ਮਾਂ, ਪਿਉ, ਭੈਣ ਤੇ ਭਰਾ ਦੇ ਫਰਜ਼ ਤੇ ਜ਼ਿੰਮੇਵਾਰੀਆਂ।" ਮੁਹੱਬਤ ਦਾ ਸੂਰਜੀ ਸਿਖਰ। ਅਪਣੱਤ ਦੇ ਮੁਖੜੇ ਨੂੰ ਨਵੇਂ ਨਿਖਾਰ ਦਾ ਮਾਣ। ਮੋਹ ਦੇ ਦਰਿਆ ਦੀ ਕੰਢਿਆਂ ਨੂੰ ਤੋੜਨ ਤੀਕ ਦੀ ਨੌਬਤ। ਨਿਰਛੱਲ ਮੁਹੱਬਤ ਦੇ ਨਾਵੇਂ, ਆਖਰੀ ਸਾਹ ਤੀਕ ਤੋੜ ਨਿਭਾਉਣ ਦਾ ਪੈਗਾਮ। ਉਮਰੋਂ ਵਡੇਰੀਆਂ ਸਾਂਝਾਂ ਦਾ ਸ਼ੁਭ-ਸ਼ਗਨ।

ਪਿਆਰ, ਬਹੁ-ਰੰਗੀ ਜਲੌਅ। ਸਰਬ ਵਿਆਪਕ ਵਰਤਾਰਾ। ਅਸੀਮ ਪਾਸਾਰਾ ਅਤੇ ਇਸ ਪਾਸਾਰੇ ਦੇ ਨਾਵੇਂ ਜਿਊਂਦੇ ਜਾਗਦੇ ਅਹਿਸਾਸਾਂ ਦਾ ਚੌਤਰਫੀ ਖਿਲਾਰਾ।

ਮੁਹੱਬਤ ਪ੍ਰਾਪਤੀ ਹੈ ਤੁਹਾਡੀ ਸੰਵੇਦਨਾ ਦੀ, ਤੁਹਾਡੀ ਸੋਚ ਦੀ ਅਤੇ ਤੁਹਾਡੇ ਸੁਪਨਿਆਂ ਦੇ ਸੁਪਨੇ ਵਿਚਲੀ ਸੰਪੂਰਨਤਾ ਦੀ। ਮੁਹੱਬਤ ਦੇ ਕਈ ਰੰਗ। ਹਰ ਰੰਗ ਦੀ ਆਪਣੀ ਅੱਡਰੀ ਪਰਿਭਾਸ਼ਾ, ਆਪਣੀ ਪਛਾਣ ਅਤੇ ਇਸ ਪਛਾਣ 'ਚੋਂ ਹੀ ਸਿਰਜ ਹੁੰਦਾ, ਨਿਵੇਕਲੇ ਅਰਥਾਂ ਨਾਲ ਭਰਪੂਰ ਜਹਾਨ।

ਬਹੁਰੂਪਾਂ 'ਚ ਪਿਆਰ, ਸਾਡੇ ਸਮਾਜ ਦਾ ਅਨਿੱਖੜਵਾਂ ਅੰਗ ਏ। ਮੀਆਂ-ਬੀਵੀ, ਭੈਣ-ਭਰਾ, ਪਿਉ-ਪੁੱਤਰ, ਮਾਂ-ਧੀ, ਗੁਰੂ-ਸ਼ਾਗਿਰਦ ਆਦਿ ਰੂਪਾਂ 'ਚ ਪਿਆਰ ਦੀ ਆਪਣੀ ਧਰਾਤਲ। ਆਪਣੀ ਤਾਸੀਰ ਅਤੇ ਇਸ ਤਾਸੀਰ 'ਚੋਂ ਉਘੜਦੀ ਏ ਆਪਣੇ-ਆਪਣੇ ਰੰਗਾਂ ਵਾਲੀ ਤਸਵੀਰ। ਇਕ ਪਿਆਰ ਦੂਸਰੇ ਦੀ ਥਾਂ ਨਹੀਂ ਲੈ ਸਕਦਾ। ਹਰ ਪਿਆਰ ਦਾ ਆਪੋ-ਆਪਣਾ ਨਿਵੇਕਲਾ ਮਾਪ-ਦੰਡ।

ਪਿਆਰ, ਜੀਵਨ ਦੇ ਅਰੰਭ ਤੋਂ ਅੰਤ ਤੀਕ ਫੈਲਿਆ ਕੋਮਲ ਅਹਿਸਾਸ। ਭਾਵਨਾਵਾਂ ਦੇ ਸਾਗਰ 'ਚ ਉਠਦੀਆਂ ਲਹਿਰਾਂ। ਸੂਖਮ ਸੋਚ ਦੀਆਂ ਤੰਦਾਂ ਦਾ ਮੋਹ-ਜਾਲ। ਜਿਉਣ-ਜਾਚ ਦਾ ਸੁਰਮਈ ਖਿਆਲ।

ਮੁਹੱਬਤ ਜਦ ਵਣਜ ਬਣ ਜਾਵੇ ਤਾਂ ਰਿਸ਼ਤਾ ਨਫਾ-ਨੁਕਸਾਨ ਬਣ ਜਾਂਦਾ ਏ। ਸਕੂਨ ਸਜ਼ਾ ਬਣ ਜਾਂਦਾ ਏ। ਅੰਤਰੀਵੀ ਪਲਾਂ ਦੀ ਸਾਂਝ ਦਮ ਤੋੜ ਦਿੰਦੀ ਏ। ਸਾਹ, ਸੰਤਾਪੇ ਜਾਂਦੇ ਨੇ।

ਪਿਆਰ, ਪਾਕੀਜ਼ਗੀ ਅਤੇ ਕਾਮਿਲ ਹੈ। ਅਗਰਬੱਤੀ ਦੇ ਧੂੰਏਂ 'ਚ ਇਸ ਦਾ ਸਾਹ ਘੁੱਟਦਾ ਏ। ਰਸਮਾਂ ਤੇ ਕਰਮ-ਕਾਂਡ ਨਾਲ ਇਸ ਦੀ ਰੂਹ 'ਚ ਪਿਲੱਤਣ ਛਾ ਜਾਂਦੀ ਹੈ। ਪਿਆਰ ਤਾਂ ਮਨ 'ਚ ਪਾਲਿਆ ਅਹਿਸਾਸ ਹੈ। ਮਾਨਸਿਕ ਤਰੰਗਾਂ ਦਾ ਆਪਸ ਵਿਚ ਸਮਾ ਜਾਣਾ ਅਤੇ ਆਪਸੀ ਪਛਾਣ ਨੂੰ ਇਕ ਦੂਜੇ ਦੇ ਨਾਮ ਲਾਉਣਾ। ਪਿਆਰ, ਤੁਹਾਡੀ ਜੀਵਨ-ਸ਼ੈਲੀ ਦਾ ਅੰਦਰਲਾ ਸਰੂਪ ਸਿਰਜਦਾ ਹੈ।

ਮੁਹੱਬਤ 'ਚ ਪੈਦਾ ਹੋਈਆਂ ਗਲਤਫਹਿਮੀਆਂ, ਗਲਤ ਧਾਰਨਾਵਾਂ ਪੈਦਾ ਕਰਦੀਆਂ ਨੇ। ਨਵੀਆਂ ਪੇਚੀਦਗੀਆਂ, ਰਾਹਾਂ ਨੂੰ ਕੰਡਿਆਲੇ ਪੰਧ ਦਾ ਸਰਾਪ ਦਿੰਦੀਆਂ ਨੇ। ਮਨ ਦੇ ਧੁੰਧਲਕੇ ਤੋਂ ਬਚਣ ਵਾਲੇ, ਸ਼ਫਾਫ ਸੋਚ ਦੇ ਨਾਵੇਂ ਸਾਫਗੋਈ ਕਰਦੇ ਨੇ। ਅਣਜਾਣੇ 'ਚ ਮਨ 'ਤੇ ਲੱਗਾ ਦਾਗ, ਉਮਰਾਂ ਦਾ ਦਾਗ ਬਣ ਜਾਂਦਾ ਏ।

ਮੁਹੱਬਤ ਅਮੁੱਲ ਏ। ਇਹ ਤਾਂ ਦਿਲਾਂ ਦਾ ਸੌਦਾ ਏ। ਜਿਹੜਾ ਨਫੇ/ਨੁਕਸਾਨ ਦੀ ਤੱਕੜੀ 'ਚ ਨਹੀਂ ਤੁੱਲਦਾ।

ਮੋਹ ਜੇ ਮਰਨ ਮਿੱਟੀ ਢੋਣ ਲੱਗੇ ਪਵੇ ਤਾਂ ਧਰਤ ਦਾ ਹਰ ਕੋਨਾ ਹੀ ਮਰਸੀਏ ਦੀ ਜੂਨ ਹੰਢਾਉਣ ਲਈ ਮਜਬੂਰ ਹੋ ਜਾਂਦਾ ਏ। ਅਜੋਕੇ ਸਮਿਆਂ 'ਚ ਹਰ ਸ਼ਖਸ, ਆਪਣੇ-ਆਪਣੇ ਹਿੱਸੇ ਦੀ ਅਜਿਹੀ ਜੂਨ ਹੀ ਤਾਂ ਭੋਗ ਰਿਹਾ ਹੈ।

ਬਹਾਰ ਦਾ ਮੌਸਮ, ਚਮਨ ਦੇ ਵਿਹੜੇ ਵਿਚ ਭਰੀ ਭਰਪੂਰਤਾ, ਹਰ ਸ਼ਾਖ ਹਰੀਆਂ ਕਚੂਰ ਤੇ

*ਪਿਆਰ, ਪਾਕੀਜ਼ਗੀ ਅਤੇ ਕਾਮਿਲ ਹੈ। ਅਗਰਬੱਤੀ ਦੇ ਧੂੰਏਂ 'ਚ ਇਸ ਦਾ ਸਾਹ ਘੁੱਟਦਾ ਏ। ਰਸਮਾਂ ਤੇ ਕਰਮ-ਕਾਂਡ ਨਾਲ ਇਸ ਦੀ ਰੂਹ 'ਚ ਪਿਲੱਤਣ ਛਾ ਜਾਂਦੀ ਹੈ। ਪਿਆਰ ਤਾਂ ਮਨ 'ਚ ਪਾਲਿਆ ਅਹਿਸਾਸ ਹੈ। ਮਾਨਸਿਕ ਤਰੰਗਾਂ ਦਾ ਆਪਸ ਵਿਚ ਸਮਾ ਜਾਣਾ ਅਤੇ ਆਪਸੀ ਪਛਾਣ ਨੂੰ ਇਕ ਦੂਜੇ ਦੇ ਨਾਮ ਲਾਉਣਾ। ਪਿਆਰ, ਤੁਹਾਡੀ ਜੀਵਨ-ਸ਼ੈਲੀ ਦਾ ਅੰਦਰਲਾ ਸਰੂਪ ਸਿਰਜਦਾ ਹੈ।*

ਮਲੂਕ ਪੱਤੀਆਂ ਨਾਲ ਸ਼ਿੰਗਾਰੀ, ਫੁੱਲਾਂ ਦੀ ਮਾਲਣ ਬਣੀ ਹੋਈ। ਇਕ ਟਾਹਣੀ 'ਤੇ ਦੋ ਪਰਿੰਦੇ ਆਪਸ 'ਚ ਜੁੜ ਕੇ ਬੈਠੇ, ਦਿਲਲਗੀ 'ਚ ਮਸਤ। ਉਚੇਰੀ ਪਰਵਾਜ਼ ਦਾ ਸਿਰਨਾਵਾਂ। ਕਾਦਰ ਦੇ ਵਿਹੜੇ 'ਚ ਚਾਰੇ ਪਾਸੇ ਪਸਰਿਆ ਪਿਆਰ ਹੀ ਪਿਆਰ ਅਤੇ ਉਸ ਪਿਆਰ ਦੀ ਮਸਤੀ 'ਚ ਝੂਮਦੀ ਬਹਾਰ।

ਮੁਹੱਬਤ, ਵਕਤ ਦੇ ਖੰਭ, ਸਮੇਂ ਦੀਆਂ ਸਦਾ



ਸੁਹਾਗਣ ਸਰਦਲਾਂ। ਹਵਾਵਾਂ 'ਚ ਤਰਦੀ ਮਹਿਕ ਦਾ ਸੂਖਮ ਅਹਿਸਾਸ। ਵਗਦੇ ਦਰਿਆ ਦੀ ਸਾਦਗੀ ਤੇ ਸੁਹਜ।

ਮੋਹ, ਇਕ ਸੱਚੀ-ਸੁੱਚੀ ਸੰਵੇਦਨਾ। ਇਕ ਜਿਊਂਦੀ ਜਾਗਦੀ ਭਾਵਨਾ ਜਿਸ 'ਚੋਂ ਉਪਜਦੀ ਏ ਰੂਹਾਂ ਦੀ ਸਰਸ਼ਾਰਤਾ ਅਤੇ ਭਰਪੂਰਤਾ। ਪਿਆਰ ਭਕੁੰਨਾ ਵਿਅਕਤੀਤਵ ਹੀ ਸਿਰਜਦਾ ਏ, ਧਰਤੀ ਦੇ ਵਿਹੜੇ ਦਾ ਸਵਰਗ।

ਮੁਹੱਬਤ ਸਦਾ ਨਵੀਂ-ਨਰੋਈ ਰਹਿੰਦੀ ਏ। ਸਦਾ ਨਿਵੇਕਲੀ ਤੇ ਨੂਰੋ-ਨੂਰ। ਇਸ ਉਪਰ ਸਮੇਂ ਦੀ ਧੂੜ ਨਹੀਂ ਪੈਂਦੀ ਕਿਉਂਕਿ ਅਹਿਸਾਸ ਕਦੇ ਮਰਿਆ ਨਹੀਂ ਕਰਦੇ ਅਤੇ ਨਾ ਹੀ ਸਮੇਂ ਦੀ ਈਨ ਮੰਨਦੇ ਨੇ। ਸੋਚ ਵਿਚਲੀ ਸੰਵੇਦਨਸ਼ੀਲਤਾ ਤੇ ਸੁਹੱਪਣ 'ਚੋਂ ਹੀ ਉਗਮਦੀ ਏ ਸਦੀਵੀ ਮੁਹੱਬਤ।

ਪਿਆਰ ਇਕ ਪੈਗੰਬਰੀ ਪੈਗਾਮ। ਚਾਰੇ ਪਾਸੇ ਫੈਲਦੀ ਭਾਵਾਂ ਦੀ ਵਸੀਹ ਹੋਂਦ। ਤੁਹਾਡੀ ਹੋਂਦ ਦਾ ਕਿਸੇ ਦੀ ਸੋਚ-ਜੂਹ 'ਚ ਸਮਾ ਜਾਣਾ। ਵਿਚਾਰਾਂ ਦੀ ਸਮਰੂਪਤਾ, ਕਰਮ-ਸ਼ੈਲੀ ਦੀ ਇਕਸਾਰਤਾ। ਤੁਹਾਡੇ ਸਮੁੱਚ ਨੂੰ ਆਪੇ ਵਿਚ ਵਸਾਉਣ ਦਾ ਵਿਸਮਾਦ, ਪਤਾ ਨਹੀਂ ਕਿਸ ਮੋੜ 'ਤੇ, ਕਿਸ ਰੂਪ ਵਿਚ ਤੇ ਕਿਸ ਵੇਲੇ ਤੁਸੀਂ ਕਿਸੇ ਦੇ ਭਾਵਾਂ ਦੇ ਤਰਜਮਾਨ ਬਣ ਆਪਣੀ ਹੋਂਦ ਦੀ ਮੁਨਕਰੀ ਹੰਢਾਉਣ ਲੱਗ ਪਵੋ।

ਮੁਹੱਬਤ ਪ੍ਰਤੀਬੱਧਤਾ, ਪਰਪੱਕਤਾ ਤੇ ਪਵਿੱਤਰਤਾ ਦੀ ਆਧਾਰਸ਼ਿਲਾ 'ਚ ਉਗਿਆ ਦੇਸੀ ਗੁਲਾਬ ਜੋ ਚੁਫੇਰੇ ਮਹਿਕਾਂ ਖਿਲਾਰਦਾ, ਪੱਤੀ-ਪੱਤੀ ਹੋਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਮੋਹ ਰੂਹ-ਸ਼ੀਸ਼ੇ 'ਤੇ ਅਟਕੇ ਇਕ ਹੀ ਬਿੰਬ ਦੇ ਵੱਖੋ-ਵੱਖਰੇ ਅੰਦਾਜ਼ ਅਲਾਪ ਰਿਹਾ। ਇਕ ਪ੍ਰਕਾਸ਼ ਬਿੰਦੂ ਦੁਆਲੇ ਰਿਸ਼ਮਾਂ ਦਾ ਪਹਿਰਾ। ਸਭ ਕੁਝ ਧੋਤਾ-ਧੋਤਾ ਤੇ ਨਿਖਰਿਆ-ਨਿਖਰਿਆ, ਸਾਫ-ਸਫਾਫ ਸੋਚ ਦਾ ਦਗਦਾ ਨੂਰ। ਚਾਨਣ ਰੁੱਤ ਦੇ ਨਗਮੇ ਦੀ ਸੁਰਤਾਲ ਦਾ ਜਿਉਂਦਾ ਖਿਆਲ।

ਪਿਆਰ ਸ਼ਬਦਾਂ ਦਾ ਮੁਥਾਜ ਨਹੀਂ। ਹਰ ਡਿਕਸ਼ਨਰੀ ਬੇਮੇਚ, ਕੋਈ ਵੀ ਵਿਆਖਿਆ ਇਸ ਦੀ ਸਮੁੱਚਤਾ ਨੂੰ ਬਿਆਨ ਨਹੀਂ ਕਰ ਸਕਦੀ। ਕੋਈ ਵੀ ਫਿਲਾਸਫਰ, ਇਸ ਦੇ ਸਮੁੱਚੇ ਅਰਥਾਂ ਦੀ ਥਾਹ ਪਾਉਣ ਤੋਂ ਅਸਮਰਥ।

ਮੁਹੱਬਤ ਜਦ ਗਲਵੱਕੜੀ ਦਾ ਨਿੱਘ ਤੇ ਕੋਸੇ-ਕੋਸੇ ਸਾਹਾਂ ਦਾ ਸੰਧੂਰੀ ਅਹਿਸਾਸ ਮਾਣਦੀ, ਨੈਣਾਂ 'ਚ ਡੂੰਘੀ ਲਹਿ ਜਾਵੇ ਤਾਂ ਦੋ ਵਜੂਦਾਂ 'ਚ ਵਸਦੀ ਇਕ ਰੂਹ ਅੰਬਰ ਦਾ ਹਾਣ ਮਾਣਦੀ ਏ।

ਪਿਆਰ ਜਦ ਮੂੰਹ-ਜ਼ੋਰ ਹੋ ਜਾਵੇ ਤਾਂ ਬਰਲਿਨ ਦੀ ਦੀਵਾਰ ਟੁੱਟਦੀ ਏ। ਭਾਰਤ-ਪਾਕਿਸਤਾਨ ਵਿਚਲੀ ਕੰਡਿਆਲੀ ਤਾਰ ਦੀ ਹੋਂਦ ਖੁਰ ਜਾਂਦੀ ਏ। ਇਕ ਦੂਜੇ ਦਾ ਗਲਮਾ ਫੜਨ ਵਾਲੇ ਹੱਥ, ਦੋਸਤੀ ਦਾ ਦਸਤ-ਪੰਜਾ ਬਣਦੇ ਨੇ ਅਤੇ ਬਾਹਾਂ ਦੀ ਬਣਦੀ ਏ ਪੀਡੀ ਗਲਵੱਕੜੀ।

ਪਿਆਰ, ਦੋ ਰਾਹੀਆਂ ਦੀ ਇਕ ਮੰਜ਼ਿਲ। ਦੋ ਕਦਮਾਂ ਦਾ ਆਪਸੀ ਰਿਦਮ। ਦੋ ਰਾਹਾਂ ਦਾ ਮਿਲਣ ਬਿੰਦੂ। ਸੱਜਰੀ ਰਾਹ 'ਤੇ ਚੱਲਣ ਦਾ ਸਦੀਵੀ ਸੰਕਲਪ।

ਗੋਦ ਵਿਚ ਬੱਚੇ ਨੂੰ ਦੁੱਧ ਚੁੰਘਾ ਰਹੀ ਮਾਂ ਮਮਤਾ ਦੀ ਝਲਕ ਅਤੇ ਡਲਕਦਾ ਸੁਹਜ ਤੇ ਸੁੰਦਰਤਾ। ਕਾਦਰ ਦਾ ਸੱਗਵਾਂ ਸਰੂਪ। ਨਿਰਮਲ ਮੋਹ ਦਾ ਚਸ਼ਮਾ। ਮਨੁੱਖਤਾ ਦਾ ਮਾਣ ਅਤੇ ਇਸ ਮਾਣ ਦੀ ਧਰਾਤਲ 'ਤੇ ਰਸਦਾ-ਵਸਦਾ ਏ ਕੁਲ ਜਹਾਨ। ਮਾਂ ਦੇ ਮੋਹ ਨੂੰ ਪੈਸੇ ਨਾਲ ਖਰੀਦਣ ਦੀ ਚਾਹਨਾ ਮਨ 'ਚ ਪਾਲਣ ਵਾਲੇ ਹੀ, ਉਧਾਰੀ ਕੁੱਖ ਤੇ ਕਲੋਨਿੰਗ ਰਾਹੀਂ, ਮਾਨਵੀ ਅਹਿਸਾਸਾਂ ਦੀ ਕਤਲਗਾਹ ਉਸਾਰਨ ਵਿਚ ਮਸਰੂਫ ਨੇ।

ਕੁਦਰਤ ਨਾਲ ਮੁਹੱਬਤ ਕਰਨ ਵਾਲੇ ਕਾਦਰ ਦੇ ਸ਼ਿੰਦੇ ਪੁੱਤਰ, ਉਸ ਦੀ ਰੂਹ ਦੇ ਹਾਣੀ, ਉਸ ਦੀ ਸੋਚ ਦੇ ਹਮਸਫਰ। ਉਨ੍ਹਾਂ ਦੇ ਕਦਮ 'ਚ ਕੁਦਰਤ ਤਲੀਆਂ ਵਿਛਾਉਂਦੀ ਏ। ਅਫਸੋਸ! ਮਨੁੱਖੀ ਮਨ 'ਚੋਂ ਵਾਸ਼ਪ ਹੋ ਰਿਹਾ ਕੁਦਰਤ-ਪ੍ਰੇਮ, ਮਨੁੱਖ ਤੇ ਕੁਦਰਤ ਦਾ ਮਰਸੀਆ ਪੜ੍ਹਨ ਦੀ ਤਿਆਰੀ ਕਰ ਰਿਹਾ ਹੈ।

ਦੀਵੇ ਦੀ ਲੋਅ ਵਰਗੀ ਮੁਹੱਬਤ, ਚਾਨਣ ਤੇ ਨਿੱਘ ਦਾ ਸਿਰਨਾਵਾਂ-ਰੋਸ਼ਨ ਰਾਹਵਾਂ। ਹਾਜ਼ਰ ਨਾਜ਼ਰ ਨਿੱਘ ਦਾ ਅਹਿਸਾਸ। ਸੰਪੂਰਨ ਹੁੰਦੀ ਹਰ ਆਸ ਅਤੇ ਆਪਣਿਆਂ ਲਈ, ਤੁਹਾਡੇ ਹੋਠਾਂ ਦੀ ਅਰਦਾਸ।

ਮੁਹੱਬਤ, ਕੋਰੇ ਕਾਗਜ਼ 'ਤੇ ਉਕਰੀ ਇਬਾਦਤ, ਹਰ ਸ਼ਬਦ 'ਚੋਂ ਸਿੰਮਦੀ ਦੁਆ। ਹਰ ਅੱਖਰ ਦੀ ਲਿਸ਼ਕਵੀਂ ਭਾਹ। ਇਬਾਦਤ ਲਈ



ਮੌਲਦਾ ਚਾਅ। ਚਾਨਣ-ਚਾਨਣ ਆਪਾ। ਸੁਪਨਿਆਂ 'ਚ ਸੁਰਖ ਪੈਗਾਮ। ਹਰ ਬੋਲ ਦਾ ਬਣ ਜਾਣਾ ਇਲਹਾਮ।

ਮੁਹੱਬਤ, ਪਲਮਦੇ ਪਲਾਂ ਦੀ ਚਸ਼ਮਦੀਦ ਗਵਾਹੀ। ਅਲਮਸਤੀ ਦਾ ਆਲਮ, ਤੁਹਾਡੀ ਮਾਨਸਿਕਤਾ 'ਤੇ ਛਾ ਜਾਣਾ। ਫਕੀਰਾਨਾ ਬੰਦਗੀ। ਇਕ ਸਾਦਗੀ। ਮੁਲੰਮਿਆਂ ਤੋਂ ਨਫਰਤ।

ਦੇਸ਼-ਪ੍ਰੇਮ ਜਾਂ ਸਮਾਜਿਕ ਪਿਆਰ, ਕਈ ਸ਼ਹੀਦਾਂ ਦੀ ਸੋਚ ਦਾ ਸੂਹਾ ਸੂਰਜ। ਇਸ ਨੂੰ ਦਫਨ ਕਰਨ ਲਈ ਵੇਲੇ ਦੇ ਹਾਕਮਾਂ ਨੇ ਬਥੇਰਾ ਜ਼ੋਰ ਲਾਇਆ ਪਰ ਸੂਰਜ ਕਦੇ ਡੁੱਬਿਆ ਨਹੀਂ ਕਰਦੇ। ਸੂਰਜਾਂ ਨੇ ਹਮੇਸ਼ਾ ਹੀ ਧਰਤੀ ਦੇ ਵਿਹੜੇ ਚਾਨਣ ਦੇ ਬੀਜ ਖਿਲਾਰੇ ਨੇ।

ਪਿਆਰ ਦੀ ਸਾਧਵੀ ਰੰਗਤ ਮੀਰਾ ਨੂੰ ਕ੍ਰਿਸ਼ਨ ਲਈ ਨਚਾਉਂਦੀ ਏ, ਧੰਨੇ ਭਗਤ ਰਾਹੀਂ ਪੱਥਰ ਤੋਂ ਰੱਬ ਪਾਉਂਦੀ ਏ, ਈਸਾ ਮਸੀਹ ਨੂੰ ਸੂਲੀ 'ਤੇ ਲਟਕਾਉਂਦੀ ਏ, ਸੁਕਰਾਤ ਦੇ ਮੂੰਹ ਨੂੰ ਜ਼ਹਿਰ ਦਾ ਪਿਆਲਾ ਲਾਉਂਦੀ ਏ ਅਤੇ ਸਮਿਆਂ ਦੇ ਵਰਕੇ 'ਤੇ ਆਪਣੇ ਨਕਸ਼ ਉਕਰਾਉਂਦੀ ਏ।

ਮੁਹੱਬਤ ਲਈ ਤਰਸਦੇ ਦੀਦਿਆਂ ਦੀ ਇਬਾਦਤ ਪੜ੍ਹਨਾ ਬੜਾ ਔਖਾ ਹੁੰਦਾ ਏ ਅਤੇ ਉਸ ਤੋਂ ਵੀ ਕਠਿਨ ਹੁੰਦਾ ਏ ਗਵਾਚੀ ਮੁਹੱਬਤ ਦੀਆਂ ਅੱਕ-ਫੰਬੀਆਂ ਦੀ ਤਲਾਸ਼ ਨੂੰ ਆਪਣੇ ਮਸਤਕ ਵਿਚ ਉਤਾਰਨਾ। ਰਾਤਾਂ ਦੀ ਗਵਾਚੀ ਨੀਂਦ ਅਤੇ ਭੁੱਖ-ਪਿਆਸ ਦੀ ਬੇਲਾਗਤਾ, ਹਉਕਾ ਬਣ ਕੇ ਸਾਹਾਂ ਦੀ ਦਸਤਕ ਬਣਦੀ ਏ। ਅੰਤਰ-ਮਨ ਦੀ ਪੀੜਾ, ਹਰ ਸਾਹ ਦਾ ਨਸੀਬ ਬਣਦੀ ਏ।

ਮੋਹ-ਮੁਹੱਬਤ ਨੂੰ ਤਾਮੀਰ ਕਰਨ ਵਾਲੇ ਲੋਕ ਹੀ ਵਕਤ ਨੂੰ ਧੜਕਣ ਤੇ ਅਹਿਸਾਸ ਬਖਸ਼ਦੇ ਨੇ। ਸੁਖਨ ਤੇ ਸਕੂਨ ਨੂੰ ਸੁਪਨੇ ਦੀ ਜਾਤ ਤੋਂ ਨਿਜਾਤ ਦਿਵਾਉਂਦੇ ਨੇ।

ਪਿਆਰ ਇਕ ਸਰੂਰ, ਇਕ ਜਜ਼ਬਾ, ਇਕ ਆਵੇਗ, ਇਕ ਆਵੇਸ਼। ਜੀਵਨ-ਧਰਾਤਲ ਨਾਲ ਜੁੜਿਆ ਪਿਆਰ, ਜੀਵਨ ਦੇ ਸੁਰਖ-ਪੈਂਡਿਆਂ ਦਾ ਹਮਸਫਰ, ਜਿਊਂਦੇ ਲੋਕਾਂ ਦਾ ਰੰਗਲਾ ਸੰਸਾਰ, ਸੰਦਲੀ ਸਾਹਾਂ ਦਾ ਪਾਸਾਰ ਅਤੇ ਰਚਨਾਤਮਕ ਯੁੱਗ ਦਾ ਸਿਰਜਣਹਾਰ।

## ਕਾਵਿ-ਕਿਆਰੀ

### ਪਹਿਚਾਣ

ਨਸ਼ਾ ਪੱਤਾ ਕਰਦੇ ਨਹੀਂ
ਬਿਨਾ ਵਜ੍ਹਾ ਤੋਂ ਲੜਦੇ ਨਹੀਂ।
ਸੱਚ ਬੋਲਣ ਤੋਂ ਜਕਦੇ ਨਹੀਂ
ਤੇ ਭਾਜੀ ਕਿਸੇ ਦੀ ਰੱਖਦੇ ਨਹੀਂ।
ਧੌਂਸ ਕਿਸੇ ਦੀ ਸਹਿੰਦੇ ਨਹੀਂ
ਪਹਿਲਾਂ ਪੰਗਾ ਲੈਂਦੇ ਨਹੀਂ।
ਯਾਰਾਂ ਦੇ ਅਸੀਂ ਯਾਰ ਹਾਂ
ਦੁਸ਼ਮਣ ਲਈ ਤਲਵਾਰ ਹਾਂ।
ਚੰਗਾ ਖਾਣੇ-ਪੀਣੇ ਆਂ
ਵਧੀਆ ਜ਼ਿੰਦਗੀ ਜੀਣੇ ਆਂ।
ਕਿਸੇ ਵੀ ਚੀਜ਼ ਦੀ ਭੁੱਖ ਨਹੀਂ
ਕਿਸੇ ਵੀ ਗੱਲ ਦਾ ਦੁੱਖ ਨਹੀਂ।
ਸਾਊ ਹਾਂ, ਤੇ ਕਮਾਊ ਹਾਂ
ਮਾਪਿਆਂ ਦੇ ਆਗਿਆਕਾਰ ਹਾਂ।
ਅਜ਼ਮਾ ਕੇ ਕਿਤੇ ਵੇਖ ਲਿਓ
ਜਨਤਾ ਦੇ ਸੇਵਾਦਾਰ ਹਾਂ।
ਪਹਿਲਾਂ ਪੰਗਾ ਲੈਂਦੇ ਨਹੀਂ
ਇਕ ਦੋ ਵਾਰ ਕਹਿੰਨੇ ਆਂ।
ਜਦੋਂ ਸਿਰ ਤੋਂ ਪਾਣੀ ਲੰਘ ਜਾਵੇ
ਫਿਰ ਇਕ ਪਾਸੇ ਕਰਕੇ ਰਹਿੰਨੇ ਆਂ।
ਗੱਲ ਕਿਸੇ ਨੂੰ ਕਹਿਣ ਨਹੀਂ ਦਿੰਦੇ
ਨੱਕ 'ਤੇ ਮੱਖੀ ਬਹਿਣ ਨਹੀਂ ਦਿੰਦੇ।
ਕਰਮੀ ਹਾਂ ਤੇ ਧਰਮੀ ਹਾਂ
ਜਿਗਰੇ ਮਹਾਨ ਆਂ।
ਦਸਵੇਂ ਪਿਤਾ ਨੇ ਸਿੱਖੀ
ਦਿੱਤੀ ਜਿਹੜੀ 'ਨੂਰਪੁਰੀ'
ਸਾਨੂੰ ਸਾਰੇ ਪੰਜਾਬੀਆਂ ਨੂੰ
ਉਸ ਉਤੇ ਮਾਣ ਆਂ।

*-ਗੁਰਦਿਆਲ ਸਿੰਘ ਨੂਰਪੁਰੀ*
*ਫੋਨ: 408-659-5880*

---

### ਤਲਾਕ

ਤਲਾਕ ਤਲਾਕ ਤਲਾਕ
ਸ਼ਬਦ ਦਿਲ ਚੀਰਦਾ।
ਕਾਗਜ਼ਾਂ 'ਚ ਰੁਲ ਗਿਆ
ਕਿੱਸਾ ਰਾਂਝੇ-ਹੀਰ ਦਾ।
ਅਦਾਲਤਾਂ ਨੇ ਅੰਤ ਕੀਤਾ
ਉਮਰਾਂ ਦੇ ਸੀਰ ਦਾ।
ਸ਼ਬਦ ਇਹ ਬੇਈਮਾਨ
ਸ਼ੋਸ਼ਣ ਸਰੀਰ ਦਾ।
ਮੁਹੱਬਤਾਂ ਦੀ ਗੰਢ ਤੋੜੇ
ਜਹਿਰ ਏਸ ਤੀਰ ਦਾ।
ਰੁਲ ਜਾਣ ਚੌਕੇ ਚੁਲ੍ਹੇ
ਘਰ ਜਿਉਂ ਫਕੀਰ ਦਾ।
ਅੰਤ ਨਹੀਂ ਹੋਣ ਦਿੰਦਾ
ਨੈਣਾਂ ਵਾਲੇ ਨੀਰ ਦਾ।
ਉਮਰਾਂ ਤੋਂ ਗਹਿਰਾ ਫੱਟ
ਏਸ ਸ਼ਮਸ਼ੀਰ ਦਾ।
ਕੌਣ ਮੁੱਲ ਪਾਉਂਦਾ ਮੁੜ
ਕੱਟੀ ਹੋਈ ਲੀਰ ਦਾ।
ਸੀਨੇ ਬਣ ਖੁਭ ਜਾਵੇ
ਕੰਡਾ ਜਿਉਂ ਕਰੀਰ ਦਾ।
'ਬਿੰਦਰਾ' ਨਾ ਹੱਲ ਕੋਈ
ਮਰ ਗਈ ਜਮੀਰ ਦਾ।


*-ਬਿੰਦਰ*

# ਰਾਰੇ ਨੂੰ ਬਿਹਾਰੀ=ਸੀ

## ਸਫਰ ਜ਼ਿੰਦਗੀ ਦਾ

**ਧਰਤੀ ਅਤੇ ਰੁੱਖਾਂ ਦੀਆਂ ਬਰਕਤਾਂ ਦੀਆਂ ਗੱਲਾਂ ਕਰਦਾ ਸੁਖਦੇਵ ਸਿੱਧੂ ਅਛੋਪਲੇ ਹੀ ਪਿੰਡ ਦੀ ਜੂਹ ਵਿਚ ਚਲਾ ਜਾਂਦਾ ਹੈ। ਵਲੈਤ ਵਿਚ ਇੰਨੇ ਸਾਲਾਂ ਤੋਂ ਵੱਸਦਾ ਹੋਣ ਦੇ ਬਾਵਜੂਦ ਆਪਣਾ ਪਿੰਡ ਅਤੇ ਆਪਣੇ ਲੋਕ ਉਹਦੀਆਂ ਲਿਖਤਾਂ ਵਿਚ ਚੁੰਗੀਆਂ ਭਰਦੇ ਜਾਪਦੇ ਹਨ। ਉਹ ਪਿੰਡ ਵੱਲ ਪੂਰੀ ਨੀਝ ਨਾਲ ਝਾਤੀ ਮਾਰਦਾ ਹੈ ਅਤੇ ਉਹਦੀਆਂ ਕੀਤੀਆਂ ਗੱਲਾਂ ਸੁੱਚੀ ਤੇ ਸੱਚੀ ਜ਼ਿੰਦਗੀ ਦਾ ਸਾਗਰ ਹੋ ਨਿਬੜਦੀਆਂ ਹਨ। ਇਸ ਲੇਖ ਵਿਚ ਲੇਖਕ ਨੇ ਪੁਰਾਣੇ ਭਲੇ ਵੇਲਿਆਂ ਦੇ ਇਕ ਸਕੂਲ ਮਾਸਟਰ ਦਾ ਰੇਖਾ-ਚਿੱਤਰ ਖਿੱਚਿਆ ਹੈ, ਜਿਸ ਨੂੰ ਪੜ੍ਹ ਕੇ ਢਲਦੀ ਉਮਰ ਦੇ ਪਾਠਕਾਂ ਨੂੰ ਆਪਣਾ ਬਚਪਨ ਚੇਤੇ ਆ ਜਾਵੇਗਾ। -ਸੰਪਾਦਕ**

ਸਾਡੇ ਪ੍ਰਾਇਮਰੀ ਸਕੂਲ ਦੇ ਉਸਤਾਦਾਂ 'ਚੋਂ ਬੁੱਢਾ ਮਾਸਟਰ ਮਸ਼ਹੂਰ ਸੀ। ਇਹਦਾ ਅਸਲੀ ਨਾਂ ਤਾਂ ਭਾਵੇਂ ਮਿਲਾਪ ਚੰਦ ਸੀ, ਪਰ ਅੱਲ ਪੈ ਗਈ, ਬੁੱਢਾ ਮਾਸਟਰ; ਇਹੋ ਨਿਭ ਗਿਆ। ਬਹੁਤਿਆਂ ਨੂੰ ਇਸੇ ਨਾਂ ਦਾ ਪਤਾ ਸੀ। ਸਾਰੇ ਮੂੰਹ 'ਤੇ ਮਾਸਟਰ ਜੀ ਕਹਿੰਦੇ। ਇਹ ਨਕੋਦਰ ਦੇ ਭੱਲਿਆਂ ਮੁਹੱਲੇ ਦਾ ਬਾਸ਼ਿੰਦਾ ਸੀ। ਬਹੁਤੇ ਇਕਹਿਰੇ-ਜਿਹੇ ਸਰੀਰ ਦਾ ਉਸਤਾਦ ਜੀ ਪੰਜਾਹ-ਪਚਵੰਜਾ ਸਾਲ ਦਾ ਹੋਣਾ। ਬਹੁਤ ਮਾੜਕੂ ਜਿਹਾ। ਬਾਹਲਾ ਹੀ ਹੰਭਿਆ ਹੋਇਆ। ਸਿਰ 'ਤੇ ਕੁੱਲੇ ਵਾਲੀ ਚਿੱਟੀ ਪੱਗ ਸਜਾਈ ਹੋਣੀ, ਮਾਂਡੀ ਦਿੱਤੀ ਹੋਈ ਹੁੰਦੀ। ਕੁੱਲਾ ਸੁਨਹਿਰੀ ਤਾਰਾਂ ਨਾਲ ਮੜ੍ਹਿਆ ਹੁੰਦਾ ਤੇ ਪੱਗ ਹਮੇਸ਼ਾ ਚਿੱਟੀ ਹੀ ਹੁੰਦੀ। ਉਪਰ ਛੋਟਾ ਜਿਹਾ ਡਿਗੂੰ ਡਿਗੂੰ ਕਰਦਾ ਤੁਰਲਾ। ਪਿੱਛੇ ਲੰਮਾ ਸਾਰਾ ਛੱਡਿਆ ਲੜ ਹੇਠਾਂ ਤੀਕ ਪਹੁੰਚਿਆ ਹੁੰਦਾ। ਸਾਦਾ ਕਾਜਾਂ ਵਾਲਾ ਲੰਮਾ ਝੱਗਾ। ਸੱਜੇ ਪਾਸੇ ਵੱਖੀ ਤੇ ਜੇਬ ਹੁੰਦੀ, ਤੇ ਖੱਬੇ ਪਾਸੇ ਛਾਤੀ 'ਤੇ ਵੀ; ਜੇਬਾਂ ਉਤੇ ਕਾਜ 'ਚ



ਸੁਖਦੇਵ ਸਿੱਧੂ
e-mail: sidhu@ntlworld.com

ਬਟਨ। ਤੇੜ ਖੁੱਲ੍ਹਾ ਪਜਾਮਾ ਹੁੰਦਾ। ਦਾਹੜੀ ਸਫਾਚੱਟ ਹੁੰਦੀ।

ਬੁੱਢਾ ਮਾਸਟਰ ਨਕੋਦਰੋਂ ਸਾਈਕਲ 'ਤੇ ਪੜ੍ਹਾਉਣ ਆਉਂਦਾ ਸੀ। ਰੋਜ਼ ਨੌਂ ਕੁ ਮੀਲਾਂ ਦਾ ਪੈਂਡਾ ਤੈਅ ਕਰਕੇ। ਪੈਡਲ ਦੱਬਦੇ ਦਾ ਇਹਦਾ ਏਨਾ ਜ਼ੋਰ ਲੱਗਦਾ ਸੀ ਕਿ ਸਰੀਰ ਅੜਿੰਗ-ਬੜਿੰਗ ਹੋਈ ਜਾਂਦਾ ਦਿਸਦਾ। ਏਦਾਂ ਲੱਗਦਾ ਜਿਵੇਂ ਅਗਲੀ ਵਾਰੀ ਇਹਤੋਂ ਪੈਡਲ ਦੱਬਿਆ ਹੀ ਨਹੀਂ ਜਾਣਾ। ਇਹਦਾ ਸਾਈਕਲ ਖੜ ਜਾਣਾ ਤੇ ਇਹਨੇ ਆਪ ਡਿੱਗ ਪੈਣਾ। ਹੁਣ ਲੱਗਦਾ ਕਿ ਉਮਰ ਸ਼ਾਇਦ ਏਨੀ ਨਾ ਵੀ ਹੋਵੇ ਪਰ ਓਸ ਉਮਰੇ ਸਾਨੂੰ ਨਿਆਣਪੁਣੇ ਵਿਚ ਉਹ ਬਹੁਤਾ ਬੁੱਢਾ ਲਗਦਾ। ਇਹੀ ਉਹਦਾ ਨਾਂ ਪੱਕ ਗਿਆ। ਪਿੰਡ ਵਾਲੇ ਵੀ ਬੁੱਢਾ-ਮਾਸਟਰ, ਬੁੱਢਾ-ਮਾਸਟਰ ਹੀ ਕਹਿੰਦੇ।

ਉਹਦੀ ਬੋਲੀ ਤੋਂ ਹੀ ਸਾਫ ਪਤਾ ਲਗਦਾ ਕਿ ਇਹ ਪਿੱਛਿਓਂ ਝੰਗ ਦਾ ਸੀ। ਜਰੂਰ ਵੱਡੇ ਰੌਲਿਆਂ 'ਚ ਉਜੜ ਕੇ ਆਇਆ ਹੋਣਾ! ਕਈ ਨਿਆਣੇ ਉਹਦੀ ਝਾਂਗੀ ਬੋਲੀ ਦੀਆਂ ਨਕਲਾਂ ਵੀ ਉਤਾਰਦੇ। ਉਹਦੀਆਂ ਰਾਲਾਂ ਵੀ ਵਗਦੀਆਂ ਰਹਿੰਦੀਆਂ, ਇਹ ਉਹਦੇ ਵੱਸ ਤਾਂ ਨਹੀਂ ਸੀ। ਰਾਲਾਂ ਸਾਂਭਣ ਲਈ ਉਹ ਵਿਚ ਵਿਚ ਸੜ੍ਹਾਕੇ ਮਾਰ ਲੈਂਦਾ। ਪਰ ਫਿਰ ਵੀ ਕਦੀ-ਕਦੀ ਵਿਚੋਂ ਡਿੱਗ ਹੀ ਪੈਂਦੀਆਂ। ਮੁੰਡਿਆਂ ਨੇ ਇਹ ਵਕੂਆ ਦੇਖ ਕੇ ਹਾਸਾ ਮਸੀਂ ਰੋਕਣਾ। ਜਿਹੜਾ ਹਾਸਾ ਰੋਕ ਲੈਂਦਾ, ਉਹ ਬਚ ਜਾਂਦਾ; ਜਿਹਦਾ ਹਾਸਾ ਨਿਕਲ ਜਾਂਦਾ, ਉਹਦੀ ਸ਼ਾਮਤ ਆ ਜਾਂਦੀ। ਸਹਿ ਸੁਭਾਅ ਗੱਲਾਂ ਕਰਦਾ ਵੀ ਕਈ ਵਾਰ ਉਹ ਮੂੰਹ 'ਚੋਂ ਥੁੱਕ ਦੇ ਫੁਹਾਰੇ ਚਲਾ ਦਿੰਦਾ ਤੇ ਜਦੋਂ ਗੁੱਸੇ 'ਚ ਹੁੰਦਾ, ਫਿਰ ਤਾਂ ਮੂਹਰੇ ਖੜ੍ਹੇ ਬੰਦੇ ਦਾ ਰੱਬ ਹੀ ਰਾਖਾ ਹੁੰਦਾ। ਇਸੇ ਕਰਕੇ ਬਹੁਤੇ ਨਿਆਣੇ ਉਹਦੇ ਲਾਗੇ ਨਹੀਂ ਸੀ ਖੜੋਂਦੇ। ਦੂਸਰੇ ਮਾਸਟਰ ਵੀ ਚੌਕਸੀ ਵਰਤਦੇ ਤੇ ਰਤਾ ਦੂਰ ਖੜ੍ਹੋ ਕੇ ਗੱਲ ਕਰਦੇ। ਉਮਰ ਦੇ ਹਿਸਾਬ ਸਾਰੇ ਮੂੰਹ 'ਤੇ ਉਹਦੀ ਇੱਜ਼ਤ ਕਰਦੇ। ਉਹ ਉਰਦੂ ਫਾਰਸੀ ਵੀ ਜਾਣਦਾ ਸੀ। ਪੰਜਾਬੀ ਵਲੋਂ ਹੱਥ ਤੰਗ ਸੀ। ਬੱਸ, ਬੁੱਤਾ ਹੀ ਸਾਰਦਾ ਰਿਹਾ।

ਪੜ੍ਹਾਉਣ ਲੱਗਾ ਉਹ ਦੋ ਕੁਰਸੀਆਂ ਲਾਗੇ-ਲਾਗੇ ਰੱਖ ਲੈਂਦਾ। ਇਕ 'ਤੇ ਆਪ ਬਹਿੰਦਾ, ਦੂਜੇ 'ਤੇ ਆਪਣੇ ਪੈਰ ਰੱਖ ਲੈਂਦਾ। ਗਰਮੀਆਂ ਨੂੰ ਦੂਜੀ ਕੁਰਸੀ 'ਤੇ ਸਿਰੋਂ ਪੱਗ ਲਾਹ ਕੇ ਵੀ ਰੱਖ ਦਿੰਦਾ। ਕਦੇ ਕਦੇ ਕਿਸੇ ਨਿਆਣੇ ਨੂੰ ਪੈਰ ਨੱਪਣ ਨੂੰ ਵੀ ਕਹਿ ਦਿੰਦਾ। ਉਮਰੋਂ ਹੀ ਸਿਆਣਾ ਸੀ ਜਾਂ ਸਾਨੂੰ ਨਿਆਣਿਆਂ ਨੂੰ ਹੀ ਉਦੋਂ ਵੱਧ ਸਿਆਣਾ ਲੱਗਦਾ ਸੀ। ਨੌਂ ਦਸ ਮੀਲ ਸਾਈਕਲ 'ਤੇ ਆਉਂਦਾ ਥੱਕ ਜਾਂਦਾ ਹੋਣਾ। ਕਈ ਵਾਰੀ ਲੇਟ ਵੀ ਹੁੰਦਾ ਤੇ ਕਲਾਸ 'ਚ ਲੇਟ ਆਉਂਦਾ।

ਉਹਦੀ ਕੁੱਟ ਬਹੁਤੀ ਮਾੜੀ ਸੀ। ਨਿਆਣਿਆਂ ਨੂੰ ਉਹ ਕਸਾਈਆਂ ਵਾਂਗੂੰ ਕੋਂਹਦਾ। ਜੇ ਉਹਦਾ ਵੱਸ ਚਲਦਾ ਤਾਂ ਜਾਨ ਹੀ ਕੱਢ ਲੈਂਦਾ! ਤਿੰਨ ਚਾਰ ਬਦਨਾਮ (ਮਸ਼ਹੂਰ) ਤਰੀਕੇ ਸੀ ਉਹਦੇ: ਮੇਜ਼ ਕੋਲ ਹਰ ਵੇਲੇ ਸੋਟੀ ਪਈ ਹੁੰਦੀ। ਕਦੇ ਕਦੇ ਵਗ੍ਹਾਵੀਂ ਸੋਟੀ ਮਾਰਦਾ। ਜੇ ਕਿਸੇ ਤੋਂ ਸੁਆਲ ਹੱਲ ਨਾ ਹੋਣਾ ਤਾਂ ਪਹਿਲਾਂ ਲਾਗੇ-ਲਾਗੇ ਫਿਰਦੇ ਰਹਿਣਾ, ਜਦੋਂ ਨਿਆਣੇ ਨੇ ਸੋਚਣਾ ਕਿ ਲੈ ਬਈ, ਐਤਕੀਂ ਤਾਂ ਬਚ ਗਏ ਤਾਂ ਉਹਨੇ ਵਿਸਾਹ ਕੇ ਚਿੱਤੜਾਂ 'ਤੇ ਪੂਰੇ ਜ਼ੋਰ ਨਾਲ ਸੋਟੀ ਮਾਰਨੀ, ਵੱਟ ਕੇ। ਬੱਚੇ ਨੇ ਸੋਟੀ ਖਾ ਕੇ ਦਰਦ ਨਾਲ ਭੱਜੇ ਫਿਰਨਾ, ਨਾਲੇ ਚਿੱਤੜਾਂ ਨੂੰ ਪਲੋਸੀ ਜਾਣਾ। ਜਾਂ ਨਿਆਣਿਆਂ ਨੂੰ ਅਵੇਸਲੇ ਕਰਨ ਲਈ ਸੋਟੀ ਪਰ੍ਹੇ ਸੁੱਟ ਦੇਣੀ ਤੇ ਫਿਰ ਉਹਨੇ ਘਸੁੰਨ ਵੱਟ ਕੇ ਜ਼ੋਰ ਦੇਣੀ ਵੱਖੀ 'ਚ ਠੋਕ ਦੇਣਾ। ਬੋਟਾਂ ਵਰਗੇ ਨਿਆਣਿਆਂ ਨੂੰ ਇੱਕ ਦੂਜੇ ਦੇ ਚਪੇੜਾਂ ਮਾਰਨ ਨੂੰ ਕਹਿੰਦਾ; ਜੇ ਉਹ ਹੌਲੀ ਹੌਲੀ ਮਾਰਦੇ ਤਾਂ ਆਪ ਦੋਹਾਂ ਦੇ ਮਾਰ ਮਾਰ ਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਮਾਰਨ ਦੀ ਜਾਚ ਦੱਸਦਾ। ਉਹਦੀਆਂ ਖਿੱਝ ਕੇ ਕੰਨਾਂ 'ਤੇ ਮਾਰੀਆਂ ਚਪੇੜਾਂ ਨਾਲ ਸਾਂਅ ਸਾਂਅ ਹੋਣ ਲੱਗ ਪੈਣੀ ਤੇ ਕਿੰਨਾ ਚਿਰ ਹੁੰਦੀ ਰਹਿੰਦੀ।

ਬੁੱਢੇ ਮਾਸਟਰ ਦਾ ਬਹੁਤਾ ਕਹਿਰੀ ਤਰੀਕਾ, ਲੱਤਾਂ ਹੇਠ ਦੀ ਕੰਨ ਫੜਾ ਕੇ ਧੁੱਪੇ ਖੜ੍ਹੇ ਕਰਨਾ ਸੀ ਤੇ ਜਦੋਂ ਇਹਦੇ ਬਾਲਕੇ ਥੱਕ ਕੇ ਹਿੱਲਣ-ਜੁੱਲਣ ਲਗਦੇ ਤਾਂ ਇਹ ਮਲਕੜੇ ਦੇਣੀ ਕੋਲ ਜਾ ਕੇ ਖੜੋ ਜਾਂਦਾ ਤੇ ਉਤੋਂ ਪੱਕੀ ਇੱਟ ਸੁੱਟ ਦਿੰਦਾ। ਕੋਡੇ ਹੋਇਆਂ ਨਿਆਣਿਆਂ ਦੀ ਰੀੜ੍ਹ ਦੀ ਹੱਡੀ ਉਭਰੀ ਹੋਈ ਹੁੰਦੀ ਸੀ। ਜਦੋਂ ਪੱਕੀ ਇੱਟ ਕੰਗਰੋੜ 'ਤੇ ਵੱਜਦੀ ਤਾਂ ਏਦਾਂ ਲਗਦਾ ਜਿਵੇਂ ਕਿਸੇ ਨੇ ਗੋਲੀ ਮਾਰੀ ਹੋਵੇ। ਕਈਆਂ ਦੇ ਜਖ਼ਮ ਵੀ ਹੋ ਜਾਂਦੇ। ਬੱਚੇ ਦਰਦ ਨਾਲ ਕਰਾਹ ਉਠਦੇ, ਤੜਫਦੇ। ਕਈ

**ਬੁੱਢੇ ਮਾਸਟਰ ਦਾ ਬਹੁਤਾ ਕਹਿਰੀ ਤਰੀਕਾ, ਲੱਤਾਂ ਹੇਠ ਦੀ ਕੰਨ ਫੜਾ ਕੇ ਧੁੱਪੇ ਖੜ੍ਹੇ ਕਰਨਾ ਸੀ ਤੇ ਜਦੋਂ ਇਹਦੇ ਬਾਲਕੇ ਥੱਕ ਕੇ ਹਿੱਲਣ-ਜੁੱਲਣ ਲਗਦੇ ਤਾਂ ਇਹ ਮਲਕੜੇ ਦੇਣੀ ਕੋਲ ਜਾ ਕੇ ਖੜੋ ਜਾਂਦਾ ਤੇ ਉਤੋਂ ਪੱਕੀ ਇੱਟ ਸੁੱਟ ਦਿੰਦਾ। ਕੋਡੇ ਹੋਇਆਂ ਨਿਆਣਿਆਂ ਦੀ ਰੀੜ੍ਹ ਦੀ ਹੱਡੀ ਉਭਰੀ ਹੋਈ ਹੁੰਦੀ ਸੀ। ਜਦੋਂ ਪੱਕੀ ਇੱਟ ਕੰਗਰੋੜ 'ਤੇ ਵੱਜਦੀ ਤਾਂ ਏਦਾਂ ਲਗਦਾ ਜਿਵੇਂ ਕਿਸੇ ਨੇ ਗੋਲੀ ਮਾਰੀ ਹੋਵੇ। ਕਈਆਂ ਦੇ ਜਖ਼ਮ ਵੀ ਹੋ ਜਾਂਦੇ। ਬੱਚੇ ਦਰਦ ਨਾਲ ਕਰਾਹ ਉਠਦੇ, ਤੜਫਦੇ। ਕਈ ਬੁੜ੍ਹਕ ਬੁੜ੍ਹਕ ਕੇ ਪਰ੍ਹੇ ਜਾ ਡਿੱਗਦੇ।**

ਬੁੜ੍ਹਕ ਬੁੜ੍ਹਕ ਕੇ ਪਰ੍ਹੇ ਜਾ ਡਿੱਗਦੇ। ਅੜ੍ਹਾਟ ਪਾਉਂਦੇ; ਕਈ ਤਾਂ ਜਾਨ ਬਚਾਉਣ ਲਈ ਉਠ ਕੇ ਭੱਜ ਵੀ ਜਾਂਦੇ। ਕਈ ਉਚੀ ਉਚੀ ਰੋਣ ਲਗਦੇ; ਚੀਕਾਂ ਲੇਰਾਂ ਮਾਰਦੇ। ਕਈ ਵਿਰਲੇ ਕਸੀਸ ਵੱਟ ਕੇ ਜਰ ਲੈਂਦੇ।

ਇਹ ਸਾਰੇ ਸੀਨ ਮੇਰੇ ਅੱਖਾਂ ਅੱਗੇ ਘੁੰਮਦੇ ਨੇ। ਇਸ ਕਸਾਈਪੁਣੇ ਕਰਕੇ ਕਈ ਵਾਰੀ ਬਾਲਕੇ ਵੀ ਕਹਿੰਦੇ, ਇਹ ਬੁੱਢਾ ਮਾਸਟਰ ਨਾ ਮਰਦਾ, ਨਾ ਸਾਡੀ ਜਾਨ ਛੱਡਦਾ! ਮਾਸਟਰ ਜੀ ਦਾ ਇਹ ਜ਼ਾਲਮਾਨਾ ਵਰਤਾਅ ਕਿਸੇ ਦਾ ਕੀ ਸੁਆਰਦਾ ਸੀ, ਮਾਸਟਰ ਜਾਣੇ ਜਾਂ ਉਹਦਾ ਭਗਵਾਨ। ਹੁਣ ਮਨ 'ਚ ਆਉਂਦਾ ਹੈ ਕਿ ਮਾਂ-ਬਾਪ ਹਾਰ ਗੁਰੂਦੇਵ, ਬੱਚਿਆਂ ਨੂੰ ਬੋਟਾਂ ਵਾਂਗ ਪਰਾਂ ਹੇਠ ਸਾਂਭਣ ਦੀ ਬਜਾਏ ਕਸਾਈਆਂ ਵਾਂਗ ਕਿਵੇਂ ਕੋਹ ਲੈਂਦੇ ਸਨ!

ਇਕ-ਦੋ ਹੋਰ ਮਾਸਟਰਾਂ ਵਾਂਗ ਉਹ ਵੀ ਕਿਹਾ ਕਰਦਾ, "ਮੈਂਅ ਕਿਤਨੀ ਦਫਾ ਆਖਿਆ ਏ ਪਈ ਜੇ ਕੋਈ ਗੱਲ ਸਮਝ ਵੱਤ ਨਹੀਂ ਪੈਂਦੀ, ਤਾਂ ਜਾ ਕੇ ਗੱਅਰ ਬੈਅਠੋ। ਮੈਂਡਾ ਸਿਰ ਪਏ ਖਾਂਦੇ ਓ; ਸਮਾਂ ਕਿਉਂ ਬਰਬਾਦ ਕਰੇਂਦੇ ਹੋ। ਕੋਈ ਹੋਅਰ ਬੰਦੋ ਬਸਤ ਕਰੋ ਚਾ। ਜਾ ਕੇ ਗੱਅਰ ਦਿਆਂ ਦਾ ਹੱਥ ਵਟਾਓਅ ਚਾ।" ਹੁਣ ਸੋਚੀਦਾ ਹੈ, ਬਈ ਭਲਾ ਜੇ ਅਸੀਂ ਸਕੂਲੇ ਨਾ ਜਾਂਦੇ ਤਾਂ ਮਾਸਟਰ ਜੀ ਦੀ ਨੌਕਰੀ ਕਿਵੇਂ ਰਹਿੰਦੀ; ਦੇਖੋ, ਰਿਜ਼ਕ ਨੂੰ ਲੱਤ ਮਾਰਨ ਵਾਲੇ ਬੰਦੇ ਵੀ ਦੁਨੀਆਂ 'ਚ ਬੈਠੇ ਨੇ। ਜਾਂ ਤਾਂ ਮਾਸਟਰ ਜੀ ਸਰਸਰੀ ਇਹ ਗੱਲ ਕਹਿ ਦਿੰਦੇ ਸਨ ਪਰ ਅਸਲੋਂ ਨਹੀਂ ਸੀ ਚਾਹੁੰਦੇ ਜਾਂ ਸੱਚੀਓਂ ਹੀ ਚਾਹੁੰਦਾ ਸੀ ਕਿ ਇਹ ਘਰੇ ਹੀ ਬੈਠ ਜਾਣ ਤੇ ਮੇਰੀ ਜਾਨ ਛੱਡਣ। ਪਰ ਇਹਦਾ ਉਹਨੂੰ ਕੀ ਫਾਇਦਾ ਹੋਣਾ ਸੀ? ਉਹੀ ਜਾਣੇ। ਬਾਅਦ 'ਚ ਸਾਡੇ 'ਚੋਂ ਕਈਆਂ ਨੇ ਕਾਲਜਾਂ-ਯੂਨੀਵਰਸਿਟੀਆਂ ਦੀਆਂ ਪੜ੍ਹਾਈਆਂ ਕੀਤੀਆਂ। ਕਈ ਤਾਂ ਆਪ ਵੀ ਮਾਸਟਰ ਲੱਗੇ। ਕਈ ਹੋਰ ਚੰਗੇ ਚੰਗੇ ਕੰਮੀਂ ਵੀ ਲੱਗੇ। ਜਦੋਂ ਮੈਂ ਨਕੋਦਰ ਪੜ੍ਹਨੇ ਪਿਆ ਤਾਂ ਬੁੱਢਾ ਮਾਸਟਰ ਕਦੇ-ਕਦੇ ਮੈਨੂੰ ਮਿਲ ਪੈਂਦਾ। ਜਦੋਂ ਪਹਿਲੀ ਵਾਰ ਮੈਂ ਉਹਨੂੰ ਦੱਸਿਆ ਕਿ ਮੈਂ ਹੁਣ ਕਾਲਜ ਪੜ੍ਹਦਾ ਹਾਂ, ਤਾਂ ਉਹ ਚੁੱਪ ਹੀ ਹੋ ਗਿਆ। ਕੁਛ ਨਹੀਂ ਬੋਲਿਆ। ਬੱਸ ਜਿੰਦਾਂ ਕੋਈ ਸੱਪ ਹੀ ਸੁੰਘ ਗਿਆ।

ਇਸ ਮਾਸਟਰ ਜੀ ਦੇ ਸਿਰ ਚੋਰੀ ਦਾ ਇਲਜ਼ਾਮ ਵੀ ਲੱਗਦਾ ਰਿਹਾ। ਉਨ੍ਹੀਂ ਦਿਨੀਂ ਬੱਚਿਆਂ ਲਈ ਸਰਕਾਰ ਸੁੱਕਾ ਦੁੱਧ ਸਕੂਲਾਂ 'ਚ ਘੱਲਦੀ ਸੀ, ਬਾਲਕਾਂ ਦੀ ਸਿਹਤਯਾਬੀ ਲਈ। ਦੁਪਹਿਰ ਨੂੰ ਇਸ ਦੁੱਧ ਨੂੰ ਘੋਲ ਕੇ ਤੱਤਾ ਕਰੀਦਾ ਸੀ। ਫਿਰ ਬੱਚਿਆਂ ਨੂੰ ਪੀਣ ਲਈ ਵਰਤਾਇਆ ਜਾਂਦਾ। ਇਹ ਜ਼ਿੰਮੇਵਾਰੀ ਨਿਆਣਿਆਂ ਨੂੰ ਆਪੇ ਨਿਭਾਉਣ ਦਾ ਹੁਕਮ ਸੀ। ਮਾਸਟਰਾਂ ਦਾ ਹੁਕਮ ਉਸ ਵੇਲੇ ਰੱਬ ਦੇ ਹੁਕਮ ਬਰਾਬਰ ਹੁੰਦਾ ਸੀ। ਉਨ੍ਹਾਂ ਨੇ ਤਾਂ ਓਨਾ ਹੀ ਤਿਆਰ ਕਰਨਾ ਸੀ, ਜਿੰਨਾ ਮਾਸਟਰ ਜੀ ਦਿੰਦੇ। ਇਲਜ਼ਾਮ ਇਹ ਸੀ ਕਿ ਬੱਚਿਆਂ ਲਈ ਆਏ ਸੁੱਕੇ ਦੁੱਧ 'ਚੋਂ ਬੁੱਢਾ ਮਾਸਟਰ ਚੋਰੀ ਕਰਕੇ ਘਰ ਲੈ ਜਾਂਦਾ ਸੀ ਤੇ ਆਪਣੀ ਹੱਟੀ 'ਤੇ ਵੇਚ ਲੈਂਦਾ ਸੀ। ਲੈ ਕੇ ਜਾਂਦਾ ਸੀ ਜਾਂ ਨਹੀਂ, ਮੈਨੂੰ ਤਾਂ ਪਤਾ ਨਹੀਂ, ਉਹਦਾ ਭਗਵਾਨ ਜਾਣਦਾ ਹੋਊ, ਪਰ ਘਰ ਨੂੰ ਜਾਂਦੇ ਦਾ ਇਹਦਾ ਥੈਲਾ ਕਦੇ ਕਦੇ ਵਾਹਵਾ ਭਾਰਾ ਹੁੰਦਾ ਤੇ ਵੱਧ ਫੁੱਲਿਆ ਹੋਇਆ ਵੀ। ਨਕੋਦਰ ਇਹਨੇ ਹੱਟੀ ਵੀ ਪਾਈ ਹੋਈ ਸੀ। ਹੱਟੀ ਕੋਈ ਬਹੁਤੀ ਵੱਡੀ ਵੀ ਨਹੀਂ ਸੀ। ਐਵੇਂ ਬੁੱਤਾ ਸਾਰ ਹੀ ਸੀ, ਦੋ-ਚਾਰ ਚੀਜਾਂ ਹੀ ਰੱਖੀਆਂ ਹੁੰਦੀਆਂ।

ਹੋਰ ਇਲਜ਼ਾਮ ਇਹ ਸੀ ਕਿ ਇਹ ਨਿਆਣਿਆਂ ਨੂੰ ਪਾਸ ਕਰਨ ਦੇ ਲਾਰੇ ਲਾ ਕੇ, ਨਿਆਣਿਆਂ ਦੀਆਂ ਮਾਂਵਾਂ ਤੋਂ ਜਾਂ ਕੁੱਕੜ ਲੈਂਦਾ ਸੀ ਜਾਂ ਮੁਰਗੀਆਂ ਦੇ ਆਂਡੇ। ਇਹ ਆਂਡੇ ਵੀ ਦੁਕਾਨ 'ਤੇ ਜਾ ਵੇਚਦਾ ਸੀ। ਛੱਲੀਆਂ, ਮਿਰਚਾਂ, ਗੰਨੇ, ਗੁੜ ਤਾਂ ਆਮ ਸੁਣੀਂਦੇ ਸੀ ਪਰ ਕੁੱਕੜ ਵਾਲੀ ਗੱਲ ਵੱਡੀ ਸੀ। ਪਤਾ ਨਹੀਂ ਕਿੱਦਾਂ ਘਰ ਨੂੰ ਲਿਜਾਂਦਾ ਹੋਊ? ਇਹ ਗੱਲਾਂ ਉਹਦੇ ਨਾਲ ਚੁੱਭਦੇ ਮਾਸਟਰ ਵੀ ਉਡਾਉਂਦੇ ਸਨ। ਕੰਨ ਰਸੀਏ ਨਿਆਣੇ ਫਿਰ ਗੱਲ ਏਦਾਂ ਚੱਕ ਲੈਂਦੇ ਕਿ ਸਾਰੇ ਪਹੁੰਚਦੀ ਕਰਕੇ ਛੱਡਦੇ।

ਇਕ ਵਾਰ ਕਲਾਸ 'ਚ ਇਹ ਮਾਸਟਰ ਜੀ ਪੜ੍ਹਾਉਣ ਦੀ ਕੋਈ ਮਸ਼ਕ ਕਰਾਉਂਦਾ ਸੀ। ਜਿਸ ਬਾਲੜੀ ਨੂੰ ਇਹਨੇ ਪੰਜਾਬੀ ਦਾ ਸਬਕ ਪੜ੍ਹਨ ਲਈ ਕਿਹਾ, ਉਹ ਵਿਚਾਰੀ ਬਹੁਤੀ ਸੰਗਾਊ ਸੀ। ਪੇਂਡੂ ਸਮਾਜ ਦੀ ਦਬਾਈ ਹੋਈ ਬੱਚੀ ਸੀ। ਕਿਸੇ ਨਾਲ ਬੋਲਦੀ ਵੀ ਘੱਟ ਹੀ ਸੀ। ਵਿਚਾਰੀ ਪੜ੍ਹਨ ਨੂੰ ਵੀ ਵੱਤੇ ਈ ਸੀ। ਮਾਸਟਰ ਕਹੀ ਜਾਵੇ, "ਮੈਂ ਆਖੀ ਜਾਨਾਂ ਏਂ, ਮੁੜ ਦੀਅਹ ਜਾਅਵੀਏ, ਜੋ ਵੀ ਚਾਅ ਬੋਲਣਾ ਏਂ, ਹੁੱਚੀ ਬੋਲ, ਹੁੱਚੀ ਬੋਲ; ਮੂੰਅ ਇੱਚ ਕੀ ਪਈ ਮਿਣ ਮਿਣ ਕਰਨੀ ਏ। ਕਿਸੀ ਕੋ ਸੁਣੇ ਵੀ ਤਾਂ ਸਈ।" ਕੁੜੀ ਵਿਚਾਰੀ ਦੀ ਤਾਂ ਜੀਭ ਤਾਲੂ ਨਾਲ ਲੱਗੀ ਹੋਈ ਸੀ। ਕੁਛ ਕਹੇ ਹੀ ਨਾ। ਲੱਤਾਂ ਕੰਬੀ ਜਾਣ। ਰੋਣ ਹਾਕੀ ਹੋਈ ਸਿਰ ਨੀਵਾਂ ਕਰੀ ਖੜ੍ਹੀ ਸੀ। ਡਰ ਤੇ ਨਿਮੋਸ਼ੀ ਨਾਲ ਰੰਗ ਲਾਲ ਹੋਈ ਜਾਵੇ। ਮਾਸਟਰ ਲਾਗੇ ਬੈਠੇ, ਹਿਣ ਹਿਣ ਕਰਦੇ ਮਨੀਟਰ ਨੇ ਆਪਣੇ ਕੋਲੋਂ ਹੀ ਬਣਾ ਕੇ ਐਵੇਂ ਹੀ ਕਹਿ ਦਿੱਤਾ, ਜੀਅ ਇਹ ਕਹਿੰਦੀ ਆ, ਰਾਰੇ ਨੂੰ ਬਿਹਾਰੀ ਬਣਿਆ- ਸੀ। ਸਾਰੇ ਹੱਸ ਪਏ। ਜਿਹੜੇ ਆਪ ਕਦੇ ਕੁਸਕਦੇ ਵੀ ਨਹੀਂ ਸੀ, ਉਹ ਵੀ ਹਿੜ ਹਿੜ ਕਰਨ ਲੱਗ ਪਏ।

ਕੁੜੀ ਦੀ ਹਾਲਤ ਬਦ ਤੋਂ ਬਦਤਰ ਹੋ ਗਈ। ਵਿਚਾਰੀ ਪਾਣੀਓ-ਪਾਣੀ ਹੋ ਗਈ। ਮਾਸਟਰ ਬਿਨਾ ਪੁੱਛ-ਪੜਤਾਲ ਕਰਨ ਤੋਂ ਗੁੱਸੇ 'ਚ ਧੀ-ਧਿਆਣੀ ਨੂੰ ਮਾਰਨ ਲੱਗ ਪਿਆ। ਕੁੜੀ ਸਿਰ ਨੀਵਾਂ ਕਰੀ, ਬਚਾਅ ਲਈ ਮੋਢੇ 'ਤਾਂਹ ਨੂੰ ਕਰਕੇ ਡੁਸਕਣ ਲੱਗ ਪਈ। ਮਾਸਟਰ ਨੂੰ ਹੋਰ ਗੁੱਸਾ ਚੜ੍ਹੀ ਜਾਵੇ। ਬਾਲੜੀ ਧੀ ਧਿਆਣੀ ਨੂੰ ਕਹਿੰਦਾ, "ਕੰਨ ਪਕੜ, ਚੱਵਲੇ ਕੰਨ ਪਕੜ, ਮੈਂ ਆਹਨਾਂ ਫੁਰਤੀ ਨਾਲ ਪਕੜ ਕੰਨ। ਮੈਂ ਹੁਣੇ ਦੱਸਸਾਂ ਤੈਨੂੰ, ਰਾਅਰੇ ਨੂੰ ਬਿਆਰੀ ਸੀ, ਕੀਅ ਓਂਅਦੀ ਏ; ਏਅਹ ਤੈਂਅਨੂੰ ਕੇਅਸ ਕੰਜਰ ਨੇ ਸਿੱਖਾਇਆ ਏ, ਮੁੜ ਮੈਨੂੰ ਵੀ ਪਤਾ ਲੱਗੇ ਚਾ?"

ਗੁੱਸੇ 'ਚ ਅੱਗ ਬਬੂਲਾ ਹੋਏ ਮਾਸਟਰ ਜੀ ਨੂੰ ਇਹ ਸੁਧ-ਬੁਧ ਵੀ ਨਾ ਰਹੀ ਕਿ ਕੁੜੀਆਂ ਦੇ ਕੰਨ ਫੜਾਏ ਜਾਣੇ ਜਾਇਜ਼ ਨਹੀਂ ਸੀ ਜਾਣੇ ਜਾਂਦੇ। ਜੇ ਇਸ ਧੀ-ਧਿਆਣੀ ਦੇ ਮਾਪਿਆਂ ਨੂੰ ਪਤਾ ਲੱਗ ਜਾਂਦਾ ਤਾਂ ਉਨ੍ਹਾਂ ਮਾਸਟਰ ਜੀ ਦੀ ਐਸੀ ਅਣ੍ਹੀ ਤਣ੍ਹੀ ਫੇਰਨੀ ਸੀ ਕਿ ਉਹਦੀਆਂ ਕਈ ਪੁਸ਼ਤਾਂ ਨਾ ਭੁੱਲ ਸਕਦੀਆਂ: ਵਾਹਵਾ ਸਰਦੇ ਪੁੱਜਦੇ ਘਰ ਦੀ ਧੀ ਸੀ, ਇਹ ਬੀਬੀ। ਉਹ ਮਾਸਟਰ ਜੀ ਨੂੰ ਕੁਝ ਵੀ ਕਰ ਸਕਦੇ ਸੀ। ਪਰ ਸਭ ਤੋਂ ਵੱਡੇ ਸਿਤਮ ਦੀ ਗੱਲ ਤਾਂ ਇਹ ਸੀ ਕਿ ਉਸ ਵਿਚਾਰੀ ਨੇ ਤਾਂ ਕਿਹਾ ਹੀ ਕੁਝ ਨਹੀਂ ਸੀ। ਸਾਰੀ ਕਾਰਸ਼ੈਤਾਨੀ ਤਾਂ ਚੌਧਰ ਦੀ ਭੋਖੜ ਦੇ ਮਾਰੇ ਮਨੀਟਰ ਦੀ ਸੀ; ਜਿਹਨੇ ਆਪਣੀ ਫੋਕੀ ਪੈਂਠ ਬਣਾਉਣ ਲਈ ਰਾਰੇ ਨੂੰ ਬਿਹਾਰੀ 'ਸੀ' ਬਣਾ ਕੇ ਕੁੜੀ ਲਈ ਡਾਢੀ ਮੁਸ਼ਕਿਲ ਖੜ੍ਹੀ ਕਰ ਦਿੱਤੀ ਸੀ। ਨਿਓਟੀ ਧੀ-ਧਿਆਣੀ ਬਹੁਤੀ ਨਿਮੋਸ਼ੀ ਮੰਨ ਗਈ। ਉਸੇ ਸਾਲ ਸਕੂਲ ਆਉਣੋਂ ਹਟ ਗਈ। ਆਪਣੇ ਗੁਰੂਦੇਵ ਮਹਾਰਾਜ ਦੀ 'ਮਿਹਰਬਾਨੀ' ਸਦਕਾ ਵਿਚਾਰੀ ਗਿਆਨ-ਵਿੱਦਿਆ ਤੋਂ ਊਣੀ ਰਹਿ ਗਈ, ਬੱਸ ਘਰ ਦਾ ਰੋਟੀ ਟੁੱਕ ਕਰਨ ਜੋਗੀ।

# 'ਮੰਜੇ ਬਿਸਤਰੇ' ਵਾਲਾ ਹਲਵਾਈ ਸਾਧੂ ਨਾਥ ਬਨਾਮ ਕਰਮਜੀਤ ਅਨਮੋਲ

ਗਿੱਪੀ ਗਰੇਵਾਲ ਤੇ ਸੋਨਮ ਬਾਜਵਾ ਦੀ ਫਿਲਮ 'ਮੰਜੇ ਬਿਸਤਰੇ' ਵਿਚ ਕਾਮੇਡੀਅਨ ਕਰਮਜੀਤ ਅਨਮੋਲ ਇੱਕ ਸ਼ਰਾਰਤੀ ਤੇ ਰੌਣਕੀ ਪਾਤਰ ਸਾਧੂ ਨਾਥ ਹਲਵਾਈ ਬਣਿਆ ਹੈ। ਇਹ ਫਿਲਮ ਪਹਿਲੇ ਸਮਿਆਂ ਵਿਚ ਵਿਆਹ



*ਫਿਲਮ 'ਮੰਜੇ ਬਿਸਤਰੇ' ਵਿਚ ਕਾਮੇਡੀਅਨ ਕਰਮਜੀਤ ਅਨਮੋਲ*

ਸਮਾਗਮਾਂ ਮੌਕੇ ਮੇਲੀਆਂ-ਗੇਲੀਆਂ ਦੇ ਪੈਣ-ਬੈਠਣ ਲਈ ਪਿੰਡ 'ਚੋਂ ਮੰਜੇ-ਬਿਸਤਰੇ ਇਕੱਠੇ ਕਰਨ ਦੇ ਨਾਂ 'ਤੇ ਹੈ।

ਇਕ ਮੁਲਾਕਾਤ ਵਿਚ ਕਰਮਜੀਤ ਅਨਮੋਲ ਨੇ ਦੱਸਿਆ ਕਿ ਇਸ ਫਿਲਮ ਵਿਚ ਉਸ ਨੇ ਬਜ਼ੁਰਗ ਸਾਧੂ ਨਾਥ ਹਲਵਾਈ ਦਾ ਕਿਰਦਾਰ ਨਿਭਾਇਆ ਹੈ, ਜੋ ਬਹੁਤ ਸ਼ਰਾਰਤੀ ਤੇ ਰੌਣਕੀ ਹੈ। ਖਾਸ ਗੱਲ ਕਿ ਇਸ 85 ਸਾਲਾ ਬਜ਼ੁਰਗ ਪਾਤਰ ਦਾ ਰੋਲ ਨਿਭਾਉਣ ਲਈ ਮੇਰੇ ਮੇਕਅੱਪ 'ਤੇ ਢਾਈ ਘੰਟੇ ਲੱਗਦੇ ਸਨ। ਮੇਕਅੱਪ ਕੁੜੀ ਜੰਨਤ ਕੌਰ ਸੇਠੀ ਕਰਦੀ ਸੀ। ਫਿਲਮ 'ਚ ਮੇਰੇ ਚਿਹਰੇ 'ਤੇ ਜੋ ਝੁਰੜੀਆਂ ਨਜ਼ਰ ਆਉਂਦੀਆਂ ਹਨ, ਉਸੇ ਨੇ ਪਾਈਆਂ ਹਨ। ਇਹ ਮੇਕਅੱਪ 15 ਘੰਟੇ ਮੇਰੇ ਚਿਹਰੇ 'ਤੇ ਰਹਿੰਦਾ।

ਸੁਨਾਮ ਨੇੜਲੇ ਪਿੰਡ ਗੰਢੂਆਂ ਦੇ ਜੰਮਪਲ ਕਰਮਜੀਤ ਅਨਮੋਲ ਦਾ ਪਿਛੋਕੜ ਪੇਂਡੂ ਕਲਚਰ ਨਾਲ ਜੁੜਿਆ ਰਿਹਾ ਹੈ। ਪੰਜਾਬੀ ਫਿਲਮਾਂ ਵਿਚ ਉਸ ਵਲੋਂ ਨਿਭਾਏ ਬਹੁਤੇ ਕਿਰਦਾਰ ਉਸ ਦੀ ਜ਼ਿੰਦਗੀ ਦੇ ਨੇੜੇ-ਤੇੜੇ ਦੇ ਹੀ ਹਨ। ਇਹ ਕਿਰਦਾਰ ਉਹ ਖੁਦ ਹੀ ਤਿਆਰ ਕਰਦਾ ਹੈ। ਜਿਵੇਂ 'ਅਰਦਾਸ' ਫਿਲਮ ਵਿਚਲਾ ਲਾਲਾ ਸੰਭੂ ਨਾਥ ਅਤੇ 'ਮੰਜੇ-ਬਿਸਤਰੇ' ਵਾਲਾ ਸਾਧੂ ਨਾਥ।

ਹੁਣ ਤੱਕ 40 ਦੇ ਕਰੀਬ ਪੰਜਾਬੀ-ਹਿੰਦੀ ਫਿਲਮਾਂ ਕਰ ਚੁਕੇ ਕਰਮਜੀਤ ਦੀਆਂ 'ਚੰਨਾਂ ਮੇਰਿਆ' ਅਤੇ 'ਵੇਖ ਬਰਾਤਾਂ ਚੱਲੀਆਂ' ਫਿਲਮਾਂ ਆਉਣ ਵਾਲੇ ਦਿਨਾਂ 'ਚ ਰਿਲੀਜ਼ ਹੋਣਗੀਆਂ। ਉਸ ਦਾ ਕਹਿਣਾ ਹੈ ਕਿ 'ਅੰਗਰੇਜ਼' ਫਿਲਮ ਦੀ ਸਫਲਤਾ ਨੇ ਪੰਜਾਬ ਦੇ ਪੁਰਾਣੇ ਕਲਚਰ ਬਾਰੇ ਫਿਲਮਾਂ ਬਣਾਉਣ ਦੀ ਚੰਗੀ ਪਿਰਤ ਪਾਈ ਹੈ। ਚੰਗੀ ਗੱਲ ਹੈ ਕਿ ਫਿਲਮਾਂ ਜਰੀਏ ਇਹ ਵਿਰਾਸਤ ਸਾਂਭੀ ਜਾ ਰਹੀ ਹੈ। ਸਾਡੀ ਆਉਣ ਵਾਲੀ ਪੀੜ੍ਹੀ ਇਸ ਨਾਲ ਜੁੜੀ ਰਹੇਗੀ। ਇਸੇ ਕਲਚਰ ਦੀ ਇੱਕ ਫਿਲਮ 'ਲਾਵਾਂ-ਫੇਰੇ' ਬਤੌਰ ਨਿਰਮਾਤਾ ਉਹ ਖੁਦ ਵੀ ਬਣਾ ਰਿਹਾ ਹੈ।

ਕਰਮਜੀਤ ਅਨਮੋਲ ਫਿਲਮਾਂ ਦੇ ਨਾਲ-ਨਾਲ ਗਾਇਕੀ ਨਾਲ ਵੀ ਜੁੜਿਆ ਹੋਇਆ ਹੈ। ਉਸ ਨੇ ਸੱਭਿਆਚਾਰਕ ਤੇ ਮਿਆਰੀ ਗਾਇਕੀ



*ਕਰਮਜੀਤ ਅਨਮੋਲ*

ਨਾਲ ਆਪਣਾ ਵੱਖਰਾ ਮੁਕਾਮ ਹਾਸਿਲ ਕੀਤਾ ਹੈ। ਆਮ ਗੀਤਾਂ ਤੋਂ ਹਟ ਕੇ ਉਸ ਨੇ ਜਾਗਦੀਆਂ ਜਮੀਰਾਂ ਵਾਲੇ ਗੀਤ 'ਪਿੰਡ ਵਿਕਾਊ ਹੈ' ਅਤੇ 'ਕੁਰਸੀ' ਵੀ ਗਾਏ ਹਨ। ਖ਼ੂਬਸੂਰਤ ਤੇ ਸੁਰੀਲੀ ਗਾਇਕਾ ਨਿਸ਼ਾ ਬਾਨੋ ਬਤੌਰ ਸਹਿ ਗਾਇਕਾ ਪਿਛਲੇ ਕਈ ਸਾਲਾਂ ਤੋਂ ਉਸ ਨਾਲ ਸਟੇਜਾਂ ਕਰ ਰਹੀ ਹੈ। ਨਿਸ਼ਾ ਨੂੰ ਫਿਲਮਾਂ ਵੱਲ ਜਾਣ ਲਈ ਵੀ ਕਰਮਜੀਤ ਨੇ ਹੀ ਪ੍ਰੇਰਿਤ ਕੀਤਾ।

-ਸੁਰਜੀਤ ਜੱਸਲ
ਫੋਨ: 91-98146-07737

# ਟਰੰਪ ਦੇ ਦੌਰ 'ਚ ਅਸਗਰ ਫਰਹਾਦੀ ਹੋਣ ਦਾ ਅਰਥ

## ਇਰਾਨੀ ਸਿਨੇਮਾ ਉਤੇ ਝਾਤੀ



**ਕੁਲਦੀਪ ਕੌਰ**
ਫੋਨ: +91-98554-04330

ਵਿਦੇਸ਼ੀ ਭਾਸ਼ਾ ਵਿਚ ਬਣੀ ਬਿਹਤਰੀਨ ਫਿਲਮ ਦਾ ਅਕਾਦਮੀ ਇਨਾਮ (ਜੋ ਆਸਕਰ ਇਨਾਮ ਵਜੋਂ ਵੱਧ ਮਸ਼ਹੂਰ ਹੈ) ਜਿੱਤਣ ਤੋਂ ਬਾਅਦ ਫਿਲਮ 'ਸੇਲਜ਼ਮੈਨ' ਨੇ ਆਪਣੀ ਗੁੰਝਲਦਾਰ ਪਟਕਥਾ ਅਤੇ ਸਮਕਾਲੀ ਰਿਸ਼ਤਿਆਂ ਦੀ ਵਿਆਕਰਣ ਦੀ ਯਥਾਰਥਕ ਪੇਸ਼ਕਾਰੀ ਨਾਲ ਦੁਨੀਆਂ ਭਰ ਦੇ ਦਰਸ਼ਕਾਂ ਦਾ ਧਿਆਨ ਖਿੱਚਿਆ ਹੈ। ਖਿੱਚ ਦਾ ਵੱਡਾ ਕਾਰਨ ਉਹ ਚਿੱਠੀ ਵੀ ਬਣੀ ਹੈ ਜਿਹੜੀ ਇਸ ਫਿਲਮ ਦੇ ਨਿਰਦੇਸ਼ਕ ਅਸਗਰ ਫਰਹਾਦੀ ਨੇ ਲਿਖੀ ਹੈ। ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਾਰਡ ਟਰੰਪ ਵੱਲੋਂ ਪਾਸ ਇਮੀਗ੍ਰੇਸ਼ਨ ਕਾਨੂੰਨ ਰਾਹੀਂ ਮੁਸਲਿਮ ਬਹੁਗਿਣਤੀ ਵਾਲੇ ਸੱਤ ਦੇਸ਼ਾਂ- ਇਰਾਨ, ਇਰਾਕ, ਸੀਰੀਆ, ਯਮਨ, ਸੁਮਾਲੀਆ, ਸੂਡਾਨ ਤੇ ਲੀਬੀਆ ਦੇ ਨਾਗਰਿਕਾਂ ਦੇ ਅਮਰੀਕਾ ਵਿਚ ਦਾਖਲੇ ਖਿਲਾਫ ਇਹ ਚਿੱਠੀ ਸਾਡੇ ਸਮਿਆਂ ਦਾ ਅਹਿਮ ਦਸਤਾਵੇਜ਼ ਹੈ। ਇਹ ਸਾਧਾਰਨ ਸਮੇਂ ਨਹੀਂ। ਸ਼ਾਇਦ ਇਸ ਤੋਂ ਪਹਿਲਾਂ ਕਦੇ ਵੀ ਦੁਨੀਆਂ ਦਾ ਆਵਾਮ 'ਅਸੀਂ' ਅਤੇ 'ਉਹ' ਵਿਚ ਇੰਨੇ ਬੇਰਹਿਮ ਤਰੀਕੇ ਨਾਲ ਕਦੇ ਨਹੀਂ ਸੀ ਵੰਡਿਆ ਗਿਆ। ਇਸ ਵਾਰ ਇਹ ਵੰਡ ਆਰਥਿਕ, ਸਿਆਸੀ ਜਾਂ ਭੂਗੋਲਿਕ ਨਹੀਂ, ਸਗੋਂ ਇਨਸਾਨ ਦੇ ਤੌਰ 'ਤੇ ਵੱਖ-ਵੱਖ ਮੁਲਕਾਂ ਦੇ ਬਾਸ਼ਿੰਦਿਆਂ ਦੇ ਸੋਚਣ-ਸਮਝਣ ਤੇ ਸੰਵੇਦਨਾ ਦੀ ਸਮਰੱਥਾ ਉਤੇ ਵੱਡਾ ਸਵਾਲ ਕਰਨ ਵਾਲੀ ਹੈ। ਵਾਤਾਵਰਨ ਦੇ ਵਿਗਾੜਾਂ ਅਤੇ ਅਸੰਤੁਲਿਤ ਵਿਕਾਸ ਨਾਲ ਲੜਨ ਦੀ ਥਾਂ ਨਿੱਜੀ ਹਿਤਾਂ ਨੂੰ ਪਹਿਲ ਦਿੰਦੀਆਂ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਕਦੋਂ ਸਭਿਅਤਾ ਦੀਆਂ ਨਾਜ਼ੁਕ ਰਗਾਂ ਨੂੰ ਤਥਾ-ਕਥਿਤ 'ਵਤਨਪ੍ਰਸਤੀ' ਨਾਲ ਮਸਲ ਜਾਂ ਕੁਤਰ ਦਿੰਦੀਆਂ ਹਨ, ਪਤਾ ਹੀ ਨਹੀਂ ਲੱਗਦਾ। ਅਸਗਰ ਫਰਹਾਦੀ ਆਪਣੀ ਇਸ ਚਿੱਠੀ ਰਾਹੀ 'ਵਤਨਪ੍ਰਸਤੀ' ਦੇ ਤੰਗ ਚੌਖਟੇ ਤੋਂ ਪਾਰ ਦੁਨੀਆਂ ਨਾਲ ਸਮਕਾਲੀ ਹੋਣ ਦੀ ਸਾਂਝ ਪਾਉਂਦਾ ਹੈ, ਲਿਖਦਾ ਹੈ- "ਲਗਾਤਾਰ ਦੂਜੀ ਵਾਰ ਇਸ ਸਨਮਾਨ ਦਾ ਮੇਰੀ ਝੋਲੀ ਵਿਚ ਪੈਣਾ ਆਪਣੇ ਆਪ ਵਿਚ ਵੱਡਾ ਮਾਣ ਹੈ। ਇਸ ਲਈ ਮੈਂ ਅਕੈਡਮੀ ਦੇ ਮੈਂਬਰ ਸਹਿਬਾਨ, ਇਰਾਨ ਵਿਚ ਮੇਰੀ ਟੀਮ, ਫਿਲਮ ਦੇ ਨਿਰਮਾਤਾ ਅਲੈੱਗਜ਼ੈਂਡਰ, ਕੌਹਨ ਮੀਡੀਆ, ਐਮਾਜ਼ਨ ਤੇ ਵਿਦੇਸ਼ੀ ਬਿਹਤਰੀਨ ਫਿਲਮ ਦੀ ਸ਼੍ਰੇਣੀ ਵਿਚ ਨਾਮਜ਼ਦ ਹੋਣ ਵਾਲੇ ਮੇਰੇ ਸਾਥੀਆਂ ਦਾ ਧੰਨਵਾਦ ਕਰਦਾ ਹਾਂ। ਮੈਨੂੰ ਅਫਸੋਸ ਹੈ ਕਿ ਮੈਂ ਇਸ ਮੌਕੇ ਹਾਜ਼ਰ ਨਹੀਂ। ਮੇਰੀ ਇਹ ਗੈਰਹਾਜ਼ਰੀ ਮੇਰੇ ਹਮਵਤਨਾਂ ਅਤੇ ਉਨ੍ਹਾਂ ਛੇ ਮੁਲਕਾਂ ਦੇ ਆਵਾਮ ਨਾਲ ਇਕਮੁਠਤਾ ਦਾ ਪ੍ਰਗਟਾਵਾ ਹੈ ਜਿਨ੍ਹਾਂ ਨੂੰ ਅਣਮਨੁੱਖੀ ਕਾਨੂੰਨ ਦੇ ਜ਼ਰੀਏ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਜਿਸ ਰਾਹੀਂ ਉਨ੍ਹਾਂ ਉਤੇ ਅਮਰੀਕਾ ਵਿਚ ਦਾਖਲ ਹੋਣ 'ਤੇ ਰੋਕ ਲਗਾ ਦਿੱਤੀ ਗਈ ਹੈ। ਇਸ ਦੁਨੀਆਂ ਨੂੰ 'ਅਸੀਂ' ਅਤੇ 'ਉਹ' ਵਿਚ ਵੰਡਣ ਨਾਲ ਸਿਰਫ ਭੈਅ ਉਪਜਦਾ ਹੈ ਜਿਹੜਾ ਵਧੀਕੀਆਂ ਅਤੇ ਜੰਗਾਂ ਲਈ ਬੇਈਮਾਨ ਕਿਸਮ ਦਾ ਤਰਕ ਸਿਰਜਦਾ ਹੈ। ਇਹ ਜੰਗਾਂ ਅਸਲ ਵਿਚ ਵਧੀਕੀਆਂ ਦਾ ਸ਼ਿਕਾਰ ਮੁਲਕਾਂ ਵਿਚ ਹੀ ਜਮਹੂਰੀਅਤ ਦਾ ਅਮਲ ਰੋਕਦੀਆਂ ਹਨ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਦੀਆਂ ਹਨ। ਸਾਡਾ ਫਿਲਮਸਾਜ਼ਾਂ ਦਾ ਕੈਮਰਾ ਸਾਂਝੀਆਂ ਮਨੁੱਖੀ ਰਵਾਇਤਾਂ ਵੱਲ ਮੁੜਨਾ ਚਾਹੀਦਾ ਹੈ ਤਾਂ ਕਿ ਰਾਸ਼ਟਰਾਂ ਅਤੇ ਧਰਮਾਂ ਦੀਆਂ ਤੰਗ ਮਿੱਥ ਤੋੜੀਆਂ ਜਾ ਸਕਣ। ਉਨ੍ਹਾਂ ਨੂੰ 'ਅਸੀਂ' ਅਤੇ 'ਉਹ' ਵਿਚ ਉਸ ਸੰਵੇਦਨਾ ਅਤੇ ਮਮਤਾ ਨੂੰ ਜਗਾਉਣਾ ਪੈਣਾ ਹੈ ਜਿਸ ਦੀ ਇਸ ਵੇਲੇ ਦੁਨੀਆਂ ਨੂੰ ਸਭ ਤੋਂ ਵੱਧ ਜ਼ਰੂਰਤ ਹੈ।" ਇਹ ਚਿੱਠੀ ਸਮਾਗਮ 'ਚ ਦੁਨੀਆਂ ਭਰ ਦੇ ਆਵਾਮ ਨੇ ਸੁਣੀ।

ਸਮਾਗਮ ਤੋਂ ਬਾਅਦ ਵੀਡੀਓ ਕਾਨਫਰੰਸ ਦੇ ਜ਼ਰੀਏ ਭੇਜੇ ਸੁਨੇਹੇ ਵਿਚ ਫਰਹਾਦੀ ਨੇ ਉਮੀਦ ਕੀਤੀ ਕਿ ਇਹ ਸੁਨੇਹਾ ਦੁਨੀਆਂ ਭਰ ਵਿਚ ਇਨਸਾਫ ਅਤੇ ਬਰਾਬਰੀ ਲਈ ਲੜ ਰਹੇ ਲੋਕਾਂ ਵਿਚਲੀ ਸਾਂਝ ਨੂੰ ਹੋਰ ਪਕੇਰਿਆਂ ਕਰੇਗਾ।

ਇਹ ਚਿੱਠੀ ਜਲਾਲ-ਉਦ-ਦੀਨ ਰੂਮੀ ਦੇ ਵਿਹੜੇ 'ਚੋਂ ਆਈ ਹੈ। ਇਸ ਦੀ ਇਬਾਰਤ ਵਿਚੋਂ ਇਰਾਨ ਦੀਆਂ ਸਾਹਿਤਕ ਪ੍ਰੰਪਰਾਵਾਂ, ਸਭਿਆਚਾਰਕ ਮੁੱਲਾਂ, ਸਿਆਸੀ ਚੇਤਨਾ ਅਤੇ ਵਿਰੋਧ ਦੀ ਰਵਾਇਤ ਨੂੰ ਪੜ੍ਹਿਆ ਜਾ ਸਕਦਾ ਹੈ। ਇਹ ਚਿੱਠੀ ਇਹ ਜ਼ਾਮਨੀ ਭਰਦੀ ਹੈ ਕਿ ਕਲਾ ਦਾ ਮਕਸਦ ਸਿਰਫ ਹੰਗਾਮਾ ਖੜ੍ਹਾ ਕਰਨਾ ਨਹੀਂ, ਸਗੋਂ ਲੋਕ ਪੱਖੀ ਸੰਵਾਦ ਦੀ ਰੀਤ ਨੂੰ ਹਰ ਹੀਲੇ ਬਣਾਈ ਤੇ ਬਚਾਈ ਰੱਖਣਾ ਵੀ ਹੈ। ਤਿੰਨ-ਚਾਰ ਸਾਲ ਪਹਿਲਾਂ ਫਰਹਾਦੀ ਦੇ ਫਿਲਮ ਬਣਾਉਣ 'ਤੇ ਇਰਾਨ ਦੀ ਮਨਿਸਟਰੀ ਆਫ ਕਲਚਰ ਤੇ ਇਸਲਾਮਿਕ ਗਾਈਡੈਂਸ ਨੇ ਇਸ ਲਈ ਪਾਬੰਦੀ ਲਗਾ ਦਿੱਤੀ ਸੀ ਕਿ ਉਸ ਨੇ ਆਪਣੇ ਮੁਲਕ ਦੇ ਘਰੋਂ ਬੇਘਰ ਕੀਤੇ ਫਿਲਮਸਾਜ਼ ਮੋਹਸਿਨ ਮਖਮਲਬਾਫ ਅਤੇ ਨਜ਼ਰਬੰਦ ਕੀਤੇ ਫਿਲਮਸਾਜ਼ ਜਫਰ ਪਨਾਹੀ ਦੀ ਦੇਣ ਨੂੰ ਆਪਣੇ ਲੋਕਾਂ ਨੂੰ ਯਾਦ ਰੱਖਣ ਦਾ ਸੱਦਾ ਦਿੱਤਾ ਸੀ। ਇਹ ਤਸਦੀਕ ਹੈ ਕਿ ਇਸ ਸਮੇਂ ਦੁਨੀਆਂ ਦਾ ਸਭ ਤੋਂ ਸੰਵੇਦਨਸ਼ੀਲ ਮੰਨਿਆ ਜਾਣ ਵਾਲਾ ਸਿਨੇਮਾ ਕਿਸ ਕਿਸਮ ਦੀ ਜੰਗ ਲੜ ਰਿਹਾ ਹੈ।

ਇਰਾਨੀ ਸਿਨੇਮਾ ਇਰਾਨ ਦੀ ਕਵਿਤਾ, ਸਾਹਿਤ, ਥੀਏਟਰ, ਇਮਾਰਤਸਾਜ਼ੀ, ਹਸਤ-ਕਲਾਵਾਂ ਅਤੇ ਕਹਾਣੀ ਕਹਿਣ ਦੀਆਂ ਸ਼ਾਨਦਾਰ ਰਵਾਇਤਾਂ ਵਿਚੋਂ ਛਣ ਕੇ ਨਿਕਲਿਆ ਹੈ। ਇਰਾਨੀ ਕਵਿਤਾ ਵਾਂਗ ਇਹ ਸਿਨੇਮਾ ਅੰਤਰ-ਦਵੰਦਾਂ, ਵਿਰੋਧਤਾਈਆਂ ਅਤੇ ਸੁਹਜਤਾ ਦਾ ਸਿਨੇਮਾ ਹੈ। ਇਹ ਦਰਸ਼ਕਾਂ ਦੀਆਂ ਯਾਦਾਂ ਅਤੇ ਸੁਪਨਿਆਂ ਦੀਆਂ ਪਰਤਾਂ ਫਰੋਲਦਾ ਉਸ ਦੇ ਜਜ਼ਬਾਤ ਨੂੰ ਝੰਜੋੜਦਾ ਹੈ। ਉਸ ਨੂੰ ਆਪਣੇ ਆਲੇ-ਦੁਆਲੇ ਨੂੰ ਨੀਝ ਲਾ ਕੇ ਸਮਝਣ ਦੀ ਸੋਝੀ ਦਿੰਦਾ ਹੈ। ਇਸ ਦੇ ਆਪਣੇ ਉਗਮਣ ਤੇ ਵਿਗਸਣ ਦੀ ਕਹਾਣੀ ਵੀ ਕਿਸੇ ਫਿਲਮੀ ਪਟਕਥਾ ਤੋਂ ਘੱਟ ਨਹੀਂ।

1979 ਵਿਚ ਇਰਾਨ ਵਿਚ ਹੋਏ 'ਇਸਲਾਮਿਕ ਇਨਕਲਾਬ' ਤੋਂ ਬਾਅਦ ਇਹ ਖਦਸ਼ਾ ਸੀ ਕਿ ਸਮਾਜ ਨੂੰ ਸ਼ੀਸ਼ਾ ਦਿਖਾਉਣ ਵਾਲੀ ਸਿਨੇਮਾ ਵਰਗੀ ਕਲਾ ਹੁਣ ਹਾਸ਼ੀਏ 'ਤੇ ਚਲੀ ਜਾਵੇਗੀ, ਪਰ ਇਰਾਨ ਦੇ ਫਿਲਮਸਾਜ਼ਾਂ ਨੇ ਮਾੜੇ ਹਾਲਾਤ ਵਿਚ ਵੀ ਆਪਣੇ ਹੁਨਰ ਨੂੰ ਵਿਚਾਰਾਂ ਦੀ ਸਾਣ 'ਤੇ ਲਾਈ ਰੱਖਿਆ। 'ਇਸਲਾਮਿਕ ਇਨਕਲਾਬ' ਧਾਰਮਿਕ ਉਨਮਾਦ ਵਿਚੋਂ ਨਿਕਲੀ ਹੋਣ ਕਾਰਨ ਅਤੇ ਸੱਤਾ ਵਿਚ ਕਾਬਜ਼ ਵਰਗ ਦੀ ਆਪਸੀ ਧੜੇਬੰਦੀ ਨੇ ਆਵਾਮ ਅਤੇ ਕਲਾ ਜਗਤ ਵਿਚ ਅਣਦਿਸਦਾ ਰਿਸ਼ਤਾ ਬਣਾਇਆ। ਇਸ ਦਾ ਅਰਥ ਇਹ ਨਹੀਂ ਕਿ ਇਰਾਨੀ ਸਮਾਜ ਦੋ ਧਿਰਾਂ ਵਿਚ ਵੰਡਿਆ ਗਿਆ, ਇਸ ਦਾ ਅਰਥ ਇਹ ਹੈ ਕਿ ਕਲਾ ਦੇ ਖੇਤਰ ਵਿਚ ਫਿਲਮਸਾਜ਼ਾਂ ਅਤੇ ਵੱਖ-ਵੱਖ ਧੜਿਆਂ ਵਿਚ ਸਹਿਮਤੀ-ਅਸਹਿਮਤੀ ਦਾ ਤਿੱਖਾ ਦੌਰ ਸ਼ੁਰੂ ਹੋ ਗਿਆ। 'ਫਿਲਮ ਕਿਉਂ ਬਣੇ', 'ਕਿਸ ਤਰ੍ਹਾਂ ਦੀ ਬਣੇ', ਤੋਂ ਲੈ ਕੇ 'ਫਿਲਮ ਕੀ ਹੈ', ਤੱਕ ਵਿਚਾਰਧਾਰਕ ਬਹਿਸਾਂ ਤੇ ਝੜਪਾਂ ਦਾ ਦੌਰ ਚਲਿਆ। ਸਰਕਾਰ ਦੇ ਉਦਾਰਵਾਦੀ ਹਲਕਿਆਂ ਨੇ 'ਗਰਮ-ਖਿਆਲ' ਫਿਲਮਸਾਜ਼ਾਂ ਨੂੰ ਖੂੰਜੇ ਲਾਉਣ ਲਈ ਆਪਣੇ ਪੱਧਰ 'ਤੇ ਫਿਲਮਾਂ ਦਾ ਨਿਰਮਾਣ ਕਰਵਾਇਆ। ਦਿਲਚਸਪ ਤੱਥ ਇਹ ਹੈ ਕਿ ਫਿਲਮਸਾਜ਼ੀ ਨੂੰ ਵੀ ਉਨ੍ਹਾਂ ਹੀ ਸਵਾਲਾਂ ਨਾਲ ਦੋ-ਚਾਰ ਹੋਣਾ ਪਿਆ ਜਿਸ ਨਾਲ ਇਰਾਨ ਦੀ ਕਵਿਤਾ ਲੰਮੇ ਸਮੇਂ ਤੋਂ ਜੂਝ ਰਹੀ ਸੀ। ਇਸ ਕਵਿਤਾ ਵਿਚ 'ਮਹਿਬੂਬ' ਦਾ ਤਸੱਵਰ ਔਰਤ ਤੱਕ ਮਹਿਦੂਦ ਨਹੀਂ, ਸਗੋਂ ਇਹ ਮਰਦ, ਰੱਬ, ਵਿਚਾਰ ਜਾਂ ਫਿਰ ਦੁਨੀਆਂ ਦੀ ਕੋਈ ਵੀ ਰੂਹ ਨੂੰ ਛੂਹ ਜਾਣ ਵਾਲੀ ਸ਼ੈਅ ਹੋ ਸਕਦੀ ਹੈ। ਇਸਲਾਮੀ ਸਰਕਾਰ ਕਿਉਂਕਿ ਦੁਨਿਆਵੀ ਮੁਹੱਬਤ, ਖਾਸ ਕਰ ਕੇ ਔਰਤ-ਮਰਦ ਦੀਆਂ ਨਜ਼ਦੀਕੀਆਂ ਨੂੰ ਪਰਦੇ 'ਤੇ ਦਿਖਾਉਣ ਦੇ ਸਖਤ ਖਿਲਾਫ ਸੀ, ਫਿਲਮਸਾਜ਼ਾਂ ਨੂੰ ਆਪਣੀ ਗੱਲ ਕਹਿਣ ਲਈ ਸੰਕੇਤਾਂ ਅਤੇ ਸੂਚਕਾਂ ਦਾ ਸਹਾਰਾ ਲੈਣਾ ਪਿਆ। ਇਸ ਦਾ ਦੂਜਾ ਮਤਲਬ 'ਇਹਮ' (ਦੋ-ਅਰਥਤਾ ਜਾਂ ਬਹੁ-ਅਰਥਤਾ) ਵੱਲ ਮੁੜਨਾ ਸੀ। ਅਮੀਰ ਖੁਸਰੋ 'ਇਹਮ' ਦੀ ਵਿਆਖਿਆ ਕਰਦਾ ਲਿਖਦਾ ਹੈ ਕਿ ਇਹ ਇਕ ਸ਼ਬਦ ਦੇ ਹਜ਼ਾਰ ਅਰਥ ਕੱਢਣ ਦੀ ਕਲਾ ਹੈ ਜਿਹੜੀ ਪੜ੍ਹਨ ਤੇ ਦੇਖਣ ਵਾਲੇ ਦੇ ਮਨ ਵਿਚ ਅਰਥਾਂ ਬਾਰੇ ਸੰਸੇ ਤੇ ਸ਼ੱਕ ਪੈਦਾ ਕਰਦੀ ਹੈ ਅਤੇ ਉਸ ਵਿਚ ਇਸ ਦੇ ਹੱਲ ਲਈ ਲਗਾਤਾਰ ਸੋਚਣ ਦੀ ਆਦਤ ਪੈਦਾ ਕਰਦੀ ਹੈ। ਇਹ ਕਵਿਤਾ ਵਿਚ ਤਾਂ ਰਹੱਸ ਤੇ ਰੁਮਾਂਚ ਪੈਦਾ ਕਰਦੀ ਹੈ, ਪਰ ਸਿਨੇਮਾ ਵੱਖਰੀ ਤਰ੍ਹਾਂ ਦਾ ਮਾਧਿਅਮ ਹੋਣ ਕਾਰਨ ਇਸ ਨੂੰ ਜਿਉਂ ਦਾ ਤਿਉਂ ਫਿਲਮਾਉਣਾ ਸੰਭਵ ਨਹੀਂ। ਇਰਾਨੀ ਫਿਲਮਸਾਜ਼ਾਂ ਨੇ ਇਸ ਅੜਾਉਣੀ ਨੂੰ ਹੱਲ ਕਰਨ ਲਈ ਔਰਤਾਂ ਅਤੇ ਬੱਚਿਆਂ ਦੀ ਜ਼ਿੰਦਗੀ ਦੀਆਂ ਪੇਚਦਗੀਆਂ ਦੀ ਪੇਸ਼ਕਾਰੀ ਦੀ ਦਰ ਵਧਾ ਦਿੱਤੀ। ਅਤਾਉਲ੍ਹਾ ਖੁਮੀਨੀ ਦੀ ਸਰਕਾਰ ਨੇ ਇਸ ਦਾ ਕਰਾਰਾ ਜਵਾਬ ਦਿੰਦਿਆਂ ਆਪਣੀ 'ਮਨਿਸਟਰੀ ਆਫ ਕਲਚਰ ਐਂਡ ਆਰਟ' ਨੂੰ 'ਮਨਿਸਟਰੀ ਆਫ ਕਲਚਰ ਐਂਡ ਇਸਲਾਮਿਕ ਗਾਈਡੈਂਸ' ਬਣਾ ਧਰਿਆ। ਇਰਾਨ ਦੇ 1980ਵੇਂ ਦਹਾਕੇ ਦੇ ਸਿਨੇਮਾ ਵਿਚੋਂ ਮੁਹੱਬਤ ਅਤੇ ਔਰਤਾਂ ਗਾਇਬ ਹੋ ਗਈਆਂ। ਮੋਹਸਿਨ ਮਖਮਲਬਾਫ ਦੀ ਫਿਲਮਸਾਜ਼ੀ ਅਤੇ ਇਰਾਨ ਦੇ ਉਸ ਦੌਰ ਦੇ ਸਭ ਤੋਂ ਮਹਤੱਵਪੂਰਨ ਚਿੰਤਕ ਅਬਦੁਲ ਕਰੀਮ ਸੌਰੂਸ ਦੀ ਥਿਊਰੀ 'ਧਾਰਮਿਕ ਜਮਹੂਰੀਅਤ' ਦੇ ਉਭਾਰ ਨੇ ਸਿਨੇਮਾ ਨੂੰ ਪ੍ਰਭਾਵਿਤ ਕੀਤਾ। ਉਹ ਕਹਿੰਦਾ ਹੈ- 'ਧਰਮ ਵਿਚਾਰਧਾਰਾ ਤੋਂ ਉਪਰ ਹੈ'। ਮੋਹਸਿਨ ਮਖਮਲਬਾਫ ਕਹਿੰਦਾ ਹੈ- 'ਕਲਾ ਇਨ੍ਹਾਂ ਦੋਵਾਂ ਤੋਂ ਉਪਰ ਹੈ'। ਇਨ੍ਹਾਂ ਦੋਵਾਂ ਨੇ ਉਸ ਦੌਰ ਦੇ ਸਿਨੇਮਾ ਦੀ ਨਵੀਂ ਇਬਾਰਤ ਲਿਖੀ। ਇਨ੍ਹਾਂ ਦੇ ਆਪਸੀ ਟਕਰਾਉ ਬਾਰੇ ਅੱਬਾਸ ਕਿਆਰੋਸਤਾਮੀ ਫਿਲਮ ਬਣਾਉਂਦਾ ਹੈ 'ਕਲੋਜ਼ ਅੱਪ' ਜਿਸ ਵਿਚ ਉਹ ਮੋਹਸਿਨ ਮਖਮਲਬਾਫ ਦੀ ਨਕਲ ਕਰ ਕੇ ਇਕ ਪਰਿਵਾਰ ਨੂੰ ਠਗਣ ਵਾਲੇ ਉਸ ਦੇ ਪ੍ਰਸੰਸਕ ਦੀ ਸੱਚੀ ਕਹਾਣੀ ਰਾਹੀਂ ਮੋਹਸਿਨ ਮਖਮਲਬਾਫ ਹੋਣ ਦੇ ਅਰਥ ਸਮਝਾਉਂਦਾ ਹੈ। ਇਸ ਫਿਲਮ ਰਾਹੀਂ ਅੱਬਾਸ, ਅਬਦੁਲ ਕਰੀਮ ਸੂਰੌਸ ਦੀ 'ਧਾਰਮਿਕ ਖੁੱਲ੍ਹਦਿਲੀ' ਦਾ ਤਜਰਮਾ ਕਰਦਾ ਹੈ। ਅੱਬਾਸ ਦੀ ਫਿਲਮਸਾਜ਼ੀ ਦਾ ਆਪਣੀ ਤਰ੍ਹਾਂ ਦਾ ਸਕੂਲ ਹੈ ਜਿਹੜਾ ਪੱਛਮੀ ਸਿਨੇਮਾ ਦੇ ਬਿਰਤਾਂਤਕ ਖਾਸੇ ਨੂੰ ਮੁੱਢੋਂ ਹੀ ਚੁਣੌਤੀ ਦਿੰਦਾ ਹੈ। ਉਸ ਦੀਆਂ ਫਿਲਮਾਂ ਵਿਚ ਜਿੰਨੀ ਘਟਨਾ ਫਰੇਮ ਦੇ ਅੰਦਰ ਵਾਪਰ ਰਹੀ ਹੁੰਦੀ ਹੈ, ਉਸ ਤੋਂ ਕਈ ਗੁਣਾ ਜ਼ਿਆਦਾ ਦਰਸ਼ਕਾਂ ਦੇ ਜ਼ਿਹਨ ਅੰਦਰ ਵਾਪਰਦੀ ਹੈ। ਇਸ ਲਈ ਉਸ ਦੇ ਸਿਨੇਮਾ ਨੂੰ 'ਆਫ ਫਰੇਮ ਸਿਨੇਮਾ' ਦਾ ਨਾਮ ਵੀ ਦਿੱਤਾ ਗਿਆ ਹੈ।



*ਅਸਗਰ ਫਰਹਾਦੀ*

1989 ਵਿਚ ਖੁਮੀਨੀ ਦੀ ਮੌਤ ਨਾਲ ਮੁਲਕ ਦੇ 'ਨਵ-ਨਿਰਮਾਣ' ਦਾ ਦੌਰ ਸ਼ੁਰੂ ਹੋ ਗਿਆ। ਸਰਕਾਰੀ ਹਲਕਿਆਂ ਵਿਚ ਕਲਾ ਅਤੇ ਸਭਿਆਚਾਰ ਦੇ ਖੇਤਰ ਵਿਚੋਂ ਇਸਲਾਮ ਦੇ 'ਖੱਬੇ ਪੱਖੀਆਂ' ਨੂੰ ਖਦੇੜਨ ਦੀ ਕਵਾਇਦ ਸ਼ੁਰੂ ਹੋ ਗਈ। ਬਾਹਰਲੇ ਮੁਲਕਾਂ ਦੀਆਂ ਫਿਲਮਾਂ ਦੀ ਦਰਾਮਦ ਉਤੇ ਪਾਬੰਦੀ ਲਗਾ ਦਿੱਤੀ ਗਈ ਅਤੇ ਆਪਣਾ ਖੁਦ ਦਾ 'ਸਾਫ-ਸੁਥਰਾ' ਸਿਨੇਮਾ ਬਣਨਾ ਸ਼ੁਰੂ ਹੋ ਗਿਆ। ਮੋਹਸਿਨ ਮਖਮਲਬਾਫ ਦੀ 1991 ਵਿਚ ਰਿਲੀਜ਼ ਹੋਈ ਫਿਲਮ 'ਟਾਈਮ ਆਫ ਲਵ' ਨੇ ਸਿਨੇਮਾ ਨੂੰ ਸਮਾਜਿਕ ਆਲੋਚਨਾ ਦੇ ਸੰਦ ਵਜੋਂ ਵਰਤਿਆ। ਇਰਾਨੀ ਸਿਨੇਮਾ ਵਿਚ ਪਹਿਲੀ ਵਾਰ ਕਿਸੇ ਫਿਲਮ ਵਿਚ ਔਰਤ ਨੂੰ ਦੋ ਮਰਦਾਂ ਨਾਲ ਪਿਆਰ ਵਿਚ ਦਿਖਾਇਆ ਗਿਆ। ਇਹ ਫਿਲਮ ਇਰਾਨ ਦੇ ਧਾਰਮਿਕ ਹਲਕਿਆਂ ਉਪਰ ਸਦਮੇ ਵਾਂਗ ਗੁਜ਼ਰੀ। ਮੋਹਸਿਨ ਮਖਮਲਬਾਫ ਦੀਆਂ ਬਾਕੀ ਫਿਲਮਾਂ ਵਿਚੋਂ 'ਵਨਸ ਅਪੌਨ ਏ ਟਾਈਮ ਸਿਨੇਮਾ', 'ਏ ਮੋਮੈਂਟ ਆਫ ਇੰਨੋਸੈਂਸ', 'ਦਿ ਸਾਈਲੈਂਸ' ਅਤੇ 'ਦਿ ਗਾਰਡਨਰ' ਉਤੇ ਪਾਬੰਦੀ ਹੈ।

ਇਰਾਨੀ ਫਿਲਮਸਾਜ਼ ਜਫਰ ਪਨਾਹੀ ਦੀਆਂ ਫਿਲਮਾਂ 'ਦਿ ਸਰਕਲ', 'ਆਫਸਾਈਡ', 'ਕ੍ਰਿਮਸਨ ਗੋਲ਼ਡ' ਆਦਿ ਫਿਲਮਾਂ ਵਿਵਾਦਾਂ ਵਿਚ ਘਿਰਦੀਆਂ ਰਹੀਆਂ। ਇਰਾਨੀ ਸਰਕਾਰ ਉਸ ਦੀਆਂ ਬਹੁਤੀਆਂ ਫਿਲਮਾਂ ਤੋਂ ਖਫਾ ਹੋ ਕੇ ਪਾਬੰਦੀਆਂ ਲਗਾਉਂਦੀ ਰਹਿੰਦੀ ਹੈ, ਪਰ ਉਸ ਦੀਆਂ ਫਿਲਮਾਂ ਨੂੰ ਆਵਾਮ 'ਗੈਰ-ਕਾਨੂੰਨੀ' ਢੰਗਾਂ ਨਾਲ ਇਕ ਮੁਲਕ ਤੋਂ ਦੂਜੇ ਮੁਲਕ ਸਮਗਲ ਕਰਦਾ ਹੈ, ਵੰਡਦਾ ਹੈ, ਦੇਖਦਾ ਹੈ ਤੇ ਇਕ-ਦੂਜੇ ਨੂੰ ਦੇਖਣ ਦੀ ਨਸੀਹਤ ਕਰਦਾ ਹੈ। ਆਵਾਮ ਨੂੰ ਪਤਾ ਹੈ ਕਿ ਇਹ ਸਿਆਸਤ ਅਤੇ ਧਰਮ ਦੀ ਘੁੰਮਣਘੇਰੀ 'ਚ ਫਸੇ ਸਾਡੇ ਕਿਰਦਾਰਾਂ ਦੀ ਕਹਾਣੀ ਹੀ ਸਾਨੂੰ ਸੁਣਾ ਰਿਹਾ ਹੈ।

ਇਸ ਪ੍ਰਸੰਗ ਨਾਲ ਅਸਗਰ ਫਰਹਾਦੀ ਦੀ ਚਿੱਠੀ ਨੂੰ ਵਾਚਣਾ ਸੌਖਾ ਹੋ ਜਾਂਦਾ ਹੈ। ਉਸ ਦੀ ਫਿਲਮ 'ਏ ਸੈਪਰੇਸ਼ਨ' ਦੀ ਆਲੋਚਨਾ ਕਰਦਿਆਂ ਉਸ ਦੇ ਆਪਣੇ ਮੁਲਕ ਦਾ ਇਕ ਚਿੰਤਕ ਲਿਖਦਾ ਹੈ ਕਿ ਉਸ ਦੀ ਇਹ ਫਿਲਮਸਾਜ਼ੀ ਪੱਛਮੀ ਫਿਲਮੀ ਹਲਕਿਆਂ ਵਿਚ ਇਰਾਨੀ ਸਮਾਜ ਦੀਆਂ ਕਮੀਆਂ ਵੇਚਦੀ ਹੈ। ਅਸਗਰ ਇਸ ਫਿਲਮ ਵਿਚ ਧਰਮ, ਇਖਲਾਕ ਅਤੇ ਕਲਾਸ-ਵੰਡ ਦੀਆਂ ਗੁੰਝਲਾਂ ਵਿਚ ਉਲਝੇ ਪਾਤਰਾਂ ਦੀ ਇਕੱਲ, ਖਿਝ ਅਤੇ ਨਿਰਾਸ਼ਾ ਨੂੰ ਦ੍ਰਿਸ਼ਾਂ ਵਿਚ ਢਾਲਦਾ ਹੈ। ਉਹ ਦਿਖਾਉਂਦਾ ਹੈ ਕਿ ਮੌਜੂਦਾ ਸਮਾਜਾਂ ਵਿਚ ਰਿਸ਼ਤੇ ਕਿਣਕਾ ਕਿਣਕਾ ਕਰ ਕੇ ਟੁੱਟਦੇ ਤਾਂ ਹਨ, ਪਰ ਉਹ ਟੁੱਟਣ ਵਾਲਿਆਂ ਦੀ ਰੂਹ ਨੂੰ ਵੀ ਤੋੜ ਕੇ ਰੱਖ ਦਿੰਦੇ ਹਨ। ਟੁੱਟਣ ਦੀ ਇਸ ਪ੍ਰਕਿਰਿਆ ਵਿਚ ਬੰਦੇ ਦੀ ਨੈਤਕਿਤਾ ਵੀ ਖੁਰਦੀ ਹੈ ਅਤੇ ਉਸ ਦੀ ਬੰਦਿਆਈ ਵੀ। ਉਸ ਦੀ ਤਾਜ਼ਾ ਫਿਲਮ 'ਦਿ ਸੇਲਜ਼ਮੈਨ' ਇਸ ਤਰਕ ਨੂੰ ਅੱਗੇ ਲੈ ਕੇ ਜਾਂਦੀ ਹੈ। ਫਿਲਮ ਦੀ ਕਹਾਣੀ ਅਨੁਸਾਰ ਫਿਲਮ ਦੇ ਮੁੱਖ ਕਿਰਦਾਰ ਰਾਣਾ (ਤਰਨਾਹ ਅਲੀਦੂਸਤੀ) ਅਤੇ ਉਸ ਦਾ ਪਤੀ ਇਮਾਦ (ਸ਼ਹਾਬ ਹੁਸੈਨੀ) ਆਰਥਰ ਮਿਲਰ ਦੇ ਨਾਟਕ 'ਦਿ ਡੈੱਥ ਆਫ ਏ ਸੇਲਜ਼ਮੈਨ' ਖੇਡਣ ਲਈ ਤਿਆਰੀ ਕਰ ਰਹੇ ਹਨ। ਹਰ ਰੋਜ਼ ਉਨ੍ਹਾਂ ਦਾ ਸਾਹਮਣਾ ਸੈਂਸਰ ਨਾਲ ਹੁੰਦਾ ਹੈ ਜਿਹੜਾ ਰੋਜ਼ ਨਾਟਕ ਦੀਆਂ ਕੁਝ ਮਹੱਤਵਪੂਰਨ ਲਾਈਨਾਂ ਕੱਟ ਦਿੰਦਾ ਹੈ। ਰੋਜ਼ ਉਹ ਉਨ੍ਹਾਂ ਲਾਈਨਾਂ ਨੂੰ ਸੋਧਦੇ ਹਨ। ਇਕ ਦਿਨ ਘਰ ਆਉਣ 'ਤੇ ਇਮਾਦ ਨੂੰ ਰਾਣਾ, ਬਾਥਰੂਮ ਵਿਚ ਜ਼ਖਮੀ ਹਾਲਤ ਵਿਚ ਮਿਲਦੀ ਹੈ। ਉਸ ਉਤੇ ਕਿਸ ਨੇ, ਕਿਉਂ ਹਮਲਾ ਕੀਤਾ ਹੋਵੇਗਾ? ਜਦੋਂ ਦਰਸ਼ਕ ਇਸ ਪਹੇਲੀ ਨਾਲ ਦੋ-ਚਾਰ ਹੋ ਰਿਹਾ ਹੈ, ਫਰਹਾਦੀ ਉਸ ਨੂੰ ਦੱਸਦਾ ਹੈ ਕਿ ਇਮਾਦ ਦਿਨ ਸਮੇਂ ਇਕ ਸਕੂਲ ਵਿਚ ਬੱਚਿਆਂ ਨੂੰ ਨਾਟਕ ਪੜ੍ਹਾਉਂਦਾ ਹੈ। ਇਨ੍ਹਾਂ ਦਿਨਾਂ ਵਿਚ ਉਹ ਆਪਣੇ ਵਿਦਿਆਰਥੀਆਂ ਨਾਲ ਇਰਾਨ ਦੇ 20ਵੀਂ ਸਦੀ ਦੇ ਸ਼ਾਇਰ ਤੇ ਕਹਾਣੀਕਾਰ ਗੁਲਾਮ ਹੁਸੈਨ ਸਾਦੀ ਦੀ ਕਹਾਣੀ 'ਦਿ ਕਾਓ' (ਗਾਂ) ਉਤੇ ਆਧਾਰਿਤ ਨਾਟਕ ਦੀ ਪਟਕਥਾ 'ਤੇ ਕੰਮ ਕਰ ਰਿਹਾ ਹੈ (ਇਸੇ ਕਹਾਣੀ 'ਤੇ ਇਰਾਨੀ ਫਿਲਮਸਾਜ਼ ਦਾਰੂਸ਼ ਮਿਹਰਜੂਈ ਨੇ ਫਿਲਮ 'ਦਿ ਕਾਓ' ਦਾ ਬਣਾਈ ਜਿਸ ਨੂੰ ਇਰਾਨੀ ਸਿਨੇਮਾ ਵਿਚ ਪਹਿਲੀ ਯਥਾਰਥਵਾਦੀ ਫਿਲਮ ਹੋਣ ਦਾ ਮਾਣ ਪ੍ਰਾਪਤ ਹੈ)। ਇਹ ਕਹਾਣੀ ਜਿੰਨੀ ਸਾਧਾਰਨ ਹੈ, ਉਨੀ ਹੀ ਬਹੁ-ਪਰਤੀ ਅਤੇ ਗੁੰਝਲਦਾਰ ਹੈ। ਕਿਤੇ ਨਾ ਕਿਤੇ ਇਸ ਕਹਾਣੀ ਦਾ ਪ੍ਰਸੰਗ ਇਮਾਦ ਵਿਚ ਆ ਰਹੀਆਂ ਉਨ੍ਹਾਂ ਤਬਦੀਲੀਆਂ ਵੱਲ ਇਸ਼ਾਰਾ ਕਰਦਾ ਹੈ ਜਿਹੜਾ ਆਪਣੀ ਪਤਨੀ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਨੂੰ ਲੱਭਣ ਦੌਰਾਨ ਉਸ ਵਿਚ ਆਉਣ ਵਾਲੀਆਂ ਹਨ। ਹਸਪਤਾਲ ਵਿਚ ਆਪਣੀ ਪਤਨੀ ਦੇ ਸਿਰਹਾਣੇ ਬੈਠਾ ਇਮਾਦ ਘਟਨਾਵਾਂ ਦੀਆਂ ਲੜੀਆਂ ਜੋੜਦਾ ਹੈ। ਦੂਜੇ ਪਾਸੇ ਰਾਣਾ ਅਜੀਬ ਕਿਸਮ ਦੀ ਦਹਿਸ਼ਤ ਦਾ ਸ਼ਿਕਾਰ ਹੋ ਜਾਂਦੀ ਹੈ। ਉਹ ਆਪਣੇ ਨਾਲ ਹੋਏ ਹਾਦਸੇ ਤੋਂ ਬਾਅਦ ਨਿੱਤ ਇਸ ਵਹਿਮ ਨਾਲ ਦੋ-ਚਾਰ ਹੁੰਦੀ ਹੈ ਕਿ ਉਸ ਨਾਲ ਕਿਤੇ ਵੀ, ਕੁਝ ਵੀ ਹੋ ਸਕਦਾ ਹੈ। ਉਸ ਦੀ ਇਸ ਮਨੋਅਵਸਥਾ ਨਾਲ ਇਮਾਦ ਨੂੰ ਆਪਣੀ ਹੋਂਦ, ਆਪਣੀ ਮਰਦਾਨਗੀ ਅਤੇ ਆਪਣੀ ਪਛਾਣ 'ਤੇ ਸ਼ੱਕ ਪੈਦਾ ਹੋ ਜਾਂਦਾ ਹੈ। ਕਿਤੇ ਕਿਤੇ ਉਸ ਨੂੰ ਇਹ ਵੀ ਭਾਸਣ ਲੱਗ ਜਾਂਦਾ ਹੈ ਕਿ ਰਾਣਾ ਉਸ ਨਾਲ ਝੂਠ ਬੋਲ ਰਹੀ ਹੈ। ਇਉਂ ਫਿਲਮਸਾਜ਼ ਮੌਜੂਦਾ ਦੌਰ ਦੇ ਉਸ ਯਥਾਰਥ ਨੂੰ ਪਰਦੇ 'ਤੇ ਸਾਕਾਰ ਕਰਦਾ ਹੈ ਜਿਥੇ ਬੰਦਾ ਖੁਦ 'ਤੇ ਵੀ ਸ਼ੱਕ ਕਰਨ ਲੱਗਦਾ ਹੈ। ਫਰਹਾਦੀ ਸ਼ੱਕ ਨੂੰ ਮਨੁੱਖੀ ਸਭਿਅਤਾ 'ਤੇ ਨਾਜ਼ਲ ਕਰਨ ਵਾਲੀ ਵਿਵਸਥਾ ਦੀ ਨਿਸ਼ਾਨਦੇਹੀ ਕਰਦਾ ਹੈ। ਫਰਹਾਦੀ ਦੀ ਇਹ ਫਿਲਮ ਅਤੇ ਚਿੱਠੀ ਸਾਨੂੰ ਯਾਦ ਦਿਵਾਉਂਦੀ ਰਹੇਗੀ ਕਿ ਬੁਰੇ ਸਮਿਆਂ ਵਿਚ ਬੁਰੇ ਸਮਿਆਂ ਬਾਰੇ ਗੀਤ ਗਾਉਣ ਵਾਲਿਆਂ ਦੀਆਂ ਨਸਲਾਂ ਅਜੇ ਜਿਉਂਦੀਆਂ ਹਨ।


ਫਿਲਮਸਾਜ਼ ਅਸਗਰ ਫਰਹਾਦੀ ਦੀ ਫਿਲਮ 'ਸੇਲਜ਼ਮੈਨ' ਦੀ ਝਲਕ।


LET THE
OBSESSION BEGIN
vivo
IPL
ON WILLOW HD
VIVO IPL - April 5th to May 21st
ICC Champions Trophy 2017 - June 1st to June 18th
WORLD CRICKET
$40
FOR 6 MONTHS
1-888-554-6754 SLING.COM/CRICKET
sling
TELEVISION
Promotional Offers: Available to new customers upon account activation. One per customer and cannot be combined. Must provide email address and credit card. Billing: Monthly Pack - Your credit card will be charged monthly for applicable subscription until you cancel your service. 6 Months Pack - You will be charged once for the 6 months period of your service. After the expiration of your 6 months period, you will be moved to the respective month-to-month service for your 6 months package. Annual Pack: You will be charged once for the 12 month period of your service. After the expiration of your 12 month period, you will be moved to the respective month-to-month service for your annual package. Cancellation: Cancel by calling 1(877) 811-4788. Programming fees are charged monthly in advance and no credits or refunds will be issued for partial or prepaid months after cancellation. Equipment Requirements: Requires internet-connected compatible device. Compatible devices include: PC or Mac, Roku, iOS 7.0and higher, Android 4.0.3, Amazon Fire TV, Amazon Fire Stick and Google Nexus and Xbox One. Miscellaneous: Access on one device (1 stream) is included in the monthly programming package price (except HBO, which includes 3 streams). 2 additional international streams available for $5/mo. Limit 3 International and 1 Domestic streams per account. Certain programs may be unavailable due to programmer restrictions or blackouts. Only available within the United States. State and local taxes will apply. All prices, packages, programming and offers subject to change without notice. Other restrictions may apply. See sling.com website for details. Offer ends 12/31/2017. © 2017 Sling TV L.L.C. All rights reserved.